Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763


Personal Injury and Wrongful Death Attorneys
ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ
ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।

Manpreet S. Bains
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com

COVERED CALIFORNIA
Certified Insurance Agent
Global Green INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Sixth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 34; August 22, 2026
20451 N. Plum Grove Rd., Palatine, IL 60074
Ph:847-359-0746, Fax:847-705-9388

## ਅਮਰੀਕਾ ਵਲੋਂ ਈਰਾਨ 'ਤੇ ਪਰਮਾਣੂ ਹਮਲੇ ਦੀ ਤਿਆਰੀ !

### ਟੇਲਰ ਗਰੀਨ ਨੇ 'ਐਕਸ' ਪੋਸਟ ਪਾ ਕੇ ਫੈਲਾਈ ਸਨਸਨੀ



**ਨਵੀਂ ਦਿੱਲੀ:** ਅਮਰੀਕਾ ਅਤੇ ਈਰਾਨ ਵਿਚਕਾਰ ਪੱਛਮੀ ਏਸ਼ੀਆ ਵਿਚ ਵਧ ਰਹੇ ਤਣਾਅ ਦੌਰਾਨ ਟਰੰਪ ਪ੍ਰਸ਼ਾਸਨ 'ਤੇ ਈਰਾਨ ਖ਼ਿਲਾਫ਼ ਪਰਮਾਣੂ ਹਥਿਆਰ ਵਰਤਣ ਦੀ ਤਿਆਰੀ ਦਾ ਸਨਸਨੀਖੇਜ਼ ਦੋਸ਼ ਲੱਗਾ ਹੈ। ਸਾਬਕਾ ਸੰਸਦ ਮੈਂਬਰ ਅਤੇ ਟਰੰਪ ਸਮਰਥਕ ਮਾਰਜੋਰੀ ਟੇਲਰ ਗਰੀਨ ਨੇ ਇੰਟਰਨੈੱਟ ਮੀਡੀਆ ਪਲੇਟਫਾਰਮ ਐਕਸ 'ਤੇ ਦਾਅਵਾ ਕੀਤਾ ਹੈ ਕਿ ਵ੍ਹਾਈਟ ਹਾਊਸ ਦੇ ਸੀਨੀਅਰ ਅਧਿਕਾਰੀ ਈਰਾਨ ਖ਼ਿਲਾਫ਼ ਪਰਮਾਣੂ ਹਥਿਆਰਾਂ ਦੀ ਵਰਤੋਂ ਬਾਰੇ ਰਣਨੀਤਕ ਬੈਠਕਾਂ ਕਰ ਰਹੇ ਹਨ। ਹਾਲਾਂਕਿ, ਗਰੀਨ ਨੇ ਆਪਣੇ ਦਾਅਵੇ ਦੇ ਸਮਰਥਨ ਵਿਚ ਕੋਈ ਦਸਤਾਵੇਜ਼ ਜਾਂ ਸਬੂਤ ਪੇਸ਼ ਨਹੀਂ ਕੀਤਾ ਅਤੇ ਨਾ ਹੀ ਕਥਿਤ ਬੈਠਕ ਵਿਚ ਸ਼ਾਮਲ ਅਧਿਕਾਰੀਆਂ ਦੇ ਨਾਂ ਦੱਸੇ ਹਨ। ਦੂਜੇ ਪਾਸੇ, ਹਾਊਤੀ ਬਾਗੀਆਂ ਨੇ ਸੋਮਵਾਰ ਨੂੰ ਲਾਲ ਸਾਗਰ ਵਿਚ ਦੱਖਣੀ- ਪੱਛਮੀ ਬੰਦਰਗਾਹ ਸ਼ਹਿਰ ਮੋਚਾ ਦੇ ਨੇੜੇ ਸਾਊਦੀ ਫ਼ੌਜੀ ਲੈਂਡਿੰਗ ਜਹਾਜ਼ ਅਤੇ ਚਾਰ ਬਚਾਅ ਕਿਸ਼ਤੀਆਂ 'ਤੇ ਕਈ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕਰਨ ਦਾ ਦਾਅਵਾ ਕੀਤਾ। ਕੁਰਦਿਸਤਾਨ ਖੇਤਰੀ ਸਰਕਾਰ ਦੇ ਪ੍ਰਧਾਨ ਮੰਤਰੀ ਦਫ਼ਤਰ 'ਤੇ ਡ੍ਰੋਨ ਹਮਲੇ ਹੋਏ। ਗਰੀਨ ਨੇ ਇਹ ਵੀ ਦਾਅਵਾ ਕੀਤਾ ਕਿ ਟਰੰਪ ਪ੍ਰਸ਼ਾਸਨ ਅਮਰੀਕੀ ਖ਼ੁਫ਼ੀਆ ਏਜੰਸੀਆਂ ਦੇ ਉਨ੍ਹਾਂ ਮੁਲਾਂਕਣਾਂ ਨੂੰ ਨਹੀਂ ਮੰਨ ਰਿਹਾ, ਜਿਨ੍ਹਾਂ ਮੁਤਾਬਕ ਈਰਾਨ ਪਰਮਾਣੂ ਹਥਿਆਰ ਵਿਕਸਤ ਕਰਨ ਦੇ ਕੰਢੇ 'ਤੇ ਨਹੀਂ ਹੈ। ਉਨ੍ਹਾਂ ਅਨੁਸਾਰ, ਪ੍ਰਸ਼ਾਸਨ ਈਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਲੈ ਕੇ ਇਜ਼ਰਾਈਲ ਦੀ ਚਿਤਾਵਨੀ ਨੂੰ ਜ਼ਿਆਦਾ ਮਹੱਤਵ ਦੇ ਰਿਹਾ ਹੈ। ਵਾਈਟ ਹਾਊਸ ਨੇ ਗਰੀਨ ਦੇ ਦਾਅਵੇ 'ਤੇ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਅਮਰੀਕੀ ਸਰਕਾਰ ਜਾਂ ਰੱਖਿਆ ਅਧਿਕਾਰੀਆਂ ਨੇ ਵੀ ਜਨਤਕ ਤੌਰ 'ਤੇ ਅਜਿਹੀ ਕਿਸੇ ਯੋਜਨਾ ਦੀ ਪੁਸ਼ਟੀ ਨਹੀਂ ਕੀਤੀ ਹੈ। ਅਮਰੀਕਾ ਤੇ ਈਰਾਨ ਵਿਚਕਾਰ 17. ਜੂਨ ਨੂੰ ਲਾਗੂ ਹੋਏ ਮੁੱਢਲੇ ਸਮਝੌਤੇ ਦੀ 60 ਦਿਨਾਂ ਦੀ ਮਿਆਦ ਪੂਰੀ ਹੋ ਚੁੱਕੀ ਹੈ। ਦੋਵੇਂ ਧਿਰਾਂ ਇਸ ਸਮਝੌਤੇ ਨੂੰ ਹੁਣ ਗ਼ੈਰ-ਪ੍ਰਸੰਗਕ ਕਹਿ ਚੁੱਕੀਆਂ ਹਨ। ਅਮਰੀਕਾ ਨੇ ਈਰਾਨ ਨੂੰ ਤੁਰੰਤ ਆਤਮ-ਸਮਰਪਣ ਕਰਨ ਨੂੰ ਕਿਹਾ ਹੈ, ਜਦਕਿ ਈਰਾਨ ਨੇ ਅਮਰੀਕੀ ਸਮੁੰਦਰੀ ਨਾਕਾਬੰਦੀ ਹਟਾਉਣ ਲਈ ਹਫ਼ਤੇ ਦਾ ਸਮਾਂ ਦਿੱਤਾ ਹੈ।

#### ਰੇਥਿਅਨ ਨੂੰ ਮਿਲਿਆ 23 ਅਰਬ ਡਾਲਰ ਦਾ ਠੇਕਾ

ਅਮਰੀਕੀ ਨੇਵੀ ਨੇ ਹਥਿਆਰ ਬਣਾਉਣ ਵਾਲੀ ਕੰਪਨੀ ਰੇਥਿਅਨ (ਆਰਟੀਐਕਸ) ਨੂੰ ਟਾਮਹਾਕ ਕਰੂਜ਼ ਮਿਜ਼ਾਈਲਾਂ ਦਾ ਉਤਪਾਦਨ ਵਧਾਉਣ ਲਈ 22.9 ਅਰਬ ਦਾ ਠੇਕਾ ਦਿੱਤਾ ਹੈ। ਨੇਵੀ ਦੇ ਕਾਰਜਵਾਹਕ ਸਕੱਤਰ ਹੰਗ ਕਾਓ ਨੇ ਐਕਸ 'ਤੇ ਇਕ ਪੋਸਟ ਵਿਚ ਇਸ ਦੀ ਪੁਸ਼ਟੀ ਕੀਤੀ। ਉਧਰ, ਆਰਟੀਐਕਸ ਨੇ ਬਿਆਨ ਦਿੱਤਾ ਕਿ ਇਹ ਸੌਦਾ ਸੱਤ ਸਾਲਾਂ ਲਈ ਹੋਵੇਗਾ। ਇਸ ਨਾਲ ਟਾਮਹਾਕ ਮਿਜ਼ਾਈਲਾਂ ਦਾ ਉਤਪਾਦਨ ਸਾਲਾਨਾ 60 ਤੋਂ ਵਧ ਕੇ 1000 ਹੋ ਜਾਵੇਗਾ।

#### ਓਮਾਨ ਨੂੰ ਵੀ ਅਮਰੀਕੀ ਰਾਸ਼ਟਰਪਤੀ ਦੀ ਚਿਤਾਵਨੀ

ਹੋਰਮੁਜ਼ ਜਲਡਮਰੂਮੱਧ ਨੂੰ ਲੈ ਕੇ ਅਮਰੀਕਾ ਅਤੇ ਈਰਾਨ ਵਿਚਕਾਰ ਤਣਾਅ ਦੌਰਾਨ ਟਰੰਪ ਨੇ ਓਮਾਨ ਨੂੰ ਵੀ ਚਿਤਾਵਨੀ ਦਿੱਤੀ ਹੈ। ਫਾਕਸ ਨਿਊਜ਼ ਨੂੰ ਦਿੱਤੇ ਇੰਟਰਵਿਊ ਵਿਚ ਉਨ੍ਹਾਂ ਕਿਹਾ ਕਿ ਜੇ ਓਮਾਨ ਅਮਰੀਕਾ ਅਤੇ ਈਰਾਨ ਵਿਚਕਾਰ ਆਉਂਦਾ ਹੈ ਤਾਂ ਉਸ ਨੂੰ ਭਾਰੀ ਬੰਬਾਰੀ

(ਬਾਕੀ ਸਫ਼ਾ 4 'ਤੇ)

## ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ ਪੰਥ ਵਿਰੋਧੀ ਸ਼ਕਤੀਆਂ: ਜਥੇਦਾਰ ਗੜਗੱਜ

### ਪਵਿੱਤਰ ਅਸਥਾਨਾਂ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਹਰ ਹਾਲਤ ਵਿਚ ਕਾਇਮ ਰੱਖਿਆ ਜਾਵੇਗਾ

**ਸੁਲਤਾਨਪੁਰ ਲੋਧੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੱਲਦਾ ਵਹੀਰ ਗੁਰਮਤਿ ਪ੍ਰਚਾਰ ਲਹਿਰ ਤਹਿਤ ਅੱਜ ਗੁਰਦੁਆਰਾ ਗੁਰੂ ਕਾ ਬਾਗ ਸੁਲਤਾਨਪੁਰ ਲੋਧੀ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਕੌਮ ਨੂੰ ਆਪਸੀ ਏਕਤਾ, ਸੰਜਮ ਅਤੇ ਗੁਰੂ ਸਾਹਿਬ ਦੀ ਬਾਣੀ ਅਨੁਸਾਰ ਜੀਵਨ ਬਤੀਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਘਰ ਸਿੱਖ ਸੰਗਤ ਲਈ ਸ਼ਰਧਾ, ਸ਼ਾਂਤੀ ਅਤੇ ਆਤਮਿਕਤਾ ਦੇ ਕੇਂਦਰ ਹਨ, ਇਸ ਲਈ ਇਨ੍ਹਾਂ ਪਵਿੱਤਰ ਅਸਥਾਨਾਂ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਹਰ ਹਾਲਤ ਵਿਚ ਕਾਇਮ ਰੱਖਣਾ ਚਾਹੀਦਾ ਹੈ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਥ ਵਿਰੋਧੀ ਸ਼ਕਤੀਆਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਨੂੰ ਇਨ੍ਹਾਂ ਤਾਕਤਾਂ ਵਿਰੁੱਧ ਇਕਜੁੱਟ ਹੋਣ ਦੀ ਲੋੜ ਹੈ,ਤਾਂ ਜੋ ਇਹ ਪੰਥ ਵਿਰੋਧੀ ਸ਼ਕਤੀਆਂ ਆਪਣੇ ਮਨਸੂਬੇ ਵਿਚ ਕਾਮਯਾਬ ਨਾ ਹੋ ਸਕਣ। ਉਨ੍ਹਾਂ ਬੀਤੇ ਦਿਨੀਂ ਨਾਂਦੇੜ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ



ਗੁਰਦੁਆਰਾ ਸਾਹਿਬ ਦੀ ਪਵਿੱਤਰ ਧਰਤੀ 'ਤੇ ਕਿਸੇ ਵੀ ਤਰ੍ਹਾਂ ਦੀ ਹਿੰਸਕ ਜਾਂ ਅਣਸੁਖਾਵੀਂ ਘਟਨਾ ਨਹੀਂ ਵਾਪਰਨੀ ਚਾਹੀਦੀ। ਗੁਰੂ ਘਰ ਮਾਨਵਤਾ ਨੂੰ ਸ਼ਾਂਤੀ, ਸੇਵਾ, ਨਿਮਰਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹਨ, ਇਸ ਲਈ ਇੱਥੇ ਅਜਿਹਾ ਵਰਤਾਰਾ ਸਿੱਖੀ ਦੀਆਂ ਕਦਰਾਂ-ਕੀਮਤਾਂ ਦੇ ਅਨੁਕੂਲ ਨਹੀਂ ਹੈ।


ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ

(ਬਾਕੀ ਸਫ਼ਾ 4 'ਤੇ)

DHILLON
IMMIGRATION LAW FIRM, PC
101 Avenue of the Americas, 9th Floor, New York, NY 10013

Amandeep Singh Dhillon
Immigration Attorney
Asylum • Deportation Defense • VAWA Cases
Detention Cases • Green Cards
Citizenship & Naturalization
Family Immigration • Employment Immigration
Call: (516) 253-5490 | (516) 440-4570
Serving Clients Nationwide
Email: info@dhillonimmigrationlawfirm.com
www.dhillonimmigrationlawfirm.com
Admitted in California Only • Practice Limited to U.S. Federal Immigration Law


Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS

18 years of experience
Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880

# ਵੰਦੇ ਮਾਤਰਮ ’ਤੇ ਭਾਜਪਾ-ਕਾਂਗਰਸ ਵਿਵਾਦ

**ਨਵੀਂ ਦਿੱਲੀ:** ਆਜ਼ਾਦੀ ਦਿਵਸ ਸਮਾਰੋਹ ਮੌਕੇ ਆਪਣੇ ਮੁੱਖ ਦਫ਼ਤਰ ‘ਚ ਸੰਪੂਰਨ ਵੰਦੇ ਮਾਤਰਮ ਦੇ ਗਾਇਨ ਨੂੰ ਲੈ ਕੇ ਜੋ ਵਿਵਾਦ ਪੈਦਾ ਹੋਇਆਂ, ਉਸ ਲਈ ਕਾਂਗਰਸ ਆਪਣੇ ਤੋਂ ਇਲਾਵਾ ਕਿਸੇ ਹੋਰ ਨੂੰ ਦੋਸ਼ੀ ਨਹੀਂ ਠਹਿਰਾ ਸਕਦੀ। ਕਾਂਗਰਸ ਭਾਵੇਂ ਕੋਈ ਵੀ ਸਫ਼ਾਈ ਦੇਵੇ, ਪਰ ਇਹ ਮੰਨਣੇ ਦੇ ਪੂਰੇ ਕਾਰਨ ਹਨ ਕਿ ਉਸ ਨੂੰ ਵੰਦੇ ਮਾਤਰਮ ਦੇ ਸੰਪੂਰਨ ਗਾਇਨ ਦੀ ਨਵੀਂ ਪਰੰਪਰਾ ਰਾਸ ਨਹੀਂ ਆਈ। ਬੀਤੇ ਦਿਨੀਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਿਸ ਤਰ੍ਹਾਂ ਸੋਨੀਆ ਗਾਂਧੀ ਵੱਲੋਂ ਕਥਿਤ ਤੌਰ ‘ਤੇ ਵੰਦੇ ਮਾਤਰਮ ਦੇ ਗਾਇਨ ਨੂੰ ਰੋਕੇ ਜਾਣ ‘ਤੇ ਕਾਂਗਰਸ ਤੋਂ ਮੁਆਫ਼ੀ ਦੀ ਮੰਗ ਕੀਤੀ, ਉਸ ਤੋਂ ਇਹੀ ਲੱਗਦਾ ਹੈ ਕਿ ਕਾਂਗਰਸ ਨੇ ਜਾਣੇ-ਅਣਜਾਣੇ ਭਾਜਪਾ ਦੇ ਹੱਥ ਇੱਕ ਮੁੱਦਾ ਸੌਂਪ ਦਿੱਤਾ ਹੈ। ਇਹ ਵਿਵਾਦ ਆਸਾਨੀ ਨਾਲ ਰੁਕਣ ਵਾਲਾ ਨਹੀਂ, ਇਸ ਦਾ ਸੰਕੇਤ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਬੰਕਿਮ ਚੰਦਰ ਦੇ ਵੰਸ਼ਜ ਨੇ ਵੀ ਸੋਨੀਆ ਗਾਂਧੀ ਤੋਂ ਮੁਆਫ਼ੀ ਦੀ ਮੰਗ ਕਰ ਦਿੱਤੀ ਹੈ। ਵੰਦੇ ਮਾਤਰਮ ਨੂੰ ਲੈ ਕੇ ਇਹ ਪਹਿਲੀ ਵਾਰ ਵਿਵਾਦ ਨਹੀਂ ਖੜ੍ਹਾ ਹੋਇਆ। ਇਸ ਰਾਸ਼ਟਰੀ ਗੀਤ ਨੂੰ ਲੈ ਕੇ ਵਾਰ- ਵਾਰ ਵਿਵਾਦ ਦਾ ਵਿਸ਼ਾ ਬਣਾਉਣ ਦੀ ਕੋਸ਼ਿਸ਼ ਹੁੰਦੀ ਹੀ ਰਹੀ ਹੈ। ਹਾਲ ਹੀ ‘ਚ ਜਦੋਂ ਵੰਦੇ ਮਾਤਰਮ ਦੇ ਡੇਢ ਸੌ ਸਾਲ ਪੂਰੇ ਹੋਣ ‘ਤੇ ਮੋਦੀ ਸਰਕਾਰ ਨੇ ਇਸ ਦੇ ਸਾਰੇ ਛੰਦ ਗਾਏ ਜਾਣੇ ਲਾਜ਼ਮੀ ਕੀਤੇ ਸਨ, ਉਦੋਂ ਵੀ ਕਾਂਗਰਸ ਨੇ ਇਸ ‘ਤੇ ਇਤਰਾਜ਼ ਜਤਾਇਆ ਸੀ। ਇਸ ਤੋਂ ਬਾਅਦ ਜਦੋਂ ਰਾਸ਼ਟਰਗਾਨ ‘ਜਨ-ਗਣ-ਮਨ’ ਵਾਂਗ ਵੰਦੇ ਮਾਤਰਮ ਨੂੰ ਕਾਨੂੰਨੀ ਸੁਰੱਖਿਆ ਦੇਣ ਸਬੰਧੀ ਬਿੱਲ ‘ਤੇ ਸੰਸਦ ‘ਚ ਚਰਚਾ ਹੋਈ, ਉਦੋਂ ਵੀ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਇਸ ‘ਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ। 15 ਅਗਸਤ ਦੇ ਸਮਾਰੋਹ ‘ਚ ਕੇਰਲ ਸਰਕਾਰ ਨੇ ਵੰਦੇ ਮਾਤਰਮ ਦੇ ਸੰਪੂਰਨ ਗਾਇਨ ਤੋਂ ਇਨਕਾਰ ਕਰਕੇ ਇਸ ਵਿਵਾਦ ਦੀ ਜੋ . ਸ਼ੁਰੂਆਤ ਕੀਤੀ, ਉਸ ਨੂੰ ਕਾਂਗਰਸ ਮੁੱਖ ਦਫ਼ਤਰ ‘ਚ ਵਾਪਰੀ ਘਟਨਾ ਨੇ ਪੂਰਾ ਕਰ ਦਿੱਤਾਂ। ਇਸ ਗੱਲ ਨੂੰ ਵੀ ਅਣਡਿੱਠਾ ਨਹੀਂ ਕੀਤਾ ਜਾ ਸਕਦਾ ਕਿ ਆਜ਼ਾਦੀ ਦਿਵਸ ‘ਤੇ ਲਾਲ ਕਿਲ੍ਹੇ ‘ਚ ਕਰਵਾਏ ਗਏ ਸਮਾਰੋਹ ‘ਚ ਰਾਹੁਲ ਗਾਂਧੀ ਅਤੇ ਮੱਲਿਕਾਰਜੁਨ ਖੜਗੇ ਨੇ ਸ਼ਾਮਲ ਹੋਣ ਤੋਂ ਕਿਨਾਰਾ ਕੀਤਾ। ਉਨ੍ਹਾਂ ਨੇ ਅਜਿਹਾ ਦੂਜੀ ਵਾਰ ਕੀਤਾ।



ਇਹ ਸਮਝ ਆਉਂਦਾ ਹੈ ਕਿ ਕਾਂਗਰਸ ਨੂੰ ਮੋਦੀ ਸਰਕਾਰ ਦੀ ਰੀਤੀ- ਨੀਤੀ ਪਸੰਦ ਨਹੀਂ ਪਰ ਸਰਕਾਰ ਦੀ ਰੀਤੀ-ਨੀਤੀ ਅਤੇ ਰਾਸ਼ਟਰੀ ਪ੍ਰਤੀਕਾਂ ‘ਚ ‘ਅੰਤਰ ਹੁੰਦਾ ਹੈ। ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵੱਲੋਂ ਅਕਸਰ ਇਸ ਅੰਤਰ ਨੂੰ ਭੁਲਾ ਦਿੱਤਾ ਜਾਂਦਾ ਹੈ। ਇਸ ਨਾਲ ਰਾਸ਼ਟਰੀ ਪ੍ਰਤੀਕਾਂ ਦੇ ਨਾਲ-ਨਾਲ ਕੌਮ ਪ੍ਰਤੀ ਭਾਵਨਾ ਦਾ ਵੀ ਨਿਰਾਦਰ ਹੁੰਦਾ ਹੈ। ਇਹ ਦੁਖਦਾਈ ਹੈ ਕਿ ਜਿਸ ‘ਕਾਂਗਰਸ ਨੇ ਆਜ਼ਾਦੀ ਅੰਦੋਲਨ ਦੀ ਅਗਵਾਈ ਕੀਤੀ ਅਤੇ ਜਿਸ ਨੇ ਆਪਣੇ ਅਧਿਵੇਸ਼ਨਾਂ ਵਿੱਚ ਵੰਦੇ ਮਾਤਰਮ ਦੇ ਗਾਇਨ ਦੀ ਪਰੰਪਰਾ ਸ਼ੁਰੂ ਕੀਤੀ, ਉਹੀ ਹੁਣ ਇਸ ਨੂੰ ਬਣਦਾ ਸਨਮਾਨ ਦੇਣ ਲਈ ਤਿਆਰ ਦਿਖਾਈ ਨਹੀਂ ਦੇ ਰਹੀ। ਮੁਸਲਿਮ ਲੀਗ ਦੇ ਵਿਰੋਧ ਤੋਂ ਬਾਅਦ ਵੰਦੇ ਮਾਤਰਮ ਦੇ ਸੰਪੂਰਨ ਗਾਇਨ ਦੀ ਥਾਂ ਇਸ ਦੇ ਸਿਰਫ਼ ਦੋ ਛੰਦ ਗਾਉਣ ਦੀ ਪਰੰਪਰਾ ਸ਼ੁਰੂ ਹੋਈ ਸੀ। ਪਰ ਹੁਣ ਇਸ ਪਰੰਪਰਾ ਨੂੰ ਬਦਲ ਕੇ ਵੰਦੇ ਮਾਤਰਮ ਦੇ ਸਾਰੇ ਛੰਦ ਗਾਏ ਜਾਣ ਦਾ ਨਿਯਮ ਬਣਾਉਣ ‘ਤੇ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ।













# ਖੇਤੀਬਾੜੀ ਵਿਸਥਾਰ ਅਫਸਰ ਹਰਮਨ ਪ੍ਰੀਤ ਸਿੰਘ 'ਨੈਸ਼ਨਲ ਅਵਾਰਡ' ਨਾਲ ਸਨਮਾਨਿਤ



**ਨਵੀਂ ਦਿੱਲੀ:** ਸੱਭਿਆਚਾਰਕ ਮੰਤਰਾਲੇ ਭਾਰਤ ਸਰਕਾਰ ਨਵੀਂ ਦਿੱਲੀ ਵੱਲੋਂ ਭਾਰਤ ਵਿਚ ਕਲਾ ਅਤੇ ਸੰਸਕ੍ਰਿਤੀ ਨੂੰ ਉਤਸ਼ਾਹਿਤ ਕਰਨ ਵਾਲੇ ਕਲਾਕਾਰਾਂ ਅਤੇ ਬੁੱਧੀਜੀਵੀਆਂ ਨੂੰ ਲੰਘੀ 13 ਅਗਸਤ ਨੂੰ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸੰਗੀਤ ਨਾਟਕ ਅਕੈਡਮੀ ਨਵੀਂ ਦਿੱਲੀ ਵੱਲੋਂ ਵਿਗਿਆਨ ਭਵਨ ਨਵੀਂ ਦਿੱਲੀ ਵਿਖੇ ਕਰਵਾਏ ਗਏ ਸਮਾਰੋਹ ਦੌਰਾਨ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਵੱਲੋਂ ਹਰਮਨ ਪ੍ਰੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ, ਡਾਇਰੈਕਟਰ ਪੰਜਾਬ ਫੋਕ ਆਰਟ ਸੈਂਟਰ ਗੁਰਦਾਸਪੁਰ ਅਤੇ ਸੰਯੁਕਤ ਸਕੱਤਰ ਜ਼ਿਲ੍ਹਾ ਹੈਰੀਟੇਜ ਸੋਸਾਇਟੀ ਗੁਰਦਾਸਪੁਰ ਨੂੰ ਪੰਜਾਬ ਦੇ ਲੋਕ ਨਾਚਾਂ ਅਤੇ ਲੋਕ ਕਲਾਵਾਂ ਦੇ ਪ੍ਰਚਾਰ-ਪ੍ਰਸਾਰ ਲਈ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਸ ਪ੍ਰੋਗਰਾਮ ਵਿਚ ਦੇਸ਼ ਭਰ ਤੋਂ 110 ਬੁੱਧੀਜੀਵੀਆਂ ਅਤੇ ਕਲਾਕਾਰਾਂ ਨੂੰ ਸਨਮਾਨਤ ਕੀਤਾ ਗਿਆ।

ਹਰਮਨਪ੍ਰੀਤ ਸਿੰਘ ਗੁਰਦਾਸਪੁਰ, ਪੰਜਾਬ ਨਾਲ ਸਬੰਧਤ ਸੱਭਿਆਚਾਰਕ ਪ੍ਰਚਾਰਕ, ਲੋਕ ਨਾਚ ਮਾਹਿਰ ਅਤੇ ਸਰਕਾਰੀ ਅਧਿਕਾਰੀ ਹਨ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਅਤੇ ਪ੍ਰਚਾਰ-ਪ੍ਰਸਾਰ ਲਈ ਸਰਗਰਮ ਭੂਮਿਕਾ ਨਿਭਾ ਰਹੇ ਹਨ। ਪੇਸ਼ੇਵਰ ਤੌਰ 'ਤੇ ਉਹ ਪੰਜਾਬ ਸਰਕਾਰ ਦੇ ਖੇਤੀਬਾੜੀ ਵਿਭਾਗ ਵਿਚ ਖੇਤੀਬਾੜੀ ਵਿਸਥਾਰ ਅਫ਼ਸਰ ਵਜੋਂ ਸੇਵਾ ਨਿਭਾ ਰਹੇ ਹਨ ਅਤੇ ਇਸ ਦੇ ਨਾਲ ਹੀ ਜ਼ਿਲ੍ਹਾ ਵਿਰਾਸਤ ਸੁਸਾਇਟੀ, ਗੁਰਦਾਸਪੁਰ ਦੇ ਪ੍ਰੋਗਰਾਮ ਅਫ਼ਸਰ ਵਜੋਂ ਵੀ ਕਾਰਜ ਕਰ ਰਹੇ ਹਨ। ਉਹ ਪੰਜਾਬ ਫੋਕ ਆਰਟ ਸੈਂਟਰ, ਗੁਰਦਾਸਪੁਰ ਦੇ ਡਾਇਰੈਕਟਰ, ਆਲ ਇੰਡੀਆ ਫੋਕ ਐਂਡ ਟ੍ਰਾਈਬਲ ਕਲਾ ਪਰਿਸ਼ਦ ਦੇ ਉਪ ਪ੍ਰਧਾਨ ਅਤੇ ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ ਦੇ ਸਾਬਕਾ ਮੈਂਬਰ ਰਹਿ ਚੁੱਕੇ ਹਨ।

ਸਾਲ 1990 ਤੋਂ ਉਹ ਪੰਜਾਬੀ ਲੋਕ ਨਾਚਾਂ, ਖਾਸ ਕਰਕੇ ਭੰਗੜੇ, ਨਾਲ ਸਰਗਰਮੀ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਹਰਭਜਨ ਸਿੰਘ, ਪ੍ਰੋ. ਕਿਰਪਾਲ ਸਿੰਘ ਯੋਗੀ, ਪ੍ਰੋ. ਰਾਜ ਕੁਮਾਰ ਸ਼ਰਮਾ ਅਤੇ ਪ੍ਰੋ. ਅਵਤਾਰ ਸਿੰਘ ਸਿੱਧੂ ਵਰਗੀਆਂ ਪ੍ਰਸਿੱਧ ਸ਼ਖ਼ਸੀਅਤਾਂ ਤੋਂ ਸਿਖਲਾਈ ਪ੍ਰਾਪਤ ਕੀਤੀ।

ਹਰਮਨਪ੍ਰੀਤ ਸਿੰਘ ਨੇ ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲੇ ਦੇ ਸਹਿਯੋਗ ਨਾਲ ਕਈ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤੇ ਹਨ, ਜਿਨ੍ਹਾਂ ਵਿੱਚ ਲੋਕ ਉਤਸਵ, ਲੁਪਤ ਹੋ ਰਹੀਆਂ ਕਲਾ ਵਿਧਾਵਾਂ ਸਬੰਧੀ ਸੈਮੀਨਾਰ ਅਤੇ ਗੁਰੂ-ਸ਼ਿਸ਼ ਪਰੰਪਰਾ ਯੋਜਨਾ ਅਧੀਨ ਵਰਕਸ਼ਾਪਾਂ ਸ਼ਾਮਲ ਹਨ। ਅੰਤਰਰਾਸ਼ਟਰੀ ਪੱਧਰ 'ਤੇ ਉਨ੍ਹਾਂ ਨੇ ਮਲੇਸ਼ੀਆ, ਨੇਪਾਲ ਅਤੇ ਤਨਜ਼ਾਨੀਆ ਵਿਚ ਹੋਏ ਸੱਭਿਆਚਾਰਕ ਉਤਸਵਾਂ ਵਿਚ ਭਾਰਤ ਦੀ ਗਰੁੱਪ ਲੀਡਰ ਵਜੋਂ ਨੁਮਾਇੰਦਗੀ ਕੀਤੀ ਹੈ। ਪੰਜਾਬ ਫੋਕ ਆਰਟ ਸੈਂਟਰ, ਗੁਰਦਾਸਪੁਰ ਰਾਹੀਂ ਉਹ ਨੌਜਵਾਨ ਕਲਾਕਾਰਾਂ ਨੂੰ ਸਿਖਲਾਈ ਦੇਣ ਅਤੇ ਪੰਜਾਬ ਦੇ ਰਵਾਇਤੀ ਲੋਕ ਨਾਚਾਂ, ਜਿਵੇਂ ਸੰਮੀ ਅਤੇ ਝੂੰਮਰ, ਦੀ ਸੰਭਾਲ ਲਈ ਲਗਾਤਾਰ ਕੰਮ ਕਰ ਰਹੇ ਹਨ। ਇਸ ਤਰ੍ਹਾਂ ਉਹ ਪੰਜਾਬ ਦੀ ਅਮੂਰਤ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।

# ਸੁਖਬੀਰ ਨਾ ਡਰੇ ਨਾ ਡਰਨਗੇ: ਹਰਸਿਮਰਤ ਬਾਦਲ

**ਖੰਨਾ/ਈਸੜੂ:** ਸ਼ਹੀਦ ਕਰਨੈਲ ਸਿੰਘ ਈਸੜੂ ਅਤੇ ਕਿਸਾਨ ਆਗੂ ਭੁਪਿੰਦਰ ਸਿੰਘ ਦੀ ਯਾਦ ਵਿਚ ਸ਼੍ਰੋਮਣੀ ਅਕਾਲੀ ਦਲ ਵਲੋਂ ਹਲਕਾ ਖੰਨਾ ਦੇ ਇੰਚਾਰਜ ਯਾਦਵਿੰਦਰ ਸਿੰਘ ਯਾਦੂ ਦੀ ਦੇਖ ਰੇਖ ਹੇਠ ਇਕ ਭਰਵੀਂ ਕਾਨਫਰੰਸ ਕੀਤੀ ਗਈ। ਮੈਂਬਰ ਪਾਰਲੀਮੈਂਟ ਬੀਬਾ ਹਰਸਿਮਰਤ ਕੌਰ ਨੇ ਬਹੁਤ ਹੀ ਭਾਵੁਕ ਸ਼ਬਦਾਂ ਰਹੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਉੱਪਰ ਹੋਏ ਕਾਤਲਾਨਾ ਹਮਲੇ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਅੱਜ ਦੀ ਰੈਲੀ ਨੂੰ ਸੁਖਬੀਰ ਸਿੰਘ ਬਾਦਲ ਨੇ ਸੰਬੋਧਨ ਕਰਨਾ ਸੀ, ਉਹ ਨਾ ਪਹਿਲਾਂ ਡਰੇ ਹਨ ਅਤੇ ਨਾ ਹੀ ਅੱਗੇ ਡਰਨਗੇ। ਪੰਜਾਬ ਸਰਕਾਰ ਤੇ ਤਿੱਖੇ ਹਮਲੇ ਉਹ ਕਰਦਿਆਂ ਬੀਬਾ ਬਾਦਲ ਨੇ ਕਿਹਾ ਕਿ ਪੰਜਾਬ ਦਾ ਹਰ ਵਰਗ ਗੁਰੂ ਦੋਖੀ ਦੀ ਸਰਕਾਰ ਤੋਂ ਪੀੜਤ ਹੈ।

ਇਸ ਸਮੇਂ ਅਕਾਲੀ ਵਰਕਰਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸਾਬਕਾ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਸਿੰਘ ਗਰੇਵਾਲ, ਦਲਜੀਤ ਸਿੰਘ ਚੀਮਾ, ਸ਼ਰਨਜੀਤ ਸਿੰਘ ਢਿੱਲੋਂ, ਹੀਰਾ ਸਿੰਘ ਗਾਬੜੀਆ, ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਦਰਬਾਰਾ ਸਿੰਘ ਗੁਰੂ, ਦੇਸਰਾਜ ਧੁੱਗਾ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਪਰਮਜੀਤ ਸਿੰਘ ਢਿੱਲੋਂ, ਐਡ. ਅਰਸ਼ਦੀਪ ਸਿੰਘ ਕਲੇਰ ਆਦਿ ਬੁਲਾਰਿਆਂ ਨੇ ਸੰਬੰਧਨ ਕੀਤਾ। ਇਸ ਸਮੇਂ ਹਲਕਾ ਇੰਚਾਰਜ ਮਨਜੀਤ ਸਿੰਘ ਮਦਨੀਪੁਰ, ਸੀਨੀਅਰ ਮੀਤ ਪ੍ਰਧਾਨ ਇੰਜ: ਜਗਦੇਵ ਸਿੰਘ ਬੋਪਾਰਾਏ, ਸ੍ਰੋਮਣੀ ਕਮੇਟੀ ਮੈਂਬਰ ਰਘਵੀਰ ਸਿੰਘ ਸਹਾਰਨ ਮਾਜਰਾ, ਹਰਪਾਲ ਸਿੰਘ ਜੱਲਾ, ਸ਼੍ਰੋਮਣੀ ਕਮੇਟੀ ਮੈਂਬਰ ਦਵਿੰਦਰ ਸਿੰਘ ਖਟੜਾ ਦੇ ਸਪੁੱਤਰ ਜਥੇਦਾਰ ਨਵਤੇਜ ਸਿੰਘ ਖਟੜਾ, ਜਥੇਦਾਰ ਰਣਬੀਰ ਸਿੰਘ ਖਟੜਾ, ਕੌਮੀ ਮੀਤ ਪ੍ਰਧਾਨ ਗੁਰਜੀਤ ਸਿੰਘ ਪੰਧੇਰ ਖੇੜੀ, ਜੱਥੇ. ਜਸਮੇਲ ਸਿੰਘ ਬੌਂਦਲੀ, ਪ੍ਰਧਾਨ ਜਗਜੀਤ ਸਿੰਘ ਦੌਲਤਪੁਰ, ਪ੍ਰਧਾਨ ਪ੍ਰਿਤਪਾਲ ਸਿੰਘ ਝੱਮਟ, ਗੁਰਪ੍ਰੀਤ ਸਿੰਘ ਲਾਪਰਾ, ਪ੍ਰੋ. ਗੁਰਬਖਸ ਸਿੰਘ ਬੀਜਾ, ਸਰਬਜੀਤ . ਸਿੰਘ ਕਾਲੀਰਾਓ, ਤੇਜਿੰਦਰ ਸਿੰਘ ਇਕੋਲਾਹਾ, ਨੀਤੂ ਸਿੰਘ ਪਾਇਲ, ਸੋਹਣ ਸਿੰਘ ਭੰਗੂ, ਜਗਦੀਪ ਸਿੰਘ ਲਹਿਲ, ਮਨਜੀਤ ਸਿੰਘ ਘੁਢਾਣੀ, ਮਾਸਟਰ ਕ੍ਰਿਪਾਲ ਸਿੰਘ, ਗੁਰਮੁੱਖ ਸਿੰਘ ਕੂਹਲੀ ਖੁਰਦ, ਸੋਨੀ ਸੋਮਲ ਖੇੜੀ



ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਤਿੰਨਾ ਹਲਕਿਆ ਦੇ ਸਰਕਲ ਜਥੇਦਾਰਾਂ, ਪੰਚਾ, ਸਰਪੰਚਾਂ ਅਤੇ ਅਕਾਲੀ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪਿੰਡ ਇੱਕੋਲਾਹਾ ਦੀ ਪੰਚਾਇਤ, ਜਸਦੀਪ ਕੌਰ ਯਾਦੂ, ਯਾਦਵਿੰਦਰ ਸਿੰਘ ਯਾਦੂ ਅਤੇ ਇਲਾਕੇ ਦੇ ਹੋਰ ਹਲਕਾ ਇੰਚਾਰਜਾਂ ਵਲੋਂ ਬੀਬਾ ਹਰਸਿਮਰਤ ਕੌਰ ਬਾਦਲ ਦਾ ਸਿਰੀ ਸਾਹਿਬ ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।


# Matrimonials

## ਲੜਕੇ ਦੀ ਲੋੜ ਹੈ

Jat Sikh parents are looking for a suitable match, only from Jat Sikh families for their daughter. She is a medical student, currently in MD program in USA, born and raised in USA, 24 years old, 5'4" tall. Looking for a match from medical field only, who is born and raised in USA/Canada. Canada born please contact only if they are willing to move to USA. Please contact at 262-443-2395 or email at caprisingh8@yahoo.com for more information.

34-37

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੀ ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਪੜ੍ਹੇ-ਲਿਖੇ ਅਤੇ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ ਵਾਲੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ 734-444-5774 'ਤੇ ਸੰਪਰਕ ਕਰਨ।

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered.
Contact us at: 269-830-0980

## ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਹੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.

**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**



**UMA TRAVELS**

**2541 W. Devon Ave., Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrsponders**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.


**All disputes subject to Chicago jurisdiction.**

# ਮਹਾਤਮਾ ਗਾਂਧੀ ਨੂੰ ਹਸਪਤਾਲ ਨਹੀਂ ਲੈ ਕੇ ਗਏ ਸਨ: ਸੱਤਿਅਕੀ ਸਾਵਰਕਰ

**ਪੁਣੇ:**ਰਾਹੁਲ ਗਾਂਧੀ ਖ਼ਿਲਾਫ਼ ਮਾਣਹਾਨੀ ਦੇ ਅਪਰਾਧਕ ਮਾਮਲੇ ਵਿਚ ਗਵਾਹੀ ਦਿੰਦੇ ਹੋਏ ਵਿਨਾਇਕ ਦਾਮੋਦਰ ਸਾਵਰਕਰ ਦੇ ਪੋਤਰੇ ਸੱਤਿਅਕੀ 'ਸਾਵਰਕਰ ਨੇ ਦਾਅਵਾ ਕੀਤਾ ਕਿ ਮਹਾਤਮਾ ਗਾਂਧੀ ਨੂੰ ਨਾਥੂਰਾਮ ਗੋਡਸੇ ਦੀ ਗੋਲ਼ੀ ਲੱਗਣ ਤੋਂ ਬਾਅਦ ਲਗਪਗ 20 ਮਿੰਟਾਂ ਤੱਕ ਘਟਨਾ ਸਥਾਨ ਤੋਂ ਨਹੀਂ ਲਿਜਾਇਆ ਗਿਆ ਸੀ। ਸੋਮਵਾਰ ਨੂੰ ਪੁਣੇ ਦੀ ਐੱਮਪੀ/ਐੱਮਐੱਲਏ ਅਦਾਲਤ ਦੇ ਵਿਸ਼ੇਸ਼ ਜੱਜ ਅਮੋਲ ਸ਼ਿੰਦੇ ਦੇ ਸਾਹਮਣੇ ਰਾਹੁਲ ਗਾਂਧੀ ਦੀ ਵਕੀਲ ਮਿਲਿੰਦ ਨੇ ਸੱਤਿਅਕੀ ਨਾਲ ਜ਼ਿਰ੍ਹਾ ਕੀਤੀ। ਜ਼ਿਰ੍ਹਾ ਦੌਰਾਨ ਸੱਤਿਅਕੀ ਨੇ ਕਿਹਾ ਕਿ 30 ਜਨਵਰੀ 1948 ਨੂੰ ਗਾਂਧੀ ਬਿਰਲਾ ਹਾਊਸ ਵਿਚ ਪ੍ਰਾਰਥਨਾ ਸਭਾ ਲਈ ਜਾ ਰਹੇ ਸਨ ਜਦੋਂ ਉਨ੍ਹਾਂ ਦੇ ਚਚੇਰੇ ਦਾਦਾ ਨਾਥੂਰਾਮ ਗੋਡਸੇ ਨੇ ਗੋਲੀ ਮਾਰ ਦਿੱਤੀ ਸੀ। ਇਸ ਦੌਰਾਨ, ਸੱਤਿਅਕੀ ਦੇ ਵਕੀਲ ਸੰਗ੍ਰਾਮ ਨੇ ਅਦਾਲਤ ਵਿਚ ਇਕ ਅਰਜ਼ੀ ਦਾਖ਼ਲ ਕਰ ਕੇ 22 ਅਗਸਤ ਨੂੰ ਰਾਹੁਲ ਗਾਂਧੀ ਦੇ ਪੁਣੇ ਦੌਰੇ ਦੌਰਾਨ ਉਨ੍ਹਾਂ ਦੇ ਆਵਾਜ਼ ਦੇ ਨਮੂਨੇ ਲੈਣ ਦੀ ਮੰਗ ਕੀਤੀ। ਰਾਹੁਲ ਗਾਂਧੀ ਉਸ ਦਿਨ 'ਛਾਤਰੋਂ ਕੀ ਗੂੰਜ' ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਪੁਣੇ ਆਉਣ ਵਾਲੇ ਹਨ।



# ਹਮਾਸ ਹਥਿਆਰ ਸੁੱਟੇ ਤਾਂ ਗਾਜ਼ਾ ਤੋਂ ਮੁੜੇਗੀ ਇਜ਼ਰਾਈਲੀ ਫ਼ੌਜ



**ਯੇਰੂਸ਼ਲਮ:**ਪੱਛਮੀ ਏਸ਼ੀਆ ਮਾਮਲਿਆਂ ਦੇ ਪ੍ਰਮੁੱਖ ਵਾਰਤਾਕਾਰ ਵਜੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਵਾਈ ਜੇਰੇਡ ਕੁਸ਼ਨਰ ਸੋਮਵਾਰ ਨੂੰ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਮਿਲੇ। ਤਿੰਨ ਘੰਟੇ ਚੱਲੀ ਗੱਲਬਾਤ ਦੇ ਬਾਵਜੂਦ ਉਹ ਨੇਤਨਯਾਹੂ ਤੋਂ ਗਾਜ਼ਾ ਤੋਂ ਫ਼ੌਜ ਦੀ ਵਾਪਸੀ 'ਤੇ ਠੋਸ ਜਵਾਬ ਹਾਸਸ ਨਹੀਂ ਕਰ ਸਕੇ। ਨੇਤਨਯਾਹੂ ਨੇ ਸਾਫ਼ ਕਹਿ ਦਿੱਤਾ ਹੈ ਕਿ ਹਮਾਸ ਦੇ ਹਥਿਆਰ ਸੁੱਟਣ ਤੇ ਗਾਜ਼ਾ ਦੇ ਗੈਰ-ਫ਼ੌਜੀਕਰਨ ਪਹਿਲਾਂ ਉੱਥੋਂ ਇਜ਼ਰਾਈਲੀ ਫ਼ੌਜੀ ਨਹੀਂ ਹਟਣਗੇ। ਮਾਹਰਾਂ ਮੁਤਾਬਕ ਅਕਤੂਬਰ ਵਿਚ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਨੇਤਨਯਾਹੂ ਅਜਿਹਾ ਕੋਈ ਕਦਮ ਨਹੀਂ ਚੁੱਕਣਗੇ ਜਿਸ ਨਾਲ ਸਰਕਾਰ ਦੇ ਕਮਜ਼ੋਰ ਪੈਣ ਦਾ ਸੰਦੇਸ਼ ਜਾਵੇ।

ਕੁਸ਼ਨਰ ਦੀ ਨੇਤਨਯਾਹੂ ਨਾਲ ਇਹ ਗੱਲਬਾਤ ਟਰੰਪ ਦੀ ਗਾਜ਼ਾ ਸ਼ਾਂਤੀ ਯੋਜਨਾ ਨੂੰ ਅੱਗੇ ਵਧਾਉਣ ਨੂੰ ਲੈ ਕੇ ਹੋਈ। ਗੱਲਬਾਤ ਵਿਚ ਕੁਸ਼ਨਰ ਨਾਲ ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਅਤੇ ਸੰਯੁਕਤ ਰਾਸ਼ਟਰ ਦੇ ਸਾਬਕਾ ਅਧਿਕਾਰੀ ਨਿਕੋਲਾਈ ਮੇਲਾਦੇਨੋਵ ਵੀ ਸਨ। ਇਸ ਤੋਂ ਪਹਿਲਾਂ ਕੁਸ਼ਨਰ ਨੇ ਕਾਹਿਰਾ ਵਿਚ ਹਮਾਸ ਮੁਖੀ ਖਲੀਲ ਅਲ-ਹਯਾ ਨਾਲ ਦੋ ਘੰਟੇ ਗੱਲਬਾਤ ਕੀਤੀ ਸੀ। ਹਮਾਸ ਮੁਖੀ ਨੇ ਹਥਿਆਰ ਸੁੱਟਣ ਅਤੇ ਗਾਜ਼ਾ ਦੀ ਸੱਤਾ ਤੋਂ ਹਟਣ ਦੀਆਂ ਸ਼ਰਤਾਂ ਸਵੀਕਾਰ ਕਰ ਲਈਆਂ ਪਰ ਪਹਿਲਾਂ ਗਾਜ਼ਾ 'ਤੇ ਇਜ਼ਰਾਈਲੀ ਹਮਲੇ ਰੋਕੇ ਜਾਣ ਅਤੇ ਉੱਥੋਂ ਇਜ਼ਰਾਈਲੀ ਫ਼ੌਜ ਦੇ ਜਾਣ ਦੀ ਮੰਗ ਰੱਖੀ। ਜ਼ਿਕਰਯੋਗ ਹੈ ਕਿ ਗਾਜ਼ਾ ਦੇ 60 ਫ਼ੀਸਦੀ ਤੋਂ ਜ਼ਿਆਦਾ ਭੂ-ਭਾਗ 'ਤੇ ਇਜ਼ਰਾਈਲੀ ਫ਼ੌਜ ਦਾ ਕਬਜ਼ਾ ਹੈ। ਇਸ ਗੱਲਬਾਤ ਵਿਚ ਮਿਸਰ, ਕਤਰ ਅਤੇ ਤੁਰਕੀ ਦੇ ਪ੍ਰਤੀਨਿਧੀ ਵੀ ਮੌਜੂਦ ਸਨ।

# ਡੋਪ ਟੈਸਟ 'ਚ ਫੇਲ੍ਹ ਹੋਏ ਏਅਰ ਇੰਡੀਆ ਦੇ ਦੋ ਪਾਇਲਟ

**ਨਵੀਂ ਦਿੱਲੀ:**ਫੁਕੇਟ-ਨਵੀਂ ਦਿੱਲੀ ਉਡਾਣ ਹਾਦਸੇ ਤੋਂ ਬਾਅਦ ਪਾਇਲਟਾਂ ਲਈ ਸ਼ੁਰੂ ਕੀਤੇ ਗਏ ਨਵੇਂ ਤੇ ਵਿਆਪਕ ਸਾਈਕੋਐਕਟਿਵ ਸਬਸਟੈਂਸ (ਡੋਪ) ਟੈਸਟ ਦੇ ਸ਼ੁਰੂਆਤੀ ਨਤੀਜੇ ਆ ਗਏ ਹਨ। ਇਸ 'ਚ ਦੋ ਪਾਇਲਟਾਂ ਦੀ ਰਿਪੋਰਟ ਨਾਨ- ਨੈਗੇਟਿਵ ਆਉਣ ਤੋਂ ਬਾਅਦ ਉਨ੍ਹਾਂ ਨੂੰ ਉਡਾਣ ਡਿਊਟੀ ਤੋਂ ਹਟਾ ਦਿੱਤਾ ਗਿਆ ਹੈ। ਦੋਵਾਂ ਦੇ ਨਮੂਨਿਆਂ ਨੂੰ ਆਖ਼ਰੀ ਪੁਸ਼ਟੀ ਲਈ ਲੈਬਾਰਟਰੀ ਭੇਜਿਆ ਗਿਆ ਹੈ। ਇਸ 'ਚ ਫੇਲ੍ਹ ਹੋਣ 'ਤੇ ਡੀਜੀਸੀਏ ਦੇ ਨਿਯਮਾਂ ਦੇ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ। ਏਅਰ ਇੰਡੀਆ ਤੇ ਏਅਰ ਇੰਡੀਆ ਐਕਸਪ੍ਰੈੱਸ ਨੇ ਇਹ ਜ਼ਰੂਰੀ ਜਾਂਚ 13 ਅਗਸਤ ਤੋਂ ਸ਼ੁਰੂ ਕੀਤੀ ਹੈ। ਚਾਰ ਅਗਸਤ ਨੂੰ ਫੁਕੇਟ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਉਡਾਣ ਦੌਰਾਨ ਹਵਾ 'ਚ ਜਹਾਜ਼ ਦੀ ਉਚਾਈ 'ਚ ਭਾਰੀ ਗਿਰਾਵਟ ਆ ਗਈ ਸੀ। ਡੀਜੀਸੀਏ ਤੇ ਏਅਰ ਇੰਡੀਆ ਦੀ ਅੰਦਰੂਨੀ ਜਾਂਚ 'ਚ ਪਾਇਲਟ-ਇਨ-ਕਮਾਂਡ ਦੇ ਗਾਂਜੇ ਦਾ ਸੇਵਨ ਕੀਤੇ ਜਾਣ ਦੀ ਗੱਲ ਸਾਹਮਣੇ ਆਈ ਸੀ। ਇਸ ਤੋਂ ਬਾਅਦ ਪੂਰੇ ਏਅਰ ਇੰਡੀਆ ਸਮੂਹ ਦੇ ਪਾਇਲਟਾਂ




ਦੀ ਸੌ-ਫ਼ੀਸਦੀ ਜਾਂਚ ਦਾ ਫ਼ੈਸਲਾ ਲਿਆ ਗਿਆ ਸੀ। ਏਅਰ ਇੰਡੀਆ ਨੇ ਆਪਣੇ ਸਾਰੇ 'ਪੰਜ ਹਜ਼ਾਰ ਤੋਂ ਵੱਧ ਪਾਇਲਟਾਂ ਦਾ ਡੋਪ ਟੈਸਟ ਕਰਵਾਉਣ ਦਾ ਫ਼ੈਸਲਾ ਲਿਆ ਸੀ। ਇਸ 'ਚ ਹੁਣ ਤੱਕ 400 ਤੋਂ ਵੱਧ ਪਾਇਲਟਾਂ ਦੀ ਸਕ੍ਰੀਨਿੰਗ ਪੂਰੀ ਹੋ ਚੁੱਕੀ ਹੈ। ਇਸ ਦੇ ਸ਼ੁਰੂਆਤੀ ਨਤੀਜਿਆਂ 'ਚ ਦੋ ਦੀ ਰਿਪੋਰਟ ਨਾਨ-ਨੈਗੇਟਿਵ (ਸ਼ੁਰੂਆਤੀ ਪਾਜ਼ੇਟਿਵ) ਆਈ ਹੈ। ਏਅਰਲਾਈਨ ਮੈਨੇਜਮੈਂਟ ਨੇ ਸੁਰੱਖਿਆ ਪ੍ਰੋਟੋਕਾਲ ਦੀ ਪਾਲਣਾ ਕਰਦੇ ਹੋਏ ਦੋਵਾਂ ਪਾਇਲਟਾਂ ਨੂੰ ਤੱਤਕਾਲ ਪ੍ਰਭਾਵ ਨਾਲ ਰੋਸਟਰ (ਉਡਾਣ ਡਿਊਟੀ) ਤੋਂ ਹਟਾ ਦਿੱਤਾ ਹੈ। ਹਵਾਬਾਜ਼ੀ ਮਾਹਿਰਾਂ ਮੁਤਾਬਕ, ਰੈਪਿਡ ਕਿਟ ਨਾਲ ਜਾਂਚ 'ਚ ਨਾਨ-ਨੈਗੇਟਿਵ ਆਉਣ ਦਾ ਮਤਲਬ ਸਿੱਧੇ ਤੌਰ 'ਤੇ ਡਰੱਗਸ - ਦਾ ਸੇਵਨ ਕਰਨਾ ਨਹੀਂ ਹੈ। ਨੂੰ ਪੱਕੇ ਤੌਰ 'ਤੇ ਰੱਦ ਕਰ ਕੇ ਹਵਾਬਾਜ਼ੀ ਖੇਤਰ ਵੱਲੋਂ ਪਾਬੰਦੀ ਲਾਏ ਜਾਣ ਦੀ ਵਿਵਸਥਾ ਹੈ। ਉਡਾਣ ਤੋਂ ਪਹਿਲਾਂ ਆਮ ਤੌਰ 'ਤੇ ਸਿਰਫ਼ 'ਬ੍ਰੀਥ ਐਨਾਲਾਈਜ਼ਰ ਟੈਸਟ ਕੀਤਾ ਜਾਂਦਾ ਹੈ, ਜੋ ਸਿਰਫ਼ ਅਲਕੋਹਲ (ਸ਼ਰਾਬ) ਦੀ ਮੌਜੂਦਗੀ ਦੀ ਪਛਾਣ ਕਰਦਾ ਹੈ।

## ਪੰਥ ਵਿਰੋਧੀ ਸ਼ਕਤੀਆਂ...

(ਪਹਿਲੇ ਸਫ਼ੇ ਦਾ ਬਾਕੀ)

ਸੁਲਤਾਨਪੁਰ ਲੋਧੀ ਦੀ ਧਰਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਛੋਹ ਪ੍ਰਾਪਤ ਹੈ, ਜਿੱਥੇ ਗੁਰੂ ਸਾਹਿਬ ਨੇ ਮਨੁੱਖਤਾ ਨੂੰ ਇਕ ਅਕਾਲ ਪੁਰਖ ਨਾਲ ਜੁੜਨ ਦਾ ਸੰਦੇਸ਼ ਦਿੱਤਾ। ਉਨਾਂ ਕਿਹਾ ਕਿ ਧਰਮ ਪ੍ਰਚਾਰ ਵਹੀਰ ਦਾ ਮੰਤਵ ਜਿੱਥੇ ਸੰਗਤਾਂ ਨੂੰ ਸਿੱਖ ਸਿਧਾਂਤਾਂ ਨਾਲ ਜੋੜਨਾ ਹੈ, ਉੱਥੇ ਹੀ ਨੌਜੁਆਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਿਤ ਕਰਨਾ ਹੈ। ਉਨ੍ਹਾਂ ਸੰਗਤ ਨੂੰ ਗੁਰਮਤਿ ਅਨੁਸਾਰੀ ਜੀਵਨ ਬਤੀਤ ਕਰਨ ਅਤੇ ਅੰਮ੍ਰਿਤਧਾਰੀ ਹੋਣ ਦੀ ਅਪੀਲ ਵੀ ਕੀਤੀ। ਸਮਾਗਮ ਦੌਰਾਨ ਰਾਗੀ ਜਥਿਆਂ ਵੱਲੋਂ ਕੀਰਤਨ ਕੀਤਾ ਗਿਆ ਅਤੇ ਬੁਲਾਰਿਆਂ ਨੇ ਸੰਗਤ ਨਾਲ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਦੀ ਸਾਂਝ ਪਾਈ। ਇਸ ਮੌਕੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ ਅਤੇ ਮੈਂਬਰ ਬੀਬੀ ਗੁਰਪ੍ਰੀਤ ਕੌਰ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਬੂਟਾ ਸਿੰਘ, ਇੰਜ ਸਵਰਨ ਸਿੰਘ, ਮੈਨੇਜਰ ਅਵਤਾਰ ਸਿੰਘ, ਤੇਜਵੰਤ ਸਿੰਘ, ਮੋਹਨ ਸਿੰਘ ਮਿਰਜ਼ਾਪੁਰ, ਅਕਾਲੀ ਆਗੂ ਜਥੇਦਾਰ ਕੁਲਦੀਪ ਸਿੰਘ ਬੂਲੇ, ਮਨਜੀਤ ਸਿੰਘ ਗੋਲਡੀ ਸਮੇਤ ਸੰਗਤਾਂ ਮੌਜੂਦ ਸਨ।

## ਅਮਰੀਕਾ ਵਲੋਂ ਈਰਾਨ...

(ਪਹਿਲੇ ਸਫ਼ੇ ਦਾ ਬਾਕੀ)

ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਲ ਜਜ਼ੀਰਾ ਅਨੁਸਾਰ, ਈਰਾਨ ਨਾਲ ਗੱਲਬਾਤ ਨੂੰ ਲੈ ਕੇ ਪੁੱਛੇ ਜਾਣ 'ਤੇ ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਦੀ ਈਰਾਨੀ ਇਨਕਲਾਬੀ ਗਾਰਡਜ਼ (ਆਈਆਰਜੀਸੀ) ਨਾਲ ਗੱਲਬਾਤ ਚੱਲ ਰਹੀ ਹੈ।

ਹਾਲਾਂਕਿ, ਆਈਆਰਜੀਸੀ ਨੇ ਟਰੰਪ ਦੇ ਇਸ ਦਾਅਵੇ ਨੂੰ ਖ਼ਾਰਜ ਕਰ ਦਿੱਤਾ ਹੈ। ਉਸ ਦੇ ਤਰਜਮਾਨ ਬ੍ਰਿਗੇਡੀਅਰ ਜਨਰਲ ਹੋਸੈਨ ਮੋਹੰਮਦੀ ਨੇ ਕਿਹਾ ਕਿ ਅਮਰੀਕਾ ਨਾਲ ਕੋਈ ਗੱਲਬਾਤ ਨਹੀਂ ਹੋ ਰਹੀ। ਉਨ੍ਹਾਂ ਨੇ ਟਰੰਪ ਦੇ ਦਾਅਵੇ ਨੂੰ ਯੁੱਧ ਵਿਚ ਹਾਰ ਅਤੇ ਨਿਰਾਸ਼ਾ ਤੋਂ ਉਪਜਿਆ ਭਰਮ ਦੱਸਿਆ।

### ਈਰਾਨ ਦਾ 200 ਤੋਂ ਵੱਧ ਜਹਾਜ਼ ਸੁੱਟਣ ਦਾ ਦਾਅਵਾ

ਅਲ ਜਜ਼ੀਰਾ ਮੁਤਾਬਕ, ਆਈਆਰਜੀਸੀ ਦੇ ਡਿਪਟੀ ਕਮਾਂਡਰ ਇਨ ਚੀਫ ਮੇਜਰ ਜਨਰਲ ਮੁਸਤਫਾ ਇਜਾਦੀ ਨੇ ਦਾਅਵਾ ਕੀਤਾ ਹੈ ਕਿ ਯੁੱਧ ਦੌਰਾਨ ਈਰਾਨ ਨੇ ਦੁਸ਼ਮਣ ਦੇਸ਼ਾਂ ਦੇ 200 ਤੋਂ ਵੱਧ ਲੜਾਕੂ ਜਹਾਜ਼ ਸੁੱਟ ਲਏ ਹਨ। ਉਨ੍ਹਾਂ ਕਿਹਾ ਕਿ ਯੁੱਧ ਨੇ ਈਰਾਨ ਨੂੰ ਬਦਲ ਦਿੱਤਾ ਹੈ ਅਤੇ ਹੁਣ ਉਹ ਪਹਿਲਾਂ ਤੋਂ ਵੱਧ ਤਾਕਤਵਰ ਅਤੇ ਦ੍ਰਿੜ੍ਹ ਹੈ। ਹਾਲਾਂਕਿ, ਇਸ ਦਾਅਵੇ ਦੀ ਸੁਤੰਤਰ ਪੁਸ਼ਟੀ ਨਹੀਂ ਹੋਈ ਹੈ।

### ਹੋਰਮੁਜ਼ 'ਤੇ ਓਮਾਨ ਨਾਲ ਗੱਲਬਾਤ ਜਾਰੀ

ਈਰਾਨ ਨੇ ਕਿਹਾ ਹੈ ਕਿ ਹੋਰਮੁਜ਼ ਜਲਡਮਰੂਮੱਧ ਵਿਚ ਸੁਰੱਖਿਅਤ ਵਣਜ ਸਮੁੰਦਰੀ ਆਵਾਜਾਈ ਲਈ ਓਮਾਨ ਨਾਲ ਗੱਲਬਾਤ ਜਾਰੀ ਹੈ। ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘਾਈ ਨੇ ਕਿਹਾ ਕਿ ਗੱਲਬਾਤ ਦਾ ਮਕਸਦ ਤਟੀ ਦੇਸ਼ਾਂ ਦੀ ਪ੍ਰਭੂਸੱਤਾ ਦੇ ਨਾਲ-ਨਾਲ ਜਲਮਾਰਗ ਤੋਂ ਵਣਜ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਯਕੀਨੀ ਬਣਾਉਣਾ ਹੈ। ਉਨ੍ਹਾਂ ਨੇ ਗੱਲਬਾਤ ਵਿਚ ਦੇਰੀ ਲਈ ਮਾਮਲੇ ਦੀ ਜਟਿਲਤਾ, ਕਈ ਪੱਖਾਂ ਦੀ ਭਾਗੀਦਾਰੀ ਅਤੇ ਕੁਝ ਪੱਖਾਂ ਦੀਆਂ ਕਥਿਤ 'ਵਿਨਾਸ਼ਕ ਕੋਸ਼ਿਸ਼ਾਂ' ਨੂੰ ਜ਼ਿੰਮੇਵਾਰ ਠਹਿਰਾਇਆ।

### ਅਮਰੀਕਾ ਮੂਹਰੇ ਰੱਖੀ ਸ਼ਰਤ

ਰਾਇਟਰ ਅਨੁਸਾਰ ਈਰਾਨ ਦੇ ਸੀਨੀਅਰ ਅਧਿਕਾਰੀ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਨੇ ਸਮੁੰਦਰੀ ਨਾਕਾਬੰਦੀ ਹਟਾਉਣ ਦੀ ਸ਼ਰਤਾਂ ਦੀ ਪਾਲਣਾ ਨਾ ਕੀਤੀ ਤਾਂ ਈਰਾਨ ਪ੍ਰਭਾਵਸ਼ਾਲੀ ਫ਼ੌਜੀ ਕਾਰਵਾਈ ਕਰ ਸਕਦਾ ਹੈ।



ਅਧਿਕਾਰੀ ਅਨੁਸਾਰ, ਕੂਟਨੀਤਕ ਕੋਸ਼ਿਸ਼ਾਂ ਨਾਕਾਮ ਹੋਣ ਦੀ ਸਥਿਤੀ ਵਿਚ ਈਰਾਨ ਆਪਣੀ ਨੀਤੀ ਨੂੰ ਰੱਖਿਆਤਮਕ ਤੋਂ ਹਮਲਾਵਰ ਰੁਖ ਵੱਲ ਲਿਜਾ ਰਿਹਾ ਹੈ। ਹਾਲੀਆ ਹਫ਼ਤਿਆਂ 'ਚ ਦੋਹਾਂ ਦੇਸ਼ਾਂ ਵਿਚਾਲੇ ਗੱਲਬਾਤ ਸ਼ੁਰੂ ਕਰਨ ਦੀਆਂ ਕਈ ਕੋਸ਼ਿਸ਼ਾਂ ਨਾਕਾਮ ਰਹੀਆਂ ਹਨ। ਈਰਾਨ ਦਾ ਕਹਿਣਾ ਹੈ ਕਿ ਯੂਐੱਸ ਸ਼ਰਤਾਂ ਦੀ ਪਾਲਣਾ ਕੀਤੇ ਬਿਨਾਂ ਹੋਰਮੁਜ਼ ਖੋਲ੍ਹਣ ਦੀ ਆਸ ਨਹੀਂ ਕਰ ਸਕਦਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਦਿੱਲੀ ਲਈ ਨਿਕਲੇ ਕਿਸਾਨ ਖਨੌਰੀ ਬਾਰਡਰ ’ਤੇ ਰੋਕੇ

## ਦਿੱਲੀ ਦੇ ਜੰਤਰ-ਮੰਤਰ ਤੱਕ ਪੈਦਲ ਮਾਰਚ ਕਰਨਾ ਚਾਹੁੰਦੇ ਸਨ ਕਿਸਾਨ

**ਸੰਗਰੂਰ**:ਭਾਰਤ-ਅਮਰੀਕਾ ਟਰੇਡ ਡੀਲ ਦੇ ਵਿਰੋਧ ਸਮੇਤ ਹੋਰ ਕਿਸਾਨੀ ਮੁੱਦਿਆਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੀ ਅਗਵਾਈ ਹੇਠ 51 ਕਿਸਾਨਾਂ ਨੇ ਐਤਵਾਰ ਨੂੰ ਹਰਿਆਣਾ ਦੀ ਹੱਦ ਨਾਲ ਲੱਗਦੇ ਖਨੌਰੀ ਤੋਂ ਪੈਦਲ ਹੀ ਦਿੱਲੀ ਕੂਚ ਕਰਨ ਦੀ ਕੋਸ਼ਿਸ਼ ਕੀਤੀ। ਹਰਿਆਣਾ ਪ੍ਰਸ਼ਾਸਨ ਵੱਲੋਂ ਖਨੌਰੀ ਨਾਲ ਲੱਗਦੇ ਦਾਤਾ ਸਿੰਘ ਵਾਲਾ ਬਾਰਡਰ ਨੂੰ ਸੀਲ ਕੀਤੇ ਜਾਣ ਕਾਰਨ ਕਿਸਾਨ ਅੱਗੇ ਨਹੀਂ ਵਧ ਸਕੇ।



ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਪੁਲਿਸ ਨੇ ਉੱਥੇ ਕੰਕਰੀਟ ਦੇ ਬੈਰੀਕੇਡ ਲਗਾਉਣ ਦੇ ਨਾਲ-ਨਾਲ ਵੱਡੇ-ਵੱਡੇ ਪੱਥਰ ਅਤੇ ਲੋਹੇ ਦੇ ਬੈਰੀਕੇਡ ਵੈਲਡਿੰਗ ਕਰ ਕੇ ਰਸਤਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ। ਇਸੇ ਦੌਰਾਨ ਕਿਸਾਨ ਆਗੂਆਂ ਦੀ ਹਰਿਆਣਾ ਪ੍ਰਸ਼ਾਸਨ ਨਾਲ ਤਿੰਨ ਦੌਰ ਦੀ ਮੀਟਿੰਗ ਹੋਈ, ਪਰ ਇਸ ਵਿਚ ਕੋਈ ਵੀ ਹੱਲ ਨਹੀਂ ਨਿਕਲ ਸਕਿਆ। ਦੇਰ ਸ਼ਾਮ ਕਿਸਾਨਾਂ ਨੇ ਖਨੌਰੀ ਵਿਚ ਹੀ ਧਰਨਾ ਦੇਣ ਦਾ ਐਲਾਨ ਕਰ ਦਿੱਤਾ।ਐਸਕੇਐਮ (ਗੈਰ-ਸਿਆਸੀ) ਦੇ ਆਗੂ ਜਗਜੀਤ ਸਿੰਘ ਡੋਲੇਵਾਲ ਦੀ ਅਗਵਾਈ ਹੇਠ ਕਿਸਾਨ ਪਿਛਲੇ ਕਿਸਾਨ ਅੰਦੋਲਨ ਦੌਰਾਨ ਮਾਰੇ ਗਏ ਸ਼ੁਭਕਰਨ ਸਿੰਘ ਦੀ ਮੌਤ ਵਾਲੀ ਥਾਂ ਦੀ ਮਿੱਟੀ ਲੈ ਕੇ ਖਨੌਰੀ ਦੇ ਗੁਰਦੁਆਰਾ ਸਾਹਿਬ ਤੋਂ ਜੱਥਾ ਬਾਰਡਰ ਵੱਲ ਰਵਾਨਾ ਹੋਏ। ਪੈਦਲ ਚੱਲ ਰਹੇ ਕਿਸਾਨਾਂ ਦੇ ਨਾਲ ਕੁਝ ਕਿਸਾਨ ਟਰਾਲੀਆਂ ਵਿਚ ਪਿੱਛੇ- ਪਿੱਛੇ ਚੱਲ ਰਹੇ ਸਨ। ਜਿਵੇਂ ਹੀ ਉਹ ਖਨੌਰੀ ਬਾਰਡਰ ‘ਤੇ ਪਹੁੰਚੇ ਤਾਂ ਹਰਿਆਣਾ ਪੁਲਿਸ ਨੇ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਰੋਕ ਦਿੱਤਾ। ਇੱਥੇ ਪੁਲਿਸ ਪ੍ਰਸ਼ਾਸਨ ਨਾਲ ਕਿਸਾਨਾਂ ਦੀ ਬਹਿਸ ਵੀ ਹੋਈ। ਬਾਅਦ ਵਿਚ ਕਿਸਾਨ ਆਗੂ ਕਾਕਾ ਸਿੰਘ ਕੋਟੜਾ, ਬਲਦੇਵ ਸਿੰਘ ਸਿਰਸਾ ਸਮੇਤ ਪੰਜ ਕਿਸਾਨ ਆਗੂਆਂ ਨੂੰ ਖੇਤਾਂ ਦੇ ਰਸਤੇ ਹਰਿਆਣਾ ਪ੍ਰਸ਼ਾਸਨ ਨਾਲ ਮੀਟਿੰਗ ਲਈ ਲਿਜਾਇਆ ਗਿਆ। ਉੱਥੇ ਲੰਬੀ ਮੀਟਿੰਗ ਤੋਂ ਬਾਅਦ ਵੀ ਜਦੋਂ ਕੋਈ ਹੱਲ ਨਾ ਨਿਕਲਿਆ ਤਾਂ ਕਿਸਾਨਾਂ ਨੇ ਖਨੌਰੀ ਬਾਰਡਰ ‘ਤੇ ਹੀ ਧਰਨਾ ਸ਼ੁਰੂ ਕਰ ਦਿੱਤਾ।

# ਯੂਕਰੇਨ ’ਚ ਰੂਸੀ ਮਿਜ਼ਾਈਲ ਦਾ ਨਿਸ਼ਾਨਾ ਬਣੀ ਲਕਸ਼ਮੀ ਮਿੱਤਲ ਦੀ ਫੈਕਟਰੀ

**ਮਾਸਕੋ:**ਯੂਕਰੇਨ ਨੇ ਰੂਸ ‘ਤੇ ਸੈਂਕੜੇ ਡ੍ਰੋਨ ਦਾਗ਼ੇ ਜਿਸ ਕਾਰਨ ਘੱਟੋ-ਘੱਟ 6 ਵਿਅਕਤੀਆਂ ਦੀ ਮੌਤ ਹੋ ਗਈ। ਇਹ ਜੰਗ ਸ਼ੁਰੂ ਹੋਣ ਤੋਂ ਹੁਣ ਤੱਕ ਯੂਕਰੇਨ ਦੇ ਰੂਸ ‘ਤੇ ਹੋਏ ਸਭ ਤੋਂ ਵੱਡੇ ਹਮਲਿਆਂ ‘ਚੋਂ ਇਕ ਹੈ। ਯੂਕਰੇਨ ਨੇ ਇਸ ਵਰ੍ਹੇ ਆਪਣੀ ਜੰਗੀ ਰਣਨੀਤੀ ਬਦਲਦਿਆਂ ਰੂਸ ਵਿਚ ਮਿਲਟਰੀ ਸਨਅਤਾਂ ਅਤੇ ਐਨਰਜੀ ਫੈਸਿਲਟੀਜ਼ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ ਅਤੇ ਇਨ੍ਹਾਂ ਹਮਲਿਆਂ ਵਿਚ ਲੰਬੀ ਦੂਰੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਨੂੰ ਵਰਤ ਰਿਹਾ ਹੈ। ਰੂਸ ਵੱਲੋਂ ਸਾਢੇ ਕੁ ਚਾਰ ਸਾਲ ਪਹਿਲਾਂ ਯੂਕਰੇਨ ‘ਤੇ ਬੋਲੇ ਗਏ ਧਾਵੇ ਨਾਲ ਸ਼ੁਰੂ ਹੋਈ ਇਸ ਜੰਗ ਵਿਚ ਹੁਣ ਯੂਕਰੇਨ ਦੀ ਇਸ ਰਣਨੀਤੀ ਕਾਰਨ ਰੂਸ ਕਾਫ਼ੀ ਜਾਨੀ-ਮਾਲੀ ਨੁਕਸਾਨ ਸਹਿ ਰਿਹਾ ਹੈ। ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਨੇ ਰਾਤ ਨੂੰ 822 ਯੂਕਰੇਨੀ ਡ੍ਰੋਨ ਨਸ਼ਟ ਕੀਤੇ।

ਮਾਸਕੋ ਦੇ ਮੇਅਰ ਸਰਗੇਈ ਸੋਬੇਆਨਿਨ ਨੇ ਦੱਸਿਆ ਕਿ ਲਗਪਗ 600 ਡ੍ਰੋਨ ਰੂਸ ਦੀ ਰਾਜਧਾਨੀ ਮਾਸਕੋ ਵੱਲ ਆ ਰਹੇ ਸਨ ਜਿਨ੍ਹਾਂ ‘ਚੋਂ ਇਕ ਤਿਹਾਈ ਮਾਸਕੋ ਖੇਤਰ ‘ਤੇ ਨਸ਼ਟ ਕਰ ਦਿੱਤੇ ਗਏ। ਮਾਸਕੋ ਖੇਤਰ ਵਿਚ ਇਕ ਘਰ ‘ਤੇ ਰੂਸੀ ਡ੍ਰੋਨ ਡਿੱਗਣ ਕਾਰਨ ਇਕ 83 ਸਾਲਾ ਵਿਅਕਤੀ ਦੀ ਮੌਤ ਹੋ ਗਈ। ਯੂਕਰੇਨੀ ਡ੍ਰੋਨ ਹਮਲੇ ਕਾਰਨ ਪੋਡੋਲਸਕ ਕਸਬੇ ‘ਚ ਵਾਈਲਡਬੇਰੀਜ਼ ਦੇ ਇਕ ਗੁਦਾਮ ਨੂੰ ਭਿਆਨਕ ਅੱਗ ਲੱਗ ਗਈ। ਇਨ੍ਹਾਂ ਡ੍ਰੋਨ ਹਮਲਿਆਂ ਕਾਰਨ ਰੂਸ ਦੇ ਦੱਖਣ-ਪੱਛਮੀ ਰੋਸਤੋਵ ਖੇਤਰ ਵਿਚ ਤਿੰਨ ਕਸਬੇ ਨਿਸ਼ਾਨਾ ਬਣੇ ਜਿਸ ਕਾਰਨ ਪੰਜ ਵਿਅਕਤੀਆਂ ਦੀ ਮੌਤ ਹੋ ਗਈ।



### ਰੂਸੀ ਮਿਜ਼ਾਈਲ ਹਮਲਿਆਂ ਵਿਚ 5 ਲੋਕਾਂ ਦੀ ਮੌਤ

ਰੂਸ ਦੇ ਮਿਜ਼ਾਈਲ ਹਮਲੇ ‘ਚ ਯੂਕਰੇਨ ਦੇ ਕਰੇਵਵੀ ਰੀਹ ਵਿਚ 2 ਵਿਅਕਤੀਆਂ ਦੀ ਮੌਤ ਹੋ ਗਈ ਤੇ 14 ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਰੀ ਨੇ ਸੋਸ਼ਲ ਮੀਡੀਆ ‘ਤੇ ਦਿੱਤੀ। ਉਨ੍ਹਾਂ ਇਹ ਵੀ ਕਿਹਾ ਕਿ ਸੂਮੀ ਸ਼ਹਿਰ ਵਿਚ ਰੂਸੀ ਹਮਲਿਆਂ ਕਾਰਨ ਇਕ ਹੋਰ ਵਿਅਕਤੀ ਦੀ ਮੌਤ ਹੋ ਗਈ।



ਸਥਾਨਕ ਫ਼ੌਜੀ ਪ੍ਰਸ਼ਾਸਨ ਦੇ ਮੁਖੀ ਇਵਾਨ ਫੈਡੋਰੋਵ ਨੇ ਦੱਸਿਆ ਕਿ ਯੂਕਰੇਨ ਦੇ ਦੱਖਣੀ ਜ਼ੈਪੋਰੀਜ਼ਹੀਆ ਖਿੱਤੇ ਵਿਚ ਰੂਸੀ ਹਮਲੇ ਕਾਰਨ ਇਕ ਘਰ ਨੁਕਸਾਨਿਆ ਗਿਆ ਤੇ ਇਕ ਪੁਰਸ਼ ਤੇ ਇਕ ਮਹਿਲਾ ਦੀ ਮੌਤ ਹੋ ਗਈ। ਰੂਸ ਨੇ ਕੀਵ ‘ਤੇ ਵੀ ਹਮਲੇ ਕੀਤੇ ਜਿਸ ਕਾਰਨ 6 ਵਿਅਕਤੀ ਜ਼ਖ਼ਮੀ ਹੋ ਗਏ। ਅਰਸੇਲਰ ਮਿੱਤਲ ਜੋ ਯੂਕਰੇਨ ਦਾ ਸਭ ਤੋਂ ਵੱਡਾ ਸਟੀਲ ਉਤਪਾਦਕ ਹੈ, ਨੇ ਪੁਸ਼ਟੀ ਕੀਤੀ ਹੈ ਕਿ ਉਸ ਦੇ ਕੁਝ ਪਲਾਂਟਾਂ ‘ਤੇ ਰੂਸੀ ਹਮਲੇ ਹੋਏ ਹਨ।

# ਟਰੰਪ ਦੀ ਈਰਾਨ ਨੀਤੀ ਕਾਰਨ ਖਾੜੀ ਸਹਿਯੋਗੀਆਂ ’ਚ ਵਧੀ ਬੇਚੈਨੀ

## ਅਮਰੀਕਾ ਵਲੋਂ ਈਰਾਨ ਦੀ ਖ਼ਰਾਬ ਹੁੰਦੀ ਵਿੱਤੀ ਸਥਿਤੀ ‘ਤੇ ਨਜ਼ਰ

**ਨਵੀਂ ਦਿੱਲੀ:**ਪੱਛਮੀ ਏਸ਼ੀਆ ਵਿਚ ਈਰਾਨ ਨਾਲ ਚੱਲ ਰਹੇ ਲੰਬੇ ਸੰਘਰਸ਼ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨੀਤੀ ਕਾਰਨ ਖਾੜੀ ਦੇ ਉਨ੍ਹਾਂ ਦੇ ਸਹਿਯੋਗੀ ਦੇਸ਼ਾਂ ਦੀ ਚਿੰਤਾ ਵਧਦੀ ਜਾ ਰਹੀ ਹੈ। ਛੇ ਮਹੀਨਿਆਂ ਤੋਂ ਚੱਲ ਰਹੇ ਯੁੱਧ ਦੌਰਾਨ ਈਰਾਨ ਨਾਲ ਸਮਝੌਤੇ ਵਿਚ ਦੇਰੀ ਨੇ ਅਮਰੀਕਾ ਦੇ ਖਿੱਤੇ ਵਿਚਲੇ ਸਾਥੀਆਂ ਨੂੰ ਚਿੰਤਤ ਕਰ ਦਿੱਤਾ ਹੈ। ਵਾਸ਼ਿੰਗਟਨ ਪੋਸਟ ਅਨੁਸਾਰ, ਅਰਬ ਅਤੇ ਪੱਛਮੀ ਅਧਿਕਾਰੀਆਂ ਨੇ ਦੱਸਿਆ ਹੈ ਕਿ ਇਨ੍ਹਾਂ ਦੇਸ਼ਾਂ ਨੂੰ ਇਹ ਡਰ ਹੈ ਕਿ ਯੁੱਧ ਖ਼ਤਮ ਕਰਨ ਦੀ ਕੋਸ਼ਿਸ਼ ਵਿਚ ਟਰੰਪ ਪ੍ਰਸ਼ਾਸਨ ਸੰਵੇਦਨਸ਼ੀਲ ਕੂਟਨੀਤੀ ਨੂੰ ਗ਼ਲਤ ਤਰੀਕੇ ਨਾਲ ਸੰਭਾਲ ਸਕਦਾ ਹੈ, ਜਿਸ ਨਾਲ ਈਰਾਨ ਨੂੰ ਫ਼ਾਇਦਾ ਹੋ ਸਕਦਾ ਹੈ। ਸਹਿਯੋਗੀਆਂ ਵਿਚ ਹੁਣ ਟਰੰਪ ਦੀ ਇਸ ਜਟਿਲ ਸਥਿਤੀ ਨੂੰ ਸੰਭਾਲਣ ਦੀ ਸਮਰੱਥਾ ‘ਤੇ ਵੀ ਸਵਾਲ ਉੱਠ ਰਹੇ ਹਨ। ਹਾਲਾਂਕਿ, ਵ੍ਹਾਈਟ ਹਾਊਸ ਨੇ ਇਨ੍ਹਾਂ ਅਨੁਮਾਨਾਂ ਨੂੰ ਖ਼ਾਰਜ ਕਰਦਿਆਂ ਕਿਹਾ ਹੈ ਕਿ ਅਮਰੀਕਾ ਆਪਣੇ ਖੇਤਰ ਦੇ ਸਹਿਯੋਗੀਆਂ ਨਾਲ ਲਗਾਤਾਰ ਸੰਪਰਕ ਵਿਚ ਹੈ। ਪਿਛਲੇ ਹਫ਼ਤੇ ਐਕਸੀਓਸ ਦੀ ਰਿਪੋਰਟ ਅਨੁਸਾਰ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਈਰਾਨ ਦੇ ਮਾਮਲੇ ਨੂੰ ਇਸ ਵੇਲੇ ਜਿਆਦਾ ਤਵੱਜੋ ਨਹੀਂ ਦੇ ਰਿਹਾ ਅਤੇ ਨਵੇਂ ਫ਼ੌਜੀ ਹਮਲੇ ਦੀ ਤਿਆਰੀ ਵੀ ਨਹੀਂ ਕਰ ਰਿਹਾ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਈਰਾਨ ਨਾਲ ਮਾਮੂਲੀ ਪੱਧਰ ‘ਤੇ ਗੱਲਬਾਤ ਚੱਲ ਰਹੀ ਹੈ ਅਤੇ ਅਮਰੀਕਾ ਉਸ ਦੀ ਖ਼ਰਾਬ ਹੋ ਰਹੀ ਆਰਥਿਕ ਸਥਿਤੀ ‘ਤੇ ਨਜ਼ਰ ਰੱਖ ਰਿਹਾ ਹੈ।



### ਹੋਰਮੁਜ਼ ਬਾਰੇ ਤਹਿਰਾਨ ਦੀ ਖੁੱਲ੍ਹੀ ਚੁਣੌਤੀ

ਇਸ ਦੌਰਾਨ, ਈਰਾਨੀ ਫ਼ੌਜ ਦੇ ਮੁਖੀ ਨੇ ਟਰੰਪ ਨੂੰ ਸਿੱਧੀ ਚਿਤਾਵਨੀ ਦਿੱਤੀ ਹੈ। ਅਲ ਜਜ਼ੀਰਾ ਅਨੁਸਾਰ, ਫ਼ੌਜ ਦੇ ਮੁਖੀ ਮੇਜਰ ਜਨਰਲ ਆਮਿਰ ਹਾਤਮੀ ਨੇ ਕਿਹਾ ਕਿ ਹੋਰਮੁਜ਼ ਸਟ੍ਰੇਟ ਬਾਰੇ ਟਰੰਪ ਦੀਆਂ ਟਿੱਪਣੀਆਂ ਦਾ ਕਰਾਰਾ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਈਰਾਨ ਦਾ ਮਜ਼ਾਕ ਉਡਾਉਣਾ ਅਮਰੀਕੀ ਰਾਸ਼ਟਰਪਤੀ ਨੂੰ ਮਹਿੰਗਾ ਪਵੇਗਾ ਅਤੇ ਈਰਾਨ ਆਪਣੇ ਰਣਨੀਤਕ ਸਮੁੰਦਰੀ ਖੇਤਰ ਵਿਚ ਅਮਰੀਕੀ ਮੌਜੂਦਗੀ ਨੂੰ ਸਵੀਕਾਰ ਨਹੀਂ ਕਰੇਗਾ। ਏਪੀ ਅਨੁਸਾਰ ਈਰਾਨੀ ਫ਼ੌਜ ਨੇ ਅਮਰੀਕੀ ਫ਼ੌਜੀ ਨੂੰ ਫੜਨ ਜਾਂ ਮਾਰਨ ‘ਤੇ 30 ਹਜ਼ਾਰ ਡਾਲਰ ਦੇ ਇਨਾਮ ਦੀ ਐਲਾਨ ਕੀਤਾ ਹੈ। ਈਰਾਨੀ ਫ਼ੌਜ ਦੇ ਮੁਖੀ ਮੁਤਾਬਕ, ਜੇ ਇਹ ਕੰਮ ਈਰਾਨੀ ਔਰਤਾਂ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਦੁੱਗਣਾ ਇਨਾਮ ਦਿੱਤਾ ਜਾਵੇਗਾ। ਹਾਲਾਂਕਿ, ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਅਮਰੀਕੀ ਸੈਨਿਕਾਂ ਖ਼ਿਲਾਫ਼ ਅਜਿਹੀ ਮੁਹਿੰਮ ਕਦੋਂ ਅਤੇ ਕਿੱਥੇ ਚਲਾਈ ਜਾਵੇਗੀ। ਇਸ ਐਲਾਨ ਨੂੰ ਟਰੰਪ ਦੀ ਉਸ ਚਿਤਾਵਨੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਜਿਸ ਵਿਚ ਉਨ੍ਹਾਂ ਨੇ ਅਮਰੀਕੀ ਸੈਨਿਕਾਂ ਨੂੰ ਈਰਾਨ ਦੀ ਜ਼ਮੀਨ ‘ਤੇ ਉਤਾਰਨ ਦੀ ਸੰਭਾਵਨਾ ਪ੍ਰਗਟਾਈ ਸੀ।

### ਵਿਦੇਸ਼ੀ ਦਖ਼ਲ ‘ਤੇ ਈਰਾਨ ਵਿਚ ਸਖ਼ਤੀ

ਈਰਾਨੀ ਸੰਸਦ ਨੇ ਇਕ ਅਜਿਹੇ ਬਿੱਲ ਦੇ ਆਮ ਸਿਧਾਂਤਾਂ ਨੂੰ ਮਨਜ਼ੂਰੀ ਦਿੱਤੀ, ਜਿਸ ‘ਚ ਇਜ਼ਰਾਇਲੀ ਮੀਡੀਆ ਨਾਲ ਇੰਟਰਵਿਊ ਅਤੇ ਗੱਲਬਾਤ ਨੂੰ ਅਪਰਾਧ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਕਾਨੂੰਨ ਬਣਨ ਤੋਂ ਬਾਅਦ, ਅਜਿਹੇ ਮੀਡੀਆ ਨਾਲ ਗੱਲਬਾਤ ਕਰਨ ‘ਤੇ ਛੇ ਮਹੀਨੇ ਤੋਂ ਦੋ ਸਾਲ ਤੱਕ ਦੀ ਕੈਦ ਹੋ ਸਕਦੀ ਹੈ।

### ਕਤਰ-ਕੁਵੈਤ ਤੋਂ ਮਦਦ ਮੰਗੀ

ਈਰਾਨ ਨੇ ਕਤਰ ਅਤੇ ਕੁਵੈਤ ਤੋਂ ਆਪਣੇ ਲਾਪਤਾ ਸੈਨਿਕਾਂ ਦੀ ਤਲਾਸ਼ ਲਈ ਜਾਂਚ ਦਲ ਭੇਜਣ ਦੀ ਆਗਿਆ ਮੰਗੀ ਹੈ। ਇਨ੍ਹਾਂ ਵਿਚ ਤਿੰਨ ਲੜਾਕੂ ਜਹਾਜ਼ਾਂ ਦੇ ਪਾਇਲਟ ਅਤੇ ਈਰਾਨੀ ਇਨਕਲਾਬੀ ਗਾਰਡਜ਼ ਦੇ ਚਾਰ ਮੈਂਬਰ ਸ਼ਾਮਲ ਹਨ।

### ਫਰਾਂਸ ਨੂੰ ਚਿਤਾਵਨੀ

ਆਈਏਐੱਨਐੱਸ ਅਨੁਸਾਰ, ਈਰਾਨ ਦੇ ਖ਼ੁਫ਼ੀਆ ਮੰਤਰੀ ਨੇ ਫਰਾਂਸ ਨੂੰ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਕਥਿਤ ਦਖ਼ਲਅੰਦਾਜ਼ੀ ਤੋਂ ਦੂਰ ਰਹਿਣ ਦੀ ਚਿਤਾਵਨੀ ਦਿੱਤੀ ਹੈ। ਮੰਤਰੀ ਦਾ ਦੋਸ਼ ਹੈ ਕਿ ਫਰਾਂਸੀਸੀ ਡਿਪਲੋਮੈਟ ਜੁਲਾਈ ਵਿਚ ਤਹਿਰਾਨ ਵਿਚ ਵਿਦੇਸ਼ੀ ਦਖ਼ਲ ਨਾਲ ਜੁੜੇ ਮਾਮਲਿਆਂ ਦੇ ਸ਼ੱਕੀ ਲੋਕਾਂ ਨਾਲ ਗੁਪਤ ਮੀਟਿੰਗ ਵਿਚ ਮਿਲੇ ਸਨ। ਜੇ ਅਜਿਹੀਆਂ ਗਤੀਵਿਧੀਆਂ ਦੁਬਾਰਾ ਹੋਈਆਂ, ਤਾਂ ਲੁੜੀਂਦੀ ਕਾਰਵਾਈ ਕੀਤੀ ਜਾਵੇਗੀ।

### ਬੇੜਾ ਅਮਰੀਕਾ ਜਾਵੇਗਾ

ਏਐੱਨਆਈ ਅਨੁਸਾਰ, ਅਮਰੀਕੀ ਸੈਂਟਰਲ ਕਮਾਂਡ ਦੇ ਕਮਾਂਡਰ ਐਡਮਿਰਲ ਬ੍ਰੈਡ ਕੂਪਰ ਨੇ ਪੱਛਮੀ ਏਸ਼ੀਆ ਦਾ 10 ਦਿਨਾਂ ਦਾ ਦੌਰਾ ਪੂਰਾ ਕੀਤਾ। ਉਨ੍ਹਾਂ ਨੇ 250 ਦਿਨਾਂ ਤੋਂ ਸਮੁੰਦਰ ਵਿਚ ਤਾਇਨਾਤ ਜਹਾਜ਼ ਇਬਰਾਹਮ ਲਿੰਕਨ ਦੇ ਸਮੁੰਦਰੀ ਸੈਨਿਕਾਂ ਦੀ ਵੀ ਸ਼ਲਾਘਾ ਕੀਤੀ। ਲੰਬੇ ਸਮੇਂ ਤੋਂ ਸਮੁੰਦਰ ਵਿਚ ਤਾਇਨਾਤੀ ਕਾਰਨ ਚਾਲਕ ਦਲ ਵਿਚ ਮਾਨਸਿਕ ਤਣਾਅ ਅਤੇ ਉਤਸ਼ਾਹ ਵਿਚ ਕਮੀ ਦੀਆਂ ਖ਼ਬਰਾਂ ਦੌਰਾਨ ਜੰਗੀ ਬੇੜੇ ਨੂੰ ਜਲਦੀ ਅਮਰੀਕਾ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ।

# ਐੱਨ.ਟੀ.ਏ. ਮੁੜ ਸਵਾਲਾਂ ਦੇ ਘੇਰੇ ’ਚ

## ਹੁਣ ਯੂਜੀਸੀ-ਨੈੱਟ ‘ਚ ਵੀ ਗੜਬੜ

**ਨਵੀਂ ਦਿੱਲੀ:**ਨੀਟ ਪੇਪਰ ਲੀਕ ਤੋਂ ਬਾਅਦ ਹੁਣ ਯੂ.ਜੀ.ਸੀ. ਨੈੱਟ ਪੇਪਰ ਵਿਚ ਵੀ ਗੜਬੜ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਕਰ

> **ਐੱਨਟੀਏ ਨੇ ਇਸ ਫ਼ੈਸਲੇ ਦੀ ਜਾਣਕਾਰੀ ਉਸ ਵੇਲੇ ਦਿੱਤੀ, ਜਦੋਂ ਯੂਜੀਸੀ ਨੈੱਟ ਦੀ 87 ਵਿਸ਼ਿਆਂ ਦੀ ਪ੍ਰੀਖਿਆ ਵਿਚ 84 ਵਿਸ਼ਿਆਂ ਦੀ ਉੱਤਰ ਕੁੰਜੀ ਜਾਰੀ ਕੀਤੀ ਗਈ ਸੀ।**

ਕੇ ਨੈਸ਼ਨਲ ਟੈਸਟਿੰਗ ਏਜੰਸੀ (ਐੱਨਟੀਏ) ਨੇ ਐਤਵਾਰ ਸ਼ਾਮ ਨੂੰ ਅੰਗਰੇਜ਼ੀ, ਕਾਮਰਸ ਤੇ ਸਮਾਜ ਸ਼ਾਸਤਰ ਵਰਗੇ ਤਿੰਨ ਵਿਸ਼ਿਆਂ ਦੀ ਪ੍ਰੀਖਿਆ ਰੱਦ ਕਰ ਦਿੱਤੀ ਹੈ। ਐੱਨਟੀਏ ਨੇ ਇਨ੍ਹਾਂ ਤਿੰਨੇਂ ਵਿਸ਼ਿਆਂ ਦੀ ਪ੍ਰੀਖਿਆ 9 ਅਤੇ 10 ਸਤੰਬਰ ਨੂੰ ਦੁਬਾਰਾ ਕਰਵਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਸ਼ਿਆਂ ਦੇ ਉਮੀਦਵਾਰਾਂ ਤੋਂ ਕੋਈ ਵਾਧੂ ਪ੍ਰੀਖਿਆ ਖ਼ਰਚਾ ਨਹੀਂ ਲਿਆ ਜਾਵੇਗਾ।

ਐੱਨਟੀਏ ਨੇ ਪ੍ਰੀਖਿਆ ਰੱਦ ਕਰਨ ਦੇ ਜੋ ਆਧਾਰ ਦਿੱਤੇ ਹਨ, ਉਹ ਹੈਰਾਨ ਕਰਨ ਵਾਲੇ ਹਨ। ਇਸ ਵਿਚ ਦੱਸਿਆ ਗਿਆ ਹੈ ਕਿ ਪ੍ਰਸ਼ਨ-ਪੱਤਰਾਂ ਵਿਚ ਤੱਥ ਅਧਾਰਤ, ਟਾਈਪਿੰਗ ਅਤੇ ਅਨੁਵਾਦ ਦੀਆਂ ਗ਼ਲਤੀਆਂ, ਮਸ਼ਹੂਰ ਵਿਦਵਾਨਾਂ ਦੇ ਨਾਂ ਦੇ ਗ਼ਲਤ ਅੱਖਰ ਜੋੜ, ਕਿਤਾਬਾਂ ਦੇ ਗ਼ਲਤ ਸਿਰਲੇਖ, ਸਵਾਲਾਂ ਦੀ ਭਾਸ਼ਾ, ਵਿਆਕਰਣ, ਲਿੰਗ ਅਤੇ ਵਚਨ ਵਰਗੀਆਂ ਗ਼ਲਤੀਆਂ ਫੜੀਆਂ ਹਨ, ਇਸ ਲਈ ਇਹ ਫ਼ੈਸਲਾ ਲਿਆ ਗਿਆ। ਇਸ ਸੰਦਰਭ ਵਿਚ ਐੱਨਟੀਏ ਦੀ ਸਮਰੱਥਾ ਅਤੇ ਉਸ ਦੇ ਕੰਮ-ਕਾਜ ‘ਤੇ ਫਿਰ ਗੰਭੀਰ ਸਵਾਲ ਉੱਠ ਗਏ ਹਨ।

ਐੱਨਟੀਏ ਨੇ ਇਸ ਫ਼ੈਸਲੇ ਦੀ ਜਾਣਕਾਰੀ ਉਸ ਵੇਲੇ ਦਿੱਤੀ, ਜਦੋਂ ਯੂਜੀਸੀ ਨੈੱਟ ਦੀ 87 ਵਿਸ਼ਿਆਂ ਦੀ ਪ੍ਰੀਖਿਆ ਵਿਚ 84 ਵਿਸ਼ਿਆਂ ਦੀ ਉੱਤਰ ਕੁੰਜੀ ਜਾਰੀ ਕੀਤੀ ਗਈ ਸੀ। ਵਿਦਿਆਰਥੀਆਂ ਨੂੰ 18 ਅਗਸਤ ਨੂੰ ਰਾਤ 11:59 ਵਜੇ ਤੱਕ ਇਤਰਾਜ਼ ਦਰਜ ਕਰਨ ਦਾ ਵਕਤ ਦਿੱਤਾ ਗਿਆ। ਐੱਨਟੀਏ ਨੇ ਯੂਜੀਸੀ ਨੈੱਟ ਦੀ ਇਹ ਉੱਤਰ ਕੁੰਜੀ ਵਿਦਿਆਰਥੀਆਂ ਦੇ ਅੰਦੋਲਨ ਦੀ ਧਮਕੀ ਤੋਂ ਬਾਅਦ ਜਾਰੀ ਕੀਤੀ ਸੀ। ਵਿਦਿਆਰਥੀਆਂ ਨੇ ਲਗਾਤਾਰ ਹੋ ਰਹੀ ਦੇਰੀ ‘ਤੇ ਨਾਰਾਜ਼ਗੀ ਜਤਾਈ ਸੀ ਅਤੇ 11 ਅਗਸਤ ਨੂੰ ਐੱਨਟੀਏ ਦੇ ਘਿਰਾਓ ਦੀ ਧਮਕੀ ਦਿੱਤੀ ਸੀ। ਐੱਨਟੀਏ ਦਾ ਦਾਅਵਾ ਹੈ ਕਿ ਇਨ੍ਹਾਂ ਤਿੰਨੇਂ ਵਿਸ਼ਿਆਂ ਦੇ ਪ੍ਰਸ਼ਨ ਪੱਤਰਾਂ ਵਿਚ ਗੜਬੜ ਦੀ ਸ਼ਿਕਾਇਤ ਮਿਲੀ ਸੀ, ਜਿਸ ਦੀ ਜਾਂਚ ਤੋਂ ਬਾਅਦ ਇਹ ਮਾਮਲਾ ਸਾਹਮਣੇ ਆਇਆ। ਏਜੰਸੀ ਮੁਤਾਬਕ ਜਿਨ੍ਹਾਂ ਤਿੰਨ ਵਿਸ਼ਿਆਂ ਦੇ ਪ੍ਰਸ਼ਨ ਪੱਤਰ ਰੱਦ ਕੀਤੇ ਗਏ ਹਨ, ਉਨ੍ਹਾਂ ਵਿਚ ਵੱਡੀ ਗਿਣਤੀ ਵਿਚ ਪ੍ਰਸ਼ਨ ਅਜਿਹੇ ਪਾਏ ਗਏ ਹਨ, ਜੋ ਪਹਿਲਾਂ ਪੁੱਛੇ ਗਏ ਸਨ। ਇਹ ਪ੍ਰੀਖਿਆ ਵਿਚ ਪੇਪਰ ਲੀਕ ਵਰਗੀਆਂ ਗੜਬੜਾਂ ਵੱਲ ਇਸ਼ਾਰਾ ਕਰ ਰਿਹਾ ਹੈ।



# ਟਰੰਪ ਦੇ ਦੂਤਾਂ ਵਲੋਂ ਵਿਚੋਲਿਆਂ ਨਾਲ ਮੀਟਿੰਗ

**ਕਾਹਿਰਾ:** ਗਾਜ਼ਾ ਸ਼ਾਂਤੀ ਯੋਜਨਾ ਦੇ ਸਬੰਧ ਵਿਚ ਅੱਗੇ ਦੀ ਵਾਰਤਾ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਤਾਂ ਨੇ ਮਿਸਰ, ਕਤਰ ਅਤੇ ਤੁਰਕੀ ਦੇ ਵਿਚੋਲਿਆਂ ਨਾਲ ਮੁਲਾਕਾਤ ਕੀਤੀ।




ਇਸ ਮੀਟਿੰਗ ਦੌਰਾਨ ਹਮਾਸ ਦੇ ਪ੍ਰਤੀਨਿਧੀ ਵੀ ਮੌਜੂਦ ਸਨ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੁਆਰਾ ਇਸ ਸ਼ਾਂਤੀ ਯੋਜਨਾ ਨੂੰ ਖ਼ਾਰਜ ਕਰਨ ਤੋਂ ਬਾਅਦ ਇਹ ਮੁਲਾਕਾਤ ਬਹੁਤ ਮਹੱਤਵਪੂਰਨ ਮੰਨੀ ਜਾ ਰਹੀ ਹੈ। ਦੂਜੇ ਪਾਸੇ, ਗਾਜ਼ਾ ਵਿਚ ਇਜ਼ਰਾਈਲ ਦੀ ਹਵਾਈ ਫ਼ੌਜੀ ਕਾਰਵਾਈ ਜਾਰੀ ਹੈ।

ਅਮਰੀਕਾ ਵੱਲੋਂ ਟਰੰਪ ਦੇ ਦਾਮਾਦ ਜੇਰੇਡ ਕੁਸ਼ਨਰ, ਸਟੀਵ ਵਿਟਕਾਫ ਅਤੇ ਨਿਕੋਲਾਈ ਮਲਾਡੇਨੋਵ ਨੇ ਇਸ ਮੀਟਿੰਗ ਵਿਚ ਹਿੱਸਾ ਲਿਆ। ਮੀਟਿੰਗ ਵਿਚ ਹਮਾਸ ਦੇ ਆਗੂ ਖ਼ਲੀਲ ਅਲ-ਹੈਯਿਆ ਅਤੇ ਮਿਸਰ ਦੇ ਖ਼ੁਫ਼ੀਆ ਮੁਖੀ ਹਸਨ ਰਾਸ਼ਦ ਵੀ ਮੌਜੂਦ ਸਨ।

ਇਕ ਸੀਨੀਅਰ ਇਜ਼ਰਾਈਲੀ ਅਧਿਕਾਰੀ ਨੇ ਦੱਸਿਆ ਕਿ ਸੋਮਵਾਰ ਨੂੰ ਕੁਸ਼ਨਰ ਅਤੇ ਮਲਾਡੇਨੋਵ ਪ੍ਰਧਾਨ ਮੰਤਰੀ ਨੇਤਨਯਾਹੂ ਨਾਲ ਮੁਲਾਕਾਤ ਕਰਨਗੇ। ਯਾਦ ਰਹੇ ਕਿ ਅਸਵੀਕਾਰ ਕਰ ਦਿੱਤਾ ਸੀ। ਤੁਰਕੀ, ਪਾਕਿਸਤਾਨ, ਇੰਡੋਨੇਸ਼ੀਆ ਸਮੇਤ 'ਪੰਜ ਅਰਬ ਦੇਸ਼ਾਂ ਨੇ ਨੇਤਨਯਾਹੂ ਦੀ ਨਿੰਦਦ ਕੀਤੀ ਹੈ। ਸੂਤਰਾਂ ਅਨੁਸਾਰ, ਇਜ਼ਰਾਈਲ ਨੂੰ ਅਮਰੀਕਾ ਦੀ ਉਸ ਮੰਗ ਨਾਲ ਅਸਹਿਮਤੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਇਜ਼ਰਾਈਲ ਹਮਾਸ ਦੇ ਅੱਤਵਾਦੀਆਂ ਨੂੰ ਨਿਸ਼ਾਨਾ ਬਣਾਉਣਾ ਬੰਦ ਕਰ ਦੇਵੇ।

# ਕੇਂਦਰੀ ਮੰਤਰੀ ਹੀ ਕਰ ਸਕਦੇ ਹਨ ਸਾਡੀਆਂ ਮੰਗਾਂ ਦਾ ਹੱਲ: ਕਿਸਾਨ ਆਗੂ

**ਚੰਡੀਗੜ੍ਹ:** ਪ੍ਰਸ਼ਾਸਨ ਨਾਲ ਮੀਟਿੰਗ ਕਰ ਕੇ ਪਰਤੇ ਕਿਸਾਨ ਆਗੂਆਂ ਦੀ ਡੱਲੇਵਾਲ ਅਤੇ ਹੋਰ ਕਾਰਕੁਨਾਂ ਨਾਲ ਖਨੌਰੀ ਬਾਰਡਰ 'ਤੇ ਮੀਟਿੰਗ ਹੋਈ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਡੱਲੇਵਾਲ ਨੇ ਕਿਹਾ ਕਿ ਹਰਿਆਣਾ ਪ੍ਰਸ਼ਾਸਨ ਨਾਲ ਤਿੰਨ ਦੌਰ ਦੀ ਮੀਟਿੰਗ ਹੋਈ। ਪ੍ਰਸ਼ਾਸਨ ਨੇ ਜਥੇ ਵਿਚ ਮੈਂਬਰਾਂ ਦੀ ਗਿਣਤੀ ਘਟਾਉਣ ਲਈ ਕਿਹਾ, ਜਿਸ 'ਤੇ ਕਿਸਾਨ ਆਗੂਆਂ ਨੇ 51 ਤੋਂ ਘਟਾ ਕੇ 41 ਮੈਂਬਰ ਕਰਨ ਦੀ ਸਹਿਮਤੀ ਦਿੱਤੀ। ਪ੍ਰਸ਼ਾਸਨ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਲ ਮੀਟਿੰਗ ਤੈਅ ਕਰਵਾਉਣ ਦਾ ਭਰੋਸਾ ਦਿੱਤਾ, ਪਰ ਅਸੀਂ ਸਪੱਸ਼ਟ ਕੀਤਾ ਕਿ ਸਾਡੀਆਂ ਮੰਗਾਂ ਦਾ ਹੱਲ ਕੇਂਦਰੀ ਖੇਤੀਬਾੜੀ ਮੰਤਰੀ ਹੀ ਕਰ ਸਕਦੇ ਹਨ, ਇਸ ਲਈ ਉਨ੍ਹਾਂ ਨਾਲ ਮੀਟਿੰਗ ਕਰਵਾਈ ਜਾਵੇ। ਨਾਲ ਹੀ ਐਲਾਨ ਕੀਤਾ ਕਿ ਇਹ ਜਥਾ ਫ਼ਿਲਹਾਲ ਇੱਥੇ ਹੀ ਮੇਨ ਰੋਡ 'ਤੇ ਸੜਕ ਕਿਨਾਰੇ ਧਰਨੇ 'ਤੇ ਡਟਿਆ ਰਹੇਗਾ। 29 ਅਗਸਤ ਤੱਕ ਦਾ ਰਾਸ਼ਨ, ਕੱਪੜੇ ਅਤੇ ਹੋਰ ਲੁੜੀਂਦਾ ਸਾਮਾਨ ਉਨ੍ਹਾਂ ਕੋਲ ਮੌਜੂਦ ਹੈ।




# ਪੁਲਿਸ ਚੌਕੀ ਉਡਾਉਣ ਦੀ ਸਾਜ਼ਿਸ਼ ਨਾਕਾਮ

**ਅੰਮ੍ਰਿਤਸਰ:** ਥਾਣਾ ਰਮਦਾਸ ਅਧੀਨ ਗੱਗੋ ਮਾਹਲ ਪੁਲਿਸ ਚੌਕੀ ਆਜ਼ਾਦੀ ਦਿਵਸ ਮੌਕੇ ਅੱਤਵਾਦੀਆਂ ਦੇ ਨਿਸ਼ਾਨੇ 'ਤੇ ਸੀ ਪਰ ਪੁਲਿਸ ਨੇ ਚੌਕੀ ਦੇ ਬਾਹਰੋਂ ਆਈਈਡੀ ਬਰਾਮਦ ਕਰ ਕੇ ਅੱਤਵਾਦੀਆਂ ਦੀ ਵੱਡੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਪਤਾ ਲੱਗਾ ਹੈ ਕਿ ਦੋ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਆਏ ਚਾਰ ਮੁਲਜ਼ਮ ਵਾਰਦਾਤ ਨੂੰ ਅੰਜਾਮ ਦੇਣ ਪਹੁੰਚੇ ਸਨ। ਫ਼ਿਲਹਾਲ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਰਹੀ ਹੈ। ਐੱਸਐੱਸਪੀ ਕੰਵਲਪ੍ਰੀਤ ਸਿੰਘ ਚਾਹਲ ਨੇ ਦਾਅਵਾ ਕੀਤਾ ਕਿ ਜਲਦ ਹੀ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਧਮਾਕਾਖ਼ੇਜ਼ ਸਮੱਗਰੀ ਬੰਬ ਨਿਰੋਧਕ ਦਸਤੇ ਨੇ ਨਕਾਰਾ ਕਰ ਦਿੱਤੀ ਹੈ। ਐੱਸਐੱਸਪੀ ਕੰਵਲਪ੍ਰੀਤ ਸਿੰਘ ਚਾਹਲ ਨੇ ਦੱਸਿਆ ਕਿ ਆਜ਼ਾਦੀ ਦਿਵਸ ਦੇ ਮੱਦੇਨਜ਼ਰ ਸ਼ਨਿਚਰਵਾਰ ਰਾਤ ਏਐੱਸਆਈ ਕੁਲਬੀਰ ਸਿੰਘ ਗਸ਼ਤ ਕਰ ਰਹੇ ਸਨ ਤਾਂ ਉਨ੍ਹਾਂ ਨੇ ਗੱਗੋਮਾਹਲ ਪੁਲਿਸ ਚੌਕੀ ਦੇ ਬਾਹਰ ਪਲਾਸਟਿਕ ਦੇ ਲਿਫ਼ਾਫ਼ੇ 'ਚ ਕੁਝ ਲਪੇਟਿਆ ਹੋਇਆ ਦੇਖਿਆ। ਜਾਂਚ ਕੀਤੀ ਤਾਂ ਉਸ 'ਚ 690 ਗ੍ਰਾਮ ਦੀ ਆਈਈਡੀ ਸੀ।



ਕੁਝ ਹੀ ਦੇਰ 'ਚ ਐੱਸਐੱਸਪੀ ਕੰਵਲਪ੍ਰੀਤ ਸਿੰਘ ਪੁਲਿਸ ਬਲ ਤੇ ਬੰਬ ਨਿਰੋਧਕ ਦਸਤੇ ਨਾਲ ਮੌਕੇ 'ਤੇ ਪਹੁੰਚ ਗਏ। ਆਈਈਡੀ ਨਕਾਰਾ ਕਰ ਕੇ ਇਲੈਕਟ੍ਰਾਨਿਕ ਡੈਟੋਨੇਟਰ, ਬੈਟਰੀ, ਟਾਈਮਰ ਤੇ ਲੋਹੇ ਦਾ ਡੱਬਾ ਬਰਾਮਦ ਕੀਤਾ ਗਿਆ। ਇਸੇ ਦੌਰਾਨ ਪੁਲਿਸ ਦੀ ਇੱਕ ਹੋਰ ਟੀਮ ਨੇ ਚੌਕੀ ਦੇ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਘਾਲੀ। ਪੁਲਿਸ ਨੂੰ ਆਈਈਡੀ ਲਗਾਉਣ ਵਾਲਿਆਂ ਦੇ ਸੁਰਾਗ ਮਿਲੇ ਹਨ। ਉਨ੍ਹਾਂ ਦੇ ਭੱਜਣ ਦੇ ਰੂਟ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਮੇਰਾ ਪਿੰਡ 360 ਫਾਊਂਡੇਸ਼ਨ

## 'ਪੰਜਾਬ ਦੀ ਰੂਹ' ਸੇਵਾ ਗ੍ਰਾਂਟ:

### *ਪੇਂਡੂ ਨੌਜਵਾਨਾਂ ਨੂੰ ਸੇਵਾ ਰਾਹੀਂ ਸਮਾਜਿਕ ਬਦਲਾਅ ਨਾਲ ਜੋੜਨ ਦੀ ਵਿਲੱਖਣ ਪਹਿਲ*

## ਮੇਰਾ ਪਿੰਡ 360 ਫਾਊਂਡੇਸ਼ਨ ਵੱਲੋਂ ਪੇਂਡੂ ਪੰਜਾਬ ਦੇ ਨੌਜਵਾਨਾਂ ਲਈ ਵਿਲੱਖਣ ਸੇਵਾ ਪ੍ਰੋਜੈਕਟ ਦੀ ਸ਼ੁਰੂਆਤ

ਪੰਜਾਬ: 'ਮੇਰਾ ਪਿੰਡ 360' ਫਾਊਂਡੇਸ਼ਨ ਵੱਲੋਂ ਪੇਂਡੂ ਪੰਜਾਬ ਦੇ ਨੌਜਵਾਨਾਂ ਨੂੰ ਸਮਾਜ ਸੇਵਾ ਨਾਲ ਜੋੜਨ ਅਤੇ ਪੰਜਾਬ ਦੀ ਸੇਵਾ ਦੀ ਮਹਾਨ ਪਰੰਪਰਾ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਇੱਕ ਵਿਲੱਖਣ ਪਹਿਲ 'ਪੰਜਾਬ ਦੀ ਰੂਹ' ਸੇਵਾ ਗਰਾਂਟ ਸ਼ੁਰੂ ਕੀਤੀ ਜਾ ਰਹੀ ਹੈ। ਪੰਜਾਬ ਦੀ ਧਰਤੀ ਹਮੇਸ਼ਾ ਹੀ ਨਿਸ਼ਕਾਮ ਸੇਵਾ, ਮਨੁੱਖਤਾ ਅਤੇ ਦੁਜਿਆਂ ਦੀ ਭਲਾਈ ਲਈ ਕੰਮ ਕਰਨ ਵਾਲੀਆਂ ਮਹਾਨ ਖ਼ਾਸੀਅਤਾਂ ਦੀ ਧਰਤੀ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਬੰਦਾ ਸਿੰਘ ਬਹਾਦਰ ਜੀ, ਭਾਈ ਘਨੱਈਆ ਜੀ ਅਤੇ ਜਸਵੰਤ ਸਿੰਘ ਖਾਲੜਾ ਵਰਗੀਆਂ ਮਹਾਨ ਸ਼ਖ਼ਸੀਅਤਾਂ ਦੀ ਜੀਵਨ ਯਾਤਰਾ ਸਾਨੂੰ ਦੁਜਿਆਂ ਦੀ ਸੇਵਾ ਅਤੇ ਮਨੁੱਖਤਾ ਲਈ ਸਮਰਪਿਤ ਰਹਿਣ ਦੀ ਪ੍ਰੇਰਣਾ ਦਿੰਦੀ ਹੈ। ਇਸੇ ਸੇਵਾ ਭਾਵਨਾ ਨੂੰ ਅੱਗੇ ਵਧਾਉਣ ਲਈ ਇਹ ਪਹਿਲ ਕੀਤੀ ਗਈ ਹੈ।

'ਪੰਜਾਬ ਦੀ ਰੂਹ' ਸੇਵਾ ਗ੍ਰਾਂਟ ਦੇ ਤਹਿਤ ਪੇਂਡੂ ਪੰਜਾਬ ਦੇ 15 ਤੋਂ 30 ਸਾਲ ਦੀ ਉਮਰ ਦੇ ਨੌਜਵਾਨ, ਭਾਵੇਂ ਉਹ ਪੜ੍ਹੇ ਲਿਖੇ ਹੋਣ ਜਾਂ ਨਾ, ਆਪਣੇ ਪਿੰਡ ਜਾਂ ਆਸ-ਪਾਸ ਦੇ ਇਲਾਕੇ ਵਿਚ ਕੋਈ ਵੀ ਗੈਰ-ਸੰਸਥਾਗਤ (NON STRUCTURAL) ਸੇਵਾ ਪ੍ਰੋਜੈਕਟ ਚੁਣ ਕੇ ਉਸਨੂੰ ਅਮਲੀ ਰੂਪ ਦੇ ਸਕਣਗੇ। ਨੌਜਵਾਨਾਂ ਨੂੰ ਸੁਝਾਏ ਗਏ ਸੇਵਾ ਪ੍ਰੋਜੈਕਟਾਂ ਵਿਚੋਂ ਕਿਸੇ ਇੱਕ ਦੀ ਚੋਣ ਕਰਨ ਜਾਂ ਆਪਣਾ ਨਵਾਂ ਅਤੇ ਪ੍ਰਭਾਵਸ਼ਾਲੀ ਸੇਵਾ ਪ੍ਰੋਜੈਕਟ ਪੇਸ਼ ਕਰਨ ਦਾ ਮੌਕਾ ਮਿਲੇਗਾ। ਪ੍ਰੋਜੈਕਟ ਦੀ ਚੋਣ ਉਸਦੀ ਲੋੜ, ਸਮਾਜਿਕ ਪ੍ਰਭਾਵ, ਯੋਜਨਾ, ਡਿਜ਼ਾਇਨ ਅਤੇ ਚਾਰ ਮਹੀਨਿਆਂ ਵਿਚ ਉਸਨੂੰ ਪੂਰਾ ਕਰਨ ਲਈ ਤਿਆਰ ਕੀਤੇ ਰੋਡਮੈਪ ਦੇ ਆਧਾਰ ਉੱਤੇ ਕੀਤੀ ਜਾਵੇਗੀ। ਇਸ ਪਾਇਲਟ ਪ੍ਰੋਜੈਕਟ ਤਹਿਤ ਸਕ੍ਰੀਨਿੰਗ ਤੋਂ ਬਾਅਦ 100 ਨੌਜਵਾਨਾਂ ਦੀ ਚੋਣ ਕੀਤੀ ਜਾਵੇਗੀ। ਹਰ ਚੁਣੇ ਗਏ ਨੌਜਵਾਨਾਂ ਨੂੰ ਸੌਂਪੇ ਗਏ ਸੇਵਾ ਪ੍ਰੋਜੈਕਟ ਨੂੰ ਪੂਰਾ ਕਰਨ ਲਈ 10,000 ਰੁੱਪਏ ਤੱਕ ਦੀ ਗ੍ਰਾਂਟ ਦਿੱਤੀ ਜਾਵੇਗੀ। ਇਸ ਪਹਿਲ ਦਾ ਮਕਸਦ ਸਿਰਫ਼ ਆਰਥਿਕ ਸਹਾਇਤਾ ਦੇਣਾ ਨਹੀਂ, ਸਗੋਂ ਨੌਜਵਾਨਾਂ ਨੂੰ ਸੋਚਣ, ਯੋਜਨਾ ਬਣਾਉਣ, ਪ੍ਰੋਜੈਕਟ ਤਿਆਰ ਕਰਨ ਅਤੇ ਉਸਨੂੰ ਸਮੇਂ ਸਿਰ ਲਾਗੂ ਕਰਨ ਦਾ ਅਨੁਭਵ ਦੇਣਾ ਵੀ ਹੈ। ਇਸ ਰਾਹੀਂ ਨੌਜਵਾਨਾਂ ਵਿਚ ਲੀਡਰਸ਼ਿਪ, ਜ਼ਿੰਮੇਵਾਰੀ, ਯੋਜਨਾਬੰਦੀ, ਸਮੱਸਿਆ ਹੱਲ ਕਰਨ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਪ੍ਰੋਜੈਕਟ ਪੂਰਾ ਹੋਣ ਤੋਂ ਬਾਅਦ ਹਰ ਇੱਕ ਭਾਗ ਲੈਣ ਵਾਲੇ ਵੱਲੋਂ ਆਪਣੇ ਕੀਤੇ ਕੰਮ ਦੀ ਵਿਸਥਾਰਪੂਰਵਕ ਰਿਪੋਰਟ ਪੇਸ਼ ਕੀਤੀ ਜਾਵੇਗੀ, ਜਿਸ ਵਿਚ ਪ੍ਰੋਜੈਕਟ ਦੇ ਨਤੀਜਿਆਂ ਅਤੇ ਇਸ ਨਾਲ ਲਾਭ ਪ੍ਰਾਪਤ ਕਰਨ ਵਾਲੇ ਲੋਕਾਂ ਦੀ ਗਿਣਤੀ ਦਾ ਵੀ ਵੇਰਵਾ ਦਿੱਤਾ ਜਾਵੇਗਾ। ਪ੍ਰੋਜੈਕਟਾਂ ਦੇ ਪ੍ਰਭਾਵ ਅਤੇ ਨਤੀਜਿਆਂ ਨੂੰ ਧਿਆਨ ਵਿਚ ਰੱਖਦਿਆਂ ਸਰਵੋਤਮ ਤਿੰਨ ਸੇਵਾ ਪ੍ਰੋਜੈਕਟਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ। ਪਹਿਲੇ ਸਥਾਨ ਵਾਲੇ ਪ੍ਰੋਜੈਕਟ ਨੂੰ 50,000 ਦੂਜੇ ਸਥਾਨ ਨੂੰ 40,000 ਅਤੇ ਤੀਜੇ ਸਥਾਨ ਨੂੰ 30,000 ਰੁੱਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। 'ਮੇਰਾ ਪਿੰਡ 360' ਫਾਊਂਡੇਸ਼ਨ ਦਾ ਮੰਨਣਾ ਹੈ ਕਿ ਪੇਂਡੂ ਨੌਜਵਾਨ ਸਿਰਫ਼ ਆਪਣੇ ਪਿੰਡ ਦੇ ਭਵਿੱਖ ਦਾ ਹਿੱਸਾ ਨਹੀਂ, ਸਗੋਂ ਪਿੰਡਾਂ ਵਿਚ ਬਦਲਾਅ ਲਿਆਉਣ ਦੀ ਸਭ ਤੋਂ ਵੱਡੀ ਤਾਕਤ ਵੀ ਹਨ। ਜੇਕਰ ਉਨ੍ਹਾਂ ਨੂੰ ਸਹੀ ਮੌਕਾ, ਮਾਰਗਦਰਸ਼ਨ ਅਤੇ ਥੋੜ੍ਹੇ ਜਿਹੇ ਸਰੋਤ ਮਿਲਣ, ਤਾਂ ਉਹ ਆਪਣੇ ਪਿੰਡਾਂ ਦੀਆਂ ਕਈ ਸਮਾਜਿਕ ਸਮੱਸਿਆਵਾਂ ਦੇ ਹੱਲ ਲਈ ਪ੍ਰਭਾਵਸ਼ਾਲੀ ਕਦਮ ਚੁੱਕ ਸਕਦੇ ਹਨ।

'ਪੰਜਾਬ ਦੀ ਰੂਹ' ਸੇਵਾ ਗ੍ਰਾਂਟ: ਰਾਹੀਂ ਫਾਊਂਡੇਸ਼ਨ ਦਾ ਉਦੇਸ਼ ਪੰਜਾਬ ਦੀ ਪੁਰਾਤਨ ਸੇਵਾ ਭਾਵਨਾ ਨੂੰ ਨੌਜਵਾਨਾਂ ਦੀ ਨਵੀਂ ਸੋਚ ਅਤੇ ਊਰਜਾ ਨਾਲ ਜੋੜਨਾ ਹੈ, ਤਾਂ ਜੋ ਇੱਕ ਨੌਜਵਾਨ ਦੀ ਸੇਵਾ ਇੱਕ ਪਰਿਵਾਰ, ਇੱਕ ਪਿੰਡ ਅਤੇ ਅਖ਼ਿਰਕਾਰ ਪੂਰੇ ਸਮਾਜ ਦੀ ਜ਼ਿੰਦਗੀ ਵਿਚ ਸਕਾਰਾਤਮਕ ਬਦਲਾਅ ਲਿਆ ਸਕੇ। 'ਸੇਵਾ ਸਿਰਫ਼ ਦੁਜਿਆਂ ਲਈ ਕੁਝ ਕਰਨ ਦਾ ਨਾਮ ਨਹੀਂ, ਸਗੋਂ ਆਪਣੇ ਜੀਵਨ ਨੂੰ ਕਿਸੇ ਹੋਰ ਦੀ ਜ਼ਿੰਦਗੀ ਬਿਹਤਰ ਬਣਾਉਣ ਦਾ ਸਾਧਨ ਬਣਾਉਣ ਦਾ ਨਾਮ ਹੈ।'

### *ਮੇਰਾ ਪਿੰਡ 360 ਫਾਊਂਡੇਸ਼ਨ ਦੇ ਸਾਰੇ 8 ਕੇਂਦਰ*

ਪੇਂਡੂ ਪੰਜਾਬ ਵਿਚ ਪਿੰਡ ਵਾਸੀਆਂ ਨੂੰ 'ਮਨੁੱਖੀ ਵਿਕਾਸ' ਦੇ ਹਰ ਖੇਤਰ ਵਿਚ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਸਾਰੀਆਂ ਸੇਵਾਵਾਂ ਬਿਲਕੁਲ ਮੁਫ਼ਤ ਹਨ।

ਜ਼ਰੂਰਤਮੰਦਾਂ ਨੂੰ ਵਿੱਤੀ ਮਦਦ, ਉਨ੍ਹਾਂ ਦੇ ਬੱਚਿਆਂ ਦੀ ਉੱਚ ਸਿੱਖਿਆ ਲਈ ਸਹਾਇਤਾ। ਲਾਇਬ੍ਰੇਰੀ, ਇਤਿਹਾਸਕ ਦਿਵਸ ਮੁਕਾਬਲੇ, ਕੰਪਿਊਟਰ ਲੈਬ ਰਾਹੀਂ ਆਈ.ਟੀ. ਟ੍ਰੇਨਿੰਗ, ਹੁਨਰ ਵਿਕਾਸ ਟ੍ਰੇਨਿੰਗ, ਮਿੱਟੀ ਟੈਸਟਿੰਗ, ਕਿਸਾਨਾਂ ਲਈ ਖੇਤੀ ਸਬਸਿਡੀਆਂ ਅਤੇ ਹੋਰ ਸੇਵਾਵਾਂ।

ਐਨ.ਆਰ.ਆਈ. ਡਾਕਟਰ ਪਿੰਡ ਵਾਸੀਆਂ ਲਈ ਈ-ਕਲੀਨਿਕ ਚਲਾਉਂਦੇ ਹਨ, ਰਿਮੋਟ ਵੈਬਿਨਾਰ/ਸੈਮੀਨਾਰ ਅਤੇ ਸਾਰੀਆਂ ਸਰਕਾਰੀ ਸੇਵਾਵਾਂ ਪਿੰਡਾਂ ਵਿਚ ਹੀ ਦਿੱਤੀਆਂ ਜਾਂਦੀਆਂ ਹਨ।

ਇਹ ਕੇਂਦਰ ਐਨ.ਆਰ.ਆਈ ਭਰਾਵਾਂ ਵੱਲੋਂ ਆਪਣੇ ਬਜ਼ੁਰਗਾਂ ਦੇ ਖ਼ਾਲੀ ਪਏ ਘਰਾਂ ਵਿਚ ਖੋਲ੍ਹੇ ਗਏ ਹਨ। ਸ਼ਿਕਾਗੋ ਦੇ ਭੁਪਿੰਦਰ ਸਿੰਘ ਹੁੰਦਲ (+1630-802-2179) ਇਸ ਕਾਰਜ ਦੀ ਅਗਵਾਈ ਕਰ ਰਹੇ ਹਨ।

# ਗਵਰਨਰ ਦੀ ਰਿਹਾਇਸ਼ ਵੱਲ ਕੂਚ ਕਰ ਰਹੇ ਮੁਜ਼ਾਹਰਾਕਾਰੀਆਂ ਤੇ ਪੁਲਿਸ ਵਿਚਾਲੇ ਟਕਰਾਅ

**ਮੋਹਾਲੀ:** ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੀਆਂ ਘਟਨਾਵਾਂ ਤੇ ਬਹਿਬਲ ਕਲਾਂ ਕੋਲੀਕਾਂਡ ਆਦਿ ਮੁੱਦਿਆਂ 'ਤੇ ਆਜ਼ਾਦੀ ਦਿਹਾੜੇ ਮੌਕੇ ਸ਼ਨਿਚਰਵਾਰ ਨੂੰ ਕੌਮੀ ਇਨਸਾਫ਼ ਮੋਰਚਾ ਦੇ ਸੱਦੇ 'ਤੇ ਗਵਰਨਰ ਹਾਊਸ ਵੱਲ ਕੂਚ ਦੌਰਾਨ ਮੁਹਾਲੀ-ਚੰਡੀਗੜ੍ਹ ਹੱਦ 'ਤੇ ਪੁਲਿਸ ਤੇ ਮੁਜ਼ਾਹਰਾਕਾਰੀਆਂ ਵਿਚਾਲੇ ਟਕਰਾਅ ਹੋ ਗਿਆ।

ਮੁਜ਼ਾਹਰਾਕਾਰੀਆਂ ਨੂੰ ਰੋਕਣ ਲਈ ਪੁਲਿਸ ਨੇ ਵਾਟਰ ਕੈਨਨ ਤੇ ਅੱਥਰੂ ਗੈਸ ਦੀ ਵਰਤੋਂ ਕੀਤੀ। ਮੋਰਚੇ ਦੇ ਆਗੂਆਂ ਦਾ ਦਾਅਵਾ ਹੈ ਕਿ ਪੁਲਿਸ ਨੇ ਡ੍ਰੋਨ ਰਾਹੀਂ ਅੱਥਰੂ ਗੈਸ ਦੇ ਗੋਲੇ ਮੁਜ਼ਾਹਰਕਾਰੀਆਂ 'ਚ ਸੁੱਟੇ, ਜਿਸ ਨਾਲ ਕਈ ਮੁਜ਼ਾਹਰਾਕਾਰੀ ਜ਼ਖ਼ਮੀ ਹੋਏ। ਲੰਬੇ ਸਮੇਂ ਤੋਂ ਮੋਹਾਲੀ- ਚੰਡੀਗੜ੍ਹ ਦੀ ਹੱਦ 'ਤੇ ਪੱਕਾ ਮੋਰਚਾ ਲਗਾ ਕੇ ਬੈਠੇ ਕੌਮ ਇਨਸਾਫ਼ ਮੋਰਚੇ ਤੇ ਹੋਰ ਜਥੇਬੰਦੀਆਂ ਨੇ ਆਜ਼ਾਦੀ ਦਿਹਾੜੇ 'ਤੇ ਗਵਰਨਰ ਹਾਊਸ ਵੱਲ ਕੂਚ ਦਾ ਐਲਾਨ ਕੀਤਾ ਸੀ। ਇਸੇ ਤਹਿਤ ਸ਼ਨਿਚਰਵਾਰ ਨੂੰ ਵੱਡੀ ਗਿਣਤੀ 'ਚ ਮੁਜ਼ਾਹਾਕਾਰੀ ਮੋਹਾਲੀ ਦੇ ਵਾਈਪੀਐੱਸ ਚੌਕ ਦੇ ਆਲੇ-ਦੁਆਲੇ ਇਕੱਠੇ ਹੋਏ ਸਨ। ਪੁਲਿਸ ਨੇ ਪਹਿਲਾਂ ਹੀ ਮੋਹਾਲੀ-ਚੰਡੀਗੜ੍ਹ ਹੱਦ 'ਤੇ ਬੈਰੀਕੇਡਿੰਗ ਕੀਤੀ ਹੋਈ ਸੀ।ਕੁਝ ਦੇਰ ਤੱਕ ਸਥਿਤੀ ਸ਼ਾਂਤ ਰਹੀ ਪਰ ਜਦੋਂ ਮੁਜ਼ਾਹਾਕਾਰੀਆਂ ਨੇ ਟ੍ਰੈਕਟਰ ਦੀ ਮਦਦ ਨਾਲ ਬੈਰੀਕੇਡ ਹਟਾਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਵਾਟਰ ਕੈਨਨ ਰਾਹੀਂ ਉਨ੍ਹਾਂ 'ਤੇ ਪਾਣੀ ਦੀਆਂ ਬੁਛਾੜਾ ਕੀਤੀਆਂ। ਪਾਣੀ ਦੀਆਂ ਤੇਜ਼ ਬੁਛਾੜਾਂ ਦੇ ਬਾਵਜੂਦ ਜਦੋਂ ਮੁਜ਼ਾਹਰਕਾਰੀ ਪਿੱਛੇ ਨਾ ਹਟੇ ਤਾਂ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਦਾਗੇ।



ਮੋਰਚੇ ਆਗੂਆਂ ਦਾ ਦਾਅਵਾ ਹੈ ਕਿ ਪੁਲਿਸ ਨੇ ਡ੍ਰੋਨ ਰਾਹੀਂ ਅੱਥਰੂ ਗੈਸ ਦੇ ਗੋਲੇ ਉਨ੍ਹਾਂ ਦੇ ਵਿਚਕਾਰ ਸੁੱਟੇ। ਹਫੜਾ-ਦਫੜੀ ਮੱਚਣ ਕਾਰਨ ਵੱਡੀ ਗਿਣਤੀ 'ਚ ਮੁਜ਼ਾਹਰਾਕਾਰੀ ਜ਼ਖ਼ਮੀ ਹੋ ਗਏ ਤੇ ਬਜ਼ੁਰਗਾਂ ਨੂੰ ਸਾਹ ਲੈਣ 'ਚ ਦਿੱਕਤਾਂ ਪੇਸ਼ ਆਈਆਂ। ਕੌਮੀ ਇਨਸਾਫ਼ ਮੋਰਚੇ ਦੇ ਆਗੂ ਬਾਪੂ ਗੁਰਚਰਨ ਸਿੰਘ ਤੇ ਪਾਲ ਸਿੰਘ ਫਰਾਂਸ ਤੇ ਹੋਰਨਾਂ ਆਗੂਆਂ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੀਆਂ ਘਟਨਾਵਾਂ ਤੇ ਬਹਿਬਲ ਕਲਾਂ ਕੋਲੀਕਾਂਡ ਆਦਿ ਮੁੱਦਿਆਂ 'ਤੇ ਉਨ੍ਹਾਂ ਦਾ ਸੱਤ ਜਨਵਰੀ 2023 ਤੋਂ ਲੜੀਵਾਰ ਸੰਘਰਸ਼ ਜਾਰੀ ਹੈ। ਪਰ ਸਮੇਂ ਦੀਆਂ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ। ਇਸ ਕਾਰਨ ਕੌਮੀ ਇਨਸਾਫ਼ ਮੋਰਚੇ ਨੇ ਆਰ-ਪਾਰ ਦੀ ਲੜਾਈ ਲੜਨ ਦਾ ਫ਼ੈਸਲਾ ਲਿਆ। ਇਸੇ ਤਹਿਤ ਆਜ਼ਾਦੀ ਦਿਹਾੜੇ ਵਾਲੇ ਦਿਨ ਪੰਜਾਬ ਦੇ ਰਾਜਪਾਲ ਹਾਊਸ ਦਾ ਘਿਰਾਓ ਕਰਨ ਦਾ ਪ੍ਰੋਗਰਾਮ ਉਲੀਕਿਆਂ, ਗਿਆ ਸੀ।

ਇਸ ਮੌਕੇ ਪੰਥਕ ਆਗੂ ਕਰਨੈਲ ਸਿੰਘ ਪੰਜੋਲੀ, ਅਕਾਲੀ ਦਲ ਵਾਰਿਸ ਪੰਜਾਬ ਦੇ ਪ੍ਰਮੁੱਖ ਆਗੂ ਬਾਪੂ ਤਰਸੇਮ ਸਿੰਘ, ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਕਰਨੈਲ ਸਿੰਘ ਪੀਰ ਮੁਹੰਮਦ, ਅਕਾਲੀ ਦਲ (ਪੁਨਰ ਸੁਰਜੀਤ) ਦੇ ਆਗੂ ਗਿਆਨੀ ਹਰਪ੍ਰੀਤ ਸਿੰਘ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਤੇ ਕਿਸਾਨ ਆਗੂ ਨਿਰਭੈਅ ਸਿੰਘ ਢੁਡੀਕੇ ਨੇ ਵੀ ਸੰਬੋਧਨਕੀਤਾ। ਬੁਲਾਰਿਆਂ ਨੇ ਇਕਸੁਰ 'ਚ ਯੂਟੀ ਪੁਲਿਸ ਦੇ ਤਸ਼ੱਦਦ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ। ਬੁਲਾਰਿਆਂ ਨੇ ਕਿਹਾ ਕਿ ਆਉਣ ਵਾਲੇ ਸਮੇਂ 'ਚ ਹੁਕਮਰਾਨਾਂ ਨੂੰ ਇਸ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ।

# 'ਐਕਸ' ਤੋਂ ਪੋਸਟ ਹਟਣ ਦਾ ਕਾਰਨ ਜਾਣ ਸਕਣਗੇ ਯੂਜ਼ਰ

**ਨਵੀਂ ਦਿੱਲੀ:** ਇੰਟਰਨੈੱਟ ਮੀਡੀਆ ਪਲੇਟਫਾਰਮ ਐਕਸ ਤੇ ਕਿਸੇ ਪੋਸਟ ਦੀ ਪਹੁੰਚ ਅਚਾਨਕ ਘੱਟ ਹੋ ਜਾਵੇ, ਪੋਸਟ ਹਟਾ ਦਿੱਤੀ ਜਾਵੇ ਜਾਂ ਕਿਸੇ ਦੇਸ਼ ਚ ਉਸ ਨੂੰ ਰੋਕ ਦਿੱਤਾ ਜਾਵੇ ਤਾਂ ਯੂਜ਼ਰ ਲਈ ਇਹ ਸਮਝਣਾ ਹਮੇਸ਼ਾ ਆਸਾਨ ਨਹੀਂ ਹੁੰਦਾ ਕਿ ਅਜਿਹਾ ਕਿਉਂ ਹੋਇਆ। ਹੁਣ ਐਕਸ ਇਸ ਪ੍ਰਕਿਰਿਆ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਦੀ ਦਿਸ਼ਾ 'ਚ ਅੱਗੇ ਵਧ ਰਿਹਾ ਹੈ। ਕੰਪਨੀ ਦੇ ਮਾਲਕ ਐਲਨ ਮਸਕ ਨੇ ਕਿਹਾ ਹੈ ਕਿ ਸਰਕਾਰਾਂ ਵੱਲੋਂ ਕਰਵਾਈ ਜਾਣ ਵਾਲੀ ਸੈਂਸਰਸ਼ਿਪ ਸਪੱਸ਼ਟ ਤੌਰ 'ਤੇ ਦਿਖਾਈ ਜਾਵੇਗੀ। ਇਸ ਤਹਿਤ ਯੂਜ਼ਰਾਂ ਨੂੰ ਇਹ ਜਾਣਨ ਦਾ ਮੌਕਾ ਮਿਲੇਗਾ ਕਿ ਕਿਸੇ ਕੰਟੈਂਟ ਨੂੰ ਹਟਾਉਣ ਜਾਂ ਉਸ 'ਤੇ ਰੋਕ ਲਗਾਉਣ ਪਿੱਛੇ ਸਰਕਾਰੀ ਬੇਨਤੀ ਸੀ ਜਾਂ ਨਹੀਂ। ਜਿੱਥੇ ਸੰਭਵ ਹੋਵੇਗਾ। ਮਸਕ ਨੇ ਕਿਹਾ ਹੈ ਕਿ ਸਰਕਾਰਾਂ ਵੱਲੋਂ ਲਾਜ਼ਮੀ ਕੀਤੀ ਗਈ ਕਿਸੇ ਵੀ ਸੈਂਸਰਸ਼ਿਪ ਨੂੰ ਸਪੱਸ਼ਟ ਤੌਰ 'ਤੇ ਦਿਖਾਇਆ ਜਾਵੇਗਾ। ਇਹ ਪਹਿਲ ਸਿਰਫ਼ ਕੰਟੈਂਟ ਹਟਾਉਣ ਤੱਕ ਸੀਮਤ ਨਹੀਂ ਹੈ।



# ਨਿਊਯਾਰਕ ਦੀ ਇੰਡੀਆ ਡੇਅ ਪਰੇਡ 'ਚ ਸ਼ਾਮਲ ਹੋਏ ਕਰੀਬ ਦੋ ਲੱਖ ਲੋਕ





**ਨਿਊਯਾਰਕ:** ਨਿਊਯਾਰਕ ਵਿਚ ਇੰਡੀਆ ਡੇਅ ਪਰੇਡ ਕਰਵਾਈ ਗਈ ਜਿਸ ਨੂੰ ਦੁਨੀਆ ਭਰ ਵਿਚ ਰਹਿਣ ਵਾਲੇ ਭਾਰਤੀਆਂ ਦੀ ਸਭ ਤੋਂ ਵੱਡੀ ਪਰੇਡ ਮੰਨਿਆ ਜਾਂਦਾ ਹੈ। ਇਸ ਪਰੇਡ ਵਿਚ ਭਾਰਤ ਦੀ ਖ਼ੁਸ਼ਹਾਲ ਸੱਭਿਆਚਾਰਕ ਵੰਨ-ਸੁਵੰਨਤਾ ਅਤੇ ਭਾਰਤੀ-ਅਮਰੀਕੀ ਭਾਈਚਾਰੇ ਦੇ ਯੋਗਦਾਨ ਦਾ ਜਸ਼ਨ ਮਨਾਇਆ ਗਿਆ। ਐਤਵਾਰ ਦੀ ਪਰੇਡ ਦਾ ਥੀਮ 'ਵਿਰਾਸਤ ਵਿਚ ਸਦਭਾਵ' ਸੀ। ਲਗਪਗ ਦੋ ਲੱਖ ਲੋਕਾਂ ਨੇ ਜਾਂ ਤਾਂ ਪਰੇਡ ਵਿਚ ਹਿੱਸਾ ਲਿਆ ਜਾਂ ਮੈਡੀਸਨ ਐਵੇਨਿਊ ਦੇ ਕਿਨਾਰੇ ਖੜ੍ਹੇ ਹੋ ਕੇ ਤਿਰੰਗਾ ਲਹਿਰਾਇਆ। ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਨੇ ਪਰੇਡ ਦੀ ਅਗਵਾਈ ਕੀਤੀ ਅਤੇ ਕਿਹਾ ਕਿ ਉਹ ਇਸ ਜੀਵੰਤ ਸਮੁਦਾਇ ਦੁਆਰਾ ਨਿਊਯਾਰਕ ਵਿਚ ਲਿਆਂਦੀ ਗਈ ਸੰਸਕ੍ਰਿਤੀ ਦਾ ਜਸ਼ਨ ਮਨਾਉਣ 'ਤੇ ਮਾਣ ਮਹਿਸੂਸ ਕਰ ਰਹੀ ਹੈ। ਮੁੱਖ ਮਹਿਮਾਨ ਦੇ ਤੌਰ 'ਤੇ ਅਦਾਕਾਰਾ ਪੂਜਾ ਹੇਗੜੇ ਅਤੇ ਅਦਿਵੀ ਸ਼ੇਸ਼ ਸ਼ਾਮਲ ਹੋਏ। ਇਹ ਪਰੇਡ ਦਾ 44ਵਾਂ ਐਡੀਸ਼ਨ ਸੀ, ਜਿਸ ਨੂੰ ਹਰ ਸਾਲ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਜ਼ ਆਯੋਜਿਤ ਕਰਦਾ ਹੈ। ਅਜਿਹੇ ਭਾਰਤੀ ਆਯੋਜਨ ਵਿਚ ਹਿੱਸਾ ਲੈਣ ਵਾਲਿਆਂ ਦੀ ਗਿਣਤੀ ਦੇ ਮਾਮਲੇ ਵਿਚ ਇਹ ਦੁਨੀਆ ਦਾ ਸਭ ਤੋਂ ਵੱਡਾ ਈਵੈਂਟ ਬਣ ਗਿਆ ਹੈ।

# ਦੱਖਣੀ ਕੋਰੀਆ ਤੋਂ ਟਰੰਪ ਨਾਰਾਜ਼, ਕਿਮ ਨੂੰ ਤਰਜੀਹ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੱਖਣੀ ਕੋਰੀਆ ਨੂੰ ਵੱਡਾ ਝਟਕਾ ਦਿੱਤਾ ਹੈ। ਉਨ੍ਹਾਂ ਨੇ ਐਤਵਾਰ ਨੂੰ ਪੈਂਟਾਗਨ ਨੂੰ ਦੱਖਣੀ ਕੋਰੀਆ ਦੇ ਨਾਲ ਹੋਣ ਵਾਲੀਆਂ ਸਾਂਝੀਆਂ ਜੰਗੀ ਮਸ਼ਕਾਂ ਨੂੰ ਘੱਟ ਕਰਨ ਦਾ ਆਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੱਖਣੀ ਕੋਰੀਆ ਨੇ ਈਰਾਨ ਨੂੰ ਪਰਮਾਣੂ ਮੁਕਤ ਕਰਨ 'ਚ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਟਰੰਪ ਨੇ ਕਿਹਾ ਕਿ ਇਨ੍ਹਾਂ ਸਾਂਝੀਆਂ ਜੰਗੀ ਮਸ਼ਕਾਂ ਨੂੰ ਬਿਨਾਂ ਕਿਸੇ ਖ਼ਤਰੇ ਵਾਲੇ ਤੇ ਸਨਮਾਨਜਨਕ ਵਿਵਹਾਰ ਵਾਲੇ ਉੱਤਰੀ ਕੋਰੀਆ ਵੱਲੋਂ ਦੁਸ਼ਮਣੀ ਭਰਿਆ ਕਦਮ ਮੰਨਿਆ ਜਾ ਸਕਦਾ ਹੈ।

ਟਰੰਪ ਨੇ ਕਿਹਾ ਕਿ ਹਾਲ ਹੀ ਵਿਚ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਨੂੰ ਈਰਾਨ ਨੂੰ ਪਰਮਾਣੂ ਮੁਕਤ ਕਰਨ ਦੀਆਂ ਅਮਰੀਕੀ ਕੋਸ਼ਿਸ਼ਾਂ 'ਚ ਸ਼ਾਮਲ ਹੋਣ ਲਈ ਕਿਹਾ ਸੀ ਤੇ ਉਨ੍ਹਾਂ ਕਿਹਾ ਕਿ ਨਹੀਂ, ਧੰਨਵਾਦ। ਇਸ ਹਫ਼ਤੇ ਸ਼ੁਰੂ ਹੋਣ ਵਾਲੀਆਂ ਜੰਗੀ ਮਸ਼ਕਾਂ ਪੂਰੀ ਤਰ੍ਹਾਂ ਨਾਲ ਗ਼ਲਤ ਤੇ ਦੁਸ਼ਮਣੀ ਭਰਿਆ ਸੰਕੇਤ ਵੀ ਦਿੰਦੀਆਂ ਹਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਉੱਤਰੀ ਕੋਰੀਆ ਦਾ ਵਿਹਾਰ ਬਿਨਾਂ ਕਿਸੇ ਖ਼ਤਰੇ ਵਾਲਾ ਤੇ ਸਨਮਾਨਜਨਕ ਰਿਹਾ ਹੈ। ਹਾਲਾਂਕਿ, ਇਨ੍ਹਾਂ ਨੂੰ ਰੱਦ ਕਰਨ 'ਚ ਹੁਣ ਬਹੁਤ ਦੇਰ . ਹੋ ਚੁੱਕੀ ਹੈ, ਇਸ ਲਈ ਮੈਂ ਰੱਖਿਆ ਮੰਤਰੀ ਪੀਟ ਹੇਗਸੇਥ ਨੂੰ ਸਾਂਝੀਆਂ ਜੰਗੀ ਮਸ਼ਕਾਂ ਨੂੰ ਕਾਫ਼ੀ ਹੱਦ ਤੱਕ ਘੱਟ ਕਰਨ ਦਾ ਨਿਰਦੇਸ਼ ਦਿੱਤਾ ਹੈ। ਇਹ ਕਦਮ ਇਸ ਗੱਲ ਦੀ ਤਾਜ਼ਾ ਉਦਾਹਰਨ ਹੈ ਕਿ ਰਾਸ਼ਟਰਪਤੀ ਆਪਣੇ ਸਹਿਯੋਗੀ ਦੇਸ਼ ਦੀ ਬਜਾਏ ਉਸ ਆਗੂ ਦਾ ਪੱਖ ਲੈ ਰਹੇ ਹਨ, ਜਿਸ ਨੂੰ ਪਿਛਲੀਆਂ ਸਰਕਾਰਾਂ ਨੇ ਦੁਸ਼ਮਣ ਮੰਨਿਆ ਸੀ।

ਅਠਾਰਾਂ ਹਜ਼ਾਰ ਦੱਖਣੀ ਕੋਰਿਆਈ ਫ਼ੌਜੀਆਂ ਦੇ ਨਾਲ 11 ਦਿਨਾਂ ਤੱਕ ਚੱਲਣ ਵਾਲੀਆਂ ਇਨ੍ਹਾਂ ਯੋਜਨਾਬੱਧ ਮਸ਼ਕਾਂ ਦਾ ਮਕਸਦ ਉੱਤਰੀ ਕੋਰੀਆ ਤੋਂ ਪੈਦਾ ਹੋਣ ਵਾਲੇ ਖ਼ਤਰਿਆਂ ਖ਼ਿਲਾਫ਼ ਤਿਆਰੀ ਨੂੰ ਮਜ਼ਬੂਤ ਕਰਨਾ ਸੀ। ਉੱਤਰੀ ਕੋਰੀਆ ਨੇ ਸ਼ੁੱਕਰਵਾਰ ਨੂੰ ਅਮਰੀਕਾ ਤੇ ਦੱਖਣੀ ਕੋਰੀਆ ਖ਼ਿਲਾਫ਼ ਸਖ਼ਤ ਕਦਮ ਚੁੱਕਣ ਦੀ ਧਮਕੀ ਦਿੱਤੀ ਸੀ। ਉਸ ਨੇ ਫ਼ੌਜੀ ਅਭਿਆਸਾਂ ਨੂੰ ਹਮਲਾਵਰ ਜੰਗ ਦੀ ਤਿਆਰੀ ਦੱਸਿਆ ਸੀ ਤੇ ਕਿਹਾ ਸੀ ਕਿ ਇਨ੍ਹਾਂ ਕਾਰਨ ਇਲਾਕੇ 'ਚ ਹੋਰ ਜ਼ਿਆਦਾ ਅਸਥਿਰਤਾ ਪੈਦਾ ਹੋ ਰਹੀ ਹੈ।ਇਸ ਦੌਰਾਨ,ਦੱਖਣੀ ਕੋਰੀਆ ਨੇ ਉਮੀਦ ਪ੍ਰਗਟਾਈ ਕਿ ਅਮਰੀਕਾ ਅਤੇ ਉੱਤਰੀ ਕੋਰੀਆ ਦੀ ਦੋਸਤੀ ਨਾਲ ਕੋਰਿਆਈ ਟਾਪੂ ਵਿਚ ਤਣਾਅ ਘਟਾਉਣ ਲਈ ਗੱਲਬਾਤ ਦਾ ਰਸਤਾ ਖੁੱਲ੍ਹੇਗਾ।

# ਵਿਦਿਆਰਥੀਆਂ ਅੱਗੇ ਝੁਕੀ ਝਾਰਖੰਡ ਸਰਕਾਰ

## ਕਈ ਮੰਗਾਂ ਮੰਨੀਆਂ - ਭੁੱਖ ਹੜਤਾਲ ਖ਼ਤਮ - ਅੰਦੋਲਨ ਜਾਰੀ

**ਰਾਂਚੀ:** ਝਾਰਖੰਡ ਲੋਕ ਸੇਵਾ ਕਮਿਸ਼ਨ (ਜੇਪੀਐੱਸਸੀ) ਤੇ ਝਾਰਖੰਡ ਕਰਮਚਾਰੀ ਚੋਣ ਕਮਿਸ਼ਨ (ਜੇਐੱਸਐੱਸਸੀ) ਵਲੋਂ ਕਰਵਾਈਆਂ ਭਰਤੀ ਪ੍ਰੀਖਿਆਵਾਂ 'ਚ ਬੇਨਿਯਮੀਆਂ ਦੇ ਖ਼ਿਲਾਫ਼ ਰਾਂਚੀ 'ਚ 24 ਦਿਨਾਂ ਤੋਂ ਚੱਲ ਰਹੇ ਵਿਦਿਆਰਥੀ ਅੰਦੋਲਨ ਵਿਚਾਲੇ ਝਾਰਖੰਡ ਸਰਕਾਰ ਨੇ ਟੀਡੀਪੀਐੱਲ ਏਜੰਸੀ ਵਲੋਂ ਲਈਆਂ ਗਈਆਂ ਜੀਪੀਐੱਸਸੀ ਤੇ ਜੇਐੱਸਐੱਸਸੀ ਦੀਆਂ ਸਾਰੀਆਂ ਵਿਵਾਦਤ ਨਿਯੁਕਤੀ ਪ੍ਰੀਖਿਆਵਾਂ ਨੂੰ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਪ੍ਰੀਖਿਆਵਾਂ 'ਚ ਜੇਐੱਸਐੱਸਸੀ ਸੀਜੀਐੱਲ ਨਿਯੁਕਤੀ ਪ੍ਰੀਖਿਆ ਵੀ ਸ਼ਾਮਲ ਹੈ, ਜਿਸ ਨੂੰ ਰੱਦ ਕਰਨ ਲਈ ਝਾਰਖੰਡ ਸਰਕਾਰ ਤੇ ਵਿਦਿਆਰਥੀ ਅੰਦੋਲਨਕਾਰੀਆਂ ਦਰਮਿਆਨ ਰੇੜਕਾ ਬਣਿਆ ਹੋਇਆ ਸੀ। ਹੁਣ ਸਰਕਾਰ ਨੇ ਸੀਬੀਆਈ ਜਾਂਚ ਨੂੰ ਛੱਡ ਕੇ ਵਿਦਿਆਰਥੀ ਅੰਦੋਲਨਕਾਰੀਆਂ ਦੀਆਂ ਲਗਪਗ ਸਾਰੀਆਂ ਮੰਗਾਂ ਮੰਨ ਲਈਆਂ ਹਨ।

ਮੁੱਖ ਮੰਤਰੀ ਨੇ ਸੋਮਵਾਰ ਨੂੰ ਇਹ ਫ਼ੈਸਲਾ ਕੈਬਨਿਟ ਮੰਤਰੀਆਂ ਨਾਲ ਹੋਈ ਉੱਚ ਪੱਧਰੀ ਬੈਠਕ 'ਚ ਲਿਆ। ਮੰਤਰੀਆਂ ਦੇ ਨਾਲ ਚਾਰ ਘੰਟੇ ਦੀ ਮੈਰਾਥਨ ਬੈਠਕ 'ਚ ਵਿਦਿਆਰਥੀਆਂ ਦੀਆਂ ਮੰਗਾਂ 'ਤੇ ਵਿਆਪਕ ਚਰਚਾ ਹੋਈ, ਜਿਸ ਵਿਚ ਇਨ੍ਹਾਂ ਪ੍ਰੀਖਿਆਵਾਂ ਨੂੰ ਰੱਦ ਕਰਨ ਦਾ ਫ਼ੈਸਲਾ ਕੀਤਾ ਗਿਆ। ਸ਼ਾਮ ਪੰਜ ਵਜੇ ਸ਼ੁਰੂ ਹੋਈ ਬੈਠਕ ਰਾਤ ਨੌ ਵਜੇ ਖ਼ਤਮ ਹੋਈ।

ਬੈਠਕ ਤੋਂ ਬਾਅਦ ਮੁੱਖ ਮੰਤਰੀ ਨੇ ਮੀਡੀਆਂ ਨਾਲ ਗੱਲਬਾਤ ਕਰਦੇ ਹੋਏ ਐਲਾਨ ਕੀਤਾ ਕਿ ਜੇਪੀਐੱਸਸੀ ਦੀਆਂ ਨਿਯੁਕਤੀ ਪ੍ਰੀਖਿਆਵਾਂ ਦਾ ਸੰਚਾਲਨ ਕਰ ਰਹੀ ਵਿਵਾਦਤ ਏਜੰਸੀ ਟੀਡੀਪੀਐੱਲ (ਟੀਐੱਸਆਰ ਡਾਟਾ ਪ੍ਰੋਸੈਸਿੰਗ ਲਿਮਟਿਡ) ਵਲੋਂ ਕਰਵਾਈਆਂ ਜੀਪੀਐੱਸਸੀ ਦੀਆਂ ਸਾਰੀਆਂ ਨਿਯੁਕਤੀ ਪ੍ਰੀਖਿਆਵਾਂ ਤੇ ਜੇਐੱਸਐੱਸਸੀ ਦੀ ਸੀਜੀਐੱਲ ਨਿਯੁਕਤੀ ਪ੍ਰੀਖਿਆ ਰੱਦ ਕੀਤੀ ਗ ਜਾਏਗੀ। ਇਨ੍ਹਾਂ ਪ੍ਰੀਖਿਆਵਾਂ ਦੀ ਜਾਂਚ ਝਾਰਖੰਡ ਹਾਈ ਕੋਰਟ ਵਲੋਂ ਰਿਟਾਇਰਡ ਜੱਜ ਦੀ ਅਗਵਾਈ 'ਚ ਗਠਿਤ ਹੋਣ ਨ ਵਾਲੀ ਕਮੇਟੀ ਕਰੇਗੀ। ਏਨਾ ਹੀ ਨਹੀਂ, ਝਾਰਖੰਡ 'ਚ ਸਾਲ 2014 ਤੋਂ ਬਾਅਦ ਹੋਈਆਂ ਸਾਰੀਆਂ ਪ੍ਰੀਖਿਆਵਾਂ ਜਾਂਚ ਦੇ ਘੇਰੇ 'ਚ ਹੋਣਗੀਆਂ।

ਇਸ ਤੋਂ ਪਹਿਲਾਂ ਦੁਪਹਿਰ ਦੋ ਵਜੇ ਅੰਦੋਲਨਕਾਰੀ ਵਿਦਿਆਰਥੀਆਂ ਦੇ ਨਾਲ ਸਰਕਾਰ ਦੇ ਨੁਮਾਇੰਦੇ ਮੰਤਰੀਆਂ ਦੀ ਗੱਲਬਾਤ ਹੋਣ ਵਾਲੀ ਸੀ। ਮੁੱਖ ਮੰਤਰੀ ਵਲੋਂ ਮੰਤਰੀਆਂ ਦੀ ਬੈਠਕ ਬੁਲਾ ਲਏ ਜਾਣ ਦੇ ਕਾਰਨ ਵਿਦਿਆਰਥੀਆਂ ਨਾਲ ਹੋਣ ਵਾਲੀ ਬੈਠਕ ਨੂੰ ਮੁਲਤਵੀ ਕਰ ਦਿੱਤਾ ਗਿਆ। ਪ੍ਰੀਖਿਆਵਾਂ ਰੱਦ ਕੀਤੇ ਜਾਣ ਦੇ ਐਲਾਨ ਤੋਂ ਬਾਅਦ ਵਿਦਿਆਰਥੀਆਂ ਨੇ ਜੈਪਾਲ ਸਿੰਘ ਸਟੇਡੀਅਮ




'ਚ ਮਠਿਆਈਆਂ ਵੰਡ ਕੇ ਜਸ਼ਨ ਮਨਾਇਆ। ਇਕ ਦਿਨ ਪਹਿਲਾਂ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਵੀ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਪੱਤਰ ਲਿਖ ਕੇ ਉਨ੍ਹਾਂ ਨੂੰ ਖ਼ੁਦ ਵਿਦਿਆਰਥੀਆਂ ਨਾਲ ਗੱਲ 'ਕਰਨ ਤੇ ਮਾਮਲੇ ਦਾ ਹੱਲ ਕੱਢਣ ਦੀ ਅਪੀਲ ਕੀਤੀ ਸੀ।

# ਗੋਡੇ ਬਦਲਵਾਉਣ ਵਾਲਾ ਝੂਠ ਬੋਲਣ ਲਈ ਮੁਆਫੀ ਮੰਗਣ ਮੁੱਖ ਮੰਤਰੀ: ਵੜਿੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਜ਼ਾਦੀ ਦਿਵਸ ਮੌਕੇ ਸਾਬਕਾ ਕਰਮਚਾਰੀਆਂ ਦੇ ਇਕ ਡਾਂਸ ਦਾ ਪ੍ਰੋਗਰਾਮ ਕਰਕੇ ਦੇਸ਼ ਅਤੇ ਪੰਜਾਬ ਦੇ ਲੋਕਾਂ ਨਾਲ ਝੂਠ ਬੋਲਣ ਲਈ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੁਆਫ਼ੀ ਮੰਗਣ ਦੀ ਮੰਗ ਕੀਤੀ ਹੈ, ਜਿਨ੍ਹਾਂ ਨੂੰ ਸਿਹਤ ਬੀਮੇ ਰਾਹੀਂ ਆਪਣੇ ਗੋਡੇ ਬਦਲਵਾਉਣ ਵਾਲਿਆਂ ਵਜੋਂ ਦਰਸਾਇਆ ਗਿਆ ਸੀ। ਇਸ ਮਾਮਲੇ ਵਿਚ ਵੜਿੰਗ ਨੇ ਸਿਹਤ ਮੰਤਰੀ ਬਲਬੀਰ ਸਿੰਘ ਦੇ ਅਸਤੀਫ਼ੇ ਦੇ ਨਾਲ ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾਉਣ ਦੇ ਉਦੇਸ਼ ਨਾਲ ਇਸ ਡਰਾਮੇ ਵਿਚ ਸ਼ਾਮਿਲ ਅਧਿਕਾਰੀਆਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਹੈ। ਰਾਜਾ ਵੜਿੰਗ ਨੇ ਕਿਹਾ ਕਿ ਇਹ 'ਆਪ' ਸਰਕਾਰ ਦਾ ਡਰਾਮਾ ਅਤੇ



ਨਾਟਕ ਰਚ ਕੇ ਝੂਠ ਬੋਲਣ ਦਾ ਵਿਸ਼ੇਸ਼ ਤਰੀਕਾ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਵੀ ਸਮਝ ਸਕਦਾ ਹੈ ਕਿ ਜਿਨ੍ਹਾਂ ਦੇ ਗੋਡੇ ਬਦਲੇ ਗਏ ਹਨ, ਉਹ ਇਸ ਤਰ੍ਹਾਂ ਨੱਚ ਨਹੀਂ ਸਕਦੇ।

# ਭਾਜਪਾ ਦੀ ਕੇਂਦਰੀ ਟੀਮ 'ਚ ਪੰਜਾਬ ਨੂੰ ਮਿਲੀ ਵੱਡੀ ਨੁਮਾਇੰਦਗੀ

## ਮਨਪ੍ਰੀਤ ਬਾਦਲ ਮੀਤ ਪ੍ਰਧਾਨ ਅਤੇ ਤਰੁਣ ਚੁੱਘ ਬਣੇ ਦਫ਼ਤਰ ਇੰਚਾਰਜ

**ਨਵੀਂ ਦਿੱਲੀ:** ਭਾਜਪਾ ਪ੍ਰਧਾਨ ਨਿਤਿਨ ਨਵੀਨ ਦੀ ਦੇਰ ਤੋਂ ਉਡੀਕੀ ਜਾ ਰਹੀ ਟੀਮ ਦਾ ਆਖ਼ਰ ਐਲਾਨ ਹੋ ਗਿਆ ਹੈ। ਟੀਮ 'ਚ ਤਜਰਬੇਕਾਰ ਤੇ ਨੌਜਵਾਨ ਚਿਹਰਿਆਂ ਦਾ ਤਾਲਮੇਲ ਰੱਖਿਆ ਗਿਆ ਹੈ। ਸੰਗਠਨ 'ਚ 12 ਔਰਤਾਂ ਸਮੇਤ ਵੱਖ-ਵੱਖ ਸਮਾਜਿਕ ਭਾਈਚਾਰਿਆਂ ਤੇ ਸੂਬਿਆਂ ਨੂੰ ਢੁਕਵੀਂ ਨੁਮਾਇੰਦਗੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਭ ਤੋਂ ਵੱਧ ਅਹਿਮੀਅਤ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਨੂੰ ਦਿੱਤੀ ਗਈ ਹੈ।

ਪੰਜਾਬ ਤੋਂ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਰਾਸ਼ਟਰੀ ਮੀਤ ਪ੍ਰਧਾਨ, ਤਰੁਣ ਚੁੱਘ ਨੂੰ ਕੇਂਦਰੀ ਭਾਜਪਾ ਦਫ਼ਤਰ ਇੰਚਾਰਜ ਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੂੰ ਰਾਸ਼ਟਰੀ ਸਕੱਤਰ ਬਣਾਇਆ ਗਿਆ ਹੈ। ਪੰਜਾਬ ਦੇ ਆਗੂਆਂ ਨੂੰ ਪਹਿਲੀ ਵਾਰ ਰਾਸ਼ਟਰੀ ਟੀਮ 'ਚ ਏਨੀਆਂ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਹਾਲਾਂਕਿ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ 'ਚ ਗਏ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਕੇਂਦਰੀ ਟੀਮ ਤੋਂ ਦੂਰ ਹੀ ਰੱਖਿਆ ਗਿਆ ਹੈ। ਉਧਰ ਅਮੇਠੀ 'ਚ ਹਾਰ ਤੋਂ ਬਾਅਦ ਰਾਸ਼ਟਰੀ



ਰਾਜਨੀਤੀ ਤੋਂ ਦੂਰ ਚੱਲ ਰਹੀ ਸਮ੍ਰਿਤੀ ਈਰਾਨੀ ਦੀ ਭਾਜਪਾ ਸੰਗਠਨ 'ਚ ਜਨਰਲ ਸਕੱਤਰ ਵਜੋਂ ਵਾਪਸੀ ਹੋਈ ਹੈ।

ਪਹਿਲਾਂ ਜਨਰਲ ਸਕੱਤਰ ਰਹਿ ਚੁੱਕੇ ਰਾਮ ਮਾਧਵ ਇਸ ਵਾਰ ਉਪ ਪ੍ਰਧਾਨ ਵਜੋਂ ਵਾਪਸ ਆਏ ਹਨ। ਉੱਥੇ ਲੰਬੇ ਸਮੇਂ ਤੋਂ ਇੰਟਰਨੈੱਟ ਮੀਡੀਆ ਸੈੱਲ ਦੀ ਜ਼ਿੰਮੇਵਾਰੀ ਸੰਭਾਲ ਰਹੇ ਅਮਿਤ ਮਾਲਵੀਆ ਬਾਹਰ ਹੋ ਗਏ ਹਨ। ਸੰਗਠਨ ਦੇ ਪੁਨਰਗਠਨ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਹੁਣ ਮੋਦੀ ਸਰਕਾਰ ਦੇ ਮੰਤਰੀ ਮੰਡਲ 'ਚ ਫੇਰਬਦਲ ਦੀਆਂ ਕਿਆਸ- ਅਰਾਈਆਂ ਤੇਜ਼ ਹੋ ਗਈਆਂ ਹਨ। ਮੰਨਿਆ ਜਾ ਰਿਹਾ ਹੈ ਕਿ ਸੰਗਠਨ 'ਚ ਥਾਂ ਨਾ ਪਾਉਣ ਵਾਲੇ ਅਨੁਰਾਗ ਠਾਕੁਰ ਵਰਗੇ ਕਈ ਨੌਜਵਾਨ ਸੰਸਦ ਮੈਂਬਰਾਂ ਦੀ ਹੁਣ ਸਰਕਾਰ 'ਚ ਵਾਪਸੀ ਹੋ ਸਕਦੀ ਹੈ। ਕੇਂਦਰੀ ਟੀਮ ਤੋਂ ਦੂਰ ਰੱਖੇ ਗਏ ਰਾਘਵ ਚੱਢਾ ਨੂੰ ਵੀ ਵਜ਼ਾਰਤ 'ਚ ਥਾਂ ਮਿਲ ਸਕਦੀ ਹੈ। ਮੰਨਿਆ ਜਾ ਰਿਹਾ ਹੈ ਕਿ ਇਕ ਪੰਦਰਵਾੜੇ ਦੇ ਅੰਦਰ ਹੀ ਮੰਤਰੀ ਮੰਡਲ 'ਚ ਫੇਰਬਦਲ ਹੋਵੇਗਾ, ਜਿਸ 'ਚ ਸਹਿਯੋਗੀ ਦਲਾਂ ਦੇ ਕੁਝ ਮੈਂਬਰਾਂ ਨੂੰ ਵੀ ਸ਼ਾਮਲ ਕੀਤਾ - ਜਾ ਸਕਦਾ ਹੈ। ਨਵੀਨ ਦੀ ਟੀਮ 'ਚ 40 ਸਾਲ ਤੋਂ ਘੱਟ ਉਮਰ ਦੇ ਛੇ, 40-49 ਉਮਰ ਦੇ 15 ਤੇ 50 ਤੋਂ 59 ਸਾਲ ਦੀ ਉਮਰ ਦੇ 21 ਮੈਂਬਰ ਹਨ। ਇਸੇ ਤਰ੍ਹਾਂ 40 ਫ਼ੀਸਦੀ ਤੋਂ ਵੱਧ ਮੈਂਬਰ ਵਾਂਝੇ ਸਮਾਜ ਤੋਂ ਹਨ। ਇਕ ਸੀਨੀਅਰ ਆਗੂ ਨੇ ਕਿਹਾ ਕਿ ਇਸ ਟੀਮ ਨੂੰ 2029 ਦੀਆਂ ਚੋਣਾਂ ਦੀਆਂ ਲੋੜਾਂ ਨੂੰ ਧਿਆਨ 'ਚ ਰੱਖ ਕੇ ਬਣਾਇਆ ਗਿਆ ਹੈ। ਲੰਬੇ ਸਮੇਂ ਤੱਕ ਪਾਰਟੀ ਦੇ ਖ਼ਜ਼ਾਨਚੀ ਦਾ ਅਹੁਦਾ ਸੰਭਾਲ ਚੁੱਕੇ ਵਣਜ ਮੰਤਰੀ ਪੀਯੂਸ਼ ਗੋਇਲ ਦੀ ਇਸੇ ਅਹੁਦੇ 'ਤੇ ਮੁੜ ਵਾਪਸੀ ਹੋਈ ਹੈ। ਉਨ੍ਹਾਂ ਦੇ ਨਾਲ ਰਾਜੇਸ਼ ਮੰਗਲ ਨੂੰ ਸਹਿ-ਖ਼ਜ਼ਾਨਚੀ . ਬਣਾਇਆ ਗਿਆ ਹੈ। ਕੁਝ ਮਹੀਨੇ ਪਹਿਲਾਂ ਰਾਜ ਸਭਾ ਦੇ ਸੱਤ ਸੰਸਦ ਮੈਂਬਰਾਂ ਨਾਲ 'ਆਪ' ਛੱਡ ਕੇ ਭਾਜਪਾ 'ਚ ਸ਼ਾਮਲ ਹੋਣ ਵਾਲੇ ਸੰਦੀਪ ਪਾਠਕ ਨੂੰ ਰਾਸ਼ਟਰੀ ਸਕੱਤਰ ਬਣਾਇਆ ਗਿਆ ਹੈ।

# ਈਟੋਬੀਕੋ (ਕੈਨੇਡਾ) ਵਿਖੇ ਸਮਕਾਲੀ ਪੰਜਾਬੀ ਕਲਚਰ ਅਤੇ ਪੌਪ ਕਲਚਰ 'ਤੇ ਭਾਸ਼ਣ ਅਤੇ ਚਰਚਾ

ਪਿਛਲੇ ਦਿਨੀਂ ਜੋਗਿੰਦਰ ਸਿੰਘ ਤੂਰ ਯਾਦਗਾਰੀ ਭਾਸ਼ਨ ਲੜੀ ਤਹਿਤ ਪਟਿਆਲਾ ਤੋਂ ਕੈਨੇਡਾ ਫੇਰੀ 'ਤੇ ਆਏ ਪ੍ਰੋਫ਼ੈਸਰ ਐਮੀਰੇਟਸ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ, ਸਵਰਾਜ ਰਾਜ ਨੇ ਈਟੋ ਬੀਕੋ ਦੇ ਤੂਰ ਲਾਅ ਆਫਿਸ ਹਾਲ ਵਿਚ ਵਿਦਵਾਨ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਪੰਜਾਬੀ ਸਭਿਆਚਾਰ ਵਿਚ ਦਿਨੋਂ-ਦਿਨ ਜ਼ੋਰ ਫੜ ਰਹੇ ਪੌਪ ਕਲਚਰ ਅਤੇ ਇਸ ਦੇ ਦੂਰਗਾਮੀ ਮਾੜੇ ਪ੍ਰਭਾਵਾਂ ਅਤੇ ਨਤੀਜਿਆਂ ਬਾਰੇ ਚਰਚਾ ਕੀਤੀ। ਥੀਓਡਰ ਆਡੋਰਨੋ ਅਤੇ ਹੋਰ ਸਮਾਜਕ ਵਿਗਿਆਨੀਆਂ ਦੇ ਕਲਚਰ ਬਾਰੇ ਵਿਚਾਰਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਸੰਗੀਤ ਅਕਸਰ ਸਭਿਆਚਾਰ ਦੀ ਪੈਦਾਇਸ਼ ਹੁੰਦਾ ਹੈ, ਪਰ ਫਿਰ ਵੀ ਇਹ ਇਕੱਲਾ ਹੀ ਕਿਸੇ ਸਭਿਆਚਾਰ ਦਾ ਵਫਾਦਾਰ ਪ੍ਰਤੀਬਿੰਬ ਨਹੀਂ ਹੁੰਦਾ। ਸਾਹਿਤ, ਧਾਰਮਿਕ, ਰਾਜਸੀ, ਅਤੇ ਸਦਾਚਾਰਕ ਮਾਨਤਾਵਾਂ, ਵਿਵਹਾਰ ਅਤੇ ਸਮਾਜਕ ਰਹੁ-ਰੀਤੀਆਂ ਵੀ ਇਸ ਦੇ ਅਸਰਦਾਰ ਪੱਖ ਅਤੇ ਜ਼ੁਜ਼ ਹੁੰਦੇ ਹਨ। ਪਰ ਆਮ ਵੇਖਣ ਵਿਚ ਆਇਆ ਹੈ ਕਿ ਅੱਜ ਦੀ ਮੌਜੂਦਾ ਰਾਜਸੀ ਪੂੰਜੀਵਾਦੀ ਸਿਸਟਮ ਦੀ ਦੇਣ ਕਾਰਣ ਇਹ ਪੌਪ ਕਲਚਰ ਪੰਜਾਬੀ ਦੇ ਅਸਲ ਯਥਾਰਥ ਤੋਂ ਬਹੁਤ ਅਭਿੱਜ ਅਤੇ ਦੂਰ ਹੋ ਗਿਆ ਹੈ।

ਉਨ੍ਹਾਂ ਅਗਾਂਹ ਆਖਿਆ ਕਿ ਅੱਜ ਤੋਂ ਸੱਤਰ ਸਾਲ ਪਹਿਲਾਂ ਵਾਲੇ ਔਰਤ-ਮਰਦ ਪਿਆਰ ਵਾਲੇ ਗਾਣਿਆਂ ਵਿਚ ਅਤੇ ਪੰਜਾਬੀ ਲੋਕਗੀਤ ਅਧਾਰਤ ਗਾਣਿਆਂ ਵਿਚ ਇਹ ਜਾਤ-ਪਾਤ, ਜੱਟਵਾਦੀ,





ਈਟੋਬੀਕੋ ਵਿਖੇ ਕਰਵਾਏ ਗਏ ਸਮਾਗਮ ਦੀਆਂ ਝਲਕੀਆਂ।

ਪੁਰਸ਼ਵਾਦੀ, ਨਸ਼ਾਵਾਦੀ, ਕਾਮਵਾਦੀ ਅਤੇ ਫੌਕੀ ਸ਼ੁਹਰਤ ਅਤੇ ਹੰਕਾਰਵਾਦੀ ਰੁਝਾਨ ਵੇਖਣ ਨੂੰ ਨਹੀਂ ਸੀ ਮਿਲਦਾ। ਇਸ ਦੇ ਵਿਪਰੀਤ ਹੁਣ ਦੇ ਜ਼ਿਆਦਾਤਰ ਪੰਜਾਬੀ ਗਾਣਿਆਂ ਵਿਚ ਔਰਤ ਦੇ ਗਹਿਣਿਆਂ, ਬੰਦੂਕਾਂ, ਮਹਿੰਗੀਆਂ ਕਾਰਾਂ ਅਤੇ ਬਰੈਂਡਿਡ ਫੈਸ਼ਨ-ਵਸਤਾਂ ਦੀ ਮਹਿਜ਼ ਖਪਤਕਾਰੀ ਨੂੰ ਹੀ ਸਲਾਹਿਆ ਗਿਆ ਹੁੰਦਾ ਹੈ, ਜੋ ਰੁਝਾਨ ਪ੍ਰਚੱਲਤ ਪੂੰਜੀਵਾਦੀ ਵਿਵਸਥਾ ਨੂੰ ਵੱਧ ਰਾਸ ਆਉਂਦਾ ਹੈ। ਇਹੀ ਕਾਰਣ ਹੈ ਕਿ ਸਰਕਾਰ ਵੀ ਅਸਲੀ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਮੋੜਨ ਲਈ ਅਜਿਹੇ ਸੰਗੀਤ ਨੂੰ ਆਪ ਵੀ ਪ੍ਰਫੁੱਲਤ ਕਰਦੀ ਜਾਂ ਹੱਲਾਸ਼ੇਰੀ ਦਿੰਦੀ ਜਾਪਦੀ ਹੈ। ਦੂਜਾ ਇਹ ਸੰਗੀਤ ਦੁਹਰਾਅ ਵਾਲਾ ਹੈ ਅਤੇ ਇਸ ਦੀ ਸ਼ੁਹਰਤ ਅਤੇ ਖਿੱਚ ਕੇਵਲ ਬੀਟ ਅਤੇ ਉੱਚੀ ਅਵਾਜ਼ ਉੱਤੇ ਹੀ ਟਿਕੀ ਹੋਈ ਹੁੰਦੀ ਹੈ, ਗੀਤ ਦੇ ਬੋਲ ਉੱਤੇ ਨਹੀਂ। ਇਸ ਲਈ ਇਹ ਸੰਗੀਤ ਯਥਾਰਥ ਦੀ ਸਹੀ ਤਸਵੀਰ ਨਹੀਂ ਪੇਸ਼ ਕਰਦਾ। ਇਹ ਐਕਟਿਵ ਸਰੋਤਿਆਂ ਦੀ ਥਾਂ ਦੱਬੂ ਭਾਵ ਸਹਿਣਸ਼ੀਲ ਸਰੋਤੇ ਬਣਾਉਂਦਾ ਹੈ ਜੋ ਕੋਈ ਸਕਾਰਾਤਮਕ ਸਮਾਜਿਕ ਜਾਂ ਰਾਜਨੀਤਕ ਤਬਦੀਲੀ ਨਹੀਂ ਸਿਰਜ ਸਕਦੇ।

ਇਸ ਭਾਸ਼ਨ ਉਪਰੰਤ ਦਰਸ਼ਕਾਂ ਦੇ ਸਵਾਲਾਂ-ਜਵਾਬਾਂ ਦਾ ਦੌਰ ਚੱਲਿਆ। ਗੁਰਦੇਵ ਚੌਹਾਨ ਦਾ ਕਹਿਣਾ ਸੀ ਕਿ ਸਤਿੰਦਰ ਸਰਤਾਜ ਵਰਗੇ ਕਈ ਪੰਜਾਬੀ ਗਾਇਕ ਅੱਛੇ ਗੀਤ ਵੀ ਲਿਖਦੇ ਅਤੇ ਗਾਂਦੇ ਹਨ। ਜਿਥੋਂ ਤੀਕ ਪੰਜਾਬੀ ਕਲਚਰ ਦਾ ਅਧਿਕਤਰ ਪੌਪ ਗਾਇਕੀ ਵਾਲਾ ਹੀ ਹੋਣ ਅਤੇ ਰਹਿਣ ਦੀ ਗੱਲ ਹੈ ਉਸ ਦਾ ਵੱਡਾ ਕਾਰਣ ਸ਼ਾਇਦ ਪੰਜਾਬੀ ਕਲਚਰ ਦਾ ਮੁੱਖ ਤੌਰ 'ਤੇ ਮੌਖਿਕ ਹੋਣਾ ਵੀ ਹੈ। ਪੱਛਮੀ ਕਲਚਰ ਲਿਖਤੀ ਹੋਣ ਕਾਰਣ ਉਨ੍ਹਾਂ ਵਿਚ ਸਾਹਿਤ ਅਤੇ ਹੋਰ ਕਲਾਵਾਂ ਵੱਧ ਵਿਕਸਤ ਹਨ। ਯਾਦਵਿੰਦਰ, ਹਰਜੀਤ ਗਿੱਲ, ਸੁੱਖਪਾਲ, ਹਜ਼ਾਰਾ ਸਿੰਘ ਅਤੇ ਸੁਭਾਸ਼ ਸ਼ਰਮਾ ਨੇ ਵੀ ਇਸ ਵਿਚਾਰ ਵਟਾਂਦਰੇ ਵਿਚ ਹਿੱਸਾ ਲਿਆ ਅਤੇ ਕੁਝ ਸੁਝਾਅ ਵੀ ਪੇਸ਼ ਕੀਤੇ।

ਇਨ੍ਹਾਂ ਸਵਾਲਾਂ ਦੇ ਜਵਾਬਾਂ ਜਾਂ ਇਸ ਸਮੱਸਿਆ ਦੇ ਸੁਝਾਅ-ਹਿੱਤ ਸਵਰਾਜ ਰਾਜ ਜੀ ਨੇ ਸਾਰੇ ਨੁਕਤੇ ਵਿਚਾਰੇ। ਇਸ ਸਰੋਤਾ ਇਕੱਠ ਵਿਚ ਹੋਰਾਂ ਸਮੇਤ ਸਵਰਗਵਾਸੀ ਜੁਗਿੰਦਰ ਸਿੰਘ ਤੂਰ ਦੇ ਬੱਚਿਆਂ ਦੇ ਪਰਿਵਾਰ ਵੀ ਹਾਜ਼ਰ ਸਨ, ਸਵਰਾਜ ਹੋਰਾਂ ਦੀ ਪਤਨੀ, ਸੁਰਿੰਦਰਪਾਲ ਕੌਰ ਅਤੇ ਪੰਜਾਬੀ ਕਵਿਤਰੀ, ਸੁਰੰਦਰ ਗਿੱਲ ਵੀ ਹਾਜ਼ਰ ਸਨ ਜਿਨ੍ਹਾਂ ਦੀ ਕਾਵਿ-ਪੁਸਤਕ 'ਪੌਣਾਂ ਮੀਲ ਸਰਹੱਦ' ਵੀ ਇਸ ਮੌਕੇ ਰਿਲੀਜ਼ ਕੀਤੀ ਗਈ। ਅੰਤ ਵਿਚ ਇੰਦਰਦੀਪ ਸਿੰਘ ਜੀ ਨੇ ਸਵਰਾਜ ਰਾਜ ਹੋਰਾਂ ਨੂੰ ਉਨ੍ਹਾਂ ਦੀ ਇਸ ਅਤਿਅੰਤ ਭਾਵਪੂਰਤ ਪੇਸ਼ਕਾਰੀ ਲਈ ਸ਼ਲਾਘਾ ਕੀਤੀ ਅਤੇ ਧੰਨਵਾਦੀ ਸ਼ਬਦ ਕਹੇ। ਤੂਰ ਪਰਿਵਾਰ ਵਲੋਂ ਚਾਹ-ਪਾਣੀ ਅਤੇ ਖਾਣੇ ਦਾ ਪ੍ਰਬੰਧ ਵੀ ਹਮੇਸ਼ਾ ਵਾਂਗ ਅਤਿਉੱਤਮ ਸੀ।

*-ਰਿਪੋਰਟ: ਗੁਰਦੇਵ ਚੌਹਾਨ*

## 'ਵਿਦਰੋਹੀ ਬੋਲ' ਬਾਰੇ ਵਿਚਾਰ-ਚਰਚਾ

# 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ - ਵਾਦ ਸੰਵਾਦ' ਪੁਸਤਕ ਰਿਲੀਜ਼

**ਮਨਟਿਕਾ, ਕੈਲੀਫੋਰਨੀਆ:** ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਲੰਘੀ 9 ਅਗਸਤ ਨੂੰ ਮਨਟਿਕਾ (ਕੈਲੀਫੋਰਨੀਆ) ਵਿਖੇ ਕਰਵਾਇਆ ਗਿਆ ਵਿਸ਼ੇਸ਼ ਸਾਹਿਤਕ ਸਮਾਗਮ ਸਫ਼ਲਤਾ ਸਹਿਤ ਸੰਪੰਨ ਹੋਇਆ। ਇਸ ਸਮਾਗਮ ਦਾ ਸ਼ੁਭ-ਆਰੰਭ ਸਭਾ ਦੇ ਪ੍ਰਧਾਨ ਕੁਲਵੰਤ ਸਿੰਘ ਸੇਖੋਂ ਦੇ ਉਦਘਾਟਨੀ ਸ਼ਬਦਾਂ ਨਾਲ ਹੋਇਆ। ਮਨਦੀਪ ਗੋਰਾ ਨੇ ਡਾ. ਗੁਰਪਾਲ ਸਿੰਘ ਸੰਧੂ ਦਾ 'ਚੰਗੇ ਉੱਦਮ ਲਈ ਸ਼ੁਭ ਕਾਮਨਾਵਾਂ' ਸੰਦੇਸ਼ ਪੜ੍ਹ ਕੇ ਸੁਣਾਇਆ। ਹਰਪ੍ਰੀਤ ਕੌਰ ਧੂਤ ਨੇ ਡਾ. ਮੇਘਾ ਸਿੰਘ ਦੁਆਰਾ ਸੰਪਾਦਿਤ ਕਾਵਿ-ਸੰਗ੍ਰਹਿ 'ਵਿਦਰੋਹੀ ਬੋਲ' ਬਾਰੇ ਡਾ. ਜਸਵਿੰਦਰ ਸਿੰਘ ਦਾ ਰੀਵੀਊ ਪੇਪਰ ਪੇਸ਼ ਕੀਤਾ। ਡਾ. ਜਸਵਿੰਦਰ ਸਿੰਘ ਅਨੁਸਾਰ, 'ਡਾ. ਮੇਘਾ ਸਿੰਘ ਨੇ ਪੰਜਾਬੀ ਦੀ ਜੁਝਾਰਵਾਦੀ ਕਵਿਤਾ ਨੂੰ ਉਸਦੇ ਨਿੱਗਰ ਇਤਿਹਾਸਕ ਸੰਦਰਭ ਵਿਚ ਸਮਝ ਕੇ ਬਹੁਤ ਮਿਹਨਤ, ਲਗਨ ਅਤੇ ਵਿਚਾਰਧਾਰਕ ਸਪੱਸ਼ਟਤਾ ਨਾਲ ਚੁਣ ਕੇ ਸੰਪਾਦਿਤ ਕੀਤਾ ਹੈ। ਇਹ ਪੁਸਤਕ ਉਨ੍ਹਾਂ ਦੀ ਲੰਬੀ ਘਾਲਣਾ, ਸੁਹਿਰਦ ਪ੍ਰਤੀਬੱਧਤਾ ਅਤੇ ਲੋਕਾਈ ਦੀ ਸਮੂਹਿਕ ਜ਼ਿੰਦਗੀ ਦੇ ਹਮਵਾਰ ਖੁਸ਼ਗਵਾਰ ਤਸੱਬਰਾਂ ਪ੍ਰਤਿ ਗੂੜ੍ਹੇ ਲਗਾਓ ਦੀ ਜ਼ਾਮਨ ਹੈ।'

ਪ੍ਰੋ. ਹਰਭਜਨ ਸਿੰਘ ਨੇ 'ਵਿਦਰੋਹੀ ਬੋਲ' ਦੀਆਂ ਕਵਿਤਾਵਾਂ ਵਿਚ ਵਿਦਮਾਨ ਥੀਮਗਤ ਪਹਿਲੂਆਂ ਅਤੇ ਪ੍ਰਤੀਕਾਂ ਬਾਰੇ ਖੋਜ ਭਰਪੂਰ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ 'ਛੱਟਾ ਚਾਨਣਾਂ ਦਾ ਦਈ ਜਾਣਾ' (ਸੁਰਿੰਦਰ ਗਿੱਲ), 'ਮਸ਼ਾਲਾਂ ਬਾਲ ਕੇ ਚੱਲਣਾ' (ਮਹਿੰਦਰ ਸਾਥੀ), 'ਦੀਵਿਆਂ ਦਾ ਗੀਤ' (ਫ਼ਤਿਹਜੀਤ), 'ਚਾਨਣ ਕਦੇ ਹਰਿਆ ਨਹੀਂ' (ਸੰਤ ਰਾਮ ਉਦਾਸੀ), 'ਲੋਅ ਜਗਾਓ' (ਦਰਸ਼ਨ ਖਟਕੜ), 'ਹੋਣਾ ਲਾਜ਼ਮ ਸਵੇਰਾ' (ਪ੍ਰੋ. ਹਰਭਜਨ ਸਿੰਘ), 'ਦਹਿਕਦੇ ਅੰਗਿਆਰਾਂ 'ਤੇ' (ਪਾਸ਼) ਆਦਿ ਗੀਤਾਂ ਤੇ ਕਵਿਤਾਵਾਂ ਦੇ ਹਵਾਲੇ ਨਾਲ ਜੁਝਾਰਵਾਦੀ ਪੰਜਾਬੀ ਕਵਿਤਾ ਦੁਆਰਾ ਸਿਰਜੇ ਗਏ 'ਚਾਨਣ' ਦੇ ਸ਼ਕਤੀਸ਼ਾਲੀ ਵੰਨ-ਸੁਵੰਨੇ ਪ੍ਰਤੀਕਾਂ ਬਾਰੇ ਚਾਨਣਾ ਪਾਇਆ।

ਡਾ. ਗੁਰਪਾਲ ਸਿੰਘ ਸੰਧੂ ਦੁਆਰਾ ਸੰਪਾਦਿਤ ਅਤੇ ਲੋਕ ਗੀਤ ਮੁਹਾਲੀ ਦੁਆਰਾ



ਪ੍ਰਕਾਸ਼ਿਤ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ - ਵਾਦ ਸੰਵਾਦ' ਸੰਗ੍ਰਹਿ ਰੀਲੀਜ਼ ਕੀਤਾ ਗਿਆ। ਇਸ ਸੰਗ੍ਰਹਿ ਵਿਚ ਦਸ ਵਿਦਵਾਨ ਆਲੋਚਕਾਂ ਦੇ ਖੋਜ-ਪੱਤਰ ਅਤੇ ਪ੍ਰੋ. ਹਰਭਜਨ ਸਿੰਘ ਨਾਲ ਡਾ. ਮਨਜਿੰਦਰ ਸਿੰਘ ਦੁਆਰਾ ਕੀਤੀ ਮੁਲਾਕਾਤ ਸ਼ਾਮਲ ਹਨ। ਇਸ ਪੁਸਤਕ ਬਾਰੇ ਡਾ. ਮਾਨ ਸਿੰਘ ਢੀਂਡਸਾ ਨੇ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ - ਵਾਦ ਸੰਵਾਦ: ਇਕ ਮੁਲਾਂਕਣ' ਪੇਪਰ ਪੇਸ਼ ਕਰਦਿਆਂ ਕਿਹਾ, 'ਇਸ ਪੁਸਤਕ ਵਿਚ ਸ਼ਾਮਲ ਸਾਰੇ ਖੋਜ-ਪੱਤਰ ਅਤੇ ਪ੍ਰੋ. ਹਰਭਜਨ ਸਿੰਘ ਦੀ ਮੁਲਾਕਾਤ ਲੱਗਭਗ ਇਕ ਸਦੀ ਵਿਚ ਹੋਈਆਂ ਲੋਕ-ਪੱਖੀ ਕਰਾਂਤੀਆਂ ਦੇ ਵਿਚਾਰਧਾਰਾਈ ਵਿਗਿਆਨਕ ਵਿਸ਼ਲੇਸ਼ਣ ਦੇ ਨਾਲ-ਨਾਲ ਸਾਮਰਾਜੀ ਤੰਤਰ ਦੇ ਨਵ-ਬਸਤੀਵਾਦੀ ਮਨਸੂਬਿਆਂ ਦਾ ਪਰਦਾ ਫਾਸ਼ ਕਰਦੇ ਹਨ। ਇਹ ਖੋਜ-ਪੱਤਰ ਇਸ ਸੰਕਲਪ ਬਾਰੇ ਇਕ-ਮਤ ਹਨ ਕਿ ਲੋਕ-ਪੱਖੀ ਤੇ ਸੱਤਾਧਾਰੀ ਧਿਰ ਦਾ ਸੰਘਰਸ਼ ਹਰ ਯੁਗ ਵਿਚ ਜਾਰੀ ਰਹੇਗਾ।'

ਮਹਿੰਗਾ ਸਿੰਘ ਨੇ ਪ੍ਰੋ. ਹਰਭਜਨ ਸਿੰਘ ਦੀ ਪੁਸਤਕ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਬਾਰੇ ਗੱਲ ਕਰਦਿਆਂ ਕਾਲਾ ਸੰਘਿਆਂ ਸੰਘਰਸ਼ ਦੌਰਾਨ ਉਨ੍ਹਾਂ ਨਾਲ ਬਿਤਾਏ ਸੰਗਰਾਮੀ ਪਲਾਂ ਦੀਆਂ ਯਾਦਾਂ ਨਿੱਘੇ ਮੋਹ ਨਾਲ ਸਾਂਝੀਆਂ ਕੀਤੀਆਂ।

ਦੂਜੇ ਸੈਸ਼ਨ ਕਵੀ ਦਰਬਾਰ ਦੇ ਆਰੰਭ ਵਿਚ ਵਿਚ ਬੀਨਾ ਸਾਗਰ ਨੇ ਸੰਤ ਰਾਮ ਉਦਾਸੀ ਦੇ ਤਿੰਨ ਸ਼ਾਹਕਾਰ ਗੀਤ ਦਿਲ ਟੁੰਬਵੀਂ ਆਵਾਜ਼ ਵਿਚ ਗਾ ਕੇ ਫ਼ਿਜ਼ਾ ਨੂੰ ਕਰਾਂਤੀਕਾਰੀ ਸੰਗੀਤਕ ਤਰੰਗਾਂ ਨਾਲ ਭਰ ਦਿੱਤਾ। ਫਿਰ ਬਲਦੇਵ ਬਾਵਾ, ਜਿਓਤੀ ਸਿੰਘ, ਹਰਪ੍ਰੀਤ ਕੌਰ ਧੂਤ, ਤਾਰਾ ਸਾਗਰ, ਮਨਦੀਪ ਗੋਰਾ, ਕੁਲਵੰਤ ਸਿੰਘ ਸੇਖੋਂ, ਅੰਬਰੀਸ਼ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ। ਪ੍ਰੋ. ਹਰਭਜਨ ਸਿੰਘ ਨੇ 'ਵਿਦਰੋਹੀ ਬੋਲ' ਸੰਗ੍ਰਹਿ ਵਿਚ ਛਪੀਆਂ ਆਪਣੀਆਂ ਅੱਠ ਰਚਨਾਵਾਂ ਵਿਚੋਂ ਦੋ ਦਾ ਪਾਠ ਕੀਤਾ। ਕਵੀ ਦਰਬਾਰ ਨੂੰ ਸਰੋਤਿਆਂ ਵੱਲੋਂ ਭਰਪੂਰ ਦਾਦ ਤੇ ਭਰਵਾਂ ਹੁੰਗਾਰਾ ਮਿਲਿਆ।

ਇਸ ਦੌਰਾਨ ਡਾ. ਮਾਨ ਸਿੰਘ ਢੀਂਡਸਾ ਦਾ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮਨਦੀਪ ਗੋਰਾ ਨੇ ਬਾਖ਼ੂਬੀ ਨਿਭਾਈ। ਸਮਾਗਮ ਸ਼ਾਨਦਾਰ ਸਫਲਤਾ ਸਹਿਤ ਸੰਪੰਨ ਹੋਇਆ।

***ਰਿਪੋਰਟ : ਸਮੂਹ ਕਾਰਜਕਾਰਨੀ ਕਮੇਟੀ, ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ)***

# ਫੇਅਰਫੀਲਡ 'ਚ ਗੀਤ-ਸੰਗੀਤ ਤੇ ਗਿੱਧੇ ਦੀ ਧਮਕ ਨਾਲ ਪੰਜਾਬਣਾਂ ਨੇ ਪਾਈ ਤੀਆਂ ਦੀ ਧਮਾਲ

## *ਮਿਸ ਪੂਜਾ ਦੀ ਗਾਇਕੀ ਨਾਲ ਉੱਠਦੇ ਰਹੇ ਪੱਬ*








**ਸਾਨ ਫਰਾਂਸਿਸਕੋ: (ਐਸ ਅਸ਼ੋਕ ਭੌਰਾ):** ਇਥੋਂ ਦੇ ਫੇਅਰਫੀਲਡ ਸ਼ਹਿਰ 'ਚ ਗਗਨਦੀਪ ਕੌਰ ਕੰਗ ਦੀ ਅਗਵਾਈ ਹੇਠ ਪੰਜਾਬ ਦਾ ਰਵਾਇਤੀ ਤੀਆਂ ਦਾ ਤਿਉਹਾਰ ਸਥਾਨਕ ਪੰਜਾਬਣਾਂ ਨੇ ਸੀ ਸੀ ਵਿੱਲੋ ਹਾਲ ਵਿਖੇ ਉਤਸ਼ਾਹ ਨਾਲ ਮਨਾਇਆ, ਜਿਸ ਵਿਚ ਪੰਦਰਾਂ ਸੌ ਤੋਂ ਵੱਧ ਪੰਜਾਬਣਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜਿਥੇ ਗਿੱਧੇ ਦੀ ਧਮਕ ਨਾਲ ਹਾਲ ਗੂੰਜਦਾ ਰਿਹਾ ਉਥੇ ਭੰਗੜਾ, ਹਾਸ-ਰਸ ਸਕਿੱਟਾਂ ਤੇ ਪੰਜਾਬੀ ਲੋਕ ਗੀਤਾਂ 'ਤੇ ਕੋਰੀਓਗ੍ਰਾਫੀ ਨਾਲ ਨਿਵੇਕਲਾ ਰੰਗ ਬੱਝਿਆ। ਦਰਸ਼ਕਾਂ 'ਚ ਬੈਠੀਆਂ ਬਜ਼ੁਰਗ ਬੀਬੀਆਂ ਦੀ ਜਦ ਆਪ ਮੁਹਾਰੇ ਅੱਡੀ ਉੱਠੀ ਤਾਂ ਤੀਆਂ ਦੀ ਰਵਾਇਤੀ ਸਿਖਰ ਹੋ ਨਿਬੜੀ।

ਮਿਸ ਪੂਜਾ ਦੇ ਤਾਂ ਫਿਰ ਕਿਆ ਕਹਿਣੇ, ਇੱਕ ਤਰ੍ਹਾਂ ਨਾਲ ਮੇਲਾ ਹੀ ਲੁੱਟ ਲਿਆ। 'ਗੋਰਿਆਂ ਪੈਰਾਂ ਦੇ ਵਿਚ ਚਾਂਦੀ ਦੀਆਂ ਝਾਂਜਰਾਂ', ਤੇ 'ਤੈਨੂੰ ਤੀਆਂ ਨੂੰ ਲੈਣ ਨਾ ਆਏ...' ਆਦਿ ਦਰਜਨਾਂ ਗੀਤ ਗਾ ਕੇ ਉਸ ਨੇ ਚੰਗਾ ਸਮਾਂ ਬੰਨ੍ਹਿਆ। ਉਸ ਦੇ ਗੀਤਾਂ 'ਤੇ ਪੰਜਾਬਣਾਂ ਨੇ ਨੱਚ-ਨੱਚ ਕੇ ਧਮਾਲਾਂ ਪਾਈਆਂ ਅਤੇ ਤੀਆਂ ਦੇ ਸਾਰੇ ਚਾਅ ਪੂਰੇ ਕਰ ਦਿੱਤੇ।

ਪ੍ਰੋਗਰਾਮ ਦੀ ਮੁਖ ਪ੍ਰਬੰਧਕ ਗਗਨਦੀਪ ਕੌਰ ਕੰਗ ਨੇ ਕਿਹਾ ਕਿ ਇਸ ਤਿਉਹਾਰ ਨੂੰ ਮਨਾ ਕੇ ਇਉਂ ਲਗਦਾ ਹੈ ਜਿਵੇਂ ਰੂਹ ਪੰਜਾਬ ਦੇ ਪਿੱਪਲਾਂ ਹੇਠਾਂ ਪਾਈਆਂ ਪੀਘਾਂ ਦੇ ਅੰਗ-ਸੰਗ ਘੁੰਮਣ ਲੱਗੀ ਹੈ। ਉਨ੍ਹਾਂ ਹੁੰਮ-ਹੁਮਾ ਕੇ ਪੁੱਜੀਆਂ ਪੰਜਾਬਣਾਂ ਦਾ ਧੰਨਵਾਦ ਕੀਤਾ। ਖਾਣ-ਪੀਣ ਤੇ ਪੰਜਾਬਣਾਂ ਦੇ ਹਾਰ-ਸ਼ਿੰਗਾਰ ਦੇ ਰਵਾਇਤੀ ਸਟਾਲ ਖ੍ਰੀਦੋ-ਫਰੋਖਤ 'ਚ ਆਕਰਸ਼ਣ ਬਣੇ ਰਹੇ। ਮੰਚ ਦਾ ਸੰਚਾਲਨ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਕੀਤਾ ਤੇ ਮਰਹੂਮ ਆਸਾ ਸਿੰਘ ਮਸਤਾਨਾ ਦੀ ਪੋਤਰੀ ਨਿਮਰਤ ਮਸਤਾਨਾ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਸਨ।

# ਯੂ.ਪੀ.ਏ. ਨੇ ਵੀ ਸੂਬਿਆਂ ਨੂੰ ਕਮਜ਼ੋਰ ਕਰਨ ਵਿਚ ਭੂਮਿਕਾ ਨਿਭਾਈ: ਉਮਰ ਅਬਦੁੱਲਾ

**ਸ੍ਰੀਨਗਰ:** ਜੰਮੂ- ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸੋਮਵਾਰ ਨੂੰ ਕਿਹਾ ਕਿ ਸਿੱਖਿਆ ਤੇ ਸਿਹਤ ਖੇਤਰਾਂ ਵਿਚ ਰਾਜਾਂ ਦੀਆਂ ਸ਼ਕਤੀਆਂ ਨੂੰ ਕਮਜ਼ੋਰ ਕਰਨਾ ਸਿਰਫ਼ ਭਾਜਪਾ ਦਾ ਕੰਮ ਨਹੀਂ ਹੈ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਵਿਚ ਯੂ.ਪੀ.ਏ. ਸਮੇਤ ਪਿਛਲੀਆਂ ਸਰਕਾਰਾਂ ਨੇ ਵੀ ਅਧਿਕਾਰਾਂ ਦੇ ਹੌਲੀ-ਹੌਲੀ ਕੇਂਦਰੀਕਰਨ ਵਿਚ ਯੋਗਦਾਨ ਪਾਇਆ ਸੀ। ਉਮਰ ਅਬਦੁੱਲਾ ਝਾਰਖੰਡ ਵਿਚ ਚੱਲ ਰਹੇ ਵਿਦਿਆਰਥੀ ਵਿਰੋਧ ਪ੍ਰਦਰਸ਼ਨਾਂ ਅਤੇ ਸਰਕਾਰ ਦੇ ਦੂਜੇ ਦੌਰ ਦੀ ਗੱਲਬਾਤ ਕਰਨ ਦੇ ਫੈਸਲੇ ਬਾਰੇ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਜੇਕਰ ਵਿਦਿਆਰਥੀਆਂ ਦੀਆਂ ਮੰਗਾਂ ਜਾਇਜ਼ ਪਾਈਆਂ ਜਾਂਦੀਆਂ ਹਨ ਤਾਂ ਗੱਲਬਾਤ ਜਾਰੀ ਰਹਿਣੀ ਚਾਹੀਦੀ ਹੈ। ਜੇਕਰ ਵਿਦਿਆਰਥੀਆਂ ਦੀਆਂ ਮੰਗਾਂ ਜਾਇਜ਼ ਹਨ, ਤਾਂ ਉਨ੍ਹਾਂ ਨਾਲ ਚਰਚਾ ਹੋਣੀ ਚਾਹੀਦੀ ਹੈ। ਜੇਕਰ ਉਹ ਨਹੀਂ ਹਨ, ਤਾਂ ਇਹ ਸਪੱਸ਼ਟ ਤੌਰ 'ਤੇ ਦੱਸਿਆ ਜਾਣਾ ਚਾਹੀਦਾ ਹੈ। ਉਮਰ ਨੇ ਕਿਹਾ ਕਿ ਇਹ ਮੁੱਦਾ ਝਾਰਖੰਡ ਤੱਕ ਸੀਮਤ ਨਹੀਂ ਹੈ ਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਆਪਣੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਥਿਤੀ ਨੂੰ ਦੁਹਰਾਉਣ ਲਈ ਮੌਕੇ ਦੀ ਵਰਤੋਂ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਅਤੇ ਸਿਹਤ ਸੰਭਾਲ ਰਾਜਾਂ ਦੇ ਅਧੀਨ ਵਿਸ਼ੇ ਸਨ ਅਤੇ ਰਾਜਾਂ ਦੀਆਂ ਸ਼ਕਤੀਆਂ ਨੂੰ ਹੌਲੀ-ਹੌਲੀ ਘਟਾਉਣ ਲਈ ਲਗਾਤਾਰ ਕੇਂਦਰੀ ਸਰਕਾਰਾਂ ਦੀ ਆਲੋਚਨਾ ਕੀਤੀ। ਇਹ ਸਿਰਫ ਭਾਜਪਾ ਦੀ ਗਲਤੀ ਨਹੀਂ ਹੈ। ਪਿਛਲੀਆਂ ਕਾਂਗਰਸ ਅਤੇ ਯੂ.ਪੀ.ਏ. ਸਰਕਾਰਾਂ ਨੇ ਵੀ ਰਾਜਾਂ ਨੂੰ ਕਮਜ਼ੋਰ ਕਰਨ ਵਿਚ ਭੂਮਿਕਾ ਨਿਭਾਈ ਹੈ।



# ਪੰਜਾਬੀਆਂ ਦੀ ਨਾਕਾਬੰਦੀ ਕਰਨ ਦੀ ਵੱਖ-ਵੱਖ ਜਥੇਬੰਦੀਆਂ ਵੱਲੋਂ ਸਖ਼ਤ ਨਿਖੇਧੀ

**ਜਲੰਧਰ:** ਪੰਜਾਬ ਚੇਤਨਾ ਮੰਚ ਜਲੰਧਰ, ਫੋਕਲੋਰ ਰੀਸਰਚ ਅਕਾਦਮੀ ਅੰਮ੍ਰਿਤਸਰ, ਕੇਂਦਰੀ ਪੰਜਾਬੀ ਲੇਖਕ ਸਭਾ ਤੇ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਆਗੂਆਂ ਨੇ ਇਕ ਸਾਂਝੇ ਬਿਆਨ ਵਿਚ ਕੇਂਦਰ ਸਰਕਾਰ, ਹਰਿਆਣਾ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਪੰਜਾਬੀਆਂ ਦੀ ਕੀਤੀ ਗਈ ਨਾਕਾਬੰਦੀ ਦੀ ਸਖ਼ਤ ਆਲੋਚਨਾ ਕਰਦਿਆਂ ਉਪਰੋਕਤ ਸਰਕਾਰਾਂ ਨੂੰ ਤਾੜਨਾ ਕੀਤੀ ਹੈ ਕਿ ਪੁਰਅਮਨ ਢੰਗ ਨਾਲ ਆਪਣੀਆਂ ਮੰਗਾਂ ਲਈ ਰੋਸ ਪ੍ਰਗਟ ਕਰਨ ਦਾ ਹੋਰ ਦੇਸ਼ ਵਾਸੀਆਂ ਵਾਂਗ ਪੰਜਾਬੀਆਂ ਨੂੰ ਸੰਵਿਧਾਨ ਅਨੁਸਾਰ ਮਿਲਿਆ ਜ਼ਰੂਰੀ ਅਧਿਕਾਰ ਹੈ। ਇਸ ਮਕਸਦ ਲਈ ਉਨ੍ਹਾਂ ਨੂੰ ਆਪਣੀ ਕੌਮੀ ਰਾਜਧਾਨੀ ਦਿੱਲੀ ਅਤੇ ਸੂਬਾਈ ਰਾਜਧਾਨੀ ਚੰਡੀਗੜ੍ਹ ਜਾਣ ਦਾ ਪੂਰਾ-ਪੂਰਾ ਹੱਕ ਹੈ। ਇਹ ਬਿਆਨ ਪੰਜਾਬ ਚੇਤਨਾ ਮੰਚ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਜਨਰਲ ਸਕੱਤਰ ਸਤਨਾਮ ਸਿੰਘ ਮਾਣਕ, ਜਥੇਬੰਦਕ ਸਕੱਤਰ ਗੁਰਮੀਤ ਪਲਾਹੀ, ਫੋਕਲੋਰ ਰੀਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਸਿੰਘ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਪੰਜਾਬ ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਸੁਰਜੀਤ ਜੱਜ ਵਲੋਂ ਜਾਰੀ ਕੀਤਾ ਗਿਆ ਹੈ। ਆਪਣਾ ਬਿਆਨ ਜਾਰੀ ਰੱਖਦਿਆਂ ਇਨ੍ਹਾਂ ਆਗੂਆਂ ਨੇ ਕਿਹਾ ਹੈ ਕਿ ਪੰਜਾਬੀਆਂ ਦੇ ਇਸ ਅਧਿਕਾਰ ਦੀ ਕੇਂਦਰੀ ਸਰਕਾਰ, ਹਰਿਆਣਾ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਵਾਰ-ਵਾਰ ਉਲੰਘਣਾ ਕਰਕੇ, ਉਨ੍ਹਾਂ ਨੂੰ ਨਾ ਕੇਵਲ ਕੌਮੀ ਰਾਜਧਾਨੀ ਦਿੱਲੀ ਅਤੇ ਸੂਬਾਈ ਰਾਜਧਾਨੀ ਚੰਡੀਗੜ੍ਹ ਜਾਣ ਤੋਂ ਵਾਰ-ਵਾਰ ਰੋਕਿਆ ਜਾ ਰਿਹਾ ਹੈ। ਬੈਰੀਕੇਡਿੰਗ ਕਰਕੇ, ਸੀਮਿੰਟ ਦੀਆਂ ਸਿੱਲਾਂ ਸੜਕਾਂ 'ਤੇ ਖੜ੍ਹੀਆਂ ਕਰਕੇ ਅਤੇ ਕੰਡਿਆਲੀਆਂ ਤਾਰਾਂ ਵਿਛਾ ਕੇ, ਪਾਣੀ ਦੀਆਂ ਬੁਛਾੜਾਂ ਮਾਰ ਕੇ, ਅੱਥਰੂ ਗੈਸ ਦੇ ਗੋਲੇ ਦਾਗ਼ ਕੇ ਅਤੇ ਇਥੋਂ ਤੱਕ ਕਿ ਕਈ ਵਾਰ ਫਾਇਰਿੰਗ ਕਰਕੇ ਵੀ ਉਨ੍ਹਾਂ ਨੂੰ ਜਾਣ ਤੋਂ ਰੋਕਿਆ ਜਾਂਦਾ ਹੈ। ਇਸ ਕਾਰਨ ਸਮੇਂ-ਸਮੇਂ ਉਨ੍ਹਾਂ 'ਤੇ ਸੰਗੀਨ ਧਰਾਵਾਂ ਅਧੀਨ ਕੇਸ ਵੀ ਦਰਜ ਕੀਤੇ ਜਾਂਦੇ ਹਨ।

2020 ਤੋਂ ਬਾਅਦ ਤੋਂ ਹੀ ਸਿਲਸਿਲਾ ਲਗਾਤਾਰ ਚਲਦਾ ਆ ਰਿਹਾ ਹੈ। ਪਿਛਲੇ ਦਿਨਾਂ ਵਿਚ ਹੀ ਕੌਮੀ ਇਨਸਾਫ਼ ਮੋਰਚਾ, ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਸੰਯੁਕਤ ਕਿਸਾਨ ਮੋਰਚੇ ਨੂੰ ਕ੍ਰਮਵਾਰ ਚੰਡੀਗੜ੍ਹ ਤੇ ਦਿੱਲੀ ਜਾਣ ਤੋਂ ਰੋਕਿਆ ਗਿਆ ਹੈ। ਕੇਂਦਰ ਸਰਕਾਰ, ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਪੰਜਾਬੀਆਂ ਦੇ ਇਸ ਜਮਹੂਰੀ ਅਧਿਕਾਰ ਦਾ ਸਨਮਾਨ ਕਰਨਾ ਚਾਹੀਦਾ ਹੈ, ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਉਪਰੋਕਤ ਸਰਕਾਰਾਂ ਨੂੰ ਪੰਜਾਬੀਆਂ ਦੇ ਹੋਰ ਵੀ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ।



# ਐੱਨ.ਟੀ.ਏ. ਵਲੋਂ ਪ੍ਰੀਖਿਆ ਪ੍ਰਣਾਲੀ 'ਚ ਵੱਡੇ ਬਦਲਾਅ ਸ਼ੁਰੂ

## 50 ਕਰਮਚਾਰੀ ਹਟਾਏ, 10 ਅਹੁਦਿਆਂ ਲਈ ਇਸ਼ਤਿਹਾਰ ਦਿੱਤਾ

**ਨਵੀਂ ਦਿੱਲੀ:** ਸਿੱਖਿਆ ਮੰਤਰਾਲੇ ਨੇ ਸੋਮਵਾਰ ਨੂੰ ਕਿਹਾ ਕਿ ਨੈਸ਼ਨਲ ਟੈਸਟਿੰਗ ਏਜੰਸੀ (ਐੱਨ.ਟੀ.ਏ.) ਨੇ ਆਪਣੇ 50 ਤੋਂ ਵੱਧ ਕਰਮਚਾਰੀਆਂ ਨੂੰ ਹਟਾ ਦਿੱਤਾ ਹੈ ਤੇ ਪੂਰੀ ਪ੍ਰੀਖਿਆ ਪ੍ਰਣਾਲੀ ਦੇ ਸੁਧਾਰ ਦੇ ਹਿੱਸੇ ਵਜੋਂ ਮੁੱਖ ਲੀਡਰਸ਼ਿਪ ਅਹੁਦਿਆਂ 'ਤੇ ਪੇਸ਼ੇਵਰਾਂ ਨੂੰ ਨਿਯੁਕਤ ਕਰ ਰਹੀ ਹੈ। ਇਹ ਕਦਮ ਐੱਨ.ਟੀ.ਏ. ਵਲੋਂ ਤਿੰਨ ਵਿਸ਼ਿਆਂ ਲਈ ਯੂ.ਜੀ.ਸੀ.ਐੱਨ.ਈ.ਟੀ. ਪ੍ਰੀਖਿਆ ਪੇਪਰਾਂ 'ਚ ਕਈ ਗਲਤੀਆਂ ਕਾਰਨ ਵਿਦਵਾਨਾਂ ਲਈ ਦੁਬਾਰਾ ਪ੍ਰੀਖਿਆ ਦੇ ਆਦੇਸ਼ ਦੇਣ ਤੋਂ ਬਾਅਦ ਆਇਆ ਹੈ।

ਇਹ ਬਦਲਾਅ ਪੇਪਰ ਲੀਕ ਦੇ ਦੋਸ਼ਾਂ ਕਾਰਨ ਨੀਟ-ਯੂ.ਜੀ. 2026 ਪ੍ਰੀਖਿਆ ਰੱਦ ਕਰਨ ਤੋਂ ਕੁਝ ਮਹੀਨਿਆਂ ਬਾਅਦ ਆਏ ਹਨ।ਮੰਤਰਾਲੇ ਨੇ ਐਕਸ 'ਤੇ ਪੋਸਟ 'ਚ ਕਿਹਾ ਕਿ ਕੇਂਦਰੀ ਸਿੱਖਿਆ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਉੱਚ ਸਿੱਖਿਆ ਵਿਭਾਗ ਦੇ ਸਕੱਤਰ, ਐੱਨ.ਟੀ.ਏ. ਦੇ ਡਾਇਰੈਕਟਰ ਜਨਰਲ ਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਨੂੰ ਹਾਲ ਹੀ ਦੇ ਮੁੱਦਿਆਂ ਅਤੇ ਏਜੰਸੀ ਦੁਆਰਾ ਪੂਰੇ ਪ੍ਰੀਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦਿੱਤੀ ਗਈ।

ਮੰਤਰਾਲੇ ਨੇ ਕਿਹਾ ਕਿ ਮੰਤਰੀ ਨੂੰ ਦੱਸਿਆ ਗਿਆ ਕਿ ਐੱਨ.ਟੀ.ਏ. ਤੋਂ 50 ਤੋਂ ਵੱਧ ਕਰਮਚਾਰੀਆਂ ਨੂੰ ਹਟਾ ਦਿੱਤਾ ਗਿਆ ਹੈ।"ਮੰਤਰਾਲੇ ਨੇ ਕਿਹਾ ਕਿ ਦਸ ਨਵੇਂ ਪੇਸ਼ੇਵਰ ਲੀਡਰਸ਼ਿਪ ਅਹੁਦਿਆਂ ਲਈ ਇਸ਼ਤਿਹਾਰ ਜਾਰੀ ਕੀਤੇ ਗਏ ਹਨ - ਜਿਨ੍ਹਾਂ 'ਚ ਮੁੱਖ ਤਕਨਾਲੋਜੀ ਅਧਿਕਾਰੀ, ਮੁੱਖ ਵਿੱਤ ਅਧਿਕਾਰੀ, ਸੀ.ਆਈ.ਐੱਸ.ਓ., ਜੀ.ਐੱਮ. (ਟੈਸਟ ਸੁਰੱਖਿਆ) ਤੇ ਜੀ.ਐੱਮ. (ਆਰ ਅਤੇ ਡੀ ਅਤੇ ਸਾਈਕੋਮੈਟ੍ਰਿਕਸ) ਸ਼ਾਮਿਲ ਹਨ, ਅਤੇ ਭਰਤੀ ਜਾਰੀ ਹੈ।"ਮੰਤਰਾਲੇ ਨੇ ਇਹ ਵੀ ਕਿਹਾ ਕਿ ਸਾਈਬਰ ਸੁਰੱਖਿਆ, ਮਨੋਵਿਗਿਆਨ, ਪ੍ਰਸ਼ਨ ਪੱਤਰ ਡਿਜ਼ਾਈਨ ਅਤੇ ਹੋਰ ਵਿਸ਼ੇਸ਼ ਖੇਤਰਾਂ ਲਈ ਨਿੱਜੀ ਖੇਤਰ ਦੇ ਡੋਮੇਨ ਮਾਹਿਰਾਂ ਨੂੰ ਲਿਆਂਦਾ ਜਾ ਰਿਹਾ ਹੈ।ਮੰਤਰਾਲੇ ਅਨੁਸਾਰ, ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਸਥਾਪਿਤ ਪ੍ਰੀਖਿਆ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

ਮੰਤਰਾਲੇ ਨੇ ਕਿਹਾ ਕਿ ਐੱਨ.ਟੀ.ਏ. ਨੂੰ ਸਾਰੀਆਂ ਪ੍ਰੀਖਿਆ ਪ੍ਰਕਿਰਿਆਵਾਂ ਦਾ ਡੂੰਘਾਈ ਨਾਲ ਆਡਿਟ ਕਰਨ ਅਤੇ ਸੁਧਾਰਾਤਮਕ ਉਪਾਵਾਂ 'ਤੇ ਇਕ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਮੀਟਿੰਗ ਐੱਨ.ਟੀ.ਏ. ਵਲੋਂ ਐਤਵਾਰ ਰਾਤ ਨੂੰ ਐਲਾਨ ਕੀਤੇ ਜਾਣ ਬਾਅਦ ਹੋਈ ਕਿ ਉਹ ਯੂ.ਜੀ.ਸੀ.-ਨੈੱਟ ਜੂਨ 2026 ਦੇ ਤਿੰਨ ਪੇਪਰਾਂ- ਅੰਗਰੇਜ਼ੀ, ਵਣਜ ਤੇ ਸਮਾਜ ਸ਼ਾਸਤਰ ਲਈ ਦੁਬਾਰਾ ਪ੍ਰੀਖਿਆ ਲਵੇਗਾ, ਇਨ੍ਹਾਂ ਪੇਪਰਾਂ ਵਿੱਚ ਕਈ ਗਲਤੀਆਂ ਦੀਆਂ ਸ਼ਿਕਾਇਤਾਂ ਮਿਲੀਆਂ ਸਨ।




# 'ਦਿਮਾਗੀ ਨਕਸਲੀ' ਹੋਣ 'ਤੇ ਮਾਣ ਹੈ: ਕੇਜਰੀਵਾਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ 'ਦਿਮਾਗੀ ਨਕਸਲੀ ਹੋਣ 'ਤੇ ਮਾਣ ਹੈ ਕਿਉਂਕਿ ਉਹ ਇਕ 'ਸੱਚੇ ਦੇਸ਼ ਭਗਤ ਹਨ ਅਤੇ ਭਾਜਪਾ ਤੋਂ ਨਹੀਂ ਡਰਦੇ। ਇਥੇ ਦੱਸਣਯੋਗ ਹੈ ਕਿ ਪਿਛਲੇ ਹਫ਼ਤੇ 80ਵੇਂ ਆਜ਼ਾਦੀ ਦਿਹਾੜੇ ਮੌਕੇ 'ਤੇ ਲਾਲ ਕਿਲ੍ਹੇ ਤੋਂ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਦੇਸ਼ ਜੰਗਲਾਂ 'ਚੋਂ ਹਥਿਆਰਬੰਦ ਨਕਸਲਵਾਦ ਨੂੰ ਖ਼ਤਮ ਕਰਨ ਵਿਚ ਸਫਲ ਰਿਹਾ ਹੈ, ਪਰ ਉਨ੍ਹਾਂ ਚਿਤਾਵਨੀ ਦਿੱਤੀ ਕਿ ਇਸ ਦੇ ਵਿਚਾਰਧਾਰਕ ਸਮਰਥਕ ਹਿੰਸਾ ਅਤੇ ਅਰਾਜਕਤਾ ਨੂੰ ਵਧਾਉਣ ਦੇ ਮੌਕੇ ਭਾਲ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਜੰਗਲਾਂ ਵਿਚ ਹਥਿਆਰਬੰਦ ਨਕਸਲੀਆਂ ਤੋਂ ਛੁਟਕਾਰਾ ਪਾਉਣ ਵਿਚ ਸਫਲ ਹੋ ਗਏ ਹਾਂ ਪਰ 'ਦਿਮਾਗੀ ਨਕਸਲੀ' (ਬੌਧਿਕ ਨਕਸਲੀ) ਹਿੰਸਾ ਅਤੇ ਬ ਅਸ਼ਾਂਤੀ ਫੈਲਾਉਣ ਦੇ ਮੌਕੇ ਭਾਲ ਰਹੇ ਹਨ। ਉਹ ਸਮਾਜ ਨੂੰ ਗਲਤ ਰਾਹ 'ਤੇ ਲੈ ਕੇ ਜਾਣਾ ਚਾਹੁੰਦੇ ਹਨ। ਆਪਣੇ ਆਪ ਨੂੰ 'ਦਿਮਾਗੀ ਨਕਸਲੀ ਕਰਾਰ ਦਿੰਦਿਆਂ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਅਜਿਹਾ ਹੋਣ 'ਤੇ ਮਾਣ ਹੈ। ਕੇਜਰੀਵਾਲ ਨੇ ਇਕ ਵੀਡੀਓ ਸੰਦੇਸ਼ ਵਿਚ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਨੁਸਾਰ ਜੋ ਲੋਕ ਸਵਾਲ ਪੁੱਛਣ ਦੀ ਹਿੰਮਤ ਕਰਦੇ ਹਨ ਅਤੇ ਭਾਜਪਾ ਤੋਂ ਨਹੀਂ। ਡਰਦੇ, ਉਹ 'ਦਿਮਾਗੀ ਨਕਸਲੀ ਹਨ। ਉਨ੍ਹਾਂ ਕਿਹਾ ਕਿ ਜੇਕਰ ਸ਼ਹੀਦ ਭਗਤ ਸਿੰਘ ਅਤੇ ਡਾ: ਬੀ.ਆਰ. ਅੰਬੇਡਕਰ ਅੱਜ" ਜਿਉਂਦੇ ਹੁੰਦੇ, ਤਾਂ ਪ੍ਰਧਾਨ ਮੰਤਰੀ ਮੁਤਾਬਿਕ ਉਨ੍ਹਾਂ ਨੂੰ ਵੀ 'ਦਿਮਾਗੀ ਨਕਸਲੀ' ਹੀ ਕਿਹਾ ਜਾਂਦਾ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਜਿਹੜੇ ਲੋਕ ਭ੍ਰਿਸ਼ਟਾਚਾਰ-ਮੁਕਤ ਬਿਹਤਰ ਪ੍ਰਣਾਲੀ ਅਤੇ ਬਿਹਤਰ ਸਹੂਲਤਾਂ, ਜਿਵੇਂ ਕਿ ਜਲ-ਨਿਕਾਸੀ ਪ੍ਰਣਾਲੀ ਤੇ ਵਧੀਆ ਹਸਪਤਾਲ ਚਾਹੁੰਦੇ ਹਨ। ਪ੍ਰਧਾਨ ਮੰਤਰੀ ਮੋਦੀ ਉਨ੍ਹਾਂ ਨੂੰ 'ਦਿਮਾਗੀ ਨਕਸਲੀ' ਕਹਿਣਗੇ। ਕੇਜਰੀਵਾਲ ਨੇ ਕਿਹਾ ਕਿ ਮੈਂ ਇਕ ਸੱਚਾ ਦੇਸ਼ ਭਗਤ ਹਾਂ, ਇਸ ਲਈ ਪ੍ਰਧਾਨ ਮੰਤਰੀ ਮੁਤਾਬਿਕ ਮੈਂ ਇਕ, 'ਦਿਮਾਗੀ ਨਕਸਲੀ' ਹਾਂ। ਜੇਕਰ ਕੋਈ ਭਾਰਤ ਵਿਰੁੱਧ ਕੁਝ ਵੀ ਕਹਿੰਦਾ ਹੈ, ਤਾਂ ਮੈਂ ਪੂਰੇ ਜ਼ੋਰ ਨਾਲ ਉਸਦਾ ਵਿਰੋਧ ਕਰਾਂਗਾ।



# ਕਿਸਾਨਾਂ ਦੀ ਕੇਂਦਰ ਨਾਲ ਲੜਾਈ ਦਾ ਕੇਂਦਰ ਅਮਰੀਕਾ ਨਾਲ ਵਪਾਰਕ ਸਮਝੌਤਾ

**ਚੰਡੀਗੜ੍ਹ:** ਭਾਰਤ-ਅਮਰੀਕਾ ਵਿਚਾਲੇ ਤਜਵੀਜ਼ਸ਼ੁਦਾ ਵਪਾਰਕ ਸਮਝੌਤਾ ਇਕ ਵਾਰ ਮੁੜ ਕਿਸਾਨੀ 'ਚ ਅਸਥਿਰਤਾ ਲਿਆ ਰਿਹਾ ਹੈ। ਕਿਸਾਨ ਜਥੇਬੰਦੀਆਂ ਇਸ ਨੂੰ ਭਾਰਤੀ ਖੇਤੀ ਦੀ ਮੌਤ ਦਾ ਹੁਕਮਨਾਮਾ ਕਰਾਰ ਦੇ ਰਹੀਆਂ ਹਨ। ਅਮਰੀਕੀ ਖੇਤੀ ਵੱਡੀਆਂ ਜ਼ਮੀਨਾਂ, ਭਾਰੀਆਂ ਸਬਸਿਡੀਆਂ ਤੇ ਉੱਨਤ ਮਸ਼ੀਨਰੀ 'ਤੇ ਟਿਕੀ ਹੋਈ ਹੈ। ਇਸ ਦੇ ਮੁਕਾਬਲੇ ਪੰਜਾਬ 'ਚ 86 ਫ਼ੀਸਦੀ ਤੋਂ ਵੱਧ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। ਜੇ ਅਮਰੀਕੀ ਅਨਾਜ, ਦਾਲਾਂ, ਫਲ, ਸੋਇਆਬੀਨ ਤੇਲ, ਡੇਅਰੀ ਉਤਪਾਦ ਤੇ ਹੋਰ ਖ਼ੁਰਾਕੀ ਵਸਤੂਆਂ ਘੱਟ ਜਾਂ ਜ਼ੀਰੋ ਟੈਰਿਫ 'ਤੇ ਭਾਰਤੀ ਬਾਜ਼ਾਰ 'ਚ ਆ ਗਈਆਂ ਤਾਂ ਘਰੇਲੂ ਕੀਮਤਾਂ ਡਿੱਗ ਜਾਣਗੀਆਂ। ਐੱਮਐੱਸਪੀ ਦੀ ਗਾਰੰਟੀ ਵਾਲੀਆਂ ਫ਼ਸਲਾਂ ਤੇ ਡੇਅਰੀ ਖੇਤਰ ਵੀ ਖ਼ਤਰੇ 'ਚ ਪੈ ਸਕਦਾ ਹੈ। ਇਸ ਨੂੰ ਲੈ ਕੇ ਪੰਜਾਬ 'ਚ ਵੱਡਾ ਵਿਰੋਧ ਛਿੜ ਚੁੱਕਾ ਹੈ। ਧਰਨੇ, ਮੁਜ਼ਾਹਰੇ, ਟਰੈਕਟਰ ਮਾਰਚ, ਮੋਟਰਸਾਈਕਲ ਰੈਲੀਆਂ ਤੇ ਪੁਤਲੇ ਸਾੜੇ ਜਾ ਰਹੇ ਹਨ। ਕਿਸਾਨਾਂ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਸਮਝੌਤਾ ਹੋਇਆ ਤਾਂ ਦੇਸ਼-ਪੱਧਰੀ ਅੰਦੋਲਨ ਹੋਵੇਗਾ। ਅਸਲ 'ਚ ਇਹ ਵਿਰੋਧ ਸਿਰਫ਼ ਟਰੇਡ ਡੀਲ ਤਕ ਸੀਮਿਤ ਨਹੀਂ ਹੈ। ਬਿਜਲੀ ਸੋਧ ਬਿੱਲ-2025, ਬੀਜ ਬਿੱਲ-2025, ਲੈਂਡ ਪੂਲਿੰਗ ਨੀਤੀ ਤੇ ਕਰਜ਼ਾ ਮਾਫ਼ੀ ਵਰਗੀਆਂ ਮੰਗਾਂ ਵੀ ਇਸ ਨਾਲ ਜੁੜੀਆਂ ਹੋਈਆਂ ਹਨ। ਇਸ ਵਿਰੋਧ ਦੀ ਅਗਵਾਈ ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਤੇ ਸੰਯੁਕਤ ਕਿਸਾਨ ਮੋਰਚਾ ਗ਼ੈਰ-ਸਿਆਸੀ ਕਰ ਰਹੇ ਹਨ। ਬੇਸ਼ੱਕ ਦੋਵੇਂ ਟਰੇਡ ਡੀਲ ਦੇ ਖ਼ਿਲਾਫ਼ ਹਨ ਪਰ ਉਨ੍ਹਾਂ ਦੀ ਪਹੁੰਚ ਤੇ ਰਣਨੀਤੀ 'ਚ ਫ਼ਰਕ ਹੈ।

ਐੱਸਕੇਐੱਮ ਟਰੇਡ ਯੂਨੀਅਨਾਂ ਨਾਲ ਮਿਲ ਕੇ ਹੜਤਾਲਾਂ, ਜੇਲ੍ਹ ਭਰੋ ਤੇ ਰਾਸ਼ਟਰੀ ਪੱਧਰ 'ਤੇ ਪ੍ਰਦਰਸ਼ਨ ਕਰਦਾ ਹੈ। ਉਨ੍ਹਾਂ ਨੇ ਰਾਸ਼ਟਰਪਤੀ ਨੂੰ ਖੁੱਲ੍ਹਾ ਪੱਤਰ ਲਿਖਿਆ ਹੈ, ਮੁਕਤ ਵਪਾਰ ਸਮਝੌਤਿਆਂ ਨੂੰ ਰੱਦ ਕਰਨ, ਸਾਰੇ ਦਸਤਾਵੇਜ਼ ਜਨਤਕ ਕਰਨ ਤੇ ਸੰਸਦ 'ਚ ਬਹਿਸ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੀ ਰਣਨੀਤੀ ਸੂਬਾ ਸਰਕਾਰਾਂ ਤੇ ਵਿਰੋਧੀ ਧਿਰਾਂ ਨਾਲ ਸੰਪਰਕ ਰੱਖਣ ਵਾਲੀ ਹੈ। ਦੂਜੇ ਪਾਸੇ ਸੰਯੁਕਤ ਕਿਸਾਨ ਮੋਰਚਾਗੈਰ-ਸਿਆਸੀ.ਆਪਣੇ ਨਾਮ ਅਨੁਸਾਰ ਸਿਆਸੀ ਧਿਰਾਂ ਤੋਂ ਦੂਰ ਰਹਿਣ ਦਾ ਦਾਅਵਾ ਕਰਦਾ ਹੈ। ਉਨ੍ਹਾਂ ਦਾ ਜ਼ੋਰ ਇਸ ਗੱਲ 'ਤੇ ਹੈ ਕਿ ਕਿਸਾਨੀ ਮੁੱਦਿਆਂ ਨੂੰ ਸਿਆਸੀ ਧਿਰਾਂ ਦੇ ਹਿੱਤਾਂ ਤੋਂ ਵੱਖ ਰੱਖਿਆ ਜਾਵੇ। ਦੋਵਾਂ ਧਿਰਾਂ ਵਿਚਾਲੇ ਆਪਸੀ ਵਿਰੋਧ ਜਾਂ ਟਕਰਾਅ ਸਾਫ਼ ਨਜ਼ਰ ਆਉਂਦਾ ਹੈ। ਦੂਜੇ ਪਾਸੇ, ਕੇਂਦਰੀ ਵਪਾਰ ਤੇ ਖੇਤੀ ਮੰਤਰੀ ਵਾਰ-ਵਾਰ ਦਾਅਵਾ ਕਰ ਰਹੇ ਹਨ ਕਿ ਖੇਤੀ ਤੇ ਡੇਅਰੀ ਖੇਤਰਾਂ 'ਚ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਰਹੀ ਹੈ ਪਰ ਕਿਸਾਨ ਜਥੇਬੰਦੀਆਂ ਇਸ ਨੂੰ ਨਕਾਰਦੀਆਂ ਹਨ। ਉਨ੍ਹਾਂ ਮੁਤਾਬਕ ਅਮਰੀਕੀ ਮਿਸ਼ਨ ਦੀ ਫੈਕਟ ਸ਼ੀਟ ਤੇ ਜੁਆਇੰਟ ਸਟੇਟਮੈਂਟ 'ਚ ਖੇਤੀ ਉਤਪਾਦਾਂ 'ਤੇ ਟੈਰਿਫ ਘਟਾਉਣ ਜਾਂ ਖ਼ਤਮ ਕਰਨ ਦੀ ਗੱਲ ਸਾਫ਼ ਲਿਖੀ ਹੋਈ ਹੈ। ਸੰਸਦ 'ਚ ਬਹਿਸ ਦੀ ਘਾਟ ਨੇ ਸ਼ੱਕ ਹੋਰ ਵਧਾ ਦਿੱਤਾ ਹੈ। ਇਸ ਵਿਰੋਧ ਦਾ ਅਸਲੀ ਕਾਰਨ ਸਿਰਫ਼ ਇਕ ਟਰੇਡ ਡੀਲ ਤੱਕ ਸੀਮਿਤ ਨਹੀਂ, ਇਹ ਭਾਰਤੀ ਖੇਤੀ ਦੀ ਦਿਸ਼ਾ, ਛੋਟੇ ਕਿਸਾਨਾਂ ਦੀ ਹੋਂਦ ਤੇ ਰਾਸ਼ਟਰੀ ਖ਼ੁਰਾਕ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਜੇ ਘਰੇਲੂ ਉਤਪਾਦਨ ਘੱਟ ਗਿਆ ਤਾਂ ਦਰਾਮਦ 'ਤੇ ਨਿਰਭਰਤਾ ਵਧ ਜਾਵੇਗੀ ਅਤੇ ਕਿਸਾਨ ਤਬਾਹ ਹੋ ਜਾਣਗੇ। ਕਿਸਾਨਾਂ ਲਈ ਇਹ ਇਕ ਹੋਰ ਵੱਡੀ ਲੜਾਈ ਹੈ। ਦੋਵਾਂ ਮੋਰਚਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਵਖਰੇਵਿਆਂ ਨਾਲ ਉਨ੍ਹਾਂ ਦੀ ਤਾਕਤ ਕਮਜ਼ੋਰ ਹੋਵੇਗੀ। ਗ਼ੈਰ- ਸਿਆਸੀ ਰਹਿਣ ਦਾ ਦਾਅਵਾ ਚੰਗਾ ਹੈ ਪਰ ਸਿਆਸੀ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਲਈ ਵਿਆਪਕ ਗਠਜੋੜ ਵੀ ਜ਼ਰੂਰੀ ਹੈ। ਸਰਕਾਰ ਨੂੰ ਕਿਸਾਨਾਂ ਦੇ ਇਸ ਵਿਰੋਧ ਨੂੰ ਹਲਕੇ 'ਚ ਨਹੀਂ ਲੈਣਾ ਚਾਹੀਦਾ। ਖੇਤੀ ਭਾਰਤੀ ਆਰਥਿਕਤਾ ਦੀ ਰੀੜ੍ਹ ਹੈ। ਜੇ ਕਿਸਾਨ ਤਬਾਹ ਹੋ ਗਏ ਤਾਂ ਨਾ ਸਿਰਫ਼ ਪੇਂਡੂ ਆਰਥਿਕਤਾ ਡਿੱਗੇਗੀ, ਸਗੋਂ ਸ਼ਹਿਰੀ ਖੇਤਰ ਵੀ ਪ੍ਰਭਾਵਿਤ ਹੋਣਗੇ। ਟਰੇਡ ਡੀਲ ਬਣਾਉਂਦੇ ਸਮੇਂ ਖੇਤੀ ਤੇ ਡੇਅਰੀ ਨੂੰ ਪੂਰੀ ਤਰ੍ਹਾਂ ਬਾਹਰ ਰੱਖਣਾ, ਸਾਰੇ ਦਸਤਾਵੇਜ਼ ਜਨਤਕ ਕਰਨਾ ਤੇ ਕਿਸਾਨ ਜਥੇਬੰਦੀਆਂ ਨਾਲ ਖੁੱਲ੍ਹੀ ਗੱਲਬਾਤ ਕਰਨੀ ਜ਼ਰੂਰੀ ਹੈ।



ਪੰਜਾਬ ਟਾਈਮਜ਼

*22 ਅਗਸਤ, ਸ਼ਨਿਚਰਵਾਰ*

# ਪ੍ਰਧਾਨ ਮੰਤਰੀ ਅਤੇ 'ਦਿਮਾਗ਼ੀ ਨਕਸਲੀ'

*ਦੇਸ਼ ਭਰ ਵਿਚ 80ਵਾਂ ਆਜ਼ਾਦੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਹੈ। ਹਰ ਸਾਲ ਦੀ ਤਰ੍ਹਾਂ ਇਤਿਹਾਸਕ ਲਾਲ ਕਿਲ੍ਹੇ ਦੀ ਫਸੀਲ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 13ਵੀਂ ਵਾਰ ਦੇਸ਼ ਦੇ ਲੋਕਾਂ ਨੂੰ ਸੰਬੋਧਨ ਕੀਤਾ ਹੈ। ਉਨ੍ਹਾਂ ਨੇ ਆਪਣੇ ਸੰਬੋਧਨ ਵਿਚ 2014 ਤੋਂ ਬਾਅਦ ਪ੍ਰਧਾਨ ਮੰਤਰੀ ਵਜੋਂ ਆਪਣੇ ਦੋ ਪਿਛਲੇ ਕਾਰਜਕਾਲਾਂ ਅਤੇ ਵਰਤਮਾਨ ਚੱਲ ਰਹੇ ਕਾਰਜਕਾਲ ਦੀਆਂ ਵੱਡੀਆਂ ਪ੍ਰਾਪਤੀਆਂ ਗਿਣਾਈਆਂ ਅਤੇ 2047 ਤੱਕ ਦੇਸ਼ ਨੂੰ ਇਕ ਵਿਕਸਿਤ ਰਾਸ਼ਟਰ ਬਣਾਉਣ ਦੀ ਯੋਜਨਾ ਦੀ ਰੂਪ-ਰੇਖਾ ਨੂੰ ਇੱਕ ਵਾਰ ਫਿਰ ਦੁਹਰਾਇਆ। ਪਰ ਸਭ ਤੋਂ ਵੱਧ ਚਰਚਾ ਪ੍ਰਧਾਨ ਮੰਤਰੀ ਦੇ ਭਾਸ਼ਣ ਦੀਆਂ ਉਨ੍ਹਾਂ ਸਤਰਾਂ ਦੀ ਹੋਈ, ਜਿਥੇ ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ 'ਦਿਮਾਗ਼ੀ ਨਕਸਲੀਆਂ' ਤੋਂ ਸੁਚੇਤ ਰਹਿਣ ਲਈ ਕਿਹਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ 'ਹਥਿਆਰੀ ਨਕਸਲੀ' ਸਮਾਪਤ ਕਰ ਦਿੱਤੇ ਹਨ ਪਰ 'ਦਿਮਾਗ਼ੀ ਨਕਸਲੀ' ਅਜੇ ਬਾਕੀ ਹਨ। ਜਿਨ੍ਹਾਂ ਤੋਂ ਦੇਸ਼ ਨੂੰ ਖਤਰਾ ਹੈ। ਇਨ੍ਹਾਂ 'ਦਿਮਾਗ਼ੀ ਨਕਸਲੀਆਂ' ਉਤੇ ਨਜ਼ਰ ਰੱਖਣੀ ਬਹੁਤ ਜ਼ਰੂਰੀ ਹੈ।'*

*ਪ੍ਰਧਾਨ ਮੰਤਰੀ ਦੇ ਇਸ ਬਿਆਨ ਉਤੇ ਵਿਰੋਧੀ ਆਗੂਆਂ ਦੀ ਤਿੱਖੀ ਪ੍ਰਤੀਕਿਰਿਆ ਪ੍ਰਗਟ ਹੋਈ। ਕਾਂਗਰਸੀ ਆਗੂ ਪੀ. ਚਿਦੰਬਰਮ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਸਮੇਤ ਬਹੁਤ ਸਾਰੇ ਆਗੂਆਂ ਨੇ 'ਮੈਨੂੰ ਦਿਮਾਗ਼ੀ ਨਕਸਲੀ ਹੋਣ 'ਤੇ ਮਾਣ ਹੈ' ਵਰਗੇ ਬਿਆਨ ਦੇ ਕੇ ਆਪਣਾ ਵਿਰੋਧ ਦਰਜ ਕਰਵਾਇਆ। ਇਸ ਨਾਲ ਸਰਕਾਰ ਨੂੰ ਇਹ ਸਫਾਈ ਦੇਣੀ ਪਈ ਕਿ ਪ੍ਰਧਾਨ ਮੰਤਰੀ ਨੇ ਵਿਰੋਧੀ ਆਗੂਆਂ ਨੂੰ 'ਦਿਮਾਗ਼ੀ ਨਕਸਲੀ' ਨਹੀਂ ਕਿਹਾ। ਉਨ੍ਹਾਂ ਨੇ ਸਿਰਫ਼ ਮਾਓਵਾਦੀਆਂ ਅਤੇ ਧਾਰਾ 370 ਦਾ ਵਿਰੋਧ ਕਰਨ ਵਾਲਿਆਂ ਨੂੰ 'ਦਿਮਾਗ਼ੀ ਨਕਸਲੀ' ਕਿਹਾ ਹੈ। ਵਿਰੋਧੀ ਧਿਰ ਇਹ ਵੀ ਯਾਦ ਕਰਾ ਰਹੀ ਹੈ ਕਿ ਪ੍ਰਧਾਨ ਮੰਤਰੀ ਨੇ ਕਿਸਾਨ ਅੰਦੋਲਨ ਵੇਲੇ ਵੀ ਕਿਸਾਨਾਂ ਨੂੰ 'ਅੰਦੋਲਨਜੀਵੀ' ਕਿਹਾ ਸੀ। ਦੇਸ਼ ਵਿਚ ਨੌਜਵਾਨਾਂ ਵਲੋਂ ਵਿਢੇ ਗਏ ਸੰਘਰਸ਼ਾਂ ਤੋਂ ਘਬਰਾ ਕੇ ਕੇਂਦਰ ਸਰਕਾਰ ਕੁਝ ਸਕਤੇ ਵਿਚ ਆ ਗਈ ਪ੍ਰਤੀਤ ਹੁੰਦੀ ਹੈ। ਇਸੇ ਕਰਕੇ ਪ੍ਰਧਾਨ ਮੰਤਰੀ ਨੂੰ ਅਜੇਹੇ ਬਿਆਨ ਦੇਣੇ ਪੈ ਰਹੇ ਹਨ ਅਤੇ ਆਪਣੀਆਂ ਬਾਰਾਂ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਣੀਆਂ ਪੈ ਰਹੀਆਂ ਹਨ।*

*ਆਪਣੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ 2014 ਤੋਂ ਪਹਿਲਾਂ ਦੇਸ਼ ਧੀਮੀ ਰ਼ਫਤਾਰ ਨਾਲ ਤਰੱਕੀ ਕਰ ਰਿਹਾ ਸੀ, ਪਰ 2014 ਤੋਂ ਬਾਅਦ ਦੇਸ਼ ਦੇ ਵਿਕਾਸ ਦੀ ਰ਼ਫਤਾਰ ਪਹਿਲਾਂ ਨਾਲੋਂ ਕਿਤੇ ਵੱਧ ਤੇਜ਼ ਹੋਈ ਹੈ। ਮਿਸਾਲ ਦੇ ਤੌਰ 'ਤੇ ਉਨ੍ਹਾਂ ਨੇ ਕਿਹਾ ਕਿ 2014 ਤੋਂ ਪਹਿਲਾਂ ਸਿਰ਼ਫ 70 ਸ਼ਹਿਰਾਂ ਨੂੰ ਹੀ ਪਾਈਪ ਰਾਹੀਂ ਗੈਸ ਸਪਲਾਈ ਕੀਤੀ ਜਾਂਦੀ ਸੀ, ਹੁਣ 700 ਸ਼ਹਿਰਾਂ ਨੂੰ ਗੈਸ ਪਾਈਪ ਲਾਈਨ ਰਾਹੀਂ ਸਪਲਾਈ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੋਲਰ ਊਰਜਾ ਦਾ ਉਤਪਾਦਨ 106 ਗੀਗਾ ਵਾਟ ਤੱਕ ਵਧ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ 90 ਸਾਲਾਂ ਵਿਚ ਰੇਲਵੇ ਨੈੱਟਵਰਕ ਦਾ ਸਿਰ਼ਫ 30 ਫ਼ੀਸਦੀ ਬਿਜਲੀਕਰਨ ਹੋਇਆ ਸੀ, ਜਦੋਂ ਕਿ ਹੁਣ ਇਹ 100 ਫ਼ੀਸਦੀ ਹੋ ਚੁੱਕਾ ਹੈ। ਉਨ੍ਹਾਂ ਨੇ ਅੰਤਰ-ਰਾਸ਼ਟਰੀ ਪੱਧਰ 'ਤੇ ਭਾਰਤ ਦੇ ਵਧ ਰਹੇ ਵਪਾਰਕ ਰਿਸ਼ਤਿਆਂ ਦੀ ਚਰਚਾ ਕਰਦਿਆਂ ਕਿਹਾ ਕਿ ਹੁਣ ਤੱਕ 40 ਦੇਸ਼ਾਂ ਨਾਲ ਮੁਕਤ ਵਪਾਰ ਸਮਝੌਤੇ ਹੋ ਚੁੱਕੇ ਹਨ। ਸਾਇੰਸ ਤਕਨਾਲੌਜੀ ਤੇ ਹੋਰ ਤਕਨੀਕੀ ਖੇਤਰਾਂ ਵਿਚ ਵੀ ਭਾਰਤ ਨੇ ਚੋਖਾ ਵਿਕਾਸ ਕੀਤਾ ਹੈ। 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਲਈ ਉਨ੍ਹਾਂ ਨੇ 7 ਮਹੱਤਵਪੂਰਨ ਖੇਤਰਾਂ ਦੇ ਵਿਕਾਸ 'ਤੇ ਜ਼ੋਰ ਦਿੰਦਿਆਂ (ਸਪਤਧਾਰਾ) ਦੇ ਨਾਂਅ ਦਾ ਸੱਤ ਨੁਕਤਿਆਂ 'ਤੇ ਆਧਾਰਿਤ ਸੂਤਰ ਪੇਸ਼ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਨਿਰਮਾਣ, ਬਿਜਲੀ ਉਤਪਾਦਨ, ਡਿਜ਼ਾਈਨਿੰਗ, ਸਪਲਾਈ ਲੜੀ, ਆਦਿ ਖੇਤਰਾਂ ਵੱਲ ਵਿਸ਼ੇਸ਼ ਧਿਆਨ ਦੀ ਲੋੜ ਹੈ ਅਤੇ ਭਾਰਤ ਨੂੰ ਦੁਨੀਆ ਦੀ ਸਪਲਾਈ ਲੜੀ ਦਾ ਕੇਂਦਰ ਬਣਾਉਣ ਦੀ ਜ਼ਰੂਰਤ ਹੈ।*

*ਇਸ ਦੇ ਨਾਲ ਹੀ ਉਨ੍ਹਾਂ ਨੇ ਭਾਰਤ ਨੂੰ ਦੇਸ਼-ਵਿਦੇਸ਼ ਵਿਚ ਮਾਣ ਦਿਵਾਉਣ ਵਾਲੇ ਖੇਤਰਾਂ (ਸਾਫਟ ਪਾਵਰ) ਜਿਵੇਂ ਕਿ ਯੋਗਾ, ਰੂਹਾਨੀ ਕੇਂਦਰਾਂ, ਸਿਹਤ ਸੇਵਾਵਾਂ ਦੇ ਸਿਸਟਮ, ਮਨੋਰੰਜਨ, ਸੈਰ ਸਪਾਟਾ ਆਦਿ ਦੇ ਖੇਤਰਾਂ ਨੂੰ ਵੀ ਅਹਿਮੀਅਤ ਦੇਣੀ ਪਵੇਗੀ। ਪ੍ਰਧਾਨ ਮੰਤਰੀ ਨੇ ਆਪਣੇ 76 ਮਿੰਟ ਦੇ ਭਾਸ਼ਣ ਵਿਚ 27 ਮਿੰਟ ਤੱਕ 2047 ਤੱਕ ਦੇਸ਼ ਨੂੰ ਵਿਕਸਿਤ ਰਾਸ਼ਟਰ ਬਣਾਉਣ ਸੰਬੰਧੀ ਆਪਣੀ ਪ੍ਰਤੀਬੱਧਤਾ ਸੰਬੰਧੀ ਵਿਚਾਰ ਪੇਸ਼ ਕੀਤੇ। ਪ੍ਰਧਾਨ ਮੰਤਰੀ ਦੇ ਇਸ ਭਾਸ਼ਣ 'ਤੇ ਪਿਛਲੇ ਦਿਨੀਂ ਜੰਤਰ-ਮੰਤਰ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਨੌਜਵਾਨਾਂ (ਜੈਨ-ਜ਼ੀ) ਵਲੋਂ ਆਪਣੇ ਮਸਲਿਆਂ ਨੂੰ ਲੈ ਕੇ ਕੀਤੇ ਗਏ ਅੰਦੋਲਨਾਂ ਦਾ ਪ੍ਰਭਾਵ ਸਪੱਸ਼ਟ ਨਜ਼ਰ ਆ ਰਿਹਾ ਸੀ। ਉਨ੍ਹਾਂ ਨੇ ਵਾਰ-ਵਾਰ ਭਾਸ਼ਣ ਵਿਚ ਨੌਜਵਾਨਾਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਵਿਕਾਸ ਨੂੰ ਨੌਜਵਾਨਾਂ ਦੇ ਵਿਕਾਸ ਨਾਲ ਜੋੜਨ ਦੀ ਲੋੜ ਹੈ। ਨੌਜਵਾਨਾਂ ਲਈ ਵਿਸ਼ੇਸ਼ ਯੋਜਨਾ ਦਾ ਐਲਾਨ ਕਰਦਿਆਂ ਕਿਹਾ ਕਿ ਇਕ ਕਰੋੜ ਨੌਜਵਾਨਾਂ ਨੂੰ ਏ.ਆਈ. ਦੀ ਤਕਨੀਕ ਸੰਬੰਧੀ ਸਿੱਖਿਆ ਦੇਣ ਅਤੇ ਵੱਖ-ਵੱਖ ਦਾਖ਼ਲਾ ਪ੍ਰੀਖਿਆਵਾਂ ਦੀ ਆਨਲਾਈਨ ਕੋਚਿੰਗ ਮੁਹੱਈਆ ਕਰਨ ਲਈ ਕਦਮ ਚੁੱਕੇ ਜਾਣਗੇ, ਤਾਂ ਜੋ ਨੌਜਵਾਨ ਆਪਣੇ ਪਿੰਡਾਂ ਤੇ ਸ਼ਹਿਰਾਂ ਵਿਚ ਰਹਿ ਕੇ ਆਨਲਾਈਨ ਕੋਚਿੰਗ ਹਾਸਿਲ ਕਰ ਕੇ ਮੁਕਾਬਲੇ ਦੇ ਦਾਖ਼ਲਾ ਇਮਤਿਹਾਨਾਂ ਦੀ ਤਿਆਰੀ ਕਰ ਸਕਣ।*

*ਵਿਰੋਧੀ ਧਿਰ ਦਾ ਦੋਸ਼ ਹੈ ਕਿ ਪ੍ਰਧਾਨ ਮੰਤਰੀ ਦੇਸ਼ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਉਨ੍ਹਾਂ ਨੂੰ ਹੱਲ ਕਰਨ ਦੀ ਥਾਂ 'ਤੇ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਵਾਰ ਲਾਲ ਕਿਲ੍ਹੇ 'ਤੇ ਹੋਏ ਸਮਾਰੋਹ ਦੀ ਇਕ ਵਿਸ਼ੇਸ਼ ਗੱਲ ਇਹ ਵੀ ਰਹੀ ਕਿ ਪਹਿਲੀ ਵਾਰ ਰਾਸ਼ਟਰੀ ਗੀਤ ਵੰਦੇ ਮਾਤਰਮ ਗਾਇਆ ਗਿਆ। ਪਿਛਲੀ ਵਾਰ ਦੀ ਤਰ੍ਹਾਂ ਹੀ ਕਾਂਗਰਸ ਦੇ ਪ੍ਰਧਾਨ ਮਲਿਕਅਰਜਨ ਖੜਗੇ ਤੇ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਇਸ ਵਾਰ ਵੀ ਇਸ ਸਮਾਗਮ ਵਿਚੋਂ ਗੈਰ-ਹਾਜ਼ਰ ਰਹੇ। ਇਹ ਦੇਸ਼ ਦੇ ਲੋਕਤੰਤਰ ਲਈ ਸ਼ੁਭ ਸ਼ਗਨ ਨਹੀਂ ਹੈ।*


## ਠਾਹ-ਸੋਟਾ

-ਚਾਚਾ ਬੇਲਿਹਾਜ਼

### ਗੁੱਸੇ ਦਾ ਪ੍ਰਗਟਾਵਾ?

*ਰਾਜ-ਭਾਗ ਦੇ 'ਨਸ਼ੇ' ਵਿੱਚ ਡੁੱਬ ਕੇ ਜੀ, ਲੀਡਰ ਕਰ ਹੀ ਲੈਂਦੇ ਐ 'ਕਾਰਿਆਂ' ਨੂੰ।*
*'ਤਪੋਂ ਰਾਜ ਤੇ ਰਾਜ ਤੋਂ ਨਰਕ' ਸੁਣਿਆਂ, ਤੱਥ ਦਿਨੇ ਦਿਖਾਵੇ ਫਿਰ 'ਤਾਰਿਆਂ' ਨੂੰ।*
*'ਮੌਕਾ ਮਿ਼ਲਦਿਆਂ' ਦੇਰ-ਸਵੇਰ ਭਾਈ, ਕੱਢ ਲਵੇ ਕੋਈ ਦਿਲੀ 'ਅਫਾਰਿਆਂ' ਨੂੰ।*
*ਚੀਚੀ ਉਂਗ਼ਲ 'ਤੇ ਲੱਗੇ ਜੇ ਖ਼ੂਨ ਤੁਪਕਾ, ਲਾਉਂਦੇ ਉੱਚੀ 'ਸ਼ਹੀਦੀ' ਦੇ ਨ੍ਹਾਰਿਆਂ ਨੂੰ।*
*ਅਰਥ 'ਆਪਣੇ ਮਤਲਬ ਦੇ' ਕੱਢ ਲੈਂਦੇ, ਜਨਤਾ ਵਲੋਂ ਦਿਖਾ਼ਲੀਆਂ ਤਲਖੀਆਂ ਦੇ।*
*ਦੇਸ ਕੌਮ ਨਾਲ ਕਰੀਆਂ ਵਧੀਕੀਆਂ ਦਾ, ਗੁੱਸਾ ਦਿਲਾਂ ਵਿਚ ਹੁੰਦਾ ਏ ਅਣਖੀਆਂ ਦੇ!*

# ਸਿੱਖਿਆ ਦੇ ਖੇਤਰ ਵਿਚ ਸੁਧਾਰਾਂ ਦੀ ਲੋੜ ਨੂੰ ਸਮਝੇ ਸਰਕਾਰ




**ਆਸ਼ੂਤੋਸ਼**
ashutosh83b@gmail.com

ਹੁਣ ਇਕ ਨਵਾਂ ਸ਼ਬਦ 'ਦਿਮਾਗੀ ਨਕਸਲ' ਸਾਹਮਣੇ ਆਇਆ ਹੈ। ਭਾਵੇਂ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਸਪੱਸ਼ਟ ਕੀਤਾ ਹੈ ਕਿ ਵਿਰੋਧੀ ਪਾਰਟੀਆਂ ਪ੍ਰਧਾਨ ਮੰਤਰੀ ਦੇ ਨਿਸ਼ਾਨੇ 'ਤੇ ਨਹੀਂ ਹਨ। ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ, ਕੀ ਇਹ ਸ਼ਬਦ ਜੰਤਰ-ਮੰਤਰ 'ਤੇ ਹੋਏ ਅੰਦੋਲਨ ਦੇ ਸੰਦਰਭ ਵਿਚ ਘੜਿਆ ਗਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੋਦੀ ਸਰਕਾਰ ਨੇ ਨਕਸਲਵਾਦ ਨੂੰ ਵੱਡੇ ਪੱਧਰ 'ਤੇ ਖ਼ਤਮ ਕਰ ਦਿੱਤਾ ਹੈ। ਡਾ. ਮਨਮੋਹਨ ਸਿੰਘ ਨੇ ਵੀ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਕਸਲੀ ਹਿੰਸਾ ਨੂੰ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਦੱਸਿਆ ਸੀ। ਉਨ੍ਹਾਂ ਇਕ ਰਣਨੀਤੀ ਤਿਆਰ ਕਰਕੇ ਉਸ 'ਤੇ ਕੰਮ ਸ਼ੁਰੂ ਕੀਤਾ ਸੀ, ਪਰ ਮੋਦੀ ਸਰਕਾਰ ਨੇ ਉਸ ਰਣਨੀਤੀ ਨੂੰ ਆਖਰੀ ਅੰਜਾਮ ਤੱਕ ਪਹੁੰਚਾਇਆ ਹੈ। ਪ੍ਰਧਾਨ ਮੰਤਰੀ ਮੋਦੀ ਹੁਣ ਕਹਿ ਰਹੇ ਹਨ ਕਿ ਜੰਗਲਾਂ 'ਚੋਂ ਹਿੰਸਕ ਨਕਸਲ ਦਾ ਖ਼ਾਤਮਾ ਕਰ ਦਿੱਤਾ ਗਿਆ ਹੈ, ਪਰ ਦਿਮਾਗੀ ਨਕਸਲੀ ਦੇਸ਼ ਵਿਚ ਹਿੰਸਾ ਤੇ ਅਰਾਜਕਤਾ ਫੈਲਾਉਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ 'ਅਰਬਨ ਨਕਸਲ' ਮਤਲਬ ਸ਼ਹਿਰੀ ਨਕਸਲੀ ਸ਼ਬਦ ਵਰਤਿਆ ਸੀ। ਉਨ੍ਹਾਂ 2015 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਮੌਕੇ ਅਰਵਿੰਦ ਕੇਜਰੀਵਾਲ ਤੇ ਆਮ ਆਦਮੀ ਪਾਰਟੀ ਨੂੰ ਅਰਬਨ ਨਕਸਲੀ ਦੱਸਦਿਆਂ ਇਨ੍ਹਾਂ ਦੀ ਜਗ੍ਹਾ ਜੰਗਲਾਂ ਵਿਚ ਹੋਣ ਬਾਰੇ ਕਿਹਾ ਸੀ। ਦਰਅਸਲ ਆਮ ਆਦਮੀ ਪਾਰਟੀ (ਆਪ) ਨੇ ਉਸ ਸਮੇਂ ਮੋਦੀ ਦੀ ਰਾਜਨੀਤੀ ਨੂੰ ਸਭ ਤੋਂ ਵੱਡੀ ਚੁਣੌਤੀ ਦਿੰਦਿਆਂ ਦਿੱਲੀ ਦੀਆਂ 70 'ਚੋਂ 67 ਸੀਟਾਂ ਜਿੱਤ ਕੇ ਮੋਦੀ ਨੂੰ ਉਨ੍ਹਾਂ ਦੀ ਜ਼ਿੰਦਗੀ ਵਿਚ ਸਭ ਤੋਂ ਵੱਡੀ ਹਾਰ ਦਾ ਤੋਹਫਾ ਦਿੱਤਾ ਸੀ। ਇਸ ਲਈ 'ਆਪ' ਨੂੰ ਬਦਨਾਮ ਕਰਨ ਲਈ 'ਸ਼ਹਿਰੀ ਨਕਸਲ ਤੇ 'ਅਰਾਜਕਤਾਵਾਦੀ' ਸ਼ਬਦ ਵਰਤੇ ਗਏ ਸਨ।

ਮੈਨੂੰ ਕੋਈ ਸ਼ੱਕ ਨਹੀਂ ਕਿ ਹੁਣ ਦਿਮਾਗੀ ਨਕਸਲ ਸ਼ਬਦ ਕਾਕਰੋਚ ਅੰਦੋਲਨ ਨੂੰ ਬਦਨਾਮ ਕਰਨ ਲਈ ਵਰਤਿਆ ਜਾਵੇਗਾ। ਮੈਨੂੰ ਨਹੀਂ ਪਤਾ ਕਿ ਕਾਕਰੋਚ ਅੰਦੋਲਨ ਦਾ ਕੀ ਬਣੇਗਾ, ਪਰ ਇੰਨਾ ਜ਼ਰੂਰ ਹੈ ਕਿ ਇਸ ਅੰਦੋਲਨ ਨੇ ਮੋਦੀ ਸਰਕਾਰ ਦੇ ਖੌਫ ਤੇ ਡਰ ਦੇ ਸਾਮਰਾਜ ਨੂੰ ਤੋੜ ਕੇ ਹਰ ਘਰ ਵਿਚ ਇਕ ਕਾਕਰੋਚ ਪੈਦਾ ਕਰ ਦਿੱਤਾ ਹੈ। ਇਹ ਕਾਕਰੋਚ ਰਾਜਨੀਤੀ ਦੇ ਘਟੀਆਪਨ ਨੂੰ ਪਸੰਦ ਨਹੀਂ ਕਰਦੇ, ਉਨ੍ਹਾਂ ਨੂੰ ਧਰਮਾਂ ਵਿਚਾਲੇ ਨਫ਼ਰਤ ਫੈਲਾਉਣਾ ਪਸੰਦ ਨਹੀਂ ਹੈ, ਉਹ ਇਕ ਅਜਿਹੇ ਦੇਸ਼ ਦੀ ਕਲਪਨਾ ਕਰਦੇ ਹਨ ਜਿੱਥੇ ਲੋਕਾਂ ਨਾਲ ਕਿਸੇ ਧਰਮ, ਜਾਤ, ਲਿੰਗ, ਭਾਸ਼ਾ, ਖੇਤਰ ਆਦਿ ਦੇ ਆਧਾਰ 'ਤੇ ਕੋਈ ਵਿਤਕਰਾ ਨਾ ਹੋਵੇ। ਉਹ ਵਿਚਾਰਾਂ ਦੀ ਆਜ਼ਾਦੀ ਚਾਹੁੰਦੇ ਹਨ; ਉਨ੍ਹਾਂ ਲਈ ਅਸਹਿਮਤੀ ਨੂੰ ਦਬਾਉਣਾ ਇਕ ਅਪਰਾਧ ਹੈ। ਮੋਦੀ ਸਰਕਾਰ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਹ ਅਜੇ ਵੀ ਪੁਰਾਣੇ ਜ਼ਮਾਨੇ ਦੇ ਵਿਚਾਰਾਂ ਦੀ ਪਾਰਟੀ ਬਣੀ ਹੋਈ ਹੈ, ਜੋ ਲਗਾਤਾਰ ਅਤੀਤ ਤੋਂ ਬਦਲਾ ਲੈਣ ਦੀ ਰਣਨੀਤੀ ਬਣਾਉਂਦੀ ਰਹਿੰਦੀ ਹੈ। ਉਂਝ ਵੀ ਅਤੀਤਜੀਵੀ ਤੋਂ ਭਵਿੱਖ-ਮੁਖੀ ਹੋਣ ਦੀ ਕਲਪਨਾ ਕਰਨਾ ਵਿਅਰਥ ਹੈ। ਅਜਿਹੇ 'ਚ ਭਾਜਪਾ ਤੇ ਉਸ ਦੀ ਸਰਕਾਰ ਕਾਕਰੋਚ ਅੰਦੋਲਨ ਨੂੰ ਇਸ ਦੇ ਸਹੀ ਸੰਦਰਭ ਵਿਚ ਨਾ ਦੇਖਣ ਦੀ ਗੰਭੀਰ ਗਲਤੀ ਕਰ ਰਹੀ ਹੈ। ਇਸ ਅੰਦੋਲਨ ਦਾ ਜਵਾਬ ਬਦਨਾਮ ਕਰਨ ਵਾਲੀ ਰਣਨੀਤੀ ਨਾਲ ਨਹੀਂ ਦਿੱਤਾ ਜਾ ਸਕਦਾ, ਇਸ ਦਾ ਇਕਮਾਤਰ ਜਵਾਬ ਸਿੱਖਿਆ ਪ੍ਰਣਾਲੀ 'ਚ ਇਕ ਬੁਨਿਆਦੀ ਤਬਦੀਲੀ ਕਰਨ 'ਚ ਹੈ। ਲਾਲ ਕਿਲ੍ਹੇ ਦੀ ਫਸੀਲ ਤੋਂ ਪ੍ਰਧਾਨ ਮੰਤਰੀ ਇਹ ਐਲਾਨ ਕਰਕੇ ਵਿਦਿਆਰਥੀਆਂ ਨੂੰ ਜਿੱਤਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਰਕਾਰ ਆਨਲਾਈਨ ਕੋਚਿੰਗ ਸ਼ੁਰੂ ਕਰੇਗੀ। ਉਹ ਭੁੱਲ ਰਹੇ ਹਨ ਕਿ ਕੋਚਿੰਗ ਸੰਸਥਾਵਾਂ ਹੀ ਭਾਰਤੀ ਸਿੱਖਿਆ ਦੀ ਸਭ ਤੋਂ ਵੱਡੀ ਸਮੱਸਿਆ ਹਨ।

ਭਾਰਤੀ ਸਿੱਖਿਆ ਪ੍ਰਣਾਲੀ ਨੂੰ ਬੁਨਿਆਦੀ ਸੁਧਾਰਾਂ ਲਈ 3 ਬੁਨਿਆਦੀ ਉਪਾਵਾਂ ਦੀ ਲੋੜ ਹੈ। ਮਹਿੰਗੀ ਨਹੀਂ, ਸਸਤੀ ਸਿੱਖਿਆ- ਪਿਛਲੇ ਕਈ ਦਹਾਕਿਆਂ ਤੋਂ ਸਿੱਖਿਆ ਦੇ ਸਰਕਾਰੀ ਤੰਤਰ ਤੋਂ ਨਿਕਲ ਕੇ ਨਿੱਜੀ ਹੱਥਾਂ ਵਿਚ ਚਲੇ ਜਾਣ ਨਾਲ ਇਹ ਗਰੀਬਾਂ ਦੀ ਪਹੁੰਚ ਤੋਂ ਬਹੁਤ ਦੂਰ ਹੋ ਗਈ ਹੈ। ਜਿਵੇਂ



ਪੁਰਾਣੇ ਜ਼ਮਾਨੇ 'ਚ ਜਾਤੀ ਵਿਵਸਥਾ ਦੇ ਚਲਦਿਆਂ ਸਿੱਖਿਆ ਸਮਾਜ ਦੇ ਬਹੁਤ ਵੱਡੇ ਗਰੀਬ ਵਰਗ ਤੱਕ ਪਹੁੰਚਯੋਗ ਨਹੀਂ ਸੀ, ਭਾਵੇਂ ਸੰਵਿਧਾਨ ਦੇ ਲਾਗੂ ਹੋਣ ਨਾਲ ਸਿੱਖਿਆ ਜਾਤੀਵਾਦ ਦੇ ਬੰਧਨਾਂ ਤੋਂ ਤਾਂ ਮੁਕਤ ਹੋ ਗਈ ਹੈ, ਪਰ ਸਿੱਖਿਆ ਦੇ ਨਿੱਜੀਕਰਨ ਨੇ ਅਮੀਰ ਤੇ ਗਰੀਬ ਵਿਚਕਾਰ ਇਕ ਨਵਾਂ ਪਾੜਾ ਪੈਦਾ ਕਰਕੇ ਇਕ ਨਵੀਂ ਜਾਤੀ ਵਿਵਸਥਾ ਪੈਦਾ ਕਰ ਦਿੱਤੀ ਹੈ। ਪੈਸੇ ਵਾਲੇ ਅਮੀਰ ਆਪਣੇ ਬੱਚਿਆਂ ਨੂੰ ਮਹਿੰਗੇ ਤੇ ਸਭ ਸਹੂਲਤਾਂ ਨਾਲ ਲੈਸ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਭੇਜ ਕੇ ਉਨ੍ਹਾਂ ਨੂੰ ਸਭ ਵਧੀਆ ਸਿੱਖਿਆ ਦਿਵਾ ਸਕਦੇ ਹਨ। ਪਰ ਗਰੀਬਾਂ ਦੇ ਬੱਚੇ ਉਨ੍ਹਾਂ ਸਕੂਲਾਂ ਵਿਚ ਜਾਣ ਲਈ ਮਜਬੂਰ ਹਨ, ਜਿੱਥੇ ਸਿੱਖਿਆ ਦੇ ਨਾਂਅ 'ਤੇ ਮਜ਼ਾਕ ਹੋ ਰਿਹਾ ਹੈ। ਇਮਾਰਤਾਂ ਤੇ ਅਧਿਆਪਕਾਂ ਦੀ ਘਾਟ ਵਾਲੇ ਸਕੂਲਾਂ 'ਚ ਪੜ੍ਹਿਆ ਕੋਈ ਬੱਚਾ ਅਮੀਰਾਂ ਦੇ ਬੱਚਿਆਂ ਨਾਲ ਕਿਵੇਂ ਮੁਕਾਬਲਾ ਕਰ ਸਕਦਾ ਹੈ? ਗਰੀਬ ਪਰਿਵਾਰਾਂ ਦੇ ਬੱਚੇ ਚੰਗੀ ਸਿੱਖਿਆ ਪ੍ਰਾਪਤ ਹੀ ਨਹੀਂ ਕਰ ਪਾਉਂਦੇ, ਇਹ ਸਭ ਖ਼ਤਮ ਹੋਣਾ ਚਾਹੀਦਾ ਹੈ। ਅਮੀਰ ਹੋਵੇ ਜਾਂ ਗਰੀਬ ਸਭ ਬੱਚਿਆ ਨੂੰ ਇਕੋ ਪੱਧਰ 'ਤੇ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਮਿਲਣੇ ਚਾਹੀਦੇ ਹਨ। ਕੋਚਿੰਗ ਸੈਂਟਰ, ਪ੍ਰਾਈਵੇਟ ਟਿਊਸ਼ਨ ਤੇ 5-ਤਾਰਾ ਸਕੂਲ ਬੰਦ ਕਰਕੇ ਅਮੀਰਾਂ ਤੇ ਗਰੀਬਾਂ ਦੇ ਬੱਚਿਆਂ ਲਈ ਇਕੋ ਜਿਹੇ ਸਕੂਲਾਂ ਵਿਚ ਪੜ੍ਹਾਈ ਹੋਣੀ ਚਾਹੀਦੀ ਹੈ। ਅਧਿਆਪਕ ਬਣਨ ਨੂੰ ਇਕ ਵੱਡੇ ਕਰੀਅਰ ਵਜੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਦੀਆਂ ਤਨਖਾਹਾਂ 'ਚ ਤੇਜ਼ੀ ਨਾਲ ਵਾਧਾ ਹੋਣਾ ਚਾਹੀਦਾ ਹੈ। ਜਦੋਂ ਹਰ ਕੋਈ ਇਕੋ ਜਿਹੀ ਸਿੱਖਿਆ ਪ੍ਰਾਪਤ ਕਰੇਗਾ ਤਾਂ ਢੁੱਕਵਾਂ ਮੁਕਾਬਲਾ ਵਧੇਗਾ।

### ਤਿੰਨ ਘੰਟਿਆਂ ਦੀ ਪ੍ਰੀਖਿਆ ਨਾਲ ਰਚਨਾਤਮਿਕ ਪ੍ਰਤਿਭਾ ਦੀ ਭਾਲ

ਸਾਡੀ ਸਿੱਖਿਆ ਪ੍ਰਣਾਲੀ ਦੀ ਦੂਜੀ ਸਭ ਤੋਂ ਵੱਡੀ ਸਮੱਸਿਆ ਅਜੋਕੀ ਪ੍ਰੀਖਿਆ ਪ੍ਰਣਾਲੀ ਹੈ। ਤਿੰਨ ਘੰਟੇ ਦੀ ਪ੍ਰੀਖਿਆ ਨਾਲ ਬੱਚਿਆਂ ਤੇ ਵਿਦਿਆਰਥੀਆਂ ਦੀ ਸਮੁੱਚੀ ਪ੍ਰਤਿਭਾ ਦਾ ਪਤਾ ਨਹੀਂ ਲਗਾਇਆ ਜਾ ਸਕਦਾ। ਬੱਚਿਆਂ ਨੂੰ 3 ਘੰਟੇ ਦੇ ਚੱਕਰਵਿਊ 'ਚੋਂ ਕੱਢ ਕੇ ਉਨ੍ਹਾਂ ਦੀ ਪ੍ਰਤਿਭਾ ਦੀ ਪਛਾਣ ਕਰਨ ਲਈ ਪੂਰੇ ਸਾਲ ਦਾ ਰੋਡਮੈਪ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ। ਹਰੇਕ ਵਿਦਿਆਰਥੀ ਦੀ ਪ੍ਰਤਿਭਾ ਦੀ ਪਛਾਣ ਪ੍ਰਾਇਮਰੀ ਪੱਧਰ 'ਤੇ ਸ਼ੁਰੂ ਹੋਵੇ। ਵਿਦਿਆਰਥੀਆਂ ਨੂੰ ਉਸ ਵਿਸ਼ੇ ਜਾਂ ਹੁਨਰ ਵੱਲ ਪ੍ਰੇਰਿਤ ਕਰਨ ਲਈ ਇਕ ਪ੍ਰਣਾਲੀ ਹੋਵੇ, ਜਿਸ ਵਿਸ਼ੇ 'ਚ ਉਨ੍ਹਾਂ ਦੀ ਕੁਦਰਤੀ ਦਿਲਚਸਪੀ ਹੋਵੇ, ਉਹ ਉਸ ਖੇਤਰ 'ਚ ਬਿਹਤਰ ਪ੍ਰਦਰਸ਼ਨ ਕਰ ਸਕਦੇ ਹਨ। ਇਹ ਯਕੀਨੀ ਬਣਾਏਗਾ ਕਿ ਉਹ ਆਪਣੀ ਸਿੱਖਿਆ ਦੀ ਸ਼ੁਰੂਆਤ ਵਿਚ ਹੀ ਜਾਣਦੇ ਹੋਣਗੇ ਕਿ ਉਹ ਦੂਜਿਆਂ ਨਾਲੋਂ ਕਿਸ ਵਿਸ਼ੇ ਜਾਂ ਹੁਨਰ 'ਚ ਕੀ ਬਿਹਤਰ ਕਰ ਸਕਦੇ ਹਨ। ਵਰਤਮਾਨ ਸਮੇਂ ਮਾਪੇ ਫੈਸਲਾ ਕਰਦੇ ਹਨ ਕਿ ਉਨ੍ਹਾਂ ਦਾ ਬੱਚੇ ਕੀ ਪੜ੍ਹੇਗਾ। ਭਾਵੇਂ ਬੱਚੇ ਦੀ ਫਿਜ਼ਿਕਸ ਜਾਂ ਗਣਿਤ ਵਿਚ ਕੋਈ ਦਿਲਚਸਪੀ ਨਾ ਹੋਵੇ, ਪਰ ਬੱਚਿਆਂ ਦੇ ਮਾਪੇ ਉਨ੍ਹਾਂ ਨੂੰ ਇਹੀ ਪੜ੍ਹਾਉਣਾ ਚਾਹੁੰਦੇ ਹਨ। ਅਜਿਹੇ 'ਚ ਬੱਚਾ ਫੇਲ੍ਹ ਹੋ ਜਾਂਦਾ ਹੈ, ਜੇਕਰ ਬੱਚੇ ਦੀ ਰੁਚੀ ਦੇ ਵਿਸ਼ਿਆਂ 'ਚ ਉਸ ਨੂੰ ਪੜ੍ਹਨ ਦਿੱਤਾ ਜਾਵੇ ਤਾਂ ਉਹ ਸਕੂਲ ਵਿਚ ਟਾਪ ਵੀ ਕਰ ਸਕਦਾ ਹੈ।

### ਖੋਜ ਤੇ ਨਵੀਨਤਾ 'ਤੇ ਧਿਆਨ ਕੇਂਦਰਿਤ ਕਰੋ

ਸਾਡੀ ਸਿੱਖਿਆ ਦੀ ਇਕ ਹੋਰ ਕਮੀ ਖੋਜ ਤੇ ਨਵੀਨਤਾ (ਇਨੋਵੇਸ਼ਨ) 'ਤੇ ਘੱਟ ਜ਼ੋਰ ਦੇਣਾ ਹੈ। ਅਮਰੀਕਾ ਦੁਨੀਆ ਵਿਚ ਇੰਨੀ ਵੱਡੀ ਸ਼ਕਤੀ ਇਸ ਲਈ ਬਣ ਸਕਿਆ ਹੈ ਕਿਉਂਕਿ ਇਸ ਦੀਆਂ ਯੂਨੀਵਰਸਿਟੀਆਂ ਖੋਜ ਤੇ ਨਵੇਂ ਵਿਚਾਰਾਂ 'ਤੇ ਕੰਮ ਕਰਨ 'ਤੇ ਜ਼ੋਰ ਦਿੰਦੀਆਂ ਹਨ। ਅਮਰੀਕਾ ਦੀ ਸਭ ਤੋਂ ਵੱਡੀ ਤਾਕਤ ਉਸ ਦੀਆਂ ਯੂਨੀਵਰਸਿਟੀਆਂ ਹਨ, ਜਿਨ੍ਹਾਂ ਨੂੰ ਨਿੱਜੀ ਨਿਵੇਸ਼ ਤੋਂ ਵੱਡਾ ਸਮਰਥਨ ਮਿਲਦਾ ਹੈ। ਅਮਰੀਕਾ ਨੂੰ ਦੇਖਦਿਆਂ ਚੀਨ ਨੇ ਪਿਛਲੇ 40 ਸਾਲਾਂ 'ਚ ਆਪਣੀਆਂ ਯੂਨੀਵਰਸਿਟੀਆਂ ਨੂੰ ਮਜ਼ਬੂਤ ਕਰਕੇ ਨਵੀਨਤਾ 'ਤੇ ਜ਼ੋਰ ਦਿੱਤਾ ਹੈ। ਇਸ ਕੋਸ਼ਿਸ਼ ਦੇ ਨਤੀਜੇ ਵਜੋਂ ਚੀਨ ਨੇ ਇਲੈਕਟ੍ਰਿਕ ਵਾਹਨਾਂ, ਏ.ਆਈ., ਸੈਮੀ ਕੰਡਕਟਰਾਂ ਤੇ ਗ੍ਰੀਨ ਐਨਰਜੀ 'ਚ ਅਮਰੀਕਾ ਤੇ ਯੂਰਪ ਨੂੰ ਪਛਾੜ ਦਿੱਤਾ ਹੈ। ਭਾਰਤ ਵੀ ਅਜਿਹਾ ਕਰ ਸਕਦਾ ਹੈ, ਪਰ ਸਾਡੀਆਂ ਯੂਨੀਵਰਸਿਟੀਆਂ ਨਵੀਨਤਾ ਦੀ ਬਜਾਏ ਸਿਰਫ਼ ਡਿਗਰੀਆਂ ਦੇਣ 'ਤੇ ਧਿਆਨ ਕੇਂਦਰਿਤ ਕਰਦੀਆਂ ਹਨ। ਸਾਡੇ ਉਦਯੋਗ ਵੀ ਸਿਰਫ਼ ਪੈਸਾ ਕਮਾਉਣ ਵਾਲੀਆਂ ਮਸ਼ੀਨਾਂ ਹਨ; ਉਹ ਖੋਜ ਤੇ ਵਿਕਾਸ ਨੂੰ ਪੈਸੇ ਦੀ ਬਰਬਾਦੀ ਵਜੋਂ ਵੇਖਦੇ ਹਨ। ਇਸ ਲਈ ਭਾਰਤ ਦੇ ਚੋਟੀ ਦੇ ਉਦਯੋਗਪਤੀ ਪੈਸਾ ਤਾਂ ਕਮਾਉਂਦੇ ਹਨ ਪਰ ਵੱਡੇ ਗਲੋਬਲ ਬ੍ਰਾਂਡ ਜਾਂ ਉਤਪਾਦ ਬਣਾਉਣ 'ਚ ਅਸਫਲ ਰਹਿੰਦੇ ਹਨ। ਜਦੋਂ ਤੱਕ ਉਦਯੋਗਪਤੀਆਂ ਤੇ ਯੂਨੀਵਰਸਿਟੀਆਂ ਦੀ ਮਾਨਸਿਕਤਾ ਨਹੀਂ ਬਦਲਦੀ, ਭਾਰਤ ਕਦੇ ਵੀ ਵਿਸ਼ਵ ਨੇਤਾ ਨਹੀਂ ਬਣ ਸਕਦਾ।

ਇਸ ਸਮੇਂ ਇਕ ਹੋਰ ਵੱਡੀ ਸਮੱਸਿਆ ਖੜ੍ਹੀ ਹੋ ਗਈ ਹੈ: ਭਾਰਤ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਵਿਚਾਰਧਾਰਾ ਦੀ ਨਵੀਂ ਸਿਉਂਕ ਲੱਗ ਗਈ ਹੈ। ਇਕ ਵਿਚਾਰਧਾਰਾ ਨੂੰ ਫੈਲਾਉਣ ਲਈ ਦੂਜੀ ਵਿਚਾਰਧਾਰਾ ਦੇ ਪ੍ਰਤਿਭਾਸ਼ਾਲੀ ਲੋਕਾਂ ਨੂੰ ਸਿਸਟਮ ਤੋਂ ਬਾਹਰ ਧੱਕਿਆ ਜਾ ਰਿਹਾ ਹੈ। ਜਿਹੜੇ ਲੋਕ ਕਿਸੇ ਸਕੂਲ ਵਿਚ ਅਧਿਆਪਕ ਬਣਨ ਦੇ ਯੋਗ ਵੀ ਨਹੀਂ, ਉਹ ਪ੍ਰੋਫੈਸਰ ਬਣ ਰਹੇ ਹਨ। ਸਿੱਖਿਆ/ਗਿਆਨ ਤੰਤਰ ਖ਼ਤਮ ਹੋਣ ਦੀ ਕਗਾਰ 'ਤੇ ਹੈ। ਜੰਤਰ-ਮੰਤਰ 'ਤੇ ਇਕੱਠੇ ਹੋਏ ਵਿਦਿਆਰਥੀ ਤੇ ਨੌਜਵਾਨ ਇਸ ਗਲੇ-ਸੜੇ ਤੰਤਰ ਤੋਂ ਨਾਰਾਜ਼ ਸਨ। ਬੜੇ ਦੁੱਖ ਦੀ ਗੱਲ ਹੈ ਕਿ ਇਸ ਅੰਦੋਲਨ ਤੋਂ ਸਬਕ ਲੈ ਕੇ ਸਿੱਖਿਆ ਵਿਚ ਕੋਈ ਸੁਧਾਰ ਕਰਨ ਦੀ ਬਜਾਏ ਇਸ ਨੂੰ ਦਬਾਉਣ ਲਈ 'ਦਿਮਾਗੀ ਨਕਸਲ ਵਰਗੇ ਸ਼ਬਦ ਘੜੇ ਜਾ ਰਹੇ ਹਨ। ਅਜਿਹੀ ਸਥਿਤੀ ਵਿਚ ਭਾਰਤ ਕਿਵੇਂ ਤਰੱਕੀ ਕਰਕੇ ਇਕ ਵੱਡੀ ਸ਼ਕਤੀ ਵਜੋਂ ਉੱਭਰੇਗਾ?

***(ਰੋਜ਼ਾਨਾ ਅਜੀਤ ਦੇ ਧੰਨਵਾਦ ਸਹਿਤ)***

# ਦਿਮਾਗ ਤੋਂ ਭੈਅ ਭੀਤ '56-ਇੰਚ' ਹਕੂਮਤ

ਬੂਟਾ ਸਿੰਘ ਮਹਿਮੂਦਪੁਰ

ਆਰ.ਐਸ.ਐਸ.-ਭਾਜਪਾ ਵੱਲੋਂ ਹੱਕਾਂ ਲਈ ਜੂਝਣ ਵਾਲਿਆਂ ਅਤੇ ਹਕੂਮਤ ਦੀ ਕਾਰਗੁਜ਼ਾਰੀ ਉੱਪਰ ਸਵਾਲ ਉਠਾਉਣ ਨੂੰ 'ਅੰਦੋਲਨਜੀਵੀ', 'ਟੁਕੜੇ-ਟੁਕੜੇ ਗੈਂਗ', 'ਖ਼ਾਨ ਮਾਰਕੀਟ ਗੈਂਗ', 'ਦੇਸ਼ਧ੍ਰੋਹੀ', 'ਟੂਲ-ਕਿੱਟ ਗੈਂਗ', 'ਪ੍ਰੈਸਟੀਚਿਊਟ', 'ਸਿਕੂਲਰ', 'ਸ਼ਹਿਰੀ ਨਕਸਲੀ' ਆਦਿ ਕਰਾਰ ਦੇ ਕੇ ਜਬਰ ਦਾ ਨਿਸ਼ਾਨਾ ਬਣਾਉਣ ਤੋਂ ਬਾਅਦ ਹੁਣ ਨਫ਼ਰਤਜੀਵੀ 'ਨਿਊਰੋਵਿਗਿਆਨੀ' ਮੋਦੀ ਨੇ 'ਦਿਮਾਗੀ ਨਕਸਲੀ' ਦੀ ਨਵੀਂ ਖੋਜ ਪੇਸ਼ ਕੀਤੀ ਹੈ। ਪਹਿਲਾਂ ਵੱਖ-ਵੱਖ ਸਰਕਾਰਾਂ ਵੱਲੋਂ ਨਕਸਲੀ ਇਨਕਲਾਬੀਆਂ ਨੂੰ ਮੁਕਾਬਲਿਆਂ ਵਿਚ ਮਾਰਨ ਅਤੇ ਜੇਲ੍ਹਾਂ ਵਿਚ ਸਾੜਨ ਦਾ ਦਸਤੂਰ ਸੀ। ਫਿਰ, ਭਗਵਾ ਹਕੂਮਤ ਵੱਲੋਂ 2018 'ਚ ਜਬਰ ਦਾ ਘੇਰਾ ਵਧਾ ਕੇ 'ਸ਼ਹਿਰੀ ਨਕਸਲੀ' ਦੇ ਨਾਂ ਹੇਠ ਲੋਕ ਹੱਕਾਂ ਦੇ ਕਾਰਕੁਨਾਂ, ਲੇਖਕਾਂ-ਕਵੀਆਂ-ਬੁੱਧੀਜੀਵੀਆਂ ਨੂੰ ਵੀ ਜੇਲ੍ਹਾਂ ਵਿਚ ਡੱਕਣਾ ਸ਼ੁਰੂ ਕਰ ਦਿੱਤਾ ਗਿਆ। ਕੁਝ ਸਾਲ ਪਹਿਲਾਂ ਮੋਦੀ ਨੇ ਐਲਾਨ ਕੀਤਾ ਸੀ ਕਿ 'ਕਲਮਧਾਰੀ ਨਕਸਲੀ' ਬੰਦੂਕਾਂ ਵਾਲੇ ਨਕਸਲੀਆਂ ਤੋਂ ਵੀ ਖ਼ਤਰਨਾਕ ਹਨ। ਹੁਣ 'ਦਿਮਾਗੀ ਨਕਸਲੀ' ਨਾਂ ਦਾ ਨਵਾਂ ਹਊਆ ਖੜ੍ਹਾ ਕੀਤਾ ਗਿਆ ਹੈ। ਇਸਦਾ ਸਪਸ਼ਟ ਮਤਲਬ ਇਹ ਹੈ ਕਿ ਦਿਮਾਗ ਦੀ ਵਰਤੋਂ ਕਰਨ ਵਾਲੇ ਨਾਗਰਿਕ ਸਰਕਾਰ ਦੀਆਂ ਨਜ਼ਰਾਂ 'ਚ ਖ਼ਤਰਨਾਕ ਮੁਜਰਿਮ ਹਨ। ਇਹ ਸਮਾਜ ਨੂੰ ਬਿਹਤਰ ਬਣਾਉਣ ਦੀ ਸੋਚ ਰੱਖਣ ਵਾਲੇ, ਦੱਬੇ-ਕੁਚਲੇ ਕਿਰਤੀ ਲੋਕਾਂ ਦੇ ਹੱਕਾਂ ਨਾਲ ਸਰੋਕਾਰ ਰੱਖਣ ਵਾਲੇ ਹਰ ਵਿਅਕਤੀ ਨੂੰ ਹਕੂਮਤੀ ਹਮਲੇ ਦੀ ਮਾਰ ਹੇਠ ਲਿਆਉਣ ਦਾ ਹਕੂਮਤੀ ਐਲਾਨ ਹੈ।

ਇਸ ਵਾਰ ਵੀ 15 ਅਗਸਤ ਨੂੰ ਮੋਦੀ ਨੇ ਲਾਲ ਕਿਲ੍ਹੇ ਤੋਂ ਦਿੱਤੇ ਆਪਣੇ ਭਾਸ਼ਣ ਵਿਚ 2014 ਤੋਂ ਬਾਅਦ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਲੰਮਾ-ਚੌੜਾ ਵੇਰਵਾ ਦਿੱਤਾ। ਇਸ ਤੋਂ ਇਲਾਵਾ ਉਸਨੇ ਉਚੇਚੇ ਤੌਰ 'ਤੇ ਫਰਮਾਇਆ ਕਿ 'ਦਿਮਾਗ਼ੀ ਨਕਸਲ' ਭਾਰਤੀ ਸਮਾਜ ਲਈ ਖ਼ਤਰਾ ਹਨ ਅਤੇ ਉਨ੍ਹਾਂ ਨੂੰ 'ਲੱਭ ਕੇ ਅਲੱਗ-ਥਲੱਗ' ਕਰਨ ਦੀ ਜ਼ਰੂਰਤ ਹੈ। ਉਸਨੇ ਦਾਅਵਾ ਕੀਤਾ ਕਿ 'ਜੰਗਲਾਂ ਵਿਚਲੇ ਹਥਿਆਰਬੰਦ ਨਕਸਲੀ ਤਾਂ ਗਏ, ਦਿਮਾਗੀ ਨਕਸਲੀ ਅਜੇ ਬਾਕੀ ਹਨ ਜੋ ਗੜਬੜ ਕਰਨ ਲਈ ਮੌਕੇ ਦੀ ਭਾਲ 'ਚ ਰਹਿੰਦੇ ਹਨ'। ਉਸਨੇ ਹੋਰ ਕਿਹਾ ਕਿ 'ਅਜਿਹੇ ਵਿਅਕਤੀਆਂ ਨੇ ਸਾਲਾਂ ਤੋਂ ਸੱਤਾ ਦੇ ਗਲਿਆਰਿਆਂ ਵਿਚ ਆਪਣੀ ਥਾਂ ਬਣਾ ਰੱਖੀ ਹੈ ਅਤੇ ਸਰਕਾਰੀ ਕਮੇਟੀਆਂ ਦੇ ਸਲਾਹਕਾਰਾਂ ਵਜੋਂ ਕੰਮ ਕਰਨ ਸਮੇਤ ਨੀਤੀ-ਨਿਰਮਾਣ ਨੂੰ ਪ੍ਰਭਾਵਤ ਕਰ ਰਹੇ ਹਨ।' ਹਾਲਾਂਕਿ ਉਸਨੇ ਇਹ ਸਪਸ਼ਟ ਨਹੀਂ ਕੀਤਾ, ਅਤੇ ਸਪਸ਼ਟ ਕਰਨਾ ਉਸਦਾ ਮਕਸਦ ਵੀ ਨਹੀਂ ਹੈ, ਕਿ ਸੱਤਾ ਦੇ ਗਲਿਆਰਿਆਂ ਵਿਚ ਪੈਰ-ਜਮਾਈ ਬੈਠੇ ਉਹ ਸ਼ਖ਼ਸ ਕੌਣ ਹਨ।

ਇਸਦਾ ਰਾਜਨੀਤਕ ਲਾਹਾ ਲੈਣ ਲਈ ਪੀ. ਚਿਦੰਬਰਮ ਵਰਗੇ ਮੌਕਾਪ੍ਰਸਤ ਸਿਆਸਤਦਾਨਾਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ 'ਮੈਨੂੰ ਦਿਮਾਗੀ ਨਕਸਲ ਹੋਣ 'ਤੇ ਮਾਣ ਹੈ'। ਚਿਦੰਬਰਮ ਉਹ ਦੁਸ਼ਟ ਹੈ ਜਿਸਦੀ ਕਮਾਨ ਹੇਠ ਮਨਮੋਹਣ-ਸੋਨੀਆ ਗਾਂਧੀ ਸਰਕਾਰ ਵੱਲੋਂ 'ਨਕਸਲਵਾਦ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਕਰਾਰ ਦੇ ਕੇ ਆਦਿਵਾਸੀ ਲੋਕਾਂ ਦਾ ਕਤਲੇਆਮ ਅਤੇ ਉਜਾੜਾ ਕਰਨ ਲਈ 'ਓਪਰੇਸ਼ਨ ਗ੍ਰੀਨ ਹੰਟ' ਸ਼ੁਰੂ ਕੀਤਾ ਗਿਆ ਸੀ। ਜਦੋਂ ਇਸ ਮੁੱਦੇ ਉੱਪਰ ਮੋਦੀ ਸਰਕਾਰ ਘਿਰਨੀ ਸ਼ੁਰੂ ਹੋ ਗਈ ਤਾਂ ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਸਪਸ਼ਟੀਕਰਨ ਦਿੱਤਾ ਕਿ ਮੋਦੀ ਜੀ ਨੇ 'ਦਿਮਾਗ਼ੀ ਨਕਸਲ' ਵਿਰੋਧੀ-ਧਿਰ ਨੂੰ ਨਹੀਂ ਕਿਹਾ, 'ਦਿਮਾਗ਼ੀ ਨਕਸਲ' ਤਾਂ ਉਹ ਹਨ ਜੋ 'ਮਾਓਵਾਦੀਆਂ ਦੀ ਹਮਾਇਤ ਕਰਦੇ ਹਨ ਅਤੇ ਭਾਰਤੀ ਸੰਵਿਧਾਨ ਨੂੰ ਰੱਦ ਕਰਦੇ ਹਨ। ਜੋ ਵੱਖਵਾਦੀਆਂ ਦਾ ਸਾਥ ਦਿੰਦੇ ਹਨ ਅਤੇ ਧਾਰਾ 370 ਦੀ ਹਮਾਇਤ ਕਰਦੇ ਹਨ।...' ਭਾਜਪਾ ਦੇ ਐਮ.ਪੀ. ਸੁਧਾਂਸ਼ੂ ਤ੍ਰਿਵੇਦੀ ਨੇ ਇਸ ਪਰਿਭਾਸ਼ਾ ਵਿਚ ਇਹ ਵੀ ਜੋੜਿਆ ਹੈ ਕਿ ਜੋ 'ਵੰਨ ਇੰਡੀਆ, ਗਰੇਟ ਇੰਡੀਆ' ਨੂੰ ਨਹੀਂ ਮੰਨਦਾ, ਜੋ 'ਵੰਦੇ ਮਾਤਰਮ' ਗਾਉਣ ਤੋਂ ਬੇਅਰਾਮੀ ਮਹਿਸੂਸ ਕਰਦਾ ਜਾਂ ਇਨਕਾਰੀ ਹੈ, ਉਹ ਦਿਮਾਗੀ ਨਕਸਲੀ ਹੈ। ਅਜੇ ਪਤਾ ਨਹੀਂ, ਇਹੀ ਵਿਆਖਿਆ ਅੰਤਮ ਹੈ ਜਾਂ ਕੋਈ ਹੋਰ ਵੀ ਸੁਣਨ ਨੂੰ ਮਿਲੇਗੀ!

15 ਅਗਸਤ ਦਾ ਭਾਸ਼ਣ ਕੇਂਦਰ ਸਰਕਾਰ ਦੀ ਅਗਲੇ ਸਾਲ ਦੀ ਕਾਰਜ-ਯੋਜਨਾ ਦਾ ਖ਼ਾਕਾ ਹੁੰਦਾ ਹੈ। ਲਿਹਾਜ਼ਾ, ਫਾਸ਼ੀਵਾਦੀ ਹਕੂਮਤ ਨੇ ਹੁਣ ਵਿਚਾਰਾਂ ਦੇ ਆਧਾਰ 'ਤੇ ਨਾਗਰਿਕਾਂ ਨੂੰ ਅਲੱਗ-ਥਲੱਗ ਕਰਨ ਅਤੇ ਨਿਸ਼ਾਨਾ ਬਣਾਉਣ ਦਾ ਦਾਇਰਾ ਹੋਰ ਵੀ ਚੌੜਾ ਕਰ ਲਿਆ ਹੈ। ਹੁਣ ਆਰ.ਐਸ.ਐਸ.-ਭਾਜਪਾ ਦੀਆਂ ਸ਼ਾਖ਼ਾਵਾਂ ਬਣ ਕੇ ਕੰਮ ਕਰ ਰਹੀ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਜੰਗਲਾਂ,ਖੇਤਾਂ, ਯੂਨੀਵਰਸਿਟੀਆਂ, ਸੈਮੀਨਾਰਾਂ, ਨਿੱਜੀ ਲਾਇਬ੍ਰੇਰੀਆਂ ਵਿਚ ਜਾ ਕੇ ਨਕਸਲੀ ਹੋਣ ਦੇ ਸਬੂਤ ਲੱਭਣ ਦੀ ਜ਼ਰੂਰਤ ਨਹੀਂ ਹੈ, ਉਹ ਦਿਮਾਗ ਵਰਤਣ ਵਾਲੇ ਕਿਸੇ ਵੀ ਬੰਦੇ ਨੂੰ 'ਦਿਮਾਗੀ ਨਕਸਲੀ' ਕਰਾਰ ਦੇ ਸਕਦੇ ਹਨ। ਇਹ ਸੱਤਾ ਦਾ ਖ਼ੌਫ਼ ਪੈਦਾ ਕਰਨ ਲਈ ਹੈ। ਤਾਂ ਜੋ ਕਾਲਜ ਜਾਂ ਯੂਨੀਵਰਸਿਟੀ ਦਾ ਪ੍ਰੋਫੈਸਰ, ਲੇਖਕ, ਸੰਪਾਦਕ, ਹਰ ਕੋਈ ਆਲੋਚਨਾ ਦੇ ਜੋਖ਼ਮ ਨੂੰ ਧਿਆਨ ਵਿਚ ਰੱਖ ਕੇ ਸਵੈ-ਸੈਂਸਰਸ਼ਿਪ ਦੇ ਤਹਿਤ ਕੰਮ ਕਰਨ ਦੀ ਆਦਤ ਪਾ ਲਵੇ।

ਸਿੱਧੀ ਜਹੀ ਗੱਲ ਹੈ ਕਿ ਜਿਨ੍ਹਾਂ ਦੇ ਆਪਣੇ ਦਿਮਾਗਾਂ ਵਿਚ ਗੋਹਾ ਭਰਿਆ ਹੋਇਆ ਹੈ, ਉਹ ਭਲਾਂ ਸੋਚਣ ਵਾਲੇ ਦਿਮਾਗਾਂ ਨੂੰ ਪਸੰਦ ਕਿਉਂ ਕਰਨਗੇ! ਹੁਕਮਰਾਨਾਂ ਤੋਂ ਵਿਕਾਸ, ਤਰੱਕੀ ਦੇ ਦਾਅਵਿਆਂ ਦੇ ਸਬੂਤ ਮੰਗਣੇ, ਸਰਕਾਰੀ ਬਿਰਤਾਂਤਾਂ ਨੂੰ ਅੱਖਾਂ ਮੀਟ ਕੇ ਕਬੂਲ ਨਾ ਕਰਨਾ, ਹਕੂਮਤ ਦੀ ਜਵਾਬਦੇਹੀ ਤੇ ਕਾਰਵਿਹਾਰ ਵਿਚ ਪਾਰਦਰਸ਼ਤਾ ਦੀ ਮੰਗ ਕਰਨਾ, ਲੋਕ ਵਿਰੋਧੀ ਨੀਤੀਆਂ ਨੂੰ ਦਲੀਲਾਂ ਨਾਲ ਰੱਦ ਕਰਨਾ, ਇਤਿਹਾਸ ਦੀ ਤੋੜ-ਮਰੋੜ ਦਾ ਵਿਰੋਧ ਕਰਨਾ, ਇਹ ਮੁੱਢਲੀਆਂ ਜਮਹੂਰੀ ਚੀਜ਼ਾਂ ਵੀ ਜਾਹਲ ਦਿਮਾਗ ਹੁਕਮਰਾਨਾਂ ਨੂੰ ਅਸਹਿਜ ਕਰ ਰਹੀਆਂ ਹਨ ਅਤੇ ਉਹ ਦਲੀਲਾਂ ਤੇ ਤੱਥਾਂ ਦੇ ਆਧਾਰ 'ਤੇ ਜਵਾਬ ਦੇਣ ਦੇ ਝਮੇਲੇ 'ਚ ਪੈਣ ਦੀ ਬਜਾਏ ਸਵਾਲ ਉਠਾਉਣ ਦੇ ਹੱਕ ਨੂੰ ਹੀ ਦੇਸ਼ਧ੍ਰੋਹੀ ਐਲਾਨ ਰਹੇ ਹਨ। ਪੱਤਰਕਾਰਾਂ ਦੇ ਸਵਾਲਾਂ ਨਾਲ ਬੌਂਦਲ ਤੇ ਬੁਖਲਾ ਜਾਣ ਅਤੇ ਪ੍ਰੈਸ ਕਾਨਫਰੰਸਾਂ ਤੋਂ ਡਰਨ ਵਾਲੇ ਮੋਦੀ ਵੱਲੋਂ ਦਿਮਾਗ ਨੂੰ ਦੁਸ਼ਮਣ ਐਲਾਨਣਾ ਹੈਰਾਨੀਜਨਕ ਨਹੀਂ ਹੈ। ਨਾਗਰਿਕਾਂ ਨੂੰ ਫਾਸ਼ੀਵਾਦੀ ਦਹਿਸ਼ਤ ਨਾਲ ਖ਼ੌਫ਼ਜ਼ਦਾ ਕਰਕੇ ਦੱਬੂ ਪਰਜਾ 'ਚ ਬਦਲਣ ਦਾ ਹਿੰਦੂਤਵ ਪ੍ਰੋਜੈਕਟ ਮੁੱਢਲੇ ਜਮਹੂਰੀ ਮੁੱਲਾਂ ਦਾ ਨਿਖੇਧ ਹੈ। ਸੰਘ ਬਰਗੇਡ ਚਾਹੁੰਦਾ ਹੈ ਕਿ ਭਾਰਤ ਦੇ ਸੋਚਣ, ਸਵਾਲ ਕਰਨ ਵਾਲੇ ਲੋਕ ਫਾਸ਼ੀਵਾਦੀ ਹਕੂਮਤ ਦੇ ਖ਼ੌਫ਼ ਤੋਂ ਡਰਕੇ ਆਪਣੇ ਦਿਮਾਗ ਵਰਤਣੇ ਬੰਦ ਕਰ ਦੇਣ। ਉਹ ਸੋਚ ਵਿਹੂਣੀ 'ਸੰਸਕਾਰੀ' ਪਰਜਾ ਬਣਕੇ ਹਕੂਮਤ ਦੇ ਅਨੁਸ਼ਾਸਨ ਹੇਠ ਵਿਚਰਨ ਦੀ ਆਦਤ ਪਾ ਲੈਣ ਅਤੇ ਰਾਜ ਪ੍ਰਤੀ 'ਕਰਤੱਵਿਯਾ' ਨਿਭਾਉਣਾ ਸਿੱਖ ਲੈਣ।

ਇੱਥੇ ਇਕ ਬਨਾਉਟੀ ਵਿਰੋਧ ਪੈਦਾ ਹੋ ਗਿਆ: ਸਵਾਲਾਂ ਤੋਂ ਡਰਿਆ ਮੋਦੀ ਸੰਵਾਦ ਕਰਨ ਦੇ ਸਮਰੱਥ ਦਿਮਾਗਾਂ ਨੂੰ ਫ਼ਸਲ ਵਿੱਚੋਂ ਨਦੀਨ ਦੀ ਤਰ੍ਹਾਂ ਲੱਭ-ਲੱਭ ਕੇ ਨਿਸ਼ਾਨਾ ਬਣਾਉਣ ਦੇ ਐਲਾਨ ਕਰ ਰਿਹਾ ਹੈ ਅਤੇ ਉਸਦਾ ਵਿਚਾਰਧਾਰਕ ਸਰੋਤ, ਸੰਘ ਮੁਖੀ ਅਜੋਕੀ ਨੌਜਵਾਨ ਪੀੜ੍ਹੀ ਨਾਲ ਸੰਵਾਦ ਰਚਾਉਣ ਦੀ ਗੱਲ ਕਰ ਰਿਹਾ ਹੈ। ਇਨ੍ਹਾਂ ਵਿੱਚੋਂ ਕਿਸਦੀ ਗੱਲ ਸੱਚ ਮੰਨੀ ਜਾਵੇ? ਸੰਘ ਦੀ ਮੂਲ ਖ਼ਸਲਤ ਇਸਦਾ ਜਵਾਬ ਦਿੰਦੀ ਹੈ। 'ਬਗਲ ਵਿਚ ਛੁਰੀ, ਮੂੰਹ 'ਚ ਰਾਮ-ਰਾਮ' ਦਾ ਮੁਜੱਸਮਾ ਸੰਘ ਕਹਿੰਦਾ ਕੁਝ ਹੋਰ ਅਤੇ ਕਰਦਾ ਕੁਝ ਹੋਰ ਹੈ।




ਆਰ.ਐਸ.ਐਸ. ਦੀ 'ਖ਼ਾਸੀਅਤ' ਹੀ ਇਹ ਹੈ ਕਿ ਇਸ ਦੀਆਂ ਵੱਖ-ਵੱਖ ਜੀਭਾਂ ਇੱਕੋ ਸਮੇਂ ਕਈ ਤਰ੍ਹਾਂ ਦੇ ਰਾਗ ਅਲਾਪ ਸਕਦੀਆਂ ਹਨ। ਕਿਹਾ ਜਾਂਦਾ ਹੈ ਕਿ ਗਾਂਧੀ ਨੇ ਗੁਰੂ ਗੋਲਵਲਕਰ (ਤਤਕਾਲੀ ਸਰਸੰਘਚਾਲਕ) ਨਾਲ ਮੁਲਾਕਾਤ ਤੋਂ ਬਾਅਦ ਆਰ.ਐਸ. ਐਸ. ਦੇ ਦੰਭੀ ਕਿਰਦਾਰ ਉੱਪਰ ਟਿੱਪਣੀ ਕਰਦਿਆਂ ਕਿਹਾ ਸੀ ਕਿ ਆਰ.ਐਸ.ਐਸ. ਦੇ ਕਹੇ ਉੱਪਰ ਕਦੇ ਯਕੀਨ ਨਹੀਂ ਕਰਨਾ ਚਾਹੀਦਾ।

ਸੰਘ ਦੀ ਇਹ ਖ਼ਾਸੀਅਤ ਅੱਜਕੱਲ੍ਹ ਮੋਹਨ ਭਾਗਵਤ ਤੋਂ ਲੈ ਕੇ ਮੋਦੀ ਸਮੇਤ ਭਗਵਾ ਆਗੂਆਂ ਵੱਲੋਂ ਦਿੱਤੇ ਜਾ ਰਹੇ ਭਾਸ਼ਣਾਂ/ਬਿਆਨਾਂ ਵਿਚ ਸਾਫ਼ ਦੇਖੀ ਜਾ ਸਕਦੀ ਹੈ। ਜਦੋਂ ਸਾਮ-ਦੰਡ-ਭੇਦ ਦੀ ਮਾਹਰ ਭਗਵਾ ਹਕੂਮਤ ਦੀ 'ਕਾਕਰੋਚ' ਅੰਦੋਲਨ ਨੂੰ ਦਬਾਉਣ ਦੀ ਚਾਲ ਪੁੱਠੀ ਪੈ ਗਈ ਤਾਂ ਮੋਦੀ ਨੂੰ ਆਪਣੇ ਸਿੱਖਿਆ ਮੰਤਰੀ ਦਾ ਅਸਤੀਫ਼ਾ ਲੈਣਾ ਪਿਆ। ਸੰਘਰਸ਼ ਵਿਚ ਡਟੀ 'ਜੈਨ-ਜ਼ੀ' ਦੇ ਰੋਹ ਨੂੰ ਠੰਡਾ ਕਰਨ ਲਈ ਮੋਦੀ ਨੂੰ ਇੰਸਟਾਗ੍ਰਾਮ ਉੱਪਰ ਜਾ ਕੇ 'ਨੌਜਵਾਨਾਂ ਦਾ ਭਵਿੱਖ ਤਬਾਹ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦੇਣ' ਦੇ ਐਲਾਨ ਕਰਨੇ ਪਏ। ਮੋਦੀ ਨੇ ਲਾਈਵ ਹੋ ਕੇ 'ਗ਼ਲਤੀਆਂ ਕਰਨ ਵਾਲੇ ਬੱਚਿਆਂ ਨੂੰ ਮਾਫ਼ ਕਰਨ' ਦੀ ਦਰਿਆਦਿਲੀ ਦਾ ਨਾਟਕ ਕੀਤਾ। ਨਾਲ ਹੀ ਪੁਲਿਸ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੈ ਕਿ ਅੰਦੋਲਨਕਾਰੀਆਂ ਨੂੰ ਪੁੱਛਗਿੱਛ, ਜਾਂਚ ਅਤੇ ਝੂਠੇ ਕੇਸਾਂ ਰਾਹੀਂ ਐਨਾ ਤੰਗ-ਪ੍ਰੇਸ਼ਾਨ ਕਰੋ ਕਿ ਹੋਰ ਬੱਚੇ ਅੰਦੋਲਨ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸੌ ਵਾਰ ਸੋਚਣ। ਜਦੋਂ 'ਜੈਨ-ਜ਼ੀ' ਦੇ ਨਾਲ ਅਗਲੀ ਪੀੜ੍ਹੀ 'ਜੈਨ-ਅਲਫਾ' ਨੇ ਵੀ ਸਿੱਖਿਆ ਅਤੇ ਰੁਜ਼ਗਾਰ ਦੇ ਮੁੱਦੇ ਉਠਾਉਣੇ ਸ਼ੁਰੂ ਕਰ ਦਿੱਤੇ, ਤਾਂ ਸੰਘ ਮੁਖੀ ਮੋਹਨ ਭਾਗਵਤ ਨੇ ਵੀ ਨੌਜਵਾਨਾਂ ਨਾਲ 'ਸੰਵਾਦ' ਰਚਾਉਣ ਦਾ ਮੋਰਚਾ ਸਾਂਭ ਲਿਆ।

6 ਅਗਸਤ ਨੂੰ ਸੰਘ ਦੇ ਮੁਖੀ ਨੇ ਮੁਲਕ ਦੇ 100 ਤੋਂ ਵੱਧ ਸ਼ਹਿਰਾਂ 'ਚੋਂ ਚੁਣ ਕੇ ਲਿਆਂਦੇ 15 ਤੋਂ 19 ਸਾਲ ਦੇ 2000 ਮੁੰਡੇ-ਕੁੜੀਆਂ ਨੂੰ ਜੋ ਭਾਸ਼ਣ ਦਿੱਤਾ ਉਸਦੀ ਸੁਰ 'ਜੈਨ.ਜ਼ੀ' ਨੂੰ 'ਰਾਸ਼ਟਰ ਵਿਰੋਧੀ' ਕਰਾਰ ਦੇਣ ਦੇ ਭਗਵਾ ਬਿਰਤਾਂਤ ਤੋਂ ਵੱਖਰੀ ਰੱਖੀ ਗਈ। ਭਾਗਵਤ ਨੇ ਫਰਮਾਇਆ ਕਿ ਅੰਦੋਲਨ ਕਰਨ ਵਾਲੇ ਸਾਡੀ ਅਗਲੀ ਪੀੜ੍ਹੀ ਹਨ। ਉਸਨੇ ਉਨ੍ਹਾਂ ਨਾਲ ਗੱਲਬਾਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣਾਪਣ ਮਹਿਸੂਸ ਕਰਾਉਣ ਦੀ ਜ਼ਰੂਰਤ ਉੱਪਰ ਜ਼ੋਰ ਦਿੱਤਾ। ਉਸਨੇ ਲੋਕਤੰਤਰ ਵਿਚ ਵਿਰੋਧ ਪ੍ਰਦਰਸ਼ਨ ਨੂੰ ਸਹਿਮਤੀ ਬਣਾਉਣ ਦਾ ਮਾਧਿਅਮ ਦੱਸਿਆ। ਨੌਜਵਾਨਾਂ ਵੱਲੋਂ ਚੁੱਕੇ ਮਸਲਿਆਂ ਬਾਰੇ ਉਸਨੇ ਕਿਹਾ ਕਿ 'ਜੈਨ.ਜ਼ੀ' ਇਸ ਕਾਰਨ ਆਵਾਜ਼ ਉਠਾ ਰਿਹਾ ਹੈ ਕਿ ਕੁਝ ਸਮੱਸਿਆਵਾਂ ਹਨ ਜਿਨ੍ਹਾਂ ਦਾ ਹੱਲ ਹੋਣਾ ਚਾਹੀਦਾ ਹੈ। ਭਾਰਤ ਦੀ ਸਿੱਖਿਆ ਪ੍ਰਣਾਲੀ ਜ਼ਰੂਰਤਾਂ ਦੇ ਅਨੁਸਾਰ ਨਾ ਹੋਣ ਕਾਰਨ ਮੁੱਦੇ ਉੱਠ ਰਹੇ ਹਨ। ਉਸਨੇ ਇਹ ਵੀ ਕਿਹਾ ਕਿ ਵਿਰੋਧ ਦੌਰਾਨ ਵੱਖ-ਵੱਖ ਵਿਚਾਰ ਸਾਹਮਣੇ ਆਉਂਦੇ ਹਨ ਅਤੇ ਚਰਚਾ ਕਰਨ ਤੋਂ ਬਾਅਦ ਸਹਿਮਤੀ ਬਣਦੀ ਹੈ। ਸਹਿਮਤੀ ਸੰਵਾਦ ਜ਼ਰੀਏ ਬਣ ਸਕਦੀ ਹੈ। ਉਸਨੇ ਕਿਹਾ ਕਿ ਗੱਲ ਨਾ ਸੁਣੇ ਜਾਣ 'ਤੇ ਅੰਦੋਲਨ ਕੀਤਾ ਜਾ ਸਕਦਾ ਹੈ ਪਰ ਇਹ ਸਹਿਮਤੀ ਬਣਾਉਣ ਲਈ ਹੋਣਾ ਚਾਹੀਦਾ ਹੈ ਨਾ ਕਿ ਸਮਾਜ ਨੂੰ ਵੰਡਣ ਲਈ। ਭਾਗਵਤ ਨੇ ਮੰਨਿਆ ਕਿ 'ਜੈਨ.ਜ਼ੀ' ਪੁਰਾਣੀ ਪੀੜ੍ਹੀ ਵਾਂਗ ਆਗਿਆਕਾਰੀ ਨਹੀਂ ਹੈ, ਉਹ ਸਵਾਲ ਕਰਦੀ ਹੈ ਅਤੇ ਜਵਾਬਦੇਹੀ ਦੀ ਮੰਗ ਕਰਦੀ ਹੈ।

ਜਿਵੇਂ ਆਪਣੀਆਂ ਇੰਸਟਾਗ੍ਰਾਮ ਰੀਲਾਂ ਵਿਚ ਮੋਦੀ ਨੇ ਆਪਣੀ ਸਰਕਾਰ ਵੱਲੋਂ ਨੌਜਵਾਨ ਅੰਦੋਲਨ ਨੂੰ ਦਬਾਉਣ ਲਈ ਪੁਰਅਮਨ ਪ੍ਰਦਰਸ਼ਨਕਾਰੀਆਂ ਉੱਪਰ ਪੁਲਿਸ ਅਤੇ ਗ਼ੈਰਵਰਦੀਧਾਰੀ ਲਾਠੀਧਾਰੀਆਂ ਵੱਲੋਂ ਬੇਤਹਾਸ਼ਾ ਲਾਠੀਚਾਰਜ, ਅੱਥਰੂ ਗੈਸ ਦੇ ਗੋਲਿਆਂ, ਪੈਲੇਟ ਗੰਨਾਂ ਅਤੇ ਕਰੰਟ ਦੇ ਝਟਕੇ ਦੇਣ ਵਾਲੇ ਯੰਤਰਾਂ ਨਾਲ ਕੀਤੇ ਹਿੰਸਕ ਹਮਲਿਆਂ ਅਤੇ ਕੁੜੀਆਂ ਨਾਲ ਕੀਤੀ ਬਦਤਮੀਜ਼ੀ ਬਾਰੇ ਇਕ ਵੀ ਸ਼ਬਦ ਨਹੀਂ ਸੀ ਬੋਲਿਆ, ਉਸੇ ਤਰ੍ਹਾਂ ਸੰਘ ਮੁਖੀ ਨੇ ਆਪਣੇ ਭਾਸ਼ਣ ਵਿਚ ਬਿਲਕੁਲ ਜ਼ਿਕਰ ਨਹੀਂ ਕੀਤਾ ਕਿ ਮੋਦੀ ਸਰਕਾਰ ਵੱਲੋਂ ਜੰਤਰ-ਮੰਤਰ ਦਿੱਲੀ ਵਿਖੇ ਪੂਰਾ ਇਕ ਮਹੀਨਾ ਅੰਦੋਲਨਕਾਰੀ ਮੁੰਡੇ-ਕੁੜੀਆਂ ਨਾਲ ਜੋ ਸਲੂਕ ਕੀਤਾ ਗਿਆ, ਕੀ ਉਹ 'ਸੰਵਾਦ' ਸੀ? ਭਾਗਵਤ ਨੇ ਨਹਾਇਤ ਚਲਾਕੀ ਅਤੇ ਬੇਈਮਾਨੀ ਨਾਲ ਇਸ ਸਵਾਲ ਤੋਂ ਪਾਸਾ ਵੱਟ ਲਿਆ ਕਿਉਂਕਿ ਉਸਦੇ ਕਥਿਤ ਸੰਵਾਦ ਦਾ ਉਦੇਸ਼ ਹੀ ਭਗਵਾ ਹਕੂਮਤ ਦੀਆਂ ਫਾਸ਼ੀਵਾਦੀ ਕਰਤੂਤਾਂ ਤੋਂ ਧਿਆਨ ਭਟਕਾ ਕੇ ਆਪਣੇ ਹਿੰਦੂ ਸਮਾਜਿਕ ਆਧਾਰ ਨੂੰ ਇਹ ਜਚਾਉਣਾ ਸੀ ਕਿ ਸੰਘ ਤਾਂ ਉਠਾਏ ਜਾ ਰਹੇ ਮਸਲਿਆਂ ਨੂੰ ਸੁਣਨ ਅਤੇ ਸੰਵਾਦ ਰਚਾਉਣ ਲਈ ਸੰਜੀਦਾ ਯਤਨ ਕਰ ਰਿਹਾ ਹੈ।

ਜਿੱਥੋਂ ਤੱਕ ਇਸ ਕਵਾਇਦ ਦੇ ਅਸਰਦਾਇਕ ਹੋਣ ਦਾ ਸਵਾਲ ਹੈ, ਇਹ ਕੁਝ ਵਕਤੀ ਪ੍ਰਭਾਵ ਤਾਂ ਪਾ ਸਕਦੀ ਹੈ ਪਰ ਇਹ ਆਮ ਲੋਕਾਂ ਨੂੰ ਹਮੇਸ਼ਾ ਲਈ ਭਗਵਾ ਪ੍ਰੋਜੈਕਟ ਦੇ ਅੰਨ੍ਹੇ-ਭਗਤ ਬਣਾ ਕੇ ਨਹੀਂ ਰੱਖ ਸਕਦੀ। ਪਹਿਲੀਆਂ ਸਰਕਾਰਾਂ ਦੇ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਨੂੰ ਆਰ.ਐਸ.ਐਸ.-ਭਾਜਪਾ ਵੱਲੋਂ ਹੋਰ ਵੀ ਕਰੂਰਤਾ ਨਾਲ ਥੋਪਣ ਨੇ ਅਵਾਮ ਦਾ ਜੀਵਨ-ਗੁਜ਼ਾਰਾ ਬਹੁਤ ਹੀ ਮੁਸ਼ਕਲ ਬਣਾ ਦਿੱਤਾ ਹੈ। ਜਿਸ ਕਾਰਨ ਹਕੂਮਤ ਵੱਲੋਂ ਵਰਤਾਏ ਜਾਂਦੇ ਝੂਠੇ ਬਿਰਤਾਂਤਾਂ ਦਾ ਪ੍ਰਭਾਵ ਫਿੱਕਾ ਪੈ ਰਿਹਾ ਹੈ ਅਤੇ ਲੋਕਾਂ ਦੇ ਵੱਖ-ਵੱਖ ਹਿੱਸਿਆਂ ਅੰਦਰ ਬੇਚੈਨੀ ਵਧ ਰਹੀ ਹੈ। ਨਵੀਂ ਪੀੜ੍ਹੀ ਸਿੱਖਿਆ ਅਤੇ ਰੁਜ਼ਗਾਰ ਦੇ ਘੋਰ ਸੰਕਟ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਨੂੰ ਹਿੰਦੂ-ਮੁਸਲਮਾਨ ਦਾ ਝੂਠਾ ਝਗੜਾ, 'ਹਿੰਦੂ ਖ਼ਤਰੇ 'ਚ ਹੈ', ਭਾਰਤ ਵਿਸ਼ਵ-ਗੁਰੂ ਬਣਨ ਜਾ ਰਿਹੈ, 'ਭਾਰਤ ਕਾ ਵਾਈਬਰੈਂਟ ਲੋਕਤੰਤਰ', 'ਭਾਰਤ ਕਾ ਮਜ਼ਬੂਤ ਨਿਆਏ ਤੰਤਰ' ਆਦਿ ਬਿਰਤਾਂਤਾਂ ਨਾਲ ਲੰਮਾ ਸਮਾਂ ਗੁੰਮਰਾਹ ਨਹੀਂ ਕੀਤਾ ਜਾ ਸਕਦਾ। ਜਾਣਕਾਰੀ ਦੇ ਵਿਆਪਕ ਸਰੋਤਾਂ ਤੋਂ ਜਾਣੂੰ ਹੋਣ ਕਾਰਨ ਨਵੀਂ ਪੀੜ੍ਹੀ ਝੂਠੇ ਦਾਅਵਿਆਂ ਨੂੰ ਪਰਖਣ ਦੇ ਕਾਬਿਲ ਹੈ। ਭਗਵਾ ਰਾਜ ਹੇਠ ਅਸੁਰੱਖਿਅਤ ਭਵਿੱਖ ਤੋਂ ਚਿੰਤਤ ਇਸ ਪੀੜ੍ਹੀ ਦਾ ਸੱਤਾ ਤੋਂ ਜਵਾਬ ਮੰਗਣ ਲਈ ਸੜਕਾਂ 'ਤੇ ਆਉਣਾ ਅਤੇ ਉਨ੍ਹਾਂ ਤੋਂ ਅਗਲੀ ਪੀੜ੍ਹੀ 'ਜੈਨ-ਅਲਫਾ' ਦਾ ਵੀ ਸਵਾਲ ਉਠਾਉਣ ਲੱਗ ਜਾਣਾ ਸੰਘ ਲਈ ਸਭ ਤੋਂ ਵੱਡੀ ਚਿੰਤਾ ਹੈ।

ਆਰ.ਐਸ.ਐਸ.-ਭਾਜਪਾ ਦੀ ਸਮੱਸਿਆ ਇਹ ਹੈ ਕਿ ਐਨੇ ਵਿਆਪਕ ਪ੍ਰਚਾਰਤੰਤਰ, ਦਿਨ-ਰਾਤ ਧੂੰਆਂਧਾਰ ਜ਼ਹਿਰੀਲੇ ਨਫ਼ਰਤੀ ਪ੍ਰਚਾਰ ਦੇ ਬਾਵਜੂਦ ਇਹ ਮਨੁੱਖੀ ਦਿਮਾਗ ਨੂੰ ਹਮੇਸ਼ਾ ਲਈ ਕੰਟਰੋਲ ਨਹੀਂ ਕਰ ਸਕਦੀ। ਝੂਠੇ ਬਿਰਤਾਂਤ ਜ਼ਿੰਦਗੀ ਦੇ ਬੁਨਿਆਦੀ ਮਸਲਿਆਂ ਤੋਂ ਮਨੁੱਖ ਦਾ ਧਿਆਨ ਲੰਮੇ ਸਮੇਂ ਤੱਕ ਭਟਕਾ ਕੇ ਨਹੀਂ ਰੱਖ ਸਕਦੇ। ਨਾਗਰਿਕ ਸਵਾਲ ਕਰੇਗਾ, ਜਵਾਬਦੇਹੀ ਮੰਗੇਗਾ ਅਤੇ ਜ਼ਿੰਦਗੀ ਦੇ ਬਿਹਤਰ ਹਾਲਾਤਾਂ ਲਈ ਲੜੇਗਾ। ਇਸੇ ਡਰ ਵਿੱਚੋਂ ਮੋਦੀ ਵੱਲੋਂ 15 ਅਗਸਤ ਨੂੰ 'ਦਿਮਾਗੀ ਨਕਸਲੀਆਂ' ਨੂੰ ਨਿਖੇੜਨ ਦਾ ਐਲਾਨ ਕੀਤਾ ਗਿਆ ਹੈ ਤਾਂ ਜੋ ਆਮ ਲੋਕਾਂ ਨੂੰ ਇਹ ਜਚਾਇਆ ਜਾ ਸਕੇ ਕਿ ਸਿੱਖਿਆ ਅਤੇ ਰੁਜ਼ਗਾਰ ਦੇ ਮੁੱਦਿਆਂ ਉੱਪਰ ਅੰਦੋਲਨ ਕਰਨ ਵਾਲੇ ਤਾਂ ਨਕਸਲੀ ਵਿਚਾਰਧਾਰਾ ਦੇ ਲੋਕ ਹਨ। ਇਹ ਸਵਾਲ ਉਠਾਉਣ ਨੂੰ ਜੁਰਮ ਦੇ ਰੂਪ 'ਚ ਪੇਸ਼ ਕਰਕੇ ਨਾਵਾਜਬ ਬਣਾ ਦੇਣ ਦੀ ਪੂਰੀ ਤਰ੍ਹਾਂ ਗਿਣ-ਮਿਥੀ ਚਾਲ ਹੈ। ਜੇ ਭਾਰਤ ਦੇ ਲੋਕਾਂ ਨੇ ਆਪਣੇ ਹਿਤ ਬਚਾਉਣੇ ਹਨ ਤਾਂ ਇਸ ਹਮਲੇ ਪਿੱਛੇ ਕੰਮ ਕਰਦੇ ਫਾਸ਼ੀਵਾਦੀ ਮਨਸ਼ੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਇਸਨੂੰ ਠੱਲ੍ਹ ਪਾਉਣ ਲਈ ਜੂਝਣਾ ਹੋਵੇਗਾ।

# ਮੋਬਾਈਲ ਫ਼ੋਨ ਅਤੇ ਕਿਤਾਬ ਦਾ ਅੰਤਰ ਸਮਝਣ ਦੀ ਲੋੜ

ਪ੍ਰੋ. ਕੁਲਬੀਰ ਸਿੰਘ

ਸਮਾਰਟ ਫ਼ੋਨ ਦੀ ਸਕਰੀਨ ਅਤੇ ਪੁਸਤਕ ਦੇ ਪੰਨਿਆਂ ਵਿਚ ਜ਼ਮੀਨ-ਆਸਮਾਨ ਦਾ ਅੰਤਰ ਹੈ। ਭਾਵੇਂ ਦੋਵੇਂ ਗਿਆਨ ਅਤੇ ਜਾਣਕਾਰੀ ਦੇ ਮਾਧਿਅਮ ਹਨ। ਪ੍ਰੰਤੂ ਕਿਤਾਬ ਦੇ ਗਿਆਨ ਅਤੇ ਫ਼ੋਨ ਦੇ ਗਿਆਨ ਵਿਚ ਵੱਡਾ ਫ਼ਰਕ ਹੈ।

ਮਾਹਿਰ ਵਿਅਕਤੀਆਂ ਨੇ ਇਸ ਅੰਤਰ, ਇਸ ਫਰਕ 'ਤੇ ਬੜੀ ਬਾਰੀਕੀ ਵਿਚ ਖੋਜ-ਪੜਤਾਲ ਕੀਤੀ ਹੈ। ਇਸ ਖੋਜ-ਪੜਤਾਲ ਦੇ ਨਤੀਜੇ ਹੈਰਾਨ ਕਰਨ ਵਾਲੇ ਹਨ।

ਕਿਸੇ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਂਕ ਹੈ ਅਤੇ ਕਿਸੇ ਨੂੰ ਮੋਬਾਈਲ ਫ਼ੋਨ 'ਤੇ ਵੱਧ ਤੋਂ ਵੱਧ ਸਮਾਂ ਬਤੀਤ ਕਰਨ ਦੀ ਲਤ ਹੈ। ਸਮੇਂ ਨਾਲ ਦੋਹਾਂ ਵਿਅਕਤੀਆਂ ਦੇ ਵਿਚਰਨ, ਸੋਚ, ਸੁਭਾਅ ਅਤੇ ਸ਼ਖਸੀਅਤ ਵਿਚ ਜਿਹੜੇ ਵਿਸ਼ੇਸ਼ ਅੰਤਰ ਨਜ਼ਰ ਆਉਂਦੇ ਹਨ, ਉਨ੍ਹਾਂ ਨੂੰ ਅਮੀਰ ਗੋਰ ਨੇ ਸੂਚੀਬੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।

ਮੋਬਾਈਲ ਫ਼ੋਨ ਦੀ ਵਧੇਰੇ ਵਰਤੋਂ ਨਾਲ




ਧਿਆਨ ਭਟਕਦਾ ਹੈ। ਸੋਸ਼ਲ ਮੀਡੀਆ, ਆਨਲਾਈਨ ਗੇਮਾਂ ਅਤੇ ਨੋਟੀਫਿਕੇਸ਼ਨ ਇਕਾਗਰਤਾ ਭੰਗ ਕਰਦੇ ਹਨ ਅਤੇ ਸਮੇਂ ਦੀ ਬਰਬਾਦੀ ਹੁੰਦੀ ਹੈ। ਔਸਤਨ ਤਿੰਨ ਤੋਂ ਪੰਜ ਘੰਟੇ ਫ਼ੋਨ 'ਤੇ ਬਿਤਾਉਣ ਨਾਲ ਦਿਨ ਵਿਅਰਥ ਚਲਾ ਜਾਂਦਾ ਹੈ।

ਅੱਖਾਂ ਥੱਕੀਆਂ ਰਹਿੰਦੀਆਂ ਹਨ। ਜਲਣ ਹੁੰਦੀ ਹੈ, ਨਜ਼ਰ ਘਟਦੀ ਹੈ। ਵਧੇਰੇ ਸਕਰੀਨ ਟਾਈਮ ਨਾਲ ਮਾਨਸਿਕ ਤਣਾਅ ਰਹਿੰਦਾ ਹੈ। ਚਿੰਤਾ ਅਤੇ ਚਿੜ-ਚਿੜਾਪਣ ਵਧਦਾ ਹੈ।

ਗ਼ਲਤ ਜਾਣਕਾਰੀ ਮਿਲਦੀ ਹੈ। ਜਾਣਕਾਰੀ ਦੀ ਬਹੁਤਾਤ ਮਾਨਸਿਕ ਪ੍ਰੇਸ਼ਾਨੀ ਦਾ ਸਬੱਬ ਬਣਦੀ ਹੈ। ਫੇਕ ਨਿਊਜ਼ ਨਾਲ ਭਰਮ ਦੀ ਸਥਿਤੀ ਪੈਦਾ ਹੁੰਦੀ ਹੈ। ਨੀਂਦ ਪ੍ਰਭਾਵਿਤ ਹੁੰਦੀ ਹੈ।

ਨੀਂਦ ਦੀ ਗੁਣਵੱਤਾ ਘਟਦੀ ਹੈ। ਯਾਦਾਸ਼ਤ ਕਮਜ਼ੋਰ ਹੁੰਦੀ ਹੈ। ਸਕਰੋਲਿੰਗ ਦੀ ਆਦਤ ਨਾਲ ਗਹਿਰੀ ਸੋਚ ਨੂੰ ਸੱਟ ਵੱਜਦੀ ਹੈ।

ਮੋਬਾਈਲ ਫ਼ੋਨ ਦੀ ਸਹੀ ਵਰਤੋਂ ਲਈ ਆਨਲਾਈਨ ਪੜ੍ਹਾਈ ਕੀਤੀ ਜਾ ਸਕਦੀ ਹੈ। ਕੋਈ ਕੋਰਸ ਕੀਤਾ ਜਾ ਸਕਦਾ ਹੈ। ਵੀਡੀਓ ਲੈਕਚਰ ਸੁਣ ਸਕਦੇ ਹਾਂ। ਈ-ਬੁਕਸ ਪੜ੍ਹ ਸਕਦੇ ਹਾਂ।

ਤੱਥ ਖੋਜਣ ਲਈ, ਚਲੰਤ ਮਾਮਲਿਆ ਸੰਬੰਧੀ

*(ਬਾਕੀ ਅਗਲੇ ਸਫੇ 'ਤੇ)*

# ਜੇ ਭਾਰਤੀ ਸਟੇਟ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਕੁਰਬਾਨੀ ਨਾ ਰੋਲੀ ਹੁੰਦੀ...

ਹਜ਼ਾਰਾ ਸਿੰਘ
ਫੋਨ: 647-685-5997

20 ਅਗਸਤ 1985 ਨੂੰ ਸੰਤ ਲੌਂਗੋਵਾਲ ਦਾ ਕਤਲ ਹੋ ਗਿਆ। ਸੰਤ ਲੌਂਗੋਵਾਲ ਨੇ 24 ਜੁਲਾਈ 1985 ਨੂੰ ਭਾਰਤ ਸਰਕਾਰ ਨਾਲ ਇੱਕ ਸਮਝੌਤਾ ਕਰਕੇ ਪੰਜਾਬ ਵਿਚ ਸ਼ਾਂਤੀ ਲਿਆਉਣ ਦਾ ਯਤਨ ਕੀਤਾ ਸੀ। ਇਹ ਕਤਲ ਉਨ੍ਹਾਂ ਯਤਨਾਂ ਨੂੰ ਸੱਟ ਮਾਰਨ ਲਈ ਕੀਤਾ ਗਿਆ ਸੀ। ਇਸ ਕਤਲ ਤੋਂ ਬਾਅਦ ਬਾਕੀ ਬਚੀਆਂ ਧਿਰਾਂ ਨੇ ਵੀ ਇਸ ਸਮਝੌਤੇ ਨੂੰ ਤਾਰਪੀਡੋ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਜੇ ਇਹ ਕਤਲ ਨਾ ਹੁੰਦਾ ਤਾਂ ਸ਼ਾਇਦ ਇਹ ਖਿੱਤਾ ਉਹ ਲੰਮਾ ਸੰਤਾਪ ਭੋਗਣ ਤੋਂ ਬਚ ਜਾਂਦਾ, ਜੋ ਉਸਨੇ ਇਸ ਕਤਲ ਤੋਂ ਬਾਅਦ ਭੋਗਿਆ। ਪਰ, 'ਲਿਖੀਆਂ ਡਾਢੇ ਰੱਬ ਦੀਆਂ, ਮੇਟਣ ਵਾਲਾ ਕੌਣ' ਜਾਂ 'ਰਹਿੰਦੀਆਂ ਹੋਣੀਆਂ ਹੋਇਕੇ ਸ਼ੇਰ ਸਿੰਘਾ, ਹੁੰਦਾ ਸੋਈ ਜੋ ਓਸ ਨੂੰ ਭਾਂਵਦਾ ਈ', ਜਿਨਾਂ ਦਾ ਡਰ ਸੀ ਉਹ ਹੋਣੀਆਂ ਹੋ ਕੇ ਹੀ ਰਹੀਆਂ।

ਸੰਤ ਲੌਂਗੋਵਾਲ ਵੱਲੋਂ ਰਾਜੀਵ ਗਾਂਧੀ ਨਾਲ ਸਮਝੌਤਾ ਕਰਨ ਦੇ ਸਮੇਂ ਤੱਕ ਬਹੁਤ ਸਾਰਾ ਪਾਣੀ ਪੁਲਾਂ ਹੇਠ ਦੀ ਲੰਘ ਚੁੱਕਾ ਸੀ। 1984 ਵਿਚ ਫੌਜੀ ਹਮਲੇ ਦੌਰਾਨ ਢੱਠਾ ਅਕਾਲ ਤਖਤ ਸਰਕਾਰ ਵੱਲੋਂ ਬਣਾ ਕੇ ਸਿੱਖਾਂ ਸਪੁਰਦ ਕੀਤਾ ਜਾ ਚੁੱਕਾ ਸੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਮਾਰੇ ਜਾਣ 'ਤੇ ਪੰਜਾਬ ਦੇ ਹਿੰਦੂਆਂ ਦੇ ਮਨਾਂ ਤੋਂ ਖੌਫ ਦਾ ਸਾਇਆ ਉਡ ਚੁੱਕਾ ਸੀ, ਬਹੁਤ ਸਾਰੇ ਸਿੱਖ ਨੌਜੁਆਨ ਅਤੇ ਸਿੱਖ ਲੀਡਰ ਜੇਲਾਂ ਵਿਚ ਬੰਦ ਸਨ, ਇੰਦਰਾ ਗਾਂਧੀ ਦਾ ਕਤਲ ਹੋ ਚੁੱਕਾ ਸੀ ਅਤੇ ਉਸ ਤੋਂ ਬਾਅਦ ਬਹੁਤ ਥਾਵਾਂ ਤੇ ਸਿੱਖਾਂ ਦਾ ਸਮੂਹਿਕ ਕਤਲੇਆਮ, ਘਰਾਂ ਦੀ ਸਾੜ ਫੂਕ ਅਤੇ ਔਰਤਾਂ ਦੀ ਬੇਪਤੀ ਵਰਗੇ ਹੌਲਨਾਕ ਕਾਂਡ ਵਾਪਰ ਚੁੱਕੇ ਸਨ। ਸਹਿਮਿਆ ਹੋਇਆ ਸਿੱਖ ਭਾਈਚਾਰਾ ਡੂੰਘੇ ਸਦਮੇ ਵਿਚ ਸੀ। ਉਪਰੋ-ਥਲੀ ਵਾਪਰੇ ਦੋ ਦੁਖਾਂਤਾਂ, ਜੂਨ 1984 ਵਿਚ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਅਤੇ ਫਿਰ ਨਵੰਬਰ 1984 ਵਿਚ ਵਾਪਰੇ ਭਿਆਨਕ ਨਰਸੰਘਾਰ, ਨੇ ਸਿੱਖ ਭਾਈਚਾਰੇ ਨੂੰ ਮਾਨਸਿਕ ਤੌਰ 'ਤੇ ਵੀ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ। ਸਾਂਝੇ ਦਰਦ ਨਾਲ ਪਰੁੰਨ੍ਹਿਆ ਹੋਇਆ ਸਮੁੱਚਾ ਭਾਈਚਾਰਾ ਖਾਮੋਸ਼ ਸੀ। ਸਾਰੇ ਪਾਸੇ ਦਿਲਗੀਰੀ ਅਤੇ ਉਦਾਸੀ ਛਾਈ ਹੋਈ ਸੀ। ਭਾਈਚਾਰੇ ਦੀ ਮਨੋਅਵਸਥਾ, 'ਧੁੱਪਾਂ ਵੀ ਉਦਾਸ ਨੇ ਤੇ ਛਾਵਾਂ ਵੀ ਉਦਾਸ ਨੇ, ਦੂਰ ਦੂਰ ਤੱਕ ਰਾਹਵਾਂ ਵੀ ਉਦਾਸ ਨੇ', ਵਰਗੀ ਸੀ। ਇਸੇ ਸਮੇਂ ਦਸੰਬਰ 1984 ਵਿਚ ਰਾਜੀਵ ਗਾਂਧੀ ਨੇ ਸਮੇਂ ਤੋਂ ਪਹਿਲਾਂ ਹੀ ਲੋਕ ਸਭਾ ਦੀਆਂ ਚੋਣਾਂ ਕਰਵਾ ਲਈਆਂ। ਇਹ ਚੋਣਾਂ ਪੰਜਾਬ ਵਿਚ ਨਹੀਂ ਸਨ ਹੋਈਆਂ। ਰਾਜੀਵ ਗਾਂਧੀ ਨੇ ਇਹ ਚੋਣਾਂ ਭਾਰਤ ਦੀ ਏਕਤਾ ਅਤੇ ਅਖੰਡਤਾ ਦੇ ਨਾਂ 'ਤੇ ਲੜੀਆਂ। ਦੇਸ਼ਵਾਸੀਆਂ ਨੇ ਰਾਜੀਵ ਗਾਂਧੀ ਨੂੰ ਭਾਰੀ ਬਹੁਮੱਤ ਦੇ ਕੇ ਜਿੱਤਾ ਦਿੱਤਾ। ਦੇਸ਼ ਵਾਸੀਆਂ ਨੇ ਕਾਂਗਰਸ ਸਰਕਾਰ ਦੀ ਸ਼ਹਿ 'ਤੇ ਸਿੱਖਾਂ ਦੇ ਕੀਤੇ ਕਤਲੇਆਮ ਨੂੰ ਨਜ਼ਰਅੰਦਾਜ਼ ਕਰਕੇ ਜਿਵੇਂ ਰਾਜੀਵ ਗਾਂਧੀ ਨੂੰ ਸਮੂਹਿਕ ਸਮਰਥਨ ਦਿੱਤਾ। ਉਸ ਨਾਲ ਉਦਾਸੀ ਦੇ ਆਲਮ ਵਿਚ ਵਿਚਰ ਰਹੇ ਸਿੱਖਾਂ ਦੇ ਮਨਾਂ ਅੰਦਰ ਘੋਰ ਬੇਗਾਨਗੀ ਦਾ ਅਹਿਸਾਸ ਹੋਰ ਗਹਿਰਾ ਹੋ ਗਿਆ। ਕਿਸੇ ਕਿਸਮ ਦੇ ਇਨਸਾਫ ਦੀ ਆਸ ਟੁੱਟ ਗਈ। ਸਿੱਖ ਮਨੋਦਸ਼ਾ, 'ਮਨਿ ਪ੍ਰਦੇਸੀ ਜੇ ਥੀਐ, ਸਭਿ ਦੇਸਿ ਪਰਾਇਆ', ਵਾਲੀ ਹੋ ਗਈ। ਭਾਈਚਾਰਾ ਆਪਣੇ ਜ਼ਖ਼ਮਾਂ ਅਤੇ ਜ਼ਖ਼ਮੀਆਂ ਦਾ ਆਪ ਹੀ ਖਿਆਲ ਰੱਖ ਰਿਹਾ ਸੀ। ਆਪਣੇ ਗੁਰੂ ਤੋਂ ਬਿਨਾਂ ਹੋਰ ਕਿਸੇ ਪਾਸਿਓਂ ਕੋਈ ਢਾਰਸ ਦੇਣ ਵਾਲਾ ਨਜ਼ਰ ਨਹੀ ਸੀ ਆ ਰਿਹਾ। 'ਹੋਰ ਸੱਭੇ ਢਾਈਆਂ ਢੇਰੀਆਂ, ਸਾਨੂੰ ਦਾਤਾ ਜੀ ਆਸਰਾ ਤੇਰਾ', ਰਾਹਤ ਲਈ ਸਿੱਖ ਮਾਨਸਿਕਤਾ ਆਪਣੇ ਅਤੀਤ ਵੱਲ ਮੁੜ ਰਹੀ ਸੀ। ਅਤੀਤ ਵੱਲ ਮੁੜਨ ਦਾ ਵਰਤਾਰਾ ਐਨੀ ਤੇਜੀ ਨਾਲ ਵਾਪਰਿਆ ਕਿ ਮਾਰਚ 1985 ਦੇ ਹੋਲੇ-ਮੁਹੱਲੇ ਤੱਕ ਸਿੱਖ ਮਾਨਸਿਕਤਾ ਵੀਹਵੀਂ ਸਦੀ ਦੇ ਨੌਂਵੇ ਦਹਾਕੇ ਤੋਂ ਸਿੱਧੀ ਹੀ ਪੁਰਾਤਨ ਸਿੱਖ ਸੰਘਰਸ਼ ਦੇ ਸਮੇਂ ਅਠਾਰ੍ਹਵੀਂ ਸਦੀ ਦੇ ਅੱਧ ਨਾਲ ਜਾ ਜੁੜੀ। ਜੂਨ ਅਤੇ ਨਵੰਬਰ 84 ਦੀਆਂ ਘਟਨਾਵਾਂ ਨੂੰ ਅਠਾਰ੍ਹਵੀਂ ਸਦੀ ਦੇ ਸ਼ੀਸ਼ੇ ਵਿਚੋਂ ਵੇਖਦਿਆਂ ਉਨ੍ਹਾਂ ਦੇ ਜ਼ਿਹਨ ਵਿਚ ਇੰਦਰਾ ਗਾਂਧੀ ਮੱਸਾ ਰੰਘੜ ਅਤੇ ਉਸਨੂੰ ਮਾਰਨ ਵਾਲੇ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਰੂਪ ਵਿਚ ਉਭਰੇ। ਜਿਹੜਾ ਭਾਈਚਾਰਾ ਡੂੰਘੀ ਦਿਲਗੀਰੀ ਵਿਚ ਉਦਾਸ ਅਤੇ ਖਾਮੋਸ਼ ਸੀ ਉਸਨੇ ਆਪਣੇ ਕੁਰਬਾਨੀਆਂ ਭਰੇ ਅਤੀਤ ਤੋਂ ਪ੍ਰੇਰਨਾ ਲੈ ਕੇ ਖਾਮੋਸ਼ੀ ਤੋੜਦਿਆਂ ਜੋ ਰੋਹ ਜਾਹਿਰ ਕੀਤਾ ਉਹ ਨਾਬਰੀ ਅਤੇ ਹੋਏ ਜੁਲਮ ਦਾ ਬਦਲਾ ਲੈਣ ਲਈ ਜੂਝਣ ਦਾ ਐਲਾਨ ਸੀ। ਸਿੱਖ ਭਾਈਚਾਰੇ ਦਾ ਇਹ ਗਰਜ਼ਵਾਂ ਰੋਹ ਮਾਰਚ 1985 ਵਿਚ ਅਨੰਦਪੁਰ ਸਾਹਿਬ ਵਿਖੇ ਹੋਲੇ ਮੁਹੱਲੇ 'ਤੇ ਲੱਖਾਂ ਸਿੱਖਾਂ ਦੇ ਇਕੱਠ ਵਿਚੋਂ ਪ੍ਰਗਟ ਹੋਇਆ। ਇੱਥੇ ਹੀ ਅਕਾਲੀ ਦਲ ਦੇ ਰਵਾਇਤੀ ਨੀਲੇ ਰੰਗ ਦੀ ਥਾਂ ਤੇ ਕਿਸੇ ਨਵੇਂ ਦੌਰ ਦੇ ਸੰਘਰਸ਼ ਦੀ ਤਿਆਰੀ ਦੇ ਐਲਾਨ ਵਜੋਂ ਕੁਰਬਾਨੀ ਦਾ ਪ੍ਰਤੀਕ ਕੇਸਰੀ ਰੰਗ ਪ੍ਰਗਟ ਹੋਇਆ। ਇਹ ਜੂਨ 84 ਅਤੇ ਨਵੰਬਰ ਦੇ ਵਾਪਰੇ ਭਾਰੀ ਦੁਖਾਂਤਾਂ ਤੋਂ ਬਾਅਦ ਹੋਣ ਵਾਲਾ ਸਿੱਖਾਂ ਦਾ ਪਹਿਲਾ ਇਕੱਠ ਸੀ। ਜਿਥੇ ਕਈ ਦਿਨ ਚੱਲੀਆਂ ਸਟੇਜਾਂ 'ਤੋਂ ਬੋਲਣ ਵਾਲੇ ਬੁਲਾਰਿਆਂ ਅਤੇ ਢਾਡੀਆਂ ਦੇ ਬੋਲਾਂ ਨੇ ਸਿੱਖ ਮਾਨਸਿਕਤਾ ਵਿਚੋਂ ਖੌਫ ਅਤੇ ਸਟੇਟ ਦਾ ਭੈਅ ਉਡਾ ਦਿੱਤਾ, ਉਥੇ ਕੇਸਰੀ ਦਸਤਾਰਾਂ ਅਤੇ ਕੇਸਰੀ ਦੁਪਟਿਆਂ ਵਾਲੇ ਸਿਰਾਂ ਦੇ ਸਮੁੰਦਰ ਨੇ ਨਵੇਂ ਜੋਸ਼ ਅਤੇ ਉਤਸ਼ਾਹ ਦਾ ਸੁਨੇਹਾ ਦੇ ਕੇ ਦੱਸ ਦਿੱਤਾ ਕਿ ਸਾਂਝੇ ਦਰਦ ਨਾਲ ਇੱਕ ਹੋਈ ਕੌਮ ਕੁੱਝ ਮਹੀਨੇ ਪਹਿਲਾਂ ਵਾਪਰੀਆਂ ਘਟਨਾਵਾਂ ਦੇ ਰੋਣੇ-ਧੋਣੇ ਵਿਚੋਂ ਉੱਭਰ ਕੇ ਸੰਘਰਸ਼ ਦੇ ਅਗਲੇ ਪੜਾਅ ਲਈ ਤਿਆਰ-ਬਰ-ਤਿਆਰ ਹੈ। ਜਿਨ੍ਹਾਂ ਨੇ ਸੰਤ ਜਰਨੈਲ ਸਿੰਘ, ਸ਼ੁਬੇਗ ਸਿੰਘ, ਸਤਵੰਤ ਸਿੰਘ, ਬੇਅੰਤ ਸਿੰਘ ਆਦਿ ਨਵੇ ਨਾਇਕ ਲੱਭ ਲਏ ਸਨ ਅਤੇ ਨਵੇਂ ਮੀਹਿਰਾਂ ਦੀ ਭਾਲ ਵਿਚ ਸਨ। ਭਾਰਤੀ ਸਟੇਟ ਦੀਆਂ ਖੁਫੀਆ ਏਜੰਸੀਆਂ ਨੂੰ ਵੀ ਨੀਲੇ ਦੀ ਥਾਂ ਕੇਸਰੀ ਰੰਗ ਦਾ ਉਤਸ਼ਾਹੀ ਉਭਾਰ ਸਿੱਖ ਮਨਾਂ ਅੰਦਰ ਹਕੂਮਤ ਨਾਲ ਨਵੀ ਟੱਕਰ ਲੈਣ ਦੀ ਤਿਆਰੀ ਦੀ ਆਹਟ ਜਾਪਿਆ। ਸ਼ਾਇਦ ਹਕੂਮਤ ਨੂੰ ਐਡੀ ਜਲਦੀ ਐਸਾ ਵਾਪਰਨ ਦੀ ਆਸ ਨਹੀਂ ਸੀ।

ਇਹ ਮੌਕਾ-ਮੇਲ ਸਮਝੋ ਜਾਂ ਕੁੱਝ ਹੋਰ, ਪਰ ਕੇਂਦਰੀ ਸਰਕਾਰ ਨੇ ਹੌਲਾ-ਮੁਹੱਲਾ ਖਤਮ ਹੁੰਦਿਆਂ ਹੀ ਸਿਆਸੀ ਪਹਿਲ-ਕਦਮੀਆਂ ਆਰੰਭ ਦਿੱਤੀਆਂ। ਅਰਜਨ ਸਿੰਘ ਨੂੰ ਪੰਜਾਬ ਦਾ ਗਵਰਨਰ ਲਾਇਆ ਗਿਆ, ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਰਿਹਾ ਕਰ ਦਿੱਤਾ ਗਿਆ, ਪੰਜਾਬ ਮਸਲੇ ਦੇ ਹੱਲ ਲਈ ਖੁਫੀਆ ਤੌਰ 'ਤੇ ਸਰਗਰਮੀ ਨਾਲ ਗੱਲਬਾਤ ਚਲਾਈ ਗਈ। ਸੰਤ ਲੌਂਗੋਵਾਲ ਨੇ ਪੰਜਾਬ ਅਤੇ ਦਿੱਲੀ ਵਿਚ ਸਿੱਖਾਂ ਦੇ ਕਾਫੀ ਇਕੱਠ ਕੀਤੇ। ਸਰਕਾਰ ਵੱਲੋਂ ਫੈਡਰੇਸ਼ਨ 'ਤੋਂ ਪਾਬੰਦੀ ਹਟਾ ਲਈ ਗਈ ਅਤੇ ਫੈਡਰੇਸ਼ਨ ਨੇ ਦਰਬਾਰ ਸਾਹਿਬ ਅੰਦਰ ਆਪਣਾ ਆਰਜ਼ੀ ਦਫਤਰ ਵੀ ਚਲਾਉਣਾ ਸ਼ੁਰੂ ਕਰ ਦਿੱਤਾ। ਧਰਾਤਲ 'ਤੇ ਹਾਲਾਤ ਆਮ ਵਰਗੇ ਲਗਦੇ ਸਨ, ਲੋਕਾਂ ਨੂੰ ਅੰਦਰ-ਖਾਤੇ ਚੱਲ ਰਹੀਆਂ ਸਿਆਸੀ ਪਹਿਲ ਕਦਮੀਆਂ ਦੀ ਬਹੁਤੀ ਭਿਣਕ ਨਹੀ ਸੀ। ਅਚਾਨਕ 24 ਜੁਲਾਈ 1985 ਵਾਲੇ ਦਿਨ ਖਬਰ ਆਈ ਕਿ ਸੰਤ ਲੌਂਗੋਵਾਲ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਿਚਕਾਰ ਪੰਜਾਬ ਸਮਝੌਤਾ ਹੋ ਗਿਆ ਹੈ। ਪ੍ਰਧਾਨ ਮੰਤਰੀ ਨੇ ਖੁਸ਼ੀ ਨਾਲ ਇਹ ਖਬਰ ਪਾਰਲੀਮੈਂਟ ਵਿਚ ਵੀ ਦੱਸੀ। ਵੱਡੀ ਗਿਣਤੀ ਵਿਚ ਦੇਸ਼-ਵਾਸੀਆਂ ਨੇ ਇਸ ਨੂੰ ਪੰਜਾਬ ਦੀ ਸ਼ਾਂਤੀ ਲਈ ਸ਼ੁੱਭ ਸ਼ਗਨ ਵਜੋਂ ਜਾਣਿਆ। ਸਿੱਖਾਂ ਦੇ ਇੱਕ ਗਰੁੱਪ ਵੱਲੋਂ ਇਸ ਸਮਝੌਤੇ ਨੂੰ ਪੰਥ ਨਾਲ ਗਦਾਰੀ ਆਖ ਕੇ ਵਿਰੋਧ ਵੀ ਕੀਤਾ ਗਿਆ। ਇਸ ਸਮਝੌਤੇ ਦੀਆਂ ਕੁੱਲ 12 ਮੱਦਾਂ ਸਨ। ਜਿਨ੍ਹਾਂ ਵਿਚ ਹਿੰਸਾ ਦੇ ਪੀੜਿਤਾਂ ਨੂੰ ਮੱਦਦ, ਭਗੌੜੇ ਫੌਜੀਆਂ ਦੇ ਮੁੜ ਵਸੇਬੇ ਲਈ ਯਤਨ, ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ ਵਿਚ ਸਿੱਖ ਵਿਰੋਧੀ ਹਿੰਸਾ ਦੀ ਜਾਂਚ ਕਰਨ, ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ, ਅਨੰਦਪੁਰ ਦਾ ਮਤਾ ਜਸਟਿਸ ਸਰਕਾਰੀਆ ਨੂੰ



ਵਿਚਾਰਨ ਹਿਤ ਸੌਂਪਣ, ਘੱਟ ਗਿਣਤੀਆਂ ਦੀ ਸੁਰੱਖਿਆ ਲਈ ਮੁੱਖ ਮੰਤਰੀਆਂ ਨੂੰ ਹਦਾਇਤਾਂ ਦੇਣ, ਪੰਜਾਬੀ ਭਾਸ਼ਾ ਦੇ ਵਿਕਾਸ ਲਈ ਯਤਨ ਕਰਨ ਸੰਬੰਧੀ ਮੱਦਾਂ ਸ਼ਾਮਿਲ ਸਨ। ਇਨ੍ਹਾਂ ਤੋਂ ਇਲਾਵਾ ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਪਾਣੀਆਂ ਦੀ ਵੰਡ ਸੰਬੰਧੀ ਟ੍ਰਿਬਿਊਨਲ ਬਣਾਉਣ ਵਾਲੀਆਂ ਅਹਿਮ ਮੱਦਾਂ ਵੀ ਸਨ। ਸਮਝੌਤੇ ਵਿਚ ਇਹ ਸਾਫ ਲਿਖਿਆ ਗਿਆ ਕਿ 26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇਗਾ ਅਤੇ ਇਸ ਬਦਲੇ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਦਿੱਤੇ ਜਾਣਗੇ। ਹਿੰਦੀ ਬੋਲਦੇ ਇਲਾਕਿਆਂ ਦੀ ਸ਼ਨਾਖਤ ਲਈ ਇੱਕ ਕਮਿਸ਼ਨ ਨਿਯੁਕਤ ਕਰਨ ਦੀ ਗੱਲ ਕਹੀ ਗਈ। ਇਸ ਕਮਿਸ਼ਨ ਨੇ ਹਿੰਦੀ ਬੋਲਦੇ ਇਲਾਕਿਆਂ ਦੀ ਪਛਾਣ ਦਾ ਕੰਮ 31 ਦਿਸੰਬਰ 1985 ਤੱਕ ਸਮਾਪਿਤ ਕਰਨਾ ਸੀ ਅਤੇ ਐਸ ਵਾਈ ਐਲ ਨਹਿਰ ਪੁੱਟਣ ਦਾ ਕੰਮ ਵੀ 15 ਅਗਸਤ 1986 ਤੱਕ ਨੇਪਰੇ ਚਾੜਨ ਦੀ ਗੱਲ ਕੀਤੀ ਗਈ ਸੀ।

ਸੰਤ ਲੌਂਗੋਵਾਲ ਵੱਲੋਂ ਸ਼ਾਂਤੀ ਲਈ ਸਮਝੌਤਾ ਕਰਨ ਕਰਕੇ ਰਿਵਾਇਤੀ ਅਕਾਲੀ ਦਲ ਮਜ਼ਬੂਤ ਹੋ ਰਿਹਾ ਸੀ ਅਤੇ ਵਿਧਾਨ ਸਭਾ ਦੀਆਂ ਚੋਣਾਂ ਲੜਨ ਦੀਆਂ ਤਿਆਰੀਆਂ ਕਰ ਰਿਹਾ ਸੀ। ਲੋਕਾਂ ਵੱਲੋਂ ਵੀ ਚੰਗਾ ਹੁੰਗਾਰਾ ਮਿਲ ਰਿਹਾ ਸੀ। ਇਸ ਦੇ ਨਾਲ ਹੀ ਕੁੱਝ ਲੋਕ ਇਸ ਸਮਝੌਤੇ ਨੂੰ ਧੋਖਾ ਅਤੇ ਪੰਥ ਨਾਲ ਗਦਾਰੀ ਦੱਸ ਰਹੇ ਸਨ। ਸੰਤ ਲੌਂਗੋਵਾਲ ਲਗਾਤਾਰ ਵੱਡੇ ਇਕੱਠਾਂ ਵਿਚ ਸ਼ਾਮਿਲ ਹੋ ਰਿਹਾ ਸੀ। ਇਸੇ ਤਰ੍ਹਾਂ ਦਾ ਹੀ ਇੱਕ ਵੱਡਾ ਇਕੱਠ 20 ਅਗਸਤ ਨੂੰ ਸੰਗਰੂਰ ਜਿਲੇ ਦੇ ਸ਼ੇਰਪੁਰ ਦੇ ਗੁਰਦੁਆਰੇ ਰੱਖਿਆ ਗਿਆ, ਜਿੱਥੇ ਸੰਤ ਲੌਂਗੋਵਾਲ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਕਤਲ ਕਰਨ ਵਾਲੇ ਗਿਆਨ ਸਿੰਘ ਲੀਲ ਅਤੇ ਉਸਦੇ ਸਾਥੀਆਂ ਦੇ ਵਿਚਾਰ ਅਨੁਸਾਰ ਸੰਤ ਲੌਂਗੋਵਾਲ ਪੰਥ ਦਾ ਗਦਾਰ ਸੀ, ਜਿਸਨੇ ਦਰਬਾਰ ਸਾਹਿਬ ਉਪਰ ਹੋਏ ਫੌਜੀ ਹਮਲੇ ਦੌਰਾਨ ਸਿੱਖਾਂ ਉਪਰ ਹੋਏ ਜਬਰ ਨੂੰ ਭੁਲਾ ਕੇ ਭਾਰਤੀ ਹਕੂਮਤ ਨਾਲ ਹੱਥ ਮਿਲਾਉਣ ਦਾ ਗੁਨਾਹ ਕੀਤਾ ਸੀ। ਸੰਤ ਦੇ ਕਤਲ ਹੋਣ ਵਾਲੇ ਦਿਨ ਹੀ ਸਮਝੌਤੇ ਦੀ ਮੱਦ ਅਨੁਸਾਰ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਹਿੰਦੀ ਇਲਾਕੇ ਲੱਭਣ ਲਈ ਮੈਥਿਊ ਕਮਿਸ਼ਨ ਦਾ ਐਲਾਨ ਕਰ ਦਿੱਤਾ, ਜਿਸਨੇ 31 ਦਿਸੰਬਰ 1985 ਤੱਕ ਆਪਣਾ ਕੰਮ ਪੂਰਾ ਕਰਨਾ ਸੀ।

ਸੰਤ ਲੌਂਗੋਵਾਲ ਦੇ ਕਤਲ ਬਾਅਦ ਸ: ਸੁਰਜੀਤ ਸਿੰਘ ਬਰਨਾਲਾ ਅਕਾਲੀ ਦਲ ਦਾ ਪ੍ਰਧਾਨ ਬਣ ਗਿਆ ਅਤੇ ਸਤੰਬਰ 1985 ਵਿਚ ਹੋਈਆਂ ਚੋਣਾਂ ਜਿੱਤ ਕੇ ਪੰਜਾਬ ਦਾ ਮੁੱਖ ਮੰਤਰੀ ਵੀ ਬਣ ਗਿਆ। ਅਕਾਲੀ ਸਰਕਾਰ ਪੀੜਿਤ ਸਿੱਖਾਂ ਨੂੰ ਰਾਹਤ ਦੇਣ ਲਈ ਅਤੇ ਫੜੇ ਹੋਏ ਸਿੱਖਾਂ ਨੂੰ ਜੇਲ੍ਹਾਂ ਵਿਚੋਂ ਬਾਹਰ ਕਢਵਾਉਣ ਲਈ ਪੂਰੀ ਤਨਦੇਹੀ ਨਾਲ ਜੁੱਟ ਗਈ ਅਤੇ ਨਾਲ ਦੀ ਨਾਲ ਸਮਝੌਤਾ ਲਾਗੂ ਕਰਵਾਉਣ ਲਈ ਤੱਤਪਰ ਸੀ। ਬਰਨਾਲਾ ਸਰਕਾਰ ਨੇ ਐਸ ਵਾਈ ਐਲ ਵਾਸਤੇ ਜ਼ਮੀਨ ਅਕਵਾਇਰ ਕਰਕੇ ਨਹਿਰ ਦਾ ਕੰਮ ਸ਼ੁਰੂ ਕਰ ਦਿੱਤਾ। ਮੈਥਿਊ ਕਮਿਸ਼ਨ ਵੀ ਜ਼ੋਰ-ਸ਼ੋਰ ਨਾਲ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਹਿੰਦੀ ਇਲਾਕੇ ਲੱਭ ਰਿਹਾ ਸੀ। ਪਰ ਉਸਨੂੰ ਇਲਾਕੇ ਨਾ ਲੱਭੇ। ਅਕਾਲੀ ਸਰਕਾਰ 26 ਜਨਵਰੀ, 1986 ਨੂੰ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਣ ਦੀ ਆਸ ਵਿਚ ਜਸ਼ਨ ਮਨਾਉਣ ਦੀ ਤਿਆਰੀ ਕਰੀ ਬੈਠੇ ਸਨ। ਪਰ 25 ਜਨਵਰੀ, 1986 ਨੂੰ ਮੈਥਿਊ ਕਮਿਸ਼ਨ ਨੇ ਰਿਪੋਰਟ ਦੇ ਦਿੱਤੀ ਕਿ ਉਸਨੂੰ ਸਮਝੌਤੇ ਦੀਆਂ ਸ਼ਰਤਾਂ ਤਹਿਤ ਹਿੰਦੀ ਬੋਲਦੇ ਇਲਾਕੇ ਨਹੀਂ ਲੱਭੇ। ਇਸ ਨੂੰ ਬਹਾਨਾ ਬਣਾ ਕੇ ਪੰਜਾਬ ਨੂੰ ਚੰਡੀਗੜ੍ਹ ਦੇਣ ਵਾਲੀ ਮੱਦ ਵੀ ਲਾਗੂ ਨਾ ਕੀਤੀ ਗਈ। ਬਰਨਾਲਾ ਸਰਕਾਰ ਅਤੇ ਨਰਮਪੰਥੀ ਅਕਾਲੀਆਂ ਵਾਸਤੇ ਇਹ ਇੱਕ ਸਿਆਸੀ ਸੱਟ ਸੀ। ਸੁਹਿਰਦ ਲੋਕਾਂ ਨੇ ਮਹਿਸੂਸ ਕੀਤਾ ਕਿ ਕੇਂਦਰੀ ਸਰਕਾਰ ਸਮਝੌਤਾ ਲਾਗੂ ਕਰਨ ਤੋਂ ਪਿੱਛੇ ਹਟ ਰਹੀ ਹੈ। ਕੇਂਦਰੀ ਸਰਕਾਰ ਨੇ ਉਮੀਦ ਜੀਵਿਤ ਰੱਖਣ ਲਈ ਇੱਕ ਹੋਰ ਕਮਿਸ਼ਨ, ਵੈਂਕਟਰਮਈਆ ਕਮਿਸ਼ਨ, ਬਣਾ ਦਿੱਤਾ। ਭਾਵੇਂ ਇਸ ਕਮਿਸ਼ਨ ਦੀਆਂ ਸ਼ਰਤਾਂ ਰਾਜੀਵ-ਲੌਂਗੋਵਾਲ ਸਮਝੌਤੇ ਦੀ ਰੂਹ ਦਾ ਕਤਲ ਕਰਨ ਵਾਲੀਆਂ ਸਨ, ਫਿਰ ਵੀ ਬਰਨਾਲਾ ਸਰਕਾਰ ਨੇ ਇਹ ਅੱਕ ਚੱਬ ਲਿਆ। ਇਸ ਕਮਿਸ਼ਨ ਨੇ ਰਿਪੋਰਟ ਦਿੱਤੀ ਕਿ ਪੰਜਾਬ ਨੂੰ ਚੰਡੀਗੜ੍ਹ ਦੇਣ ਬਦਲੇ 70,000 ਏਕੜ ਰਕਬਾ ਹਰਿਆਣੇ ਨੂੰ ਦਿੱਤਾ ਜਾਵੇ। ਪਰ ਇਹ ਰਕਬਾ ਕਿੱਥੋਂ ਦਿੱਤਾ ਜਾਏ? ਕਮਿਸ਼ਨ ਨੇ ਜਦ ਹਿੰਦੀ ਬੋਲਦਾ 70,000 ਏਕੜ ਰਕਬਾ ਲੱਭਣਾ ਸ਼ੁਰੂ ਕੀਤਾ ਤਾਂ 45,000 ਏਕੜ ਲੱਭ ਕੇ ਹੱਥ ਖੜ੍ਹੇ ਕਰ ਦਿੱਤੇ। ਸਰਕਾਰ ਨੇ ਫਿਰ ਤੀਸਰਾ ਕਮਿਸ਼ਨ, ਡੇਸਾਈ ਕਮਿਸ਼ਨ, ਬਣਾਇਆ। ਜਿਸ ਨੂੰ 24 ਘੰਟਿਆਂ ਅੰਦਰ ਰਹਿੰਦਾ 25000 ਏਕੜ ਲੱਭਣ ਦਾ ਕੰਮ ਸੌਂਪਿਆ ਗਿਆ। ਬਰਨਾਲਾ ਸਰਕਾਰ ਨੇ ਇਸ ਕਮਿਸ਼ਨ ਨੂੰ ਬੇਅਸੂਲਾ ਕਹਿ ਕੇ ਰੱਦ ਕਰ ਦਿੱਤਾ। ਡੇਸਾਈ ਕਮਿਸ਼ਨ ਵਿਚੇ ਰਹਿ ਗਿਆ ਅਤੇ ਚੰਡੀਗੜ੍ਹ ਪੰਜਾਬ ਨੂੰ ਦੇਣ ਵਾਲੀ ਗੱਲ ਵੀ ਆਈ-ਗਈ ਹੋ ਗਈ। ਮਿਸਟਰ ਕਲੀਨ ਵਜੋਂ ਮਸ਼ਹੂਰ ਕੀਤੇ ਰਾਜੀਵ ਗਾਂਧੀ ਵੱਲੋਂ ਲਿਖਤੀ ਸਮਝੌਤੇ 'ਤੋਂ ਮੁੱਕਰ ਜਾਣ ਵਾਲੀ ਇਹ ਹਰਕਤ ਲੌਂਗੋਵਾਲ ਦਾ ਦੁਬਾਰਾ ਕਤਲ ਕਰਨ ਬਰਾਬਰ ਸੀ। ਇਹ ਲੌਂਗੋਵਾਲ ਵੱਲੋਂ ਸ਼ਾਂਤੀ ਲਈ ਕੀਤੇ ਯਤਨਾਂ ਖਾਤਰ ਦਿੱਤੀ ਜਾਨ ਦੀ ਕੁਰਬਾਨੀ ਨੂੰ ਬੇਸ਼ਰਮੀ ਨਾਲ ਰੋਲ ਦਿੱਤੇ ਜਾਣ ਵਾਲਾ ਬੇਅਸੂਲਾ ਨੀਚ ਕਾਰਾ ਸੀ। ਇਸ ਕਾਰਨ ਨਰਮ ਪੰਥੀ ਅਕਾਲੀ ਧਿਰ ਸਿਆਸੀ ਤੌਰ 'ਤੇ ਕਮਜ਼ੋਰ ਪੈ ਗਈ ਅਤੇ ਕੇਂਦਰ ਵੱਲੋਂ ਪੰਜਾਬ ਅਤੇ ਸਿੱਖਾਂ ਨਾਲ ਵਾਅਦੇ ਕਰਕੇ ਮੁੱਕਰ ਜਾਣ ਦੀ ਧਾਰਣਾ ਨੂੰ ਭਾਰੀ ਬਲ ਮਿਲਿਆ। ਕੇਂਦਰੀ ਸਰਕਾਰ ਵੱਲੋਂ ਲਿਖਤੀ ਸਮਝੌਤੇ ਤੋਂ ਮੁੱਕਰ ਜਾਣ ਦੀ ਮੱਕਾਰੀ ਕਾਰਨ ਜਿੱਥੇ ਨਰਮਪੰਥੀ ਛਿੱਥੇ ਪਏ ਉੱਥੇ ਗਰਮ ਖਿਆਲੀ ਧਿਰਾਂ ਦੀ ਚੜ੍ਹ ਮਚੀ। ਉਨ੍ਹਾਂ ਦੇ ਪ੍ਰਵਚਨ ਕਿ ਭਾਰਤ ਸਰਕਾਰ ਪੰਜਾਬ ਅਤੇ ਸਿੱਖਾਂ ਨਾਲ 1947 ਤੋਂ ਹੀ ਵਿਸ਼ਵਾਸ਼ਘਾਤ ਕਰਦੀ ਆ ਰਹੀ ਹੈ, ਨੂੰ ਭਾਰੀ ਬਲ ਮਿਲਿਆ।

ਬਹੁਤ ਸਾਰੇ ਬੁੱਧੀਜੀਵੀਆਂ ਦਾ ਖਿਆਲ ਸੀ ਬਰਨਾਲਾ ਸਰਕਾਰ ਨੂੰ ਇਸ ਬੇਇਨਸਾਫੀ ਖਿਲਾਫ 26 ਜਨਵਰੀ ਨੂੰ ਹੀ ਅਸਤੀਫਾ ਦੇ ਦੇਣਾ ਚਾਹੀਦਾ ਸੀ। ਪਰ ਬਰਨਾਲਾ ਐਸਾ ਸਖਤ ਕਦਮ ਨਾ ਚੁੱਕ ਸਕਿਆ। ਸਾਇਦ ਉਸ ਨੂੰ ਆਸ ਸੀ ਕਿ ਸਮਝੌਤਾ ਅਜੇ ਮਰਿਆ ਨਹੀਂ। ਵਾਕਿਆ ਈ ਸਮਝੌਤਾ ਅਜੇ ਮਰਿਆ ਨਹੀਂ ਸੀ, ਐਸ.ਵਾਈ.ਐਲ. ਦੀ ਪੁਟਾਈ ਅਤੇ ਉਸਾਰੀ ਜ਼ੋਰ-ਸ਼ੋਰ ਨਾਲ ਹੋ ਰਹੀ ਸੀ। ਬਰਨਾਲਾ ਉਹ ਨਹਿਰ ਬਣਵਾ ਰਿਹਾ ਸੀ, ਜਿਸ ਨੂੰ ਰੋਕਣ ਵਾਸਤੇ ਮੋਰਚਾ ਲੱਗਾ ਸੀ। ਚੰਡੀਗੜ੍ਹ ਪੰਜਾਬ ਨੂੰ ਮਿਲਿਆ ਨਹੀਂ, ਪਰ ਪੰਜਾਬ ਦੀ ਹਿੱਕ ਪਾੜ ਕੇ ਨਹਿਰ ਕੱਢੀ ਜਾ ਰਹੀ ਸੀ। ਇਸ ਕਾਰਨ ਬਰਨਾਲਾ ਕਮਜ਼ੋਰ, ਸਵਾਰਥੀ ਅਤੇ ਕੁਰਸੀ ਦਾ ਲਾਲਚੀ ਮਨੁੱਖ ਸਾਬਿਤ ਹੋਇਆ, ਜਿਸਨੇ ਆਪਣੇ ਨਿੱਜੀ ਹਿਤਾਂ ਕਾਰਨ ਪੰਜਾਬ ਦੇ ਹਿਤਾਂ ਵੱਲੋਂ ਮੁੱਖ ਮੋੜ ਲਿਆ ਸੀ। ਵੈਸੇ ਇਹ ਨਹਿਰ ਅੱਜ ਤੱਕ ਪੂਰੀ ਨਹੀ ਹੋ ਸਕੀ। ਨਹਿਰ ਰੋਕਣ ਲਈ ਕਾਨੂੰਨ, ਅਸੂਲ ਕੰਮ ਨਹੀ ਆਏ। ਇਸ ਵਾਸਤੇ ਲਹੂ ਵਗਿਆ।

ਬੜੇ ਯਤਨਾਂ ਨਾਲ ਕੀਤੇ ਪੰਜਾਬ ਸਮਝੌਤੇ ਦਾ ਲਾਗੂ ਨਾ ਹੋਣਾ ਕੋਈ ਸਹਿਜ-ਸੁਭਾ ਹੋਈ ਉਕਾਈ ਨਹੀਂ ਸੀ। ਇਸ ਪਿੱਛੇ ਕੇਂਦਰ ਸਰਕਾਰ ਵਿਚਲੇ ਅਮਨ ਦੇ ਵੈਰੀਆਂ ਦਾ ਪੂਰਾ ਟਿੱਲ ਲੱਗਾ ਹੋਇਆ ਸੀ। ਇਸਦਾ ਵਿਸਥਾਰ ਸਮਝੌਤਾ ਕਰਾਉਣ ਵਾਲੇ ਸੂਤਰਧਾਰ ਅਰਜਨ ਸਿੰਹੁ ਨੇ ਆਪਣੀ ਜੀਵਨੀ ਵਿਚ ਲਿਖਿਆ ਹੈ। ਅਰਜਨ ਸਿੰਹੁ ਅਨੁਸਾਰ ਕੇਂਦਰ ਵਿਚਲੇ ਮੰਤਰੀ ਅਰੁਣ ਨਹਿਰੂ, ਪੀ ਸ਼ਿਵ ਸ਼ੰਕਰ ਅਤੇ ਪ੍ਰਧਾਨ ਮੰਤਰੀ ਦਫਤਰ ਵਿਚਲੇ ਅਫਸਰ ਗੋਪੀ ਅਰੋੜਾ ਵੱਲੋਂ ਇਹ ਸਮਝੌਤਾ ਤਾਰ-ਪੀਡੋ ਕੀਤਾ ਗਿਆ। ਇਸ ਜੁੰਡਲੀ ਨੇ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੂੰ ਇਸ ਸਮਝੌਤੇ ਖਿਲਾਫ ਜ਼ਹਿਰੀਲੇ ਬਿਆਨ ਦੇਣ ਲਈ ਹੱਲਾ-ਸ਼ੇਰੀ ਦਿੱਤੀ। ਭਜਨ ਲਾਲ ਨੇ ਦਿਸੰਬਰ 1985 ਵਿਚ ਆਲ ਇੰਡੀਆ ਕਾਂਗਰਸ ਕਮੇਟੀ ਦੀ ਬੰਬਈ ਵਿਚ ਹੋਈ ਮੀਟਿੰਗ ਵਿਚ ਐਲਾਨ ਕਰ ਦਿੱਤਾ ਕਿ ਜੇ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਗਿਆ ਤਾਂ ਉਹ ਸਿੱਖਾਂ ਨੂੰ ਹਰਿਆਣੇ ਵਿਚੋਂ ਲੰਘਣ ਨਹੀ ਦੇਵੇਗਾ। ਗੱਲ ਸਾਫ ਹੈ ਕਿ ਭਜਨ ਲਾਲ ਨੂੰ ਸਰਕਾਰ ਦੇ ਵੱਡੇ ਲੋਕਾਂ ਦੀ ਸ਼ਹਿ ਸੀ। ਅਰਜਨ ਸਿੰਹੁ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵਿਚਲੀ ਇਹ ਜੁੰਡਲੀ ਨਹੀ ਸੀ ਚਾਹੁੰਦੀ ਕਿ ਪੰਜਾਬ ਵਿਚ ਸ਼ਾਂਤੀ ਹੋ ਜਾਵੇ। ਇਹ ਦੇਸ਼ ਵਿਚ ਫਿਰਕੂ ਪਾਲਾਬੰਦੀ ਦੀ ਸਿਆਸਤ ਨੂੰ ਅੱਗੇ ਵਧਾ ਕੇ ਹਿੰਦੂ ਵੋਟ ਪੱਕਾ ਕਰਨ ਦੀ ਨੀਤੀ 'ਤੇ ਚੱਲ ਰਹੇ ਸਨ।

ਕੁੱਲ ਮਿਲਾ ਕੇ ਨਤੀਜਾ ਇਹ ਹੋਇਆ ਕਿ ਪੰਜਾਬ ਦੀ ਸ਼ਾਂਤੀ ਲਈ ਮਾਰੇ ਗਏ ਹੰਭਲੇ ਵਜੋਂ ਹੋਇਆ ਪੰਜਾਬ ਸਮਝੌਤਾ ਲਾਗੂ ਨਾ ਹੋ ਸਕਿਆ। ਭਾਰਤੀ ਹਾਕਮਾਂ ਦੇ ਮੱਥੇ 'ਤੇ ਲਿਖਤੀ ਸਮਝੌਤਿਆਂ ਤੋਂ ਮੁੱਕਰ ਜਾਣ ਅਤੇ ਵਿਸ਼ਵਾਸ਼ਘਾਤੀ ਹੋਣ ਦਾ ਲੱਗਾ ਦਾਗ ਹੋਰ ਡੂੰਘਾ ਹੋ ਗਿਆ। ਭਾਰਤੀ ਸਟੇਟ ਅਤੇ ਸਿੱਖਾਂ ਵਿਚਕਾਰ ਬੇਵਿਸ਼ਵਾਸ਼ੀ ਦੀ ਖਾਈ ਹੋਰ ਡੂੰਘੀ ਅਤੇ ਚੌੜੀ ਹੋ ਗਈ ਜੋ ਅੱਜ ਤੱਕ ਪੂਰੀ ਨਹੀਂ ਜਾ ਸਕੀ। ਸੰਤ ਲੌਂਗੋਵਾਲ ਦੀ ਕੁਰਬਾਨੀ ਕਪਟ ਅਤੇ ਮੱਕਾਰੀ ਦੀ ਭੇਟ ਚੜ੍ਹ ਕੇ ਸਮੇਂ ਦੀ ਧੂੜ ਵਿਚ ਰੁਲ ਗਈ। ਜੇ ਇਹ ਕੁਰਬਾਨੀ ਰੋਲਣ ਵਾਲੇ ਸੁਹਿਰਦਤਾ ਨਾਲ ਸਮਝੌਤਾ ਲਾਗੂ ਕਰ ਦਿੰਦੇ ਤਾਂ ਸ਼ਾਇਦ ਪੰਜਾਬ ਉਹ ਸੰਤਾਪ ਨਾ ਭੋਗਦਾ, ਜੋ ਉਸਨੇ ਅਗਲੇ ਦਸ ਸਾਲ ਭੋਗਿਆ। ਸ਼ਾਇਦ ਖਾਲੜਾ ਵੀ ਬਚ ਜਾਂਦਾ, ਬੇਅੰਤ ਸਿੰਘ ਅਤੇ ਕੇ ਪੀ ਐਸ ਗਿੱਲ ਨੂੰ ਬੁੱਚੜਾਂ ਵਜੋਂ ਨਾਂ ਜਾਣਿਆ ਜਾਂਦਾ ਅਤੇ ਬਹੁਤ ਸਾਰੇ ਪੁਲੀਸ ਅਫ਼ਸਰ ਜੇਲਾਂ ਵਿਚ ਨਾ ਬੈਠੇ ਹੁੰਦੇ। ਸ਼ਾਇਦ ਕੈਨੇਡਾ ਵਿਚਲਾ ਹਰਦੀਪ ਸਿੰਘ ਨਿੱਝਰ ਵੀ ਨਾ ਮਾਰਿਆ ਜਾਂਦਾ ਅਤੇ ਅਮਰੀਕਾ ਦੀ ਜੇਲ੍ਹ ਵਿਚ ਬੈਠਾ ਨਿਖਿਲ ਗੁਪਤਾ ਵੀ ਨਵੰਬਰ ਵਿਚ ਸਜ਼ਾ ਸੁਣਾਏ ਜਾਣ ਦੀ ਉਡੀਕ ਨਾ ਕਰ ਰਿਹਾ ਹੁੰਦਾ।

---

*(ਪਿਛਲੇ ਸਫੇ ਦਾ ਬਾਕੀ)*

ਜਾਣਕਾਰੀ ਲੈਣ ਲਈ ਅਤੇ ਨੋਟਿਸ ਬਣਾਉਣ ਲਈ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਸਮੇਂ ਦੀ ਸੁਚੱਜੀ ਵਰਤੋਂ ਕਰਨ ਲਈ ਅਲਾਰਮ ਲਗਾਇਆ ਜਾ ਸਕਦਾ ਹੈ। ਕੈਲੰਡਰ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਰੀਮਾਈਂਡਰ ਦੀ ਵਰਤੋਂ ਹੋ ਸਕਦੀ ਹੈ। ਪ੍ਰੇਰਨਾ ਅਤੇ ਸਕਾਰਾਤਮਿਕਤਾ ਲਈ ਮੋਟੀਵੇਸ਼ਨਲ ਵੀਡੀਓ ਵੇਖ ਸਕਦੇ ਹਾਂ। ਪੌਡਕਾਸਟ ਸੁਣ ਸਕਦੇ ਹਾਂ। ਪ੍ਰੇਰਨਾਦਾਇਕ ਵਿਚਾਰ ਪੜ੍ਹ ਸਕਦੇ ਹਾਂ।

ਜਿਹੜੇ ਲੋਕ ਕਿਤਾਬਾਂ ਪੜ੍ਹਨ ਦੇ ਸ਼ੌਕੀਨ ਹਨ, ਉਨ੍ਹਾਂ ਦੀ ਸਮਝ-ਸੋਚ ਗਹਿਰੀ ਹੁੰਦੀ ਹੈ ਕਿਉਂਕਿ ਕਿਤਾਬਾਂ ਗਹਿਰਾਈ ਵਿਚ ਗਿਆਨ ਦਿੰਦੀਆਂ ਹਨ ਅਤੇ ਸੋਚਣ ਦੀ ਸ਼ਕਤੀ ਵਧਾਉਂਦੀਆਂ ਹਨ। ਕਿਤਾਬਾਂ ਪੜ੍ਹਨ ਨਾਲ ਧਿਆਨ ਇਕਾਗਰ ਹੁੰਦਾ ਹੈ ਅਤੇ ਇਕਾਗਰਤਾ ਵਧਦੀ ਹੈ। ਯਾਦਾਸ਼ਤ ਤੇਜ਼ ਹੁੰਦੀ ਹੈ ਅਤੇ ਟਿਕਾਊ ਬਣਦੀ ਹੈ।

ਸ਼ਬਦ-ਭੰਡਾਰ ਵਧਦਾ ਹੈ। ਭਾਸ਼ਾ ਦਾ ਗਿਆਨ ਪ੍ਰਾਪਤ ਹੁੰਦਾ ਹੈ। ਨਤੀਜੇ ਵਜੋਂ ਭਾਸ਼ਾ 'ਤੇ ਪਕੜ ਮਜ਼ਬੂਤ ਹੁੰਦੀ ਹੈ।

ਚੰਗੀਆਂ ਕਿਤਾਬਾਂ ਪੜ੍ਹਨ ਨਾਲ ਚੰਗੇ ਸੰਸਕਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਆਤਮ ਵਿਸ਼ਵਾਸ ਵਧਦਾ ਹੈ। ਕਲਪਨਾ-ਸ਼ਕਤੀ ਦਾ ਵਿਸਥਾਰ ਹੁੰਦਾ ਹੈ।

ਕਿਤਾਬਾਂ ਕਾਮਯਾਬੀ ਦੀ ਕੁੰਜੀ ਹਨ। ਮਹਾਨ ਲੋਕ ਕਿਤਾਬਾਂ ਤੋਂ ਸਿੱਖਿਆ ਗ੍ਰਹਿਣ ਕਰਕੇ ਹੀ ਸਫ਼ਲਤਾ ਦੀ ਸਿਖਰ 'ਤੇ ਪਹੁੰਚਦੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਕਿਤਾਬਾਂ ਸਭ ਤੋਂ ਵਧੀਆ ਮਿੱਤਰ ਹੁੰਦੀਆਂ ਹਨ ਕਿਉਂਕਿ ਕਿਤਾਬਾਂ ਕਦੇ ਕਿਸੇ ਨੂੰ ਧੋਖਾ ਨਹੀਂ ਦਿੰਦੀਆਂ।

ਕਿਤਾਬਾਂ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਨਿਯਮਤ ਪੜ੍ਹਾਈ ਕਰਨੀ ਚਾਹੀਦੀ ਹੈ। ਹਰ ਰੋਜ਼ ਨਿਸ਼ਚਿਤ ਸਮੇਂ 'ਤੇ ਪੜ੍ਹਿਆ ਜਾਵੇ ਤਾਂ ਤਨ-ਮਨ 'ਤੇ ਹੋਰ ਚੰਗੇਰਾ ਪ੍ਰਭਾਵ ਪੈਂਦਾ ਹੈ।

ਉਦੇਸ਼ ਤੈਅ ਕਰਕੇ ਪੜ੍ਹਨਾ ਵਧੇਰੇ ਬਿਹਤਰ, ਵਧੇਰੇ ਕਾਰਗਰ, ਵਧੇਰੇ ਸਿਹਤਮੰਦ ਹੁੰਦਾ ਹੈ। ਕੀ ਪੜ੍ਹਨਾ ਹੈ? ਕਿਉਂ ਪੜ੍ਹਨਾ ਹੈ? ਇਹ ਸਪੱਸ਼ਟ ਹੋਣਾ ਜ਼ਰੂਰੀ ਹੈ।

ਪੜ੍ਹਦੇ ਸਮੇਂ ਹਰੇਕ ਪੁਸਤਕ ਦੇ ਨੋਟਸ ਬਣਾਉਣੇ ਚਾਹੀਦੇ ਹਨ। ਮਹੱਤਵਪੂਰਨ ਗੱਲਾਂ ਅਹਿਮ ਵਿਚਾਰ ਨੋਟ ਕਰਦੇ ਜਾਣਾ ਚਾਹੀਦਾ ਹੈ।

ਜੇਕਰ ਤੁਸੀਂ ਹਰ ਰੋਜ਼ 30 ਮਿੰਟ ਵੀ ਪੜ੍ਹਦੇ ਹੋ ਤਾਂ ਸਾਲ ਵਿਚ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਲਵੋਗੇ। ਜਿਹੜੇ ਵਿਦਿਆਰਥੀ ਸਿਲੇਬਸ ਤੋਂ ਇਲਾਵਾ ਹੋਰ ਕਿਤਾਬਾਂ ਪੜ੍ਹਦੇ ਹਨ, ਉਹ ਵਧੇਰੇ ਨੰਬਰ ਪ੍ਰਾਪਤ ਕਰਦੇ ਹਨ।

ਭਾਰਤ ਦੇ ਪਹਿਲੇ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀ ਰੋਜ਼ਾਨਾ 7-8 ਘੰਟੇ ਪੜ੍ਹਾਈ ਕਰਦੇ ਹਨ।

ਮੋਬਾਈਲ ਫ਼ੋਨ ਕਈ ਤਰ੍ਹਾਂ ਨਾਲ ਤੁਹਾਡੀ ਸਹਾਇਤਾ ਕਰ ਸਕਦਾ ਹੈ। ਪਰ ਕਿਤਾਬਾਂ ਤੁਹਾਨੂੰ ਜੀਵਨ ਵਿਚ ਸਫ਼ਲਤਾ ਦਿਵਾਉਂਦੀਆਂ ਹਨ।

ਮੋਬਾਈਲ ਫ਼ੋਨ ਇਕ ਮਸ਼ੀਨ ਹੈ। ਕਿਤਾਬ ਇਕ ਅਧਿਆਪਕ ਹੈ। ਚੋਣ ਤੁਹਾਡੇ ਹੱਥ ਹੈ।

# ਪੰਜਾਬ - ਦੁਖਾਂਤ, ਮਾਣ ਅਤੇ ਸੰਘਰਸ਼

ਇਹ ਉਹੀ ਪੰਜਾਬ ਹੈ ਜਿਸਨੇ ਲਾਸ਼ਾਂ ਵੇਖੀਆਂ ਹਨ। ਲਾਸ਼ਾਂ ਜਿਹੇ ਲੋਕ ਵੇਖੇ ਹਨ। ਇਹ ਉਹੀ ਪੰਜਾਬ ਹੈ ਜੋ ਆਪਣੇ ਦੁੱਖਾਂ ਦੀਆਂ ਕਹਾਣੀਆਂ ਕਹਿੰਦੇ-ਕਹਿੰਦੇ ਥੱਕ ਚੁੱਕਾ ਹੈ। ਇਹ ਉਹੀ ਪੰਜਾਬ ਹੈ ਜਿਸਨੇ ਦੇਸ਼ ਦੀ ਵੰਡ ਵੇਲੇ ਵੱਡਾ ਦੁੱਖ ਆਪਣੇ ਪਿੰਡੇ ਤੇ ਝੱਲਿਆ ਅਤੇ ਇਹ ਉਹੀ ਪੰਜਾਬ ਹੈ ਜਿਹੜਾ ਉਨ੍ਹਾਂ ਦਿਨਾਂ ਨੂੰ ਜਦੋਂ ਯਾਦ ਕਰਦਾ ਹੈ, ਕੰਬ ਉਠਦਾ ਹੈ ਜਦੋਂ '47 ਵਾਪਰਿਆ ਜਦੋਂ '84 ਵਾਪਰਿਆ।

ਉਸ ਸਮੇਂ ਝੜਪਾਂ, ਝਗੜਿਆਂ, ਗੋਲੀਆਂ ਦੇ ਵਿਚਕਾਰ ਫੈਲਿਆ ਘੋਰ ਹਨੇਰਾ ਸਮੇਂ ਦੇ ਇਤਿਹਾਸ ਬਰਾਬਰ ਸੀ। ਦਿਨ ਹੋਏ ਜਾਂ ਰਾਤ ਹਵਾ ਇਸ ਤਰ੍ਹਾਂ ਸਾਂ-ਸਾਂ ਕਰਦੀ ਸੀ ਜਿਵੇਂ ਇਤਿਹਾਸ ਦੇ ਪੱਲੂ ਵਿਚ



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਬੈਠ ਕੇ ਰੋ ਰਹੀ ਹੋਵੇ। ਇਹ ਪੰਜਾਬ ਉਹੀ ਹੈ, ਜਿੱਥੇ ਦੁੱਖਾਂ ਦੇ ਦਰੱਖਤ ਉਸਦੇ ਸੀਨੇ 'ਚ ਉਗੇ ਸਨ। ਇਹ ਦਰੱਖਤ ਹਾਲੇ ਤੱਕ ਢਹੇ ਨਹੀਂ, ਡਿੱਗੇ ਵੀ ਨਹੀਂ। ਕਿਧਰੇ ਨਾ ਕਿਧਰੇ ਜਿਊਂਦੇ ਹਨ, ਪੰਜਾਬ ਦੇ ਮਨ ਦੇ ਕਿਸੇ ਨਾ ਕਿਸੇ ਕੋਨੇ 'ਚ। ਪਰ ਕੀ ਕਦੇ ਕਿਸੇ ਇਸ ਦਰਦਾਂ ਭਰੇ, ਭਾਵਨਾ ਭਰਪੂਰ ਪੰਜਾਬ ਨੂੰ ਸਮਝਦਾਰੀ ਤੇ ਗੰਭੀਰਤਾ ਨਾਲ ਦੇਖਿਆ?

ਦੇਸ਼ ਦੀ ਹਰ ਵੱਡੀ-ਛੋਟੀ ਸਿਆਸੀ ਧਿਰ ਨੇ ਵੋਟਾਂ ਦੀ ਖਾਤਰ ਇਸਦਾ ਮੁੱਲ ਲਾਇਆ। ਕਿਸੇ ਨੇ ਨਾ ਇਸਦੀ ਬਾਤ ਪੁੱਛੀ ਨਾ ਇਸਨੂੰ ਪੁਚਕਾਰਿਆ। ਜਦੋਂ ਕਦੇ ਇਸ ਆਪਣੇ ਦੁੱਖ ਉਜਾਗਰ ਕਰਨੇ ਚਾਹੇ, ਸੱਤਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹਨੂੰ ਪੀੜਿਆ ਜਾ ਰਿਹਾ ਹੈ, ਉਹ ਦੇਸ਼ ਧ੍ਰੋਹੀ ਅਖਵਾਇਆ।

ਪੰਜਾਬ ਦੇ ਪਿੰਡੇ 'ਚੋਂ ਉਠਿਆ ਕਿਸਾਨ ਅੰਦੋਲਨ ਪੰਜਾਬ ਦੇ ਲੋਕਾਂ ਦੀ ਸਹਿਮਤੀ ਦਾ ਅੰਦੋਲਨ ਸੀ। ਪੰਜਾਬ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਸਦਾ ਪਿੰਡਾ ਚੀਰਿਆ ਜਾ ਰਿਹਾ। ਉਸਨੇ ਇਹ ਸਮਝਾਉਣ ਦਾ ਯਤਨ ਵੀ ਕੀਤਾ ਕਿ ਸੱਤਾ 'ਚ ਅਸਹਿਮਤੀ ਦੇਸ਼ ਧ੍ਰੋਹੀ ਨਹੀਂ ਹੁੰਦਾ ਤੇ ਸੱਤਾ ਵਿਚ ਸਹਿਮਤੀ ਦੇਸ਼ ਭਗਤੀ ਵੀ ਨਹੀਂ ਹੁੰਦੀ। ਪਰ ਉਨ੍ਹਾਂ ਦੀ ਗੱਲ ਕਿਸਨੇ ਸੁਣੀ?

ਉਹ ਖਾਲਿਸਤਾਨੀ ਤੇ ਅੰਦੋਲਨ ਜੀਵੀ ਅਖਵਾਏ। ਇਹ ਵਿਖਾ ਕੇ ਉਹ ਘਰਾਂ ਨੂੰ ਪਰਤ ਆਏ ਕਿ ਪੰਜਾਬ ਕਦੇ ਹਾਰਦਾ ਨਹੀਂ, ਝੁਕਦਾ ਨਹੀਂ। ਅਤੇ ਆਪਣੇ ਹੱਕਾਂ ਖਾਤਰ ਮਰਨ ਦਾ ਹੌਸਲਾ ਰੱਖਦਾ ਹੈ ਅਤੇ ਅਸੰਭਵ ਨੂੰ ਸੰਭਵ ਕਰਨ ਦੀ ਤਾਕਤ ਉਸਦੀ ਮਿੱਟੀ 'ਚ ਹਾਲੇ ਵੀ ਹੈ ਜਿਹੜੀ ਸਦੀਆਂ ਤੋਂ ਉਸਨੂੰ ਅਨੋਖੀ ਤਾਕਤ ਬਖਸ਼ਦੀ ਰਹੀ ਹੈ। ਸੇਵਾ, ਸਮਰਪਣ, ਕੁਰਬਾਨੀ ਦੀ ਤਾਕਤ।

ਖੋਲ੍ਹੀਏ ਇਤਿਹਾਸ ਦੇ ਪੰਨੇ, ਦੇਖੀਏ ਲਹੂ ਲੁਹਾਨ ਪੰਜਾਬ ਦਾ ਇੱਕ ਪਾਸਾ। ਇਨ੍ਹਾਂ ਪੰਨਿਆਂ 'ਚ ਛੁਪਿਆ ਸੱਚ ਪੰਜਾਬ ਦਾ ਦੁਖਾਂਤ ਵੀ ਹੈ ਤੇ ਪੰਜਾਬ ਦਾ ਮਾਣ ਵੀ।

1947 ਵਿਚ ਵਾਪਰੇ ਬਟਵਾਰੇ ਦਾ ਖ਼ੂਨੀ ਦੁਖਾਂਤ ਭਾਰਤੀ ਇਤਿਹਾਸ ਦਾ ਸਭ ਤੋਂ ਕਾਲਾ ਪੰਨਾ ਹੈ। ਇਸ ਵੰਡ ਦੀ ਸਭ ਤੋਂ ਭਾਰੀ ਕੀਮਤ ਪੰਜਾਬ ਅਤੇ ਪੰਜਾਬੀਆਂ ਨੂੰ ਆਪਣੀਆਂ ਜਾਨਾਂ, ਮਕਾਨ ਅਤੇ ਜ਼ਮੀਨਾਂ ਗੁਆ ਕੇ ਚੁਕਾਉਣੀ ਪਈ।

ਪੰਜਾਬ ਬਟਵਾਰੇ ਵੇਲੇ ਉਨ੍ਹਾਂ ਸਿਆਸਤਦਾਨਾਂ ਦੀਆਂ ਸ਼ੈਤਾਨੀਆਂ ਦਾ ਸ਼ਿਕਾਰ ਹੋਇਆ, ਜਿਹੜੇ ਲੋਕਾਂ 'ਤੇ ਹਕੂਮਤ ਕਰਨੀ ਚਾਹੁੰਦੇ ਸਨ। ਇਨ੍ਹਾਂ ਸਿਆਸਤਦਾਨਾਂ ਨੇ ਅੰਗਰੇਜ਼ਾਂ ਨਾਲ ਮਿਲੀਭੁਗਤ ਕਰਕੇ ਲੋਕਾਂ 'ਤੇ ਬਟਵਾਰਾ ਠੋਸਿਆ ਸੀ। ਇਸਦੀ ਕੀਮਤ ਉਨ੍ਹਾਂ ਲੋਕਾਂ ਨੂੰ ਭੁਗਤਣੀ ਪਈ, ਜਿਨ੍ਹਾਂ ਦੀ ਮੰਗ ਬਟਵਾਰਾ ਕਦੇ ਵੀ ਨਹੀਂ ਸੀ।

ਇਸ ਹੌਲਨਾਕ ਵਰਤਾਰੇ ਵਿਚ ਲੱਖਾਂ ਪੰਜਾਬੀ ਬੇਰਹਿਮੀ ਨਾਲ ਮਾਰੇ ਗਏ, ਅਣਗਿਣਤ ਜ਼ਖ਼ਮੀ ਹੋਏ ਅਤੇ ਲਗਭਗ 8 ਲੱਖ ਤੋਂ ਵੱਧ ਲੋਕ ਰਾਤੋ-ਰਾਤ ਆਪਣੇ ਘਰ-ਬਾਰ, ਜੱਦੀ-ਪੁਸ਼ਤੀ ਜ਼ਮੀਨਾਂ ਤੇ ਪੂੰਜੀ ਗੁਆ ਕੇ ਉੱਜੜਨ ਲਈ ਮਜਬੂਰੀ ਵੱਸ ਨਿਕਲ ਪਏ। ਇਸ ਵੱਡੇ ਉਜਾੜੇ ਅਤੇ ਜਾਨੀ-ਮਾਲੀ ਨੁਕਸਾਨ ਦੇ ਬਾਵਜੂਦ ਪੰਜਾਬੀਆਂ ਨੇ ਹਿੰਮਤ ਨਹੀਂ ਹਾਰੀ। ਪਾਕਿਸਤਾਨ ਤੋਂ ਉੱਜੜ ਕੇ ਆਏ ਇਹ ਮਿਹਨਤੀ ਪੰਜਾਬੀ ਦਿੱਲੀ, ਉੱਤਰ ਪ੍ਰਦੇਸ਼ ਦੇ 'ਤਰਾਈ' ਖੇਤਰ (ਜਿਵੇਂ ਪੀਲੀਭੀਤ, ਲਖੀਮਪੁਰ ਖੀਰੀ), ਹਰਿਆਣਾ, ਰਾਜਸਥਾਨ ਅਤੇ ਦੇਸ਼ ਦੇ ਹੋਰਾਂ ਸੂਬਿਆਂ ਵਿਚ ਜਾ ਕੇ ਵੱਸੇ। ਜਿੱਥੇ ਵੀ ਉਹ ਗਏ, ਉੱਥੇ ਬੰਜਰ ਜ਼ਮੀਨਾਂ ਨੂੰ ਵੀ ਆਪਣੀ ਅਣਥੱਕ ਮਿਹਨਤ ਨਾਲ ਜਰਖੇਜ਼ ਬਣਾ ਕੇ ਮੁੜ ਪੈਰਾਂ 'ਤੇ ਖੜ੍ਹੇ ਹੋਏ ਅਤੇ ਦੇਸ਼-ਵਿਦੇਸ਼ ਵਿਚ ਆਪਣੀ ਵੱਖਰੀ ਪਛਾਣ ਬਣਾਈ।

ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਰਹੀ ਹੈ ਕਿ ਇਹ ਹਮੇਸ਼ਾ ਖ਼ੁਦਗਰਜ਼ ਸਿਆਸਤਦਾਨਾਂ ਦੀਆਂ ਚਾਲਾਂ ਦਾ ਸ਼ਿਕਾਰ ਹੁੰਦਾ ਰਿਹਾ, ਜੋ ਕੇਵਲ ਸੱਤਾ ਦੀ ਕੁਰਸੀ ਹਾਸਲ ਕਰਨਾ ਚਾਹੁੰਦੇ ਸਨ। ਦੇਸ਼ ਦੀ ਆਜ਼ਾਦੀ ਵੇਲੇ ਸਿਆਸਤਦਾਨਾਂ ਨੇ ਅੰਗਰੇਜ਼ਾਂ ਨਾਲ ਮਿਲੀਭੁਗਤ ਕਰਕੇ ਆਮ ਲੋਕਾਂ 'ਤੇ ਵੰਡ ਦਾ ਕੁਹਾੜਾ ਚਲਾਇਆ। ਇਸ ਤੋਂ ਬਾਅਦ, 1984 ਦਾ ਕਾਲਾ ਦੌਰ, ਸੰਤਾਪ ਅਤੇ ਖਾੜਕੂਵਾਦ ਦਾ ਭਿਆਨਕ ਦੌਰ ਵੀ ਪੰਜਾਬੀਆਂ ਦੇ ਹਿੱਸੇ ਹੀ ਆਇਆ। ਅੱਜ ਵੀ ਹਾਲਾਤ ਇਹ ਹਨ ਕਿ ਰਾਜਨੀਤਕ ਅਤੇ ਆਰਥਿਕ ਅਸਥਿਰਤਾ ਕਾਰਨ ਪੰਜਾਬ ਦੇ ਨੌਜਵਾਨਾਂ ਨੂੰ ਮਜਬੂਰੀ ਵੱਸ, ਚੰਗੇ ਭਵਿੱਖ, ਰੁਜ਼ਗਾਰ ਅਤੇ ਰੋਜ਼ੀ-ਰੋਟੀ ਦੀ ਭਾਲ ਵਿਚ ਆਪਣੀ ਜਨਮ ਭੂਮੀ ਛੱਡ ਕੇ ਪ੍ਰਵਾਸ ਦਾ ਦਰਦ ਹੰਢਾਉਣਾ ਪੈ ਰਿਹਾ ਹੈ।

ਪੰਜਾਬ ਦੀ ਮੌਜੂਦਾ ਆਰਥਿਕਤਾ ਦੇ ਹਾਲਾਤ ਬੇਹੱਦ ਚਿੰਤਾਜਨਕ ਹਨ। ਦੇਸ਼ ਦਾ ਪੇਟ ਭਰਨ ਵਾਲਾ ਪੰਜਾਬ ਦਾ ਕਿਸਾਨ ਅੱਜ ਖ਼ੁਦ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਇਆ ਹੈ। ਇੱਕ ਅਨੁਮਾਨ ਮੁਤਾਬਕ ਪੰਜਾਬ ਦੇ 80% ਤੋਂ ਵੱਧ ਕਿਸਾਨੀ ਪਰਿਵਾਰ ਕਰਜ਼ਾਈ ਹਨ, ਜਿਨ੍ਹਾਂ ਵਿਚੋਂ ਬਹੁਤਾਤ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਹੈ, ਜਿਨ੍ਹਾਂ ਕੋਲ ਜ਼ਮੀਨਾਂ ਦੇ ਨਾਂ 'ਤੇ ਮਹਿਜ਼ ਢਾਈ ਤੋਂ ਪੰਜ ਏਕੜ ਹੀ ਬਚੇ ਹਨ। ਦੂਜੇ ਪਾਸੇ, ਸੂਬੇ ਸਿਰ ਕੁੱਲ ਕਰਜ਼ਾ 3.5 ਲੱਖ ਕਰੋੜ ਰੁਪਏ ਤੋਂ ਵੀ ਪਾਰ ਲੰਘ ਚੁੱਕਾ ਹੈ।

ਪੰਜਾਬ ਵਿਚ ਖੇਤੀ ਆਧਾਰਤ ਉਦਯੋਗਾਂ ਅਤੇ ਕਾਰਖਾਨਿਆਂ ਦੀ ਪਹਿਲਾਂ ਹੀ ਭਾਰੀ ਘਾਟ ਸੀ। ਪਰ ਦੁੱਖ ਦੀ ਗੱਲ ਇਹ ਹੈ ਕਿ ਸਿਆਸਤਦਾਨਾਂ ਦੀਆਂ ਨਿਕੰਮੀਆਂ ਨੀਤੀਆਂ ਅਤੇ ਅਣਗਹਿਲੀ ਕਾਰਨ ਪੰਜਾਬ ਵਿਚ ਪਹਿਲਾਂ ਤੋਂ ਚੱਲ ਰਹੇ ਸਥਾਪਿਤ ਉਦਯੋਗ ਵੀ ਦਮ ਤੋੜ ਗਏ। ਜਲੰਧਰ ਦਾ ਵਿਸ਼ਵ ਪ੍ਰਸਿੱਧ ਖੇਡਾਂ ਦਾ ਉਦਯੋਗ (ਸਪੋਰਟਸ ਗੁੱਡਜ਼), ਲੁਧਿਆਣੇ ਤੇ ਅੰਮ੍ਰਿਤਸਰ ਦੇ ਕਢਾਈ ਤੇ ਟੈਕਸਟਾਈਲ ਦੇ ਕਾਰਖਾਨੇ ਅਤੇ ਮਾਲਵੇ ਦੀਆਂ ਕੋਟਨ ਮਿੱਲਾਂ ਸਿਆਸੀ ਅਣਦੇਖੀ ਕਾਰਨ ਹੌਲੀ-



ਹੌਲੀ ਪੰਜਾਬ ਵਿਚੋਂ ਬਾਹਰ ਦੂਜੇ ਸੂਬਿਆਂ ਵੱਲ ਪਲਾਇਨ ਕਰ ਗਈਆਂ। ਇਸ ਸਨਅਤੀ ਉਜਾੜੇ ਨੇ ਪੰਜਾਬ ਦੀ ਆਰਥਿਕ ਰੀੜ੍ਹ ਦੀ ਹੱਡੀ ਤੋੜ ਕੇ ਰੱਖ ਦਿੱਤੀ ਹੈ ਅਤੇ ਲੱਖਾਂ ਨੌਜਵਾਨਾਂ ਤੋਂ ਰੋਜ਼ਗਾਰ ਖੋਹ ਲਿਆ ਹੈ। ਪਰ ਸਾਡੇ ਰਾਜਨੇਤਾ ਇਸ ਭਿਆਨਕ ਆਰਥਿਕ ਤੇ ਉਦਯੋਗਿਕ ਸੰਕਟ ਤੋਂ ਪੂਰੀ ਤਰ੍ਹਾਂ ਮੂੰਹ ਮੋੜੀ ਬੈਠੇ ਹਨ ਅਤੇ ਫੋਕੇ ਲਾਰੇ ਲਾ ਕੇ ਵੋਟਾਂ ਦੀ ਰਾਜਨੀਤੀ ਕਰ ਰਹੇ ਹਨ।

ਸਮੇਂ-ਸਮੇਂ 'ਤੇ ਕਾਂਗਰਸ, ਅਕਾਲੀ-ਭਾਜਪਾ ਅਤੇ ਹੁਣ ਆਮ ਆਦਮੀ ਪਾਰਟੀ ਨੇ ਸੱਤਾ ਦੇ ਸੁਖ ਭੋਗੇ, ਪਰ ਈਰਖਾ, ਦਵੈਤ ਅਤੇ ਵੋਟ-ਬੈਂਕ ਦੀ ਨੀਤੀ ਨੇ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਤਾਣੇ-ਬਾਣੇ ਨੂੰ ਛੱਲਣੀ ਕਰ ਦਿੱਤਾ। ਸ਼ੁਰੂਆਤੀ ਦੌਰ ਵਿਚ ਖੇਤਰੀ ਪਾਰਟੀਆਂ ਨੇ ਸੂਬਾਈ ਸਵੈ-ਮੁਖਤਿਆਰੀ ਅਤੇ ਫੈਡਰਲ ਢਾਂਚੇ ਦੀ ਮਜ਼ਬੂਤੀ ਲਈ ਵੱਡੀ ਭੂਮਿਕਾ ਨਿਭਾਈ ਸੀ, ਪਰ ਸਮੇਂ ਦੇ ਨਾਲ-ਨਾਲ ਸੱਤਾ ਦੀ ਭੁੱਖ ਨੇ ਇਨ੍ਹਾਂ ਖੇਤਰੀ ਤਾਕਤਾਂ ਨੂੰ ਵੀ ਕਮਜ਼ੋਰ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਪੰਜਾਬ ਦੀਆਂ ਹੱਕੀ ਮੰਗਾਂ ਅਤੇ ਪੰਥਕ ਸੋਚ ਦਾ ਪ੍ਰਤੀਕ ਮੰਨਿਆ ਜਾਂਦਾ ਸੀ, ਅੱਜ ਕਈ ਧੜਿਆਂ ਵਿਚ ਵੰਡਿਆ ਜਾ ਚੁੱਕਾ ਹੈ। ਇੱਕ ਪਾਸੇ ਬਾਦਲ ਪਰਿਵਾਰ ਦੇ ਕਬਜ਼ੇ ਵਾਲਾ ਅਕਾਲੀ ਦਲ ਹੈ ਜੋ ਪਰਿਵਾਰਵਾਦ ਅਤੇ ਮੌਕਾਪ੍ਰਸਤੀ ਦੀ ਰਾਜਨੀਤੀ ਕਾਰਨ ਆਮ ਪੰਜਾਬੀਆਂ ਦੇ ਵਿਸ਼ਵਾਸ ਤੋਂ ਦੂਰ ਹੋ ਚੁੱਕਾ ਹੈ; ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ/ਮਾਨ) ਅਤੇ ਹੋਰ ਅਕਾਲੀ ਧੜੇ ਹਨ, ਜੋ ਆਪਣੀਆਂ ਵੱਖੋ-ਵੱਖਰੀਆਂ ਸਰਗਰਮੀਆਂ ਨਾਲ ਪੰਜਾਬ ਦੀ ਰਾਜਨੀਤੀ ਵਿਚ ਹਲਚਲ ਤਾਂ ਪੈਦਾ ਕਰਦੇ ਹਨ, ਪਰ ਇੱਕਮੁੱਠ ਆਗੂਪੁਣੇ ਦੀ ਘਾਟ ਕਾਰਨ ਲੋਕਾਂ ਨੂੰ ਕੋਈ ਠੋਸ ਵਿਕਲਪ ਨਹੀਂ ਦੇ ਪਾ ਰਹੇ। ਇਹ ਸਾਰੇ ਧੜੇ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਦੀਆਂ ਵੱਖ-ਵੱਖ ਮਿਸਲਾਂ ਦੇ ਆਪਸੀ ਨਿਘਾਰ ਦੀ ਯਾਦ ਦਿਵਾਉਂਦੇ ਹਨ, ਜਿਨ੍ਹਾਂ ਦੀ ਫੁੱਟ ਦਾ ਫ਼ਾਇਦਾ ਅੰਗਰੇਜ਼ਾਂ ਨੇ ਉਠਾਇਆ ਸੀ।

ਅੱਜ ਵੀ ਉਹੀ ਇਤਿਹਾਸ ਦੁਹਰਾਇਆ ਜਾ ਰਿਹਾ ਹੈ। ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਵਿਚ ਆਪਣੀ ਜ਼ਮੀਨ ਤਲਾਸ਼ਣ ਲਈ ਹੋਰਨਾਂ ਪਾਰਟੀਆਂ ਦੇ ਨੇਤਾਵਾਂ ਨੂੰ ਆਪਣੇ ਨਾਲ ਮਿਲਾ ਕੇ ਖੇਤਰੀ ਤਾਕਤਾਂ ਨੂੰ ਖ਼ਤਮ ਕਰਨ ਦੇ ਯਤਨਾਂ ਵਿਚ ਹੈ। ਉਹ ਪੰਜਾਬ ਦੇ ਲਹਿਣੇਦਾਰਾਂ, ਢੁੱਠਾਂ ਵਾਲੇ ਨੇਤਾਵਾਂ 'ਚੋਂ ਗੱਦਾਰ ਲੱਭ ਰਹੀ ਹੈ, ਤਾਂ ਕਿ ਪੰਜਾਬ ਨੂੰ ਹਰ ਹੀਲੇ ਕਾਬੂ ਕੀਤਾ ਜਾਏ। ਦੂਜੇ ਪਾਸੇ, ਆਪਣੇ ਹੱਕਾਂ ਲਈ ਲੜਨ ਵਾਲੇ ਕਿਸਾਨਾਂ ਨੂੰ ਭਾਜਪਾ ਨੇਤਾਵਾਂ ਵੱਲੋਂ 'ਅੰਦੋਲਨਜੀਵੀ' ਆਖਣਾ, ਜਾਗਰੂਕ ਵਿਦਿਆਰਥੀਆਂ ਤੇ ਬੁੱਧੀਜੀਵੀਆਂ ਨੂੰ 'ਦਿਮਾਗੀ ਨਕਸਲੀ' ਜਾਂ 'ਸ਼ਹਿਰੀ ਨਕਸਲ' ਵਰਗੇ ਖ਼ਿਤਾਬ ਦੇਣਾ ਅਸਲ ਵਿਚ ਉਨ੍ਹਾਂ ਨੇਤਾਵਾਂ ਦੀ ਸੰਕੁਚਿਤ ਅਤੇ ਗੋਹਾ-ਦਿਮਾਗ ਮਾਨਸਿਕਤਾ ਦੀ ਹੀ ਉਪਜ ਹੈ। ਆਪਣੇ ਹੀ ਦੇਸ਼ ਦੇ ਮਿਹਨਤੀ ਅੰਨਦਾਤੇ ਅਤੇ ਸੂਝਵਾਨ ਲੋਕਾਂ ਅਤੇ ਬੁੱਧੀਜੀਵੀਆਂ ਦਾ ਅਪਮਾਨ ਕਰਕੇ ਸੱਤਾਧਾਰੀ ਆਗੂ ਆਪਣੀ ਬੌਧਿਕ ਕੰਗਾਲੀ ਦਾ ਪ੍ਰਗਟਾਵਾ ਕਰਦੇ ਹਨ।

ਪਰ ਇਸ ਤ੍ਰਾਸਦੀ ਅਤੇ ਸੰਕਟ ਦੇ ਵਿਚਕਾਰ ਪੰਜਾਬੀਆਂ ਲਈ ਇੱਕ ਬਹੁਤ ਵੱਡਾ ਮਾਣ ਵਾਲਾ ਪੱਖ ਵੀ ਹੈ। ਪੰਜਾਬ ਦੇ ਕਿਸਾਨਾਂ ਨੇ ਹਰੀ ਕ੍ਰਾਂਤੀ ਦੇ ਦੌਰ ਵਿਚ ਆਪਣੀ ਅਣਥੱਕ ਮਿਹਨਤ ਨਾਲ ਅਜਿਹੇ ਦਿਸਹੱਦੇ ਸਿਰਜੇ ਕਿ ਭੁੱਖਮਰੀ ਦੇ ਦੌਰ ਵਿਚੋਂ ਗੁਜ਼ਰ ਰਹੇ ਪੂਰੇ ਭਾਰਤ ਦਾ ਪੇਟ ਭਰ ਕੇ 'ਦੇਸ਼ ਦੇ ਅੰਨਦਾਤੇ' ਦਾ ਖ਼ਿਤਾਬ ਹਾਸਲ ਕੀਤਾ। ਪੰਜਾਬ ਨੇ ਆਪਣੇ ਜਲ ਅਤੇ ਜ਼ਮੀਨ ਦੇ ਸਰੋਤਾਂ ਦਾ ਲੇਖਾ ਲਾ ਕੇ ਵੀ ਪੂਰੇ ਦੇਸ਼ ਨੂੰ ਅਨਾਜ ਵਿਚ ਆਤਮ-ਨਿਰਭਰ ਬਣਾਇਆ, ਜੋ ਹਰ ਪੰਜਾਬੀ ਲਈ ਇੱਕ ਬੇਮਿਸਾਲ ਗੌਰਵ ਦੀ ਗੱਲ ਹੈ। ਇਸ ਤੋਂ ਇਲਾਵਾ, ਭਾਵੇਂ ਪੰਜਾਬ ਦੇ ਲੋਕਾਂ ਨੂੰ ਮਜਬੂਰੀ ਵੱਸ ਪ੍ਰਵਾਸ ਦਾ ਦਰਦ ਹੰਢਾਉਣਾ ਪਿਆ, ਪਰ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰਪ ਸਮੇਤ ਦੁਨੀਆ ਭਰ ਵਿਚ ਜਾ ਕੇ ਪੰਜਾਬੀਆਂ ਨੇ ਆਪਣੀ ਮਿਹਨਤ ਦੇ ਝੰਡੇ ਗੱਡੇ ਹਨ। ਕੈਨੇਡਾ ਤੇ ਅਮਰੀਕਾ ਵਿਚ ਪੰਜਾਬੀ ਅੱਜ ਖੇਤੀਬਾੜੀ ਦੇ ਬਾਦਸ਼ਾਹ ਮੰਨੇ ਜਾਂਦੇ ਹਨ, ਜਿੱਥੇ ਉਨ੍ਹਾਂ ਨੇ ਹਜ਼ਾਰਾਂ ਏਕੜ ਜ਼ਮੀਨਾਂ ਵਿਚ ਬੇਮਿਸਾਲ ਮੱਲਾਂ ਮਾਰੀਆਂ ਹਨ। ਇੰਗਲੈਂਡ ਅਤੇ ਹੋਰ ਮੁਲਕਾਂ ਵਿਚ ਪੰਜਾਬੀਆਂ ਨੇ ਵੱਡੇ-ਵੱਡੇ ਉਦਯੋਗ ਅਤੇ ਵਪਾਰ ਸਥਾਪਿਤ ਕੀਤੇ ਹਨ। ਅਗਲੀ ਪੀੜ੍ਹੀ ਦੇ ਪੰਜਾਬੀ ਨੌਜਵਾਨ ਸਿਆਸਤ, ਪ੍ਰਸ਼ਾਸਨ, ਵਿਗਿਆਨ, ਵਪਾਰ ਅਤੇ ਤਕਨਾਲੋਜੀ ਦੇ ਹਰ ਖੇਤਰ ਵਿਚ ਉੱਚੇ ਅਹੁਦਿਆਂ 'ਤੇ ਪਹੁੰਚ ਕੇ ਦੇਸ਼ ਦਾ ਨਾਂ ਰੋਸ਼ਨ ਕਰ ਰਹੇ ਹਨ। ਇਨ੍ਹਾਂ ਵੱਡੀਆਂ ਆਰਥਿਕ ਤੇ ਰਾਜਨੀਤਕ ਪ੍ਰਾਪਤੀਆਂ ਤੋਂ ਵੀ ਵੱਡੀ ਮਾਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਪ੍ਰਵਾਸੀ ਪੰਜਾਬੀਆਂ ਨੇ ਸੱਤ ਸਮੁੰਦਰੋਂ ਪਾਰ ਬੈਠ ਕੇ ਵੀ ਆਪਣੀ ਮਾਂ-ਬੋਲੀ ਪੰਜਾਬੀ, ਵਿਰਸੇ, ਪਹਿਰਾਵੇ ਅਤੇ ਸੱਭਿਆਚਾਰ ਨੂੰ ਪੂਰੀ ਸ਼ਾਨ ਨਾਲ ਜਿਊਂਦਾ ਰੱਖਿਆ ਹੋਇਆ ਹੈ। ਉਹ ਦੁਨੀਆ ਦੇ ਬਹੁ-ਸੱਭਿਆਚਾਰਕ ਸਮਾਜ ਵਿਚ ਪੰਜਾਬੀ ਸੋਚ, ਦਿੱਖ ਅਤੇ ਪਛਾਣ ਦਾ ਲੋਹਾ ਮਨਵਾ ਰਹੇ ਹਨ, ਜਿਸ 'ਤੇ ਹਰ ਪੰਜਾਬੀ ਮਾਣ ਕਰਦਾ ਹੈ।

ਪਰ ਅੱਜ ਵੀ ਪੰਜਾਬ ਦੇ ਆਮ ਲੋਕ ਢਿੱਡ ਨੂੰ ਝੁਲਕਾ ਦੇਣ ਲਈ ਦਿਨ-ਰਾਤ ਹੱਡ-ਭੰਨਵੀਂ ਮਿਹਨਤ ਕਰਦੇ ਹਨ, ਉਹ ਬੇਰੋਜ਼ਗਾਰੀ ਅਤੇ ਮਹਿੰਗਾਈ ਦੀ ਚੱਕੀ ਵਿਚ ਪਿਸ ਰਹੇ ਹਨ। ਸਿੱਖਿਆ, ਸਿਹਤ ਸਹੂਲਤਾਂ ਤੋਂ ਵਿਰਵੇ ਹਨ। ਉਹ ਕਿਸੇ ਅਜਿਹੀ ਉਮੀਦ ਦੀ ਕਿਰਨ ਦੀ ਤਲਾਸ਼ ਵਿਚ ਹਨ, ਜੋ ਉਨ੍ਹਾਂ ਦੇ ਜੀਵਨ ਵਿਚ ਸੁਧਾਰ ਲਿਆ ਸਕੇ। ਪਰ ਸਰਕਾਰਾਂ ਕੋਲ ਕੋਈ ਠੋਸ ਨੀਤੀ ਜਾਂ ਵਿਜ਼ਨ ਨਹੀਂ ਹੈ; ਬੱਸ ਮੁਫ਼ਤ ਦੀਆਂ ਰੇਵੜੀਆਂ, ਬਿਜਲੀ ਬਿੱਲ ਮਾਫ਼ੀ ਅਤੇ ਇੱਕ-ਦੂਜੇ 'ਤੇ ਦੂਸ਼ਣਬਾਜ਼ੀ ਕਰਨ ਦੀ ਰਣਨੀਤੀ ਹੀ ਚੱਲ ਰਹੀ ਹੈ।

ਇਨ੍ਹਾਂ ਤਮਾਮ ਚੁਣੌਤੀਆਂ ਅਤੇ ਦੁਖਾਂਤਾਂ ਦੇ ਬਾਵਜੂਦ, ਪੰਜਾਬ ਦੀ ਧਰਤੀ ਅੱਜ ਵੀ ਜਰਖੇਜ਼ ਹੈ ਅਤੇ ਇਸ ਦਾ ਇਤਿਹਾਸ ਤੇ ਸੱਭਿਆਚਾਰ ਮਾਣਮੱਤਾ ਹੈ। ਪੰਜਾਬੀਆਂ ਨੂੰ ਆਪਣੇ ਸੰਘਰਸ਼ੀ ਇਤਿਹਾਸ 'ਤੇ ਗੌਰਵ ਹੈ। ਇਹ ਉਹੀ ਪੰਜਾਬੀ ਹਨ ਜਿਨ੍ਹਾਂ ਨੇ ਐਮਰਜੈਂਸੀ ਵੇਲੇ ਦੇਸ਼ ਵਿਚ ਲੋਕਤੰਤਰ ਦੀ ਬਹਾਲੀ ਲਈ ਅਗਵਾਈ ਕੀਤੀ, ਫੈਡਰਲ ਢਾਂਚੇ ਦੀ ਮਜ਼ਬੂਤੀ ਲਈ ਆਵਾਜ਼ ਬੁਲੰਦ ਕੀਤੀ ਅਤੇ ਇਤਿਹਾਸਕ ਕਿਸਾਨ ਅੰਦੋਲਨ ਵਿਚ ਇੱਕਮੁੱਠ ਹੋ ਕੇ ਦਿੱਲੀ ਦੀਆਂ ਹਿੱਕਾਂ 'ਤੇ ਗੱਡ ਕੇ ਕੇਂਦਰ ਸਰਕਾਰ ਨੂੰ ਝੁਕਣ ਲਈ ਮਜਬੂਰ ਕੀਤਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਪੰਜਾਬ ਭਾਰੀ ਕਰਜ਼ੇ, ਨਸ਼ਿਆਂ ਦੀ ਮਾਰ, ਜਵਾਨੀ ਦੇ ਪ੍ਰਵਾਸ ਅਤੇ ਰਾਜਨੀਤਕ ਭ੍ਰਿਸ਼ਟਾਚਾਰ ਵਰਗੇ ਗੰਭੀਰ ਚੈਲੇਂਜਾਂ ਦਾ ਸਾਹਮਣਾ ਕਰ ਰਿਹਾ ਹੈ। ਪਰ ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਇਸ ਧਰਤੀ ਨੇ ਹਮੇਸ਼ਾ ਮੁਸੀਬਤਾਂ ਦਾ ਡਟ ਕੇ ਮੁਕਾਬਲਾ ਕੀਤਾ ਹੈ ਅਤੇ ਗੱਦਾਰਾਂ ਨੂੰ ਸਦਾ ਫਿਟਕਾਰਿਆ ਹੈ। ਅੱਜ ਵੀ ਪੰਜਾਬ ਦੇ ਦਰਦ ਨੂੰ ਸਮਝਣ ਵਾਲੇ ਸੂਝਵਾਨ, ਸੰਜੀਦਾ ਅਤੇ ਰੋਸ਼ਨ ਖ਼ਿਆਲ ਲੋਕ ਇੱਕ ਨਵੀਂ ਸਵੇਰ ਦੀ ਤਲਾਸ਼ ਵਿਚ ਸੰਘਰਸ਼ ਦੇ ਰਾਹ 'ਤੇ ਅੱਗੇ ਵਧ ਰਹੇ ਹਨ।

# ਉਮਰ ਖਾਲਿਦ ਦੀ ਰਿਹਾਈ ਦੀ ਮੰਗ ਦੀ ਆਵਾਜ਼ ਜੇ.ਐਨ.ਯੂ. ਦੇ ਹਰ ਕੋਨੇ ਤੋਂ ਆਉਂਦੀ ਰਹੇਗੀ!

ਉਮਰ ਖਾਲਿਦ ਦੇਸ਼ ਧਰੋਹੀ ਹੈ, ਇਹ ਗੱਲ ਇੰਨੀ ਵਾਰ ਬੋਲੀ ਗਈ ਕਿ ਇੱਕ ਵੱਡੇ ਜਨਮਾਨਸ ਦੇ ਦਿਲ ਦਿਮਾਗ ਉੱਤੇ ਛਪ ਚੁੱਕੀ ਹੈ।

ਫਿਲਹਾਲ ਸੋਚੋ ਕਿ ਕੀ ਉਮਰ ਖ਼ਿਲਾਫ਼ ਇਹ ਜੱਜਮੈਂਟ ਕਿਸ ਅਦਾਲਤ ਨੇ ਸੁਣਾਈ ਹੈ? ਅਜੇ ਤੱਕ ਤਾਂ ਕਿਸੇ ਵੀ ਕੋਰਟ ਨੇ ਨਹੀਂ।

ਕੀ ਉਸ ਨੇ ਕੋਈ ਹੱਤਿਆ ਕੀਤੀ ਜਾਂ ਕਰਵਾਈ ਹੈ? ਨਹੀਂ!

ਕੀ ਉਸ ਨੇ ਦੇਸ਼ ਦੇ 'ਗ੍ਰਹਿ' ਮੰਤਰੀ ਵਾਂਗ ਕਤਲੇਆਮ ਮਚਾਇਆ ਹੈ?

ਕੀ ਉਸ ਨੇ ਕਿਸੇ ਨੂੰ ਦੰਗਿਆਂ ਲਈ ਉਕਸਾਇਆ?

ਕੁਝ ਨਹੀਂ?

ਭਾਜਪਾ ਵੱਲੋਂ ਦਿੱਲੀ ਵਿਚ ਕਰਵਾਏ ਗਏ ਮੁਸਲਮਾਨਾਂ ਦੇ ਕਤਲੇਆਮ ਵਿਚ ਉਮਰ ਨੂੰ ਗਿਣੇ-ਮਿਥੇ ਤਰੀਕੇ ਨਾਲ ਫਸਾ ਕੇ ਜੇਲ ਵਿਚ ਬੰਦ ਕਰ ਦਿੱਤਾ ਗਿਆ। ਕਿਉਂਕਿ ਉਹ ਸੀ.ਏ.ਏ. ਵਿਰੁਧ ਪ੍ਰਦਰਸ਼ਨ ਜਥੇਬੰਦ ਕਰਨ ਲਈ ਬਣੇ ਇੱਕ ਗਰੁੱਪ ਦਾ ਹਿੱਸਾ ਸੀ। ਉਸ ਕੇਸ ਵਿਚ 6 ਸਾਲਾਂ ਤੋਂ ਉਸ ਖ਼ਿਲਾਫ਼ ਟ੍ਰਾਇਲ ਵੀ ਸ਼ੁਰੂ ਨਹੀਂ ਹੋਇਆ, ਅਤੇ ਉਹ ਅਜੇ ਵੀ ਜੇਲ ਵਿਚ ਹੈ।

ਉਸ ਦੇ ਫਰਜ਼ੀ ਵੀਡੀਓ ਸੁਣਾ ਕੇ ਦੇਸ਼ ਨੂੰ ਗੁਮਰਾਹ ਕੀਤਾ ਗਿਆ। ਸਰਕਾਰ ਦੀਆਂ ਅਪਣੀਆਂ ਜਾਂਚ ਏਜੰਸੀਆਂ ਨੇ ਉਸ ਵੀਡੀਓ ਨੂੰ ਫਰਜ਼ੀ ਦੱਸਿਆ ਹੈ। ਪਰ ਦੰਗਈ ਮੀਡੀਆ ਦੇ ਸਿਆਰ ਐਂਕਰਾਂ-ਐਂਕਰਨੀਆਂ ਨੇ ਪ੍ਰਾਈਮ ਟਾਈਮ ਤੋਂ ਲੈ ਕੇ ਮਨਹੂਸ ਟਾਈਮ ਤੱਕ ਉਸ ਖਿਲਾਫ਼ ਇਹ ਸਰਟੀਫਿਕੇਟ ਵੰਡਿਆ।

ਇਨ੍ਹਾਂ ਦੰਗਾਈਆਂ ਤੋਂ ਜੋ ਬਚਿਆ ਉਸ ਨੂੰ ਸੱਤਾ ਦੇ ਨਾਰੰਗੀ ਬਗਲਬੱਚੇ ਨਿੱਤ ਚੀਕ ਚੀਕ ਕੇ ਉਤਪਾਤ ਫੈਲਾ ਕੇ ਪੂਰਾ ਕਰ ਰਹੇ ਹਨ ਅਤੇ ਇਹ ਮਨਵਾਉਣ ਲਈ ਧਮਕਾ ਰਹੇ ਹਨ ਕਿ ਤੁਸੀਂ ਭੁੱਲ ਜਾਓ ਉਮਰ ਨੂੰ!

ਭੁੱਲ ਜਾਓ ਕਿਉਂਕਿ ਇਹ ਨਾਰੰਗੀ ਸੱਤਾ ਵਿਚ ਹਨ। ਖ਼ੈਰ, ਇਨ੍ਹਾਂ ਨੂੰ ਲੋਕਾਂ ਨੇ ਦੇਸ਼ ਚਲਾਉਣ ਲਈ ਬਿਠਾਇਆ ਸੀ ਦਿੱਲੀ ਵਿਚ, ਬਾਪ ਬਣਨ ਲਈ ਨਹੀਂ।

ਉਮਰ ਦੀ ਪੀਐਚਡੀ ਜੇ.ਐਨ.ਯੂ. ਦੇ ਬਹੁ ਚਰਚਿਤ ਡਿਪਾਰਟਮੈਂਟ- ਸੈਂਟਰ ਫਾਰ ਹਿਸਟਾਰੀਕਲ ਸਟੱਡੀਜ਼ ਤੋਂ ਹੋਈ ਹੈ।

ਬੀਤੇ ਦਿਨੀਂ ਜੇ.ਐਨ.ਯੂ. ਵਿਚ ਉਨ੍ਹਾਂ ਦੀ



ਨਵੀਂ ਕਿਤਾਬ 'Fractured Communities' ਉੱਤੇ ਚਰਚਾ ਹੋਣੀ ਸੀ। ਇਸ ਸਮਾਗਮ ਲਈ ਜੇ.ਐਨ.ਯੂ. ਸਟੂਡੈਂਟਸ ਯੂਨੀਅਨ ਨੇ ਆਡੀਟੋਰੀਅਮ ਬੁੱਕ ਕੀਤਾ ਸੀ।

ਨਾਰੰਗੀਆਂ ਨੇ ਇਸ ਦੇ ਵਿਰੋਧ ਵਿਚ ਹਾਏ-ਤੌਬਾ ਮਚਾਈ ਅਤੇ ਬਿਨਾਂ ਰੀੜ੍ਹ ਵਾਲੇ, ਜੀ ਹਜ਼ੂਰੀਏ ਪ੍ਰਸ਼ਾਸਨ ਨੇ ਬਿਨਾਂ ਕਿਸੇ ਤਰਕ ਦਲੀਲ ਦੇ, ਸਮਾਗਮ ਲਈ ਦਿੱਤੀ ਇਜਾਜ਼ਤ ਰੱਦ ਕਰ ਦਿੱਤੀ। ਨਾਰੰਗੀਆਂ ਨੇ ਇਸ ਨੂੰ ਆਪਣੀ ਵੱਡੀ ਕਾਮਯਾਬੀ ਵਜੋਂ ਪ੍ਰਚਾਰਿਤ ਕੀਤਾ।

ਸਟੂਡੈਂਟਸ ਯੂਨੀਅਨ ਨੇ ਇਜਾਜ਼ਤ ਰੱਦ ਕੀਤੇ ਜਾਣ ਸਾਰ ਹੀ ਐਲਾਨ ਕੀਤਾ ਕਿ ਸਮਾਗਮ ਤਾਂ ਹੋਵੇਗਾ, ਅਤੇ ਹੁਣ ਖੁੱਲ੍ਹੇ ਮੈਦਾਨ ਵਿਚ ਹੋਵੇਗਾ, ਜਿਸ ਦੀ ਹਿੰਮਤ ਹੈ ਰੋਕਣ ਦੀ- ਰੋਕ ਲਓ!

ਸਮਾਗਮ ਹੋਇਆ, ਸ਼ਾਨਦਾਰ ਹੋਇਆ, ਬੱਦਲਾਂ ਦੀ ਗੜਗੜਾਹਟ ਵਿਚਕਾਰ ਹੋਇਆ। ਕੁਝ ਲੰਗੂਰ ਆਏ ਸਨ, ਪਤਾ ਨਹੀਂ, ਸ਼ਾਇਦ ਇਹ ਸੋਚ ਕੇ ਕਿ ਇਲੈਕਸ਼ਨ ਵਿਚ ਬੀਜੇਪੀ ਵਲੋਂ ਟਿਕਟ ਹੀ ਮਿਲ ਜਾਏ, ਸਮਾਗਮ ਦੇ ਵਿਰੋਧ ਵਿਚ ਇੱਕ ਫੋਟੋ ਖਿੱਚਵਾਉਣ।

ਪਰ ਆਇਸਾ- ਐਸ.ਐਫ.ਆਈ. ਦੇ ਕੰਟਰੋਲ ਹੇਠਲੀ ਜੇ.ਐਨ.ਯੂ. ਸਟੂਡੈਂਟਸ ਯੂਨੀਅਨ ਦੀ ਸੋਚ ਦੀ ਖ਼ੂਬਸੂਰਤੀ ਵੇਖੋ!

ਉਥੇ ਹਾਜ਼ਰ ਸੈਂਕੜੇ ਸਟੂਡੈਂਟਸ ਵਿਚੋਂ ਵੀ ਉਹ ਲੰਗੂਰ ਸਹੀ-ਸਲਾਮਤ ਆਪਣਾ ਵਿਰੋਧ ਦਰਜ ਕਰਵਾਉਂਦੇ ਰਹੇ, ਉਨ੍ਹਾਂ ਸਮਾਗਮ ਵਿਚ ਰੁਕਾਵਟ ਪਾਉਣ ਦੀਆਂ ਕੁਝ ਕੋਸ਼ਿਸ਼ਾਂ ਵੀ ਕੀਤੀਆਂ। ਫਿਰ ਵੀ ਉਹ ਸਾਬਤ-ਸਬੂਤੇ ਉੱਥੋਂ ਦਫ਼ਾ ਕਰ ਦਿੱਤੇ ਗਏ।

ਕਾਮਰੇਡ ਉਮਰ! ਜੇ.ਐਨ.ਯੂ. ਉਵੇਂ ਹੀ ਤੁਹਾਡਾ ਘਰ ਹੈ, ਜਿਵੇਂ ਕਿ ਸਾਡਾ। ਘਰ ਦੇ ਲੋਕ ਆਪਣੇ ਮੈਂਬਰਾਂ ਲਈ ਨਹੀਂ ਡਟ ਸਕਣਗੇ ਤਾਂ ਬਾਕੀ ਸਮਾਜ ਲਈ ਕੀ ਖ਼ਾਕ ਲੜਨਗੇ!


ਤੁਹਾਡੀ ਰਿਹਾਈ ਦੀ ਮੰਗ ਦੀ ਆਵਾਜ਼ ਸਮੇਂ-ਸਮੇਂ ਇੱਥੋਂ ਦੇ ਹਰ ਕੋਨੇ ਤੋਂ ਆਉਂਦੀ ਰਹੇਗੀ।

***- ਜੇਐਨਯੂ ਦੇ ਇੱਕ ਸਰਗਰਮ ਵਿਦਿਆਰਥੀ ਦੀ ਪੋਸਟ ਦਾ ਅਨੁਵਾਦ।***

## ਉਹ ਲਕੀਰ ਅੱਜ ਵੀ ਮੇਰੇ ਦਿਲ ਉੱਤੇ ਖਿੱਚੀ ਹੋਈ ਹੈ

# 15 ਅਗਸਤ, 1947 ਦੇ ਜ਼ਖ਼ਮ ਅਤੇ ਮੇਰੇ ਪਿਤਾ ਸ. ਕੇਹਰ ਸਿੰਘ ਦੀ ਅਧੂਰੀ ਤਾਂਘ

15 ਅਗਸਤ ਨੂੰ ਭਾਰਤ ਦੀ ਆਜ਼ਾਦੀ ਦੇ 79 ਸਾਲ ਪੂਰੇ ਹੋ ਗਏ ਹਨ। ਦੋਹਾਂ ਮੁਲਕਾਂ ਵਿਚ ਆਜ਼ਾਦੀ ਦੇ ਜਸ਼ਨ ਮਨਾਏ ਗਏ। ਝੰਡੇ ਲਹਿਰਾਏ ਗਏ, ਰੌਸ਼ਨੀਆਂ ਹੋਈਆਂ, ਗੀਤ ਵੱਜੇ।



**ਅਮਰੀਕ ਸਿੰਘ 'ਅਮਰ'**
**ਸ਼ਿਕਾਗੋ, (ਯੂ.ਐਸ.ਏ.)**
**ਫੋਨ: 773-507-8043**

ਪਰ ਇੱਕ ਪੰਜਾਬੀ ਪੁੱਤਰ ਹੋਣ ਦੇ ਨਾਤੇ ਮੇਰੇ ਮਨ ਵਿਚ ਅੱਜ ਵੀ ਇੱਕ ਸਵਾਲ ਉੱਠਦਾ ਹੈ—

ਅਸੀਂ ਪੰਜਾਬੀ 1947 ਨੂੰ ਕਿਵੇਂ ਯਾਦ ਕਰੀਏ? ਕਿਉਂਕਿ ਉਸ ਸਾਲ ਸਿਰਫ਼ ਭਾਰਤ ਨਹੀਂ ਵੰਡਿਆ ਗਿਆ ਸੀ। ਪੰਜਾਬ ਵੰਡਿਆ ਗਿਆ ਸੀ।

ਇੱਕ ਲਕੀਰ ਖਿੱਚੀ ਗਈ ਸੀ ਧਰਤੀ ਉੱਤੇ, ਪਰ ਉਸ ਲਕੀਰ ਨੇ ਲੱਖਾਂ ਪੰਜਾਬੀਆਂ ਦੇ ਦਿਲ ਚੀਰ ਦਿੱਤੇ ਸਨ।

ਇੱਧਰੋਂ ਲੋਕ ਉੱਧਰ ਗਏ, ਉੱਧਰੋਂ ਇੱਧਰ ਆਏ। ਘਰ ਛੁੱਟੇ, ਪਿੰਡ ਛੁੱਟੇ, ਖੇਤ ਛੁੱਟੇ, ਗਲੀਆਂ ਛੁੱਟੀਆਂ। ਕਈਆਂ ਨੇ ਆਪਣੇ ਮਾਪੇ ਗੁਆਏ, ਕਈਆਂ ਨੇ ਬੱਚੇ, ਕਈਆਂ ਨੇ ਭੈਣਾਂ-ਭਰਾ ਅਤੇ ਕਈਆਂ ਨੇ ਆਪਣੀ ਸਾਰੀ ਉਮਰ ਦੀ ਕਮਾਈ। ਲੱਖਾਂ ਜਾਨਾਂ ਗਈਆਂ।

ਪਰ ਅੰਕੜੇ ਕਦੇ ਦਰਦ ਨਹੀਂ ਦੱਸ ਸਕਦੇ। ਦਰਦ ਤਾਂ ਉਸ ਇਨਸਾਨ ਨੂੰ ਪਤਾ ਹੁੰਦਾ ਹੈ ਜੋ ਆਪਣਾ ਘਰ ਛੱਡ ਕੇ ਤੁਰਿਆ ਹੋਵੇ ਅਤੇ ਉਸਨੂੰ ਇਹ ਵੀ ਪਤਾ ਨਾ ਹੋਵੇ ਕਿ ਮੁੜ ਕਦੇ ਆਪਣੇ ਦਰਵਾਜ਼ੇ ਨੂੰ ਦੇਖ ਸਕੇਗਾ ਜਾਂ ਨਹੀਂ। ਮੇਰੇ ਪਿਤਾ ਜੀ ਸ. ਕੇਹਰ ਸਿੰਘ ਵੀ ਉਨ੍ਹਾਂ ਪੰਜਾਬੀਆਂ ਵਿੱਚੋਂ ਇੱਕ ਸਨ। ਉਨ੍ਹਾਂ ਦਾ ਪਿੰਡ ਸੀ ਝਲਾਰ, ਸ਼ੇਖ਼ੂਪੁਰੇ ਦੇ ਨੇੜੇ।

1947 ਦੀ ਅੱਗ ਵਿਚ ਮੇਰੇ ਪਿਤਾ ਜੀ ਦੀ ਬਾਂਹ ਵਿਚ ਗੋਲੀਆਂ ਲੱਗੀਆਂ। ਪਰ ਉਸ ਭਿਆਨਕ ਸਮੇਂ ਵਿਚ ਵੀ ਕੁਝ ਮੁਸਲਮਾਨ ਪਿੰਡ ਵਾਸੀਆਂ ਨੇ ਇਨਸਾਨੀਅਤ ਦਿਖਾਈ। ਉਨ੍ਹਾਂ ਨੇ ਮੇਰੇ ਪਿਤਾ ਜੀ ਨੂੰ ਪਨਾਹ ਦਿੱਤੀ, ਉਨ੍ਹਾਂ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ। ਪਰ ਜਦੋਂ ਇਹ ਗੱਲ ਪਤਾ ਲੱਗੀ ਤਾਂ ਉਨ੍ਹਾਂ ਲੋਕਾਂ ਨੂੰ ਵੀ ਧਮਕਾਇਆ ਗਿਆ—

'ਤੁਸੀਂ ਕਾਫ਼ਰ ਨੂੰ ਪਨਾਹ ਦਿੱਤੀ।'

ਇਹ ਵਾਕ ਮੇਰੇ ਪਿਤਾ ਜੀ ਦੀਆਂ ਯਾਦਾਂ ਵਿਚ ਆਖਰੀ ਸਾਹ ਤੱਕ ਰਿਹਾ ਅਤੇ ਮੇਰੀ ਯਾਦ ਵਿਚ ਵੀ।

ਮੇਰੇ ਪਿਤਾ ਜੀ ਨੇ ਆਪਣੇ ਮਾਮਾ ਜੀ ਸ. ਭਗਵਾਨ ਸਿੰਘ ਨਾਲ ਮਿਲ ਕੇ ਦੋ ਪਰਿਵਾਰਾਂ ਨੂੰ ਉਸ ਭਿਆਨਕ ਦੌਰ ਵਿਚੋਂ ਕਿਸੇ ਤਰ੍ਹਾਂ ਕੱਢਿਆ। ਉਨ੍ਹਾਂ ਵਿਚ ਮੇਰੀ ਮਾਂ ਦਰਸ਼ਨ ਕੌਰ ਵੀ ਸੀ। ਮੇਰੀ ਭੈਣ ਨਿਰਮਲ ਕੌਰ, ਜੋ ਉਸ ਵੇਲੇ ਸਿਰਫ਼ ਦੋ ਸਾਲ ਦੀ ਸੀ, ਵੀ ਨਾਲ ਸੀ।

ਇਹ ਮੇਰੇ ਪਰਿਵਾਰ ਦੀ ਇੱਕ ਸਿਰਫ਼ ਕਹਾਣੀ ਨਹੀਂ, ਸਗੋਂ ਮੇਰੇ ਦਿਲ ਉੱਤੇ ਉੱਕਰਿਆ ਹੋਇਆ ਹਰ ਪੰਨਾ ਹੈ। ਮੈਨੂੰ ਮੇਰੇ ਪਿਤਾ ਜੀ ਦੀ ਹਰ ਤੜਪ ਯਾਦ ਹੈ।

ਉਨ੍ਹਾਂ ਦੇ ਬੋਲ ਯਾਦ ਹਨ। ਉਨ੍ਹਾਂ ਦੀਆਂ ਅੱਖਾਂ ਵਿਚ ਆਪਣੇ ਪਿੰਡ ਨੂੰ ਮੁੜ ਵੇਖਣ ਦੀ ਤਾਂਘ ਯਾਦ ਹੈ। ਉਹ ਆਪਣੀ ਜ਼ਿੰਦਗੀ ਦੇ ਆਖਰੀ ਵਰ੍ਹੇ 19 ਜੁਲਾਈ 1999 ਤੱਕ ਉਸ ਮਿੱਟੀ ਨੂੰ ਆਪਣੇ ਅੰਦਰ ਵਸਾਈ ਬੈਠੇ ਰਹੇ ਜਿਸ ਉੱਤੇ ਉਨ੍ਹਾਂ ਦਾ ਬਚਪਨ ਬੀਤਿਆ ਸੀ। ਪਰ ਉਹ ਮੁੜ ਝਲਾਰ ਨਹੀਂ ਜਾ ਸਕੇ। ਸਰਹੱਦ ਦੀ ਉਹ ਲਕੀਰ ਉਨ੍ਹਾਂ ਦੇ ਪਿੰਡ ਅਤੇ ਉਨ੍ਹਾਂ ਦੇ ਵਿਚਕਾਰ ਖੜ੍ਹੀ ਰਹੀ।

ਮੇਰੇ ਪਿਤਾ ਜੀ ਤੁਰ ਗਏ। ਮੇਰੀ ਮਾਂ ਦਰਸ਼ਨ ਕੌਰ ਤੁਰ ਗਈ। ਮੇਰੀ ਭੈਣ ਨਿਰਮਲ ਕੌਰ ਤੁਰ ਗਈ। ਮੇਰਾ ਵੱਡਾ ਭਰਾ ਸ. ਮਨਜੀਤ ਸਿੰਘ ਵੀ ਇਸ ਦੁਨੀਆਂ ਤੋਂ ਤੁਰ ਗਿਆ।

ਪਰ ਮੇਰੇ ਅੰਦਰ ਉਹ ਪਿੰਡ ਅੱਜ ਵੀ ਜਿਉਂਦਾ ਹੈ। ਝਲਾਰ ਅੱਜ ਵੀ ਮੇਰੇ ਦਿਲ ਵਿਚ ਵੱਸਦਾ ਹੈ।

ਕਈ ਵਾਰ ਸੋਚਦਾ ਹਾਂ—ਜੇ ਮੈਂ ਆਪਣੇ ਜੀਵਨ ਦੇ ਆਖਰੀ ਸਾਹਾਂ ਤੋਂ ਪਹਿਲਾਂ ਇੱਕ ਵਾਰ ਆਪਣੇ ਪਿਤਾ ਜੀ ਦੀ ਉਸ ਧਰਤੀ ਨੂੰ ਵੇਖ ਲਵਾਂ, ਜਿੱਥੇ ਉਨ੍ਹਾਂ ਨੇ ਬਚਪਨ ਬਿਤਾਇਆ, ਜਿੱਥੇ ਉਨ੍ਹਾਂ ਦੀਆਂ ਯਾਦਾਂ ਦੱਬੀਆਂ ਪਈਆਂ ਹਨ, ਤਾਂ ਸ਼ਾਇਦ ਮੇਰੇ ਮਨ ਦੀ ਇੱਕ ਵੱਡੀ ਤੜਪ ਨੂੰ ਸਕੂਨ ਮਿਲ ਜਾਵੇ। ਮੈਂ ਅੱਜ ਆਪਣੇ ਪਿਤਾ ਜੀ ਨੂੰ ਸ਼ਰਧਾ ਦੇ ਫੁੱਲ ਸਿਰਫ਼ ਤਸਵੀਰ ਅੱਗੇ ਰੱਖ ਕੇ ਨਹੀਂ ਭੇਟ ਕਰਨਾ ਚਾਹੁੰਦਾ। ਮੈਂ ਉਨ੍ਹਾਂ ਦੀ ਧਰਤੀ ਨੂੰ ਇੱਕ ਵਾਰ ਆਪਣੀਆਂ ਅੱਖਾਂ ਨਾਲ ਦੇਖਣਾ ਚਾਹੁੰਦਾ ਹਾਂ।

ਇਸ ਲਈ ਅੱਜ ਮੈਂ ਸਰਹੱਦ ਦੇ ਉਸ ਪਾਰ ਵੱਸਦੇ ਆਪਣੇ ਪੰਜਾਬੀ ਭਰਾਵਾਂ ਨੂੰ ਇੱਕ ਪੁਕਾਰ ਕਰਦਾ ਹਾਂ। ਜੇ ਕੋਈ ਮੇਰਾ ਪਾਕਿਸਤਾਨੀ ਪੰਜਾਬੀ ਭਰਾ ਸ਼ੇਖ਼ੂਪੁਰੇ ਦੇ ਨੇੜੇ ਪੈਂਦੇ ਝਲਾਰ ਪਿੰਡ ਦਾ ਵਸਨੀਕ ਹੈ, ਜਾਂ ਉਸ ਇਲਾਕੇ ਨੂੰ ਜਾਣਦਾ ਹੈ—ਮੇਰੇ ਪਿਤਾ ਸ. ਕੇਹਰ ਸਿੰਘ ਦਾ ਪਿੰਡ ਮੈਨੂੰ ਦਿਖਾ ਦਿਓ। ਸ਼ਾਇਦ ਉਹ ਘਰ ਨਾ ਰਿਹਾ ਹੋਵੇ। ਸ਼ਾਇਦ ਉਹ ਗਲੀ ਨਾ ਰਹੀ ਹੋਵੇ। ਸ਼ਾਇਦ ਉਹ ਦਰਵਾਜ਼ਾ ਵੀ ਨਾ ਹੋਵੇ ਜਿਸ ਵਿਚੋਂ ਮੇਰੇ ਪਿਤਾ ਜੀ ਬਚਪਨ ਵਿਚ ਲੰਘਦੇ ਸਨ। ਪਰ ਮਿੱਟੀ ਤਾਂ ਹੋਵੇਗੀ। ਉਹ ਧਰਤੀ ਤਾਂ ਹੋਵੇਗੀ। ਉਹ ਅਸਮਾਨ ਤਾਂ ਹੋਵੇਗਾ। ਅਤੇ ਸ਼ਾਇਦ ਉਸ ਮਿੱਟੀ ਵਿਚ ਅਜੇ ਵੀ ਮੇਰੇ ਪਿਤਾ ਜੀ ਦੇ ਪੈਰਾਂ ਦੇ ਨਿਸ਼ਾਨਾਂ ਦੀ ਕੋਈ ਅਣਦੱਸੀ ਯਾਦ ਬਾਕੀ ਹੋਵੇ।

ਮੇਰੀ ਆਸ ਅਜੇ ਬਾਕੀ ਹੈ।
ਮੇਰੀ ਤੜਪ ਅਜੇ ਬਾਕੀ ਹੈ।
ਮੇਰਾ ਝਲਾਰ ਅਜੇ ਬਾਕੀ ਹੈ।

ਜੇ ਕੋਈ ਮੇਰਾ ਉਹ ਪਾਕਿਸਤਾਨੀ ਭਰਾ ਮੈਨੂੰ ਇੱਕ ਦਿਨ ਝਲਾਰ ਦੀ ਧਰਤੀ ਦਿਖਾ ਦੇਵੇ, ਤਾਂ ਅਮਰੀਕਾ ਦੇ ਸ਼ਿਕਾਗੋ ਵਿੱਚ ਵੱਸਦਾ ਇਹ ਪੰਜਾਬੀ ਪੁੱਤਰ— ਸ ਅਮਰੀਕ ਸਿੰਘ 'ਅਮਰ' ਉਸ ਅਹਿਸਾਨ ਨੂੰ ਆਪਣੀ ਜ਼ਿੰਦਗੀ ਵਿਚ ਕਦੇ ਨਹੀਂ ਭੁੱਲੇਗਾ।

ਸ਼ਾਇਦ ਇਹੀ ਮੇਰੇ ਪਿਤਾ ਜੀ ਸ. ਕੇਹਰ ਸਿੰਘ ਲਈ ਮੇਰੀ ਸਭ ਤੋਂ ਵੱਡੀ ਸ਼ਰਧਾਂਜਲੀ ਹੋਵੇਗੀ। ਅਤੇ ਸ਼ਾਇਦ ਇਹ ਵੀ ਸਾਬਤ ਕਰੇਗੀ ਕਿ 1947 ਨੇ ਸਰਹੱਦ ਤਾਂ ਖਿੱਚ ਦਿੱਤੀ ਸੀ—ਪਰ ਇਨਸਾਨੀਅਤ ਦੇ ਰਿਸ਼ਤੇ ਅੱਜ ਵੀ ਉਸ ਲਕੀਰ ਤੋਂ ਵੱਡੇ ਹਨ।

ਆਓ, 15 ਅਗਸਤ ਨੂੰ ਅਸੀਂ ਸਿਰਫ਼ ਆਜ਼ਾਦੀ ਦਾ ਜਸ਼ਨ ਨਾ ਮਨਾਈਏ। ਉਨ੍ਹਾਂ ਬੇਗੁਨਾਹਾਂ ਨੂੰ ਵੀ ਯਾਦ ਕਰੀਏ ਜੋ ਉਸ ਆਜ਼ਾਦੀ ਦੀ ਕੀਮਤ ਬਣ ਗਏ। ਅਤੇ ਇੱਕ ਵਾਅਦਾ ਕਰੀਏ—

ਫਿਰ ਕਦੇ ਪੰਜਾਬ ਨਾ ਵੰਡੇ। ਫਿਰ ਕਦੇ ਇਨਸਾਨ ਧਰਮ ਦੇ ਨਾਮ ਉੱਤੇ ਨਾ ਮਰੇ। ਫਿਰ ਕਿਸੇ ਮਾਂ ਦੀ ਕੁੱਖ ਨਾ ਉੱਜੜੇ। ਫਿਰ ਕਿਸੇ ਪੰਜਾਬਣ ਦੀ ਪੱਤ ਨਾ ਲੁੱਟੇ। ਫਿਰ ਕੋਈ ਬਾਪ ਆਪਣੇ ਜੱਦੀ ਪਿੰਡ ਨੂੰ ਵੇਖਣ ਲਈ ਤਰਸਦਾ ਹੋਇਆ ਇਸ ਦੁਨੀਆਂ ਤੋਂ ਨਾ ਜਾਵੇ। ਦੋਵੇਂ ਪੰਜਾਬ ਵੱਸਦੇ ਰਹਿਣ। ਪੰਜਾਬੀ ਇੱਧਰ ਦਾ ਹੋਵੇ ਜਾਂ ਉੱਧਰ ਦਾ—


ਖੁਸ਼ ਰਹੇ। ਆਬਾਦ ਰਹੇ। ਇੱਕ ਦੂਜੇ ਲਈ ਦਿਲ ਵਿੱਚ ਥਾਂ ਰੱਖੇ।

ਪੰਜਾ ਸਾਹਿਬ, ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ ਅਤੇ ਪੰਜਾਬ ਦੀ ਸਾਂਝੀ ਮਿੱਟੀ ਸਾਨੂੰ ਇਹੀ ਸਿਖਾਉਂਦੀ ਹੈ ਕਿ ਵਿਰਸਾ ਵੰਡਿਆ ਨਹੀਂ ਜਾਂਦਾ—ਸਾਂਝਾ ਕੀਤਾ ਜਾਂਦਾ ਹੈ।

1947 ਨੂੰ ਭੁੱਲਣਾ ਨਹੀਂ। ਪਰ 1947 ਨੂੰ ਦੁਬਾਰਾ ਹੋਣ ਵੀ ਨਹੀਂ ਦੇਣਾ। ਇਹੀ ਉਨ੍ਹਾਂ ਲੱਖਾਂ ਪੰਜਾਬੀਆਂ ਲਈ ਸੱਚੀ ਸ਼ਰਧਾਂਜਲੀ ਹੈ।

# ਵਿਵੇਕੀ ਸੁਰ ਦਾ ਅਲਾਪ: ਸੁਮੀਤ ਸਰਕਾਰ ਨਹੀਂ ਰਹੇ

'ਅਜੋਕਾ ਭਾਰਤ' ਨਾਮ ਦੀ ਕਿਤਾਬ ਨਾਲ ਇਤਿਹਾਸਕਾਰਾਂ, ਵਿਦਿਆਰਥੀਆਂ ਅਤੇ ਜਗਿਆਸੂਆਂ ਵਿਚ ਆਪਣੀ ਵਿਦਵਤਾ ਦੀ ਮੋਹਰ ਲਗਾਉਣ ਵਾਲੇ ਇਤਿਹਾਸਕਾਰ ਸੁਮੀਤ ਸਰਕਾਰ ਨਹੀਂ ਰਹੇ। ਸਤਾਸੀ ਸਾਲਾਂ ਦੀ ਉਮਰ ਵਿਚ ਲੰਮੀ ਬੀਮਾਰੀ ਉਪਰੰਤ ਚਲਾਣਾ ਕਰਨ ਵਾਲੇ ਸੁਮੀਤ ਸਰਕਾਰ (1939-2026) ਦੀ ਵਿਦਵਤਾ ਦਾ ਘੇਰਾ ਇਸ ਕਿਤਾਬ ਤੋਂ ਕਿਤੇ ਵਡੇਰਾ ਸੀ। ਆਜ਼ਾਦੀ ਤੋਂ ਬਾਅਦ ਦੇ ਦੌਰ ਵਿਚ ਅਜੋਕੇ ਭਾਰਤ ਦੀ ਇਤਿਹਾਸਕਾਰੀ ਵਿਚ ਸੁਮੀਤ ਸਰਕਾਰ ਦਾ ਉਘੜਵਾਂ ਨਾਮ ਹੈ ਜੋ 1973 ਵਿਚ ਉਨ੍ਹਾਂ ਦੀ ਪਲੇਠੀ ਕਿਤਾਬ 'ਬੰਗਾਲ ਵਿਚ ਸਵਦੇਸ਼ੀ ਲਹਿਰ, 1903-08' ਨਾਲ ਸ਼ੁਰੂ ਹੋਇਆ। ਬਰਤਾਨਵੀ ਸਾਮਰਾਜ




**ਦਲਜੀਤ ਅਮੀ**

ਖ਼ਿਲਾਫ਼ ਕੌਮੀ ਮੁਕਤੀ ਲਹਿਰ, ਇਸ ਲਹਿਰ ਵਿਚ ਆਵਾਮੀ ਸ਼ਮੂਲੀਅਤ ਅਤੇ ਫ਼ਿਰਕਾਪ੍ਰਸਤੀ ਵਰਗੇ ਰੁਝਾਨ ਉਨ੍ਹਾਂ ਦੀ ਬੌਧਿਕ ਦਿਲਚਸਪੀ ਦਾ ਹਿੱਸਾ ਸਨ। ਉਨ੍ਹਾਂ ਨੇ ਆਪਣੀ ਖੋਜ ਅਤੇ ਅਧਿਆਪਨ ਨੂੰ ਇਨ੍ਹਾਂ ਵਿਸ਼ਿਆਂ ਨਾਲ ਜੋੜਿਆ।

ਆਪਣੇ ਤੋਂ ਪਹਿਲੇ ਇਤਿਹਾਸਕਾਰਾਂ ਤੋਂ ਮਿਆਰੀ ਤੌਰ ਉੱਤੇ ਵੱਖਰਾ ਅਤੇ ਨਿਵੇਕਲਾ ਕੰਮ ਕੀਤਾ। ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਕੌਮੀ ਮੁਕਤੀ ਲਹਿਰ ਨੂੰ ਚੋਣਵੀਆਂ ਸ਼ਖ਼ਸੀਅਤਾਂ, ਵੱਡੀਆਂ ਘਟਨਾਵਾਂ ਅਤੇ ਸਿਆਸੀ ਧਿਰਾਂ ਤੋਂ ਬਾਹਰ ਜਾ ਕੇ ਵੇਖਣਾ ਸ਼ੁਰੂ ਕੀਤਾ। ਨਤੀਜੇ ਵਜੋਂ ਕੌਮੀ ਮੁਕਤੀ ਲਹਿਰ ਵਿਚ ਸ਼ਾਮਿਲ ਵਡੇਰੇ ਤਬਕੇ ਨੂੰ ਉਨ੍ਹਾਂ ਨੇ ਆਪਣੇ ਪਾਠਕਾਂ ਦੀ ਨਜ਼ਰ ਵਿਚ ਲਿਆਂਦਾ। ਉਨ੍ਹਾਂ ਦੀ ਲਿਖਿਆ ਇਤਿਹਾਸ ਜ਼ਿਆਦਾ ਵਸੀਹ, ਸਬੂਤਾਂ, ਦਸਤਾਵੇਜ਼ੀ ਹਵਾਲਿਆਂ ਅਤੇ ਗਵਾਹੀਆਂ ਨਾਲ ਗੁੰਦਵਾਂ ਸੀ। ਪੜਚੋਲਵਾਂ ਸੀ। ਕੌਮੀ ਮੁਕਤੀ ਲਹਿਰ ਵਿਚ ਰਸੂਖ਼ ਵਾਲੇ ਸਿਆਸਤਦਾਨਾਂ ਦੇ ਘੇਰੇ ਤੋੜ ਕੇ ਕਿਸਾਨਾਂ, ਮਜ਼ਦੂਰਾਂ, ਕਬਾਇਲੀਆਂ ਅਤੇ ਔਰਤਾਂ ਦੀ ਸ਼ਮੂਲੀਅਤ ਨੂੰ ਦਰਸਾਉਣਾ ਉਨ੍ਹਾਂ ਦੀ ਇਤਿਹਾਸਕਾਰੀ ਦਾ ਅਹਿਮ ਕਾਰਜ ਸੀ। ਉਨ੍ਹਾਂ ਨੇ ਕੌਮੀ ਮੁਕਤੀ ਲਹਿਰ ਵਿਚ ਕਿਸੇ ਵੀ ਤਰ੍ਹਾਂ ਦੇ ਟਕਰਾਅ ਜਾਂ ਤਣਾਅ ਉੱਤੇ ਕੂਚੀ ਨਹੀਂ ਫੇਰੀ ਸਗੋਂ ਇਸ ਵਿਚੋਂ ਉਪਜਦੀ ਪੇਚੀਦਗੀ ਦਾ ਬਿਆਨੀਆ ਤਿਆਰ ਕੀਤਾ। ਉਨ੍ਹਾਂ ਨੇ ਕਾਂਗਰਸ ਦੇ ਘੇਰੇ ਤੋਂ ਬਾਹਰਲੀਆਂ ਲਹਿਰਾਂ ਅਤੇ ਸਿਆਸੀ ਰੁਝਾਨ ਉੱਤੇ ਰੌਸ਼ਨੀ ਪਾਈ ਜਿਸ ਨਾਲ ਕੌਮੀ ਮੁਕਤੀ ਲਹਿਰ ਦੇ ਇਤਿਹਾਸ ਦੀਆਂ ਨਵੀਆਂ ਪਰਤਾਂ ਅਤੇ ਰਮਜ਼ਾਂ ਸਾਹਮਣੇ ਆਈਆਂ। ਉਨ੍ਹਾਂ ਨੇ ਸਮਾਜਿਕ ਲਹਿਰਾਂ ਦੇ ਸਮਾਜਿਕ ਆਧਾਰ, ਉਮੰਗਾਂ, ਪ੍ਰਾਪਤੀਆਂ ਅਤੇ ਸੀਮਾਵਾਂ ਦਾ ਪੇਚੀਦਾ ਬਿਆਨੀਆ ਤਿਆਰ ਕੀਤਾ। ਉਨ੍ਹਾਂ ਦੀ ਇਤਿਹਾਸਕਾਰੀ ਵਿਚ ਇੱਕ ਪਾਸੇ ਮਾਰਕਸਵਾਦੀ ਇਤਿਹਾਸਕ ਪੜਚੋਲ ਸੀ ਅਤੇ ਨਾਲ ਹੀ ਇਤਿਹਾਸਕਾਰੀ ਵਿਚ ਨਵੀਂਆਂ ਉਭਰਦੀਆਂ ਵਿਧੀਆਂ ਦਾ ਅਸਰ ਸੀ। 'ਅਜੋਕਾ ਭਾਰਤ' ਕਿਤਾਬ ਵਿਚ ਮਾਰਕਸਵਾਦੀ ਅਤੇ ਸਬਾਲਟਰਨ ਵਿਧੀਆਂ ਦਾ ਇਸਤੇਮਾਲ ਦਰਸਾਉਂਦਾ ਹੈ ਕਿ ਦੋ ਵਿਧੀਆਂ ਦੇ ਮੇਲ ਨਾਲ ਇਤਿਹਾਸ ਦੇ ਲੁਕੇ ਪੱਖ ਨਜ਼ਰ ਵਿਚ ਆ ਜਾਂਦੇ ਹਨ। ਬਾਅਦ ਵਿਚ ਉਨ੍ਹਾਂ ਨੇ ਸਬਾਲਟਰਨ ਧਾਰਾ ਦੀ ਤਿੱਖੀ ਤਨਕੀਦ ਪੇਸ਼ ਕੀਤੀ ਕਿ ਇਹ ਮਨੁੱਖਤਾ ਦੀ ਸਾਂਝੀਆਂ ਕਦਰਾਂ-ਕੀਮਤਾਂ ਦੀ ਥਾਂ ਤੰਗਨਜ਼ਰੀ ਦੇ ਰਾਹ ਪੈ ਗਈ ਹੈ।

ਸੁਮੀਤ ਸਰਕਾਰ ਨੇ ਇਤਿਹਾਸਕਾਰੀ ਦਾ ਕੰਮ ਸੱਠਵਿਆਂ ਦੇ ਦਹਾਕੇ ਵਿਚ ਸ਼ੁਰੂ ਕੀਤਾ ਜੋ ਭਾਰਤ ਵਿਚ ਯੂਨੀਵਰਸਿਟੀਆਂ ਦੇ ਉਸਾਰੇ ਅਤੇ ਵਧਾਰੇ ਦਾ ਦੌਰ ਸੀ। ਉਸ ਦੌਰ ਵਿਚ ਬਹੁਤ ਸਾਰੀਆਂ ਨਵੀਆਂ ਯੂਨੀਵਰਸਿਟੀਆਂ ਬਣ ਰਹੀਆਂ ਸਨ ਅਤੇ ਖੋਜ ਮਿਆਰ ਨੂੰ ਬਿਹਤਰ ਕਰਨ ਦਾ ਮਨੋਰਥ ਹਰ ਵਿਸ਼ੇ ਦੇ ਅਧਿਆਪਕਾਂ, ਖੋਜੀਆਂ ਅਤੇ ਵਿਦਿਆਰਥੀਆਂ ਦੇ ਸਾਹਮਣੇ ਸੀ। ਸੁਮੀਤ ਸਰਕਾਰ ਇਸ ਦੌਰ ਦੀ ਨਿੱਗਰ ਆਵਾਜ਼ ਬਣ ਕੇ ਉਭਰੇ ਅਤੇ ਅੱਧੀ ਸਦੀ ਤੋਂ ਜ਼ਿਆਦਾ ਸਮਾਂ ਇਤਿਹਾਸਕਾਰ ਵਜੋਂ ਸਰਗਰਮ ਰਹੇ। ਉਨ੍ਹਾਂ ਦੇ ਵਿਦਿਆਰਥੀ ਉਨ੍ਹਾਂ ਨੂੰ ਬਹੁਤ ਮੋਹ ਨਾਲ ਯਾਦ ਕਰਦੇ ਹਨ। ਦਿੱਲੀ ਵਿਚ ਕਮਲਾ ਨਹਿਰੂ ਕਾਲਜ ਵਿਚ ਇਤਿਹਾਸ ਪੜ੍ਹਾਉਂਦੇ ਨਰੇਸ਼ ਕੁਮਾਰ ਦੱਸਦੇ ਹਨ ਕਿ ਸੁਮੀਤ ਸਰਕਾਰ ਜਮਾਤ ਵਿਚ ਬਹੁਤ ਨੀਵੀਂ ਸੁਰ ਵਿਚ ਬੋਲਦੇ ਸਨ ਅਤੇ ਜਮਾਤ ਵਿਚ ਗਹਿਰੀ ਖਾਮੋਸ਼ੀ ਛਾਈ ਰਹਿੰਦੀ ਸੀ ਤਾਂ ਜੋ ਉਨ੍ਹਾਂ ਦਾ ਕੋਈ ਸ਼ਬਦ ਕਿਰ ਨਾ ਜਾਵੇ। ਨਰੇਸ਼ ਕੁਮਾਰ ਨੇਤਰਹੀਣ ਹਨ ਅਤੇ ਸੁਮੀਤ ਸਰਕਾਰ ਦੀ ਜਮਾਤ ਵਿਚ ਕੁੱਝ ਨਹੀਂ ਸਨ ਲਿਖਦੇ ਤਾਂ ਕਿ ਨੇਤਰਹੀਣਾਂ ਦੀ ਲਿਪੀ ਬਰੇਲ ਵਿਚ ਲਿਖਣ ਲਈ ਵਰਤੀ ਜਾਂਦੀ ਕਲਮ ਦੀ ਆਵਾਜ਼ ਨਾ ਆਵੇ। ਉਹ ਸਾਰਾ ਲੈਕਚਰ ਟੇਪਰਿਕਾਰਡਰ ਨਾਲ ਰਿਕਾਰਡ ਕਰ ਲੈਂਦੇ ਸਨ। ਉਸੇ ਵੇਲੇ ਨੇਤਰਹੀਣ ਲਈ ਡਿਜੀਟਲ ਘੜੀਆਂ ਨਵੀਆਂ-ਨਵੀਆਂ ਆਈਆਂ ਸਨ। ਨਰੇਸ਼ ਜਮਾਤ ਵਿਚ ਨਵੀਂ ਘੜੀ ਲਗਾ ਕੇ ਗਏ ਅਤੇ ਅਲਾਰਮ ਵੱਜ ਗਿਆ। ਸੁਮੀਤ ਸਰਕਾਰ ਨੇ ਕਿਹਾ, "ਵੱਟ ਏ ਗਰੇਟ ਵਾਚ।" ਨਰੇਸ਼ ਕੁਮਾਰ ਯਾਦ ਕਰਦੇ ਹਨ ਕਿ ਉਨ੍ਹਾਂ ਨੂੰ ਲੱਗਿਆ, ਅਲਾਰਮ ਨਾਲ ਸਾਰੀ ਜਮਾਤ ਦੀ ਬਿਰਤੀ ਉਖੜ ਗਈ। ਉਨ੍ਹਾਂ ਜਮਾਤ ਵਿਚੋਂ ਬਾਹਰ ਨਿਕਲਦੇ ਹੀ ਘੜੀ ਉਤਾਰ ਕੇ ਸੁੱਟ




ਦਿੱਤੀ। ਉਹ ਕਹਿੰਦੇ ਹਨ, "ਸੁਮੀਤ ਕਿਸੇ ਸੰਗੀਤਕਾਰ ਵਾਂਗ ਤੈਅ ਰਾਗ ਵਿਚ ਅਲਾਪ ਕਰਨ ਵਾਂਗ ਪੜ੍ਹਾਉਂਦੇ ਸਨ।" ਨਰੇਸ਼ ਕੁਮਾਰ ਸੰਗੀਤ ਦੇ ਇਤਿਹਾਸ ਬਾਰੇ ਖੋਜ ਕਰਦੇ ਹਨ ਅਤੇ ਸੁਮੀਤ ਸਰਕਾਰ ਦੀਆਂ ਜਮਾਤਾਂ ਦਾ ਤਜਰਬਾ ਸਾਂਝਾ ਕਰਦੇ ਹਨ, "ਸੁਮੀਤ ਇਤਿਹਾਸ ਦੀਆਂ ਪੇਚੀਦਾ ਰਮਜ਼ਾਂ ਦਾ ਬਿਆਨ ਬਹੁਤ ਸਹਿਜੇ-ਸਹਿਜੇ ਲੈਅਬੱਧ ਆਵਾਜ਼ ਨਾਲ ਬੁਣਦੇ ਸਨ। ਜਮਾਤ ਦੇ ਆਖ਼ਿਰ ਵਿਚ ਉਹ ਯਾਦਗਾਰੀ ਫ਼ਿਕਰੇ ਬੋਲਦੇ ਸਨ ਜੋ ਉਨ੍ਹਾਂ ਦੀ ਪੇਸ਼ਕਾਰੀ ਦਾ ਨਿਚੋੜ ਹੁੰਦੇ ਸਨ ਅਤੇ ਵਿਦਿਆਰਥੀਆਂ ਲਈ ਰਾਹ ਦਰਸਾਵਾ ਬਣ ਜਾਂਦੇ ਸਨ। ਨਰੇਸ਼ ਕੁਮਾਰ ਦੱਸਦੇ ਹਨ ਕਿ ਸੁਮੀਤ ਸਰਕਾਰ ਜਦੋਂ 'ਅਜੋਕੇ ਯੂਰਪ ਵਿਚ ਸ਼ੁਰੂਆਤੀ ਦੌਰ ਦਾ ਸਮਾਜਿਕ ਇਤਿਹਾਸ' ਪੜ੍ਹਾ ਰਹੇ ਸਨ ਤਾਂ ਜਿੰਨੇ ਵਿਦਿਆਰਥੀ ਹੁੰਦੇ ਸਨ, ਤਕਰੀਬਨ ਓਨੇ ਹੀ ਕਾਲਜਾਂ ਦੇ ਅਧਿਆਪਕ ਜਮਾਤ ਵਿਚ ਪੁੱਜ ਜਾਂਦੇ ਸਨ। ਇਸੇ ਵਿਸ਼ੇ ਨੂੰ ਪੜ੍ਹਾਉਂਦੇ ਹੋਏ ਸੁਮੀਤ ਸਰਕਾਰ ਨੇ ਕਿਹਾ ਸੀ, "ਜਾਬਰ ਅਤੇ ਨਾਬਰ ਧਿਰਾਂ ਦਾ ਟਕਰਾਅ ਤਾਉਮਰ ਉਸੇ ਤਰ੍ਹਾਂ ਚੱਲਦਾ ਹੈ ਜਿਵੇਂ ਇਹ ਇਤਿਹਾਸ ਦਾ ਅਟੁੱਟ ਹਿੱਸਾ ਹੈ।" ਨਰੇਸ਼ ਕੁਮਾਰ ਦੱਸਦੇ ਹਨ ਕਿ ਇਹ ਫ਼ਿਕਰਾ ਉਨ੍ਹਾਂ ਦੀ ਜ਼ਿੰਦਗੀ ਦੇ ਹਰ ਮੋੜ ਉੱਤੇ ਆਪਣੇ ਅਰਥ ਸਿਰਜ ਲੈਂਦਾ ਹੈ। ਇਸੇ ਤਰ੍ਹਾਂ ਸੁਮੀਤ ਸਰਕਾਰ ਨੇ ਇਸੇ ਪਰਚੇ ਵਿਚ ਯੂਰਪ ਦੇ ਮਨੁੱਖਵਾਦ ਦਾ ਪਾਠ ਪੜ੍ਹਾਉਂਦੇ ਹੋਏ ਕਿਹਾ ਸੀ, "ਮਰਦ ਦੇ ਔਰਤ ਉੱਤੇ ਹੁਕਮ ਚੱਲਣ ਨਾਲ ਪਰਿਵਾਰ ਬਣ ਜਾਂਦਾ ਹੈ, ਇੱਕ ਢਾਣੀ ਦੇ ਕੁੱਝ ਜੀਆਂ ਦਾ ਬਾਕੀਆਂ ਉੱਤੇ ਹੁਕਮ ਚੱਲਣ ਨਾਲ ਰਿਆਸਤ ਬਣ ਜਾਂਦੀ ਹੈ ਅਤੇ ਅੰਤ ਵਿਚ ਯੂਰਪੀਆਂ ਦਾ ਹੁਕਮ ਗ਼ੈਰ-ਯੂਰਪੀਆਂ ਉੱਤੇ ਚੱਲਣ ਲੱਗਦਾ ਹੈ।" ਇੱਕ ਫ਼ਿਕਰੇ ਵਿਚ ਪਰਿਵਾਰ, ਰਿਆਸਤ ਅਤੇ ਯੂਰਪੀ ਸਾਮਰਾਜਵਾਦ ਨੂੰ ਹੁਕਮ ਦੇ ਘੇਰੇ ਵਿਚ ਬੰਨ੍ਹ ਦੇਣਾ ਸੁਮੀਤ ਸਰਕਾਰ ਦੇ ਹਿੱਸੇ ਆਇਆ ਸੀ।

ਸੁਮੀਤ ਸਰਕਾਰ ਦੇ ਵਿਦਿਆਰਥੀ ਰਹੇ ਪੱਤਰਕਾਰ ਰਵੀਸ਼ ਕੁਮਾਰ ਲਿਖਦੇ ਹਨ, "ਸੁਮੀਤ ਸਰਕਾਰ ਦੀ ਜਮਾਤ ਖਚਾਖਚ ਭਰੀ ਹੁੰਦੀ ਸੀ। ਉਹ ਜਮਾਤ ਵਿਚ ਕਦੇ ਪ੍ਰੋਫੈਸਰ ਵਾਂਗ ਨਹੀਂ ਆਏ। ਉਹ ਕਿਸੇ ਸ਼ਰਮਾਕਲ ਵਿਦਿਆਰਥੀ ਵਾਂਗ ਸੁਆਲਾਂ ਦੇ ਘੇਰੇ ਵਿਚ ਘਿਰੇ ਹੋਏ ਜਮਾਤ ਵਿਚ ਆਉਂਦੇ ਸਨ। ਉਹ ਜਮਾਤ ਸਾਹਮਣੇ ਬਹੁਤ ਹਲੀਮੀ ਨਾਲ ਖੜ੍ਹੇ ਹੁੰਦੇ ਸਨ। ਇਤਿਹਾਸ ਦਾ ਚਿੱਤਰਪਟ ਗਹਿਰਾ ਜਾਂਦਾ ਸੀ, ਵਿਦਵਤਾ ਦੇ ਵਹਿਣ ਨੂੰ ਰੋਕ ਕੇ ਉਹ ਅਚਾਨਕ ਜੋਖਦੇ ਕਿ ਜਮਾਤ ਦਾ ਬਿਰਤੀ ਜੁੜੀ ਹੈ ਜਾਂ ਨਹੀਂ। ਉਹ ਆਮ ਤੌਰ ਉੱਤੇ ਅਜਿਹਾ ਵਿਰਾਮ ਕਟਾਖਸ਼ ਰਾਹੀਂ ਕਰਦੇ ਸਨ। ਜੇ ਬਿਰਤੀ ਖਿੰਡੀ ਹੋਵੇ ਤਾਂ ਤੁਸੀਂ - ਕਟਾਖਸ਼ ਅਤੇ ਲੈਕਚਰ - ਦੋਵਾਂ ਤੋਂ ਖੁੰਝ ਜਾਂਦੇ ਸੀ।" ਸੁਮੀਤ ਸਰਕਾਰ ਦੇ ਵਿਦਿਆਰਥੀਆਂ, ਪਾਠਕਾਂ ਅਤੇ ਸਾਥੀ ਅਧਿਆਪਕਾਂ ਨੇ ਅਜਿਹੇ ਬਹੁਤ ਸਾਰੇ ਤਜਰਬੇ ਸਾਂਝੇ ਕੀਤੇ ਹਨ ਜੋ ਉਨ੍ਹਾਂ ਦੀ ਜ਼ਿੰਦਗੀ ਦਾ ਵਹਿਣ ਬਦਲਣ ਜਾਂ ਸਮਝ ਨਿਖਾਰਨ ਵਿਚ ਫ਼ੈਸਲਾਕੁਨ ਸਾਬਤ ਹੋਏ ਸਨ। ਇਨ੍ਹਾਂ ਵਿਚ ਮੌਜੂਦਾ ਦੌਰ ਦੇ ਨਾਮੀ ਵਿਦਵਾਨ, ਤਜਰਬੇਕਾਰ ਅਧਿਆਪਕ ਅਤੇ ਅਫ਼ਸਰਸ਼ਾਹੀ, ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਜੁੜੇ ਸਿਆਸੀ ਆਗੂ ਸ਼ਾਮਿਲ ਹਨ।

ਸੁਮੀਤ ਸਰਕਾਰ ਨੇ ਆਪਣੀ ਪੜ੍ਹਾਈ ਕਲਕੱਤਾ ਦੇ ਪ੍ਰੈਜ਼ੀਡੈਂਸੀ ਕਾਲਜ ਤੋਂ ਕੀਤੀ ਅਤੇ ਉੱਚ ਵਿਦਿਆ ਕਲਕੱਤਾ ਯੂਨੀਵਰਸਿਟੀ ਤੋਂ ਹਾਸਿਲ ਕੀਤੀ। ਉਨ੍ਹਾਂ ਦੇ ਪਿਤਾ ਸੁਸ਼ੋਬਨ ਚੰਦਰ ਸਰਕਾਰ ਨਾਮੀ ਇਤਿਹਾਸਕਾਰ ਸਨ ਜਿਨ੍ਹਾਂ ਨੇ ਅਧਿਆਪਕ ਵਜੋਂ ਪ੍ਰੈਜ਼ੀਡੈਂਸੀ ਕਾਲਜ, ਕਲਕੱਤਾ ਯੂਨੀਵਰਸਿਟੀ ਅਤੇ ਜਾਦਵਪੁਰ ਯੂਨੀਵਰਸਿਟੀ ਵਿਚ ਪੜ੍ਹਾਇਆ। ਸੁਮੀਤ ਸਰਕਾਰ ਨੇ ਪਹਿਲਾਂ ਕਲਕੱਤਾ ਯੂਨੀਵਰਸਿਟੀ ਵਿਚ ਅਤੇ ਬਾਅਦ ਵਿਚ ਬਰਧਮਾਨ ਯੂਨੀਵਰਸਿਟੀ ਵਿਚ ਪੜ੍ਹਾਇਆ। ਉਹ ਦਿੱਲੀ ਯੂਨੀਵਰਸਿਟੀ ਵਿਚ ਤੀਹ ਸਾਲ ਪੜ੍ਹਾ ਕੇ 2004 ਵਿਚ ਸੇਵਾਮੁਕਤ ਹੋਏ। ਇਸ ਤੋਂ ਬਾਅਦ ਉਹ ਇਤਿਹਾਸਕਾਰ ਵਜੋਂ ਲਗਾਤਾਰ ਸਰਗਰਮ ਰਹੇ ਅਤੇ ਲਿਖਦੇ ਰਹੇ। ਵਧ ਰਹੀ ਫ਼ਿਰਕਾਪ੍ਰਸਤੀ ਉਨ੍ਹਾਂ ਦੇ ਫ਼ਿਕਰਾਂ ਵਿਚ ਸ਼ੁਮਾਰ ਸੀ ਅਤੇ ਹਕੂਮਤੀ ਜਬਰ ਉਨ੍ਹਾਂ ਤੋਂ ਨਜ਼ਰਅੰਦਾਜ਼ ਨਹੀਂ ਹੁੰਦਾ ਸੀ। ਉਨ੍ਹਾਂ ਨੇ 2007 ਵਿਚ ਨੰਦੀਗ੍ਰਾਮ ਦੀ ਹਿੰਸਾ ਤੋਂ ਬਾਅਦ ਰੋਸ ਵਜੋਂ ਬੰਗਾਲ ਸੂਬੇ ਦਾ ਸਭ ਤੋਂ ਵੱਡਾ ਸ਼ਹਿਰੀ ਪੁਰਸਕਾਰ ਰਾਬਿੰਦਰਾ ਪੁਰਸਕਾਰ ਵਾਪਸ ਕਰ ਦਿੱਤਾ ਅਤੇ ਇਨਾਮ ਵਿਚ ਮਿਲੀ ਰਕਮ ਨੰਦੀਗ੍ਰਾਮ ਰਾਹਤ ਫੰਡ ਵਿਚ ਪਾ ਦਿੱਤੀ। ਸੁਮੀਤ ਸਰਕਾਰ ਦੀ ਚਿੰਤਾ ਸੀ ਕਿ ਫ਼ਿਰਕਾਪ੍ਰਸਤੀ ਅਤੇ ਹਕੂਮਤੀ ਜਬਰ ਦਾ ਅਸਰ ਇਤਿਹਾਸਕਾਰੀ ਉੱਤੇ ਪੈ ਰਿਹਾ ਸੀ ਕਿਉਂਕਿ ਇਤਿਹਾਸ ਨੂੰ ਸਬੂਤਾਂ, ਗਵਾਹਾਂ, ਦਸਤਾਵੇਜ਼ਾਂ ਅਤੇ ਸਿਧਾਂਤਕ ਚੌਖਟੇ ਦੀ ਥਾਂ ਸ਼ਰਧਾ ਦੀ ਐਨਕ ਵਿਚੋਂ ਦੇਖਣ ਦੀ ਮੰਗ ਲਗਾਤਾਰ ਮੂੰਹਜ਼ੋਰ ਹੋ ਰਹੀ ਸੀ। ਇਹ ਰੁਝਾਨ ਹੁਣ ਜ਼ਿਆਦਾ ਜ਼ੋਰ ਫੜ ਗਿਆ ਹੈ ਅਤੇ ਯੂਨੀਵਰਸਿਟੀਆਂ ਦਾ ਢਾਂਚਾ ਕਮਜ਼ੋਰ ਹੋ ਗਿਆ ਹੈ। ਇਸ ਮਾਹੌਲ ਵਿਚ ਸੁਮੀਤ ਸਰਕਾਰ ਦਾ ਤੁਰ ਜਾਣਾ ਸੋਗਵਾਰ ਹੈ।

ਉਨ੍ਹਾਂ ਦੇ ਅੰਤਿਮ ਸੰਸਕਾਰ ਵਿਚ ਜਾਂਦੇ ਹੋਏ ਨਰੇਸ਼ ਕੁਮਾਰ ਕਹਿੰਦੇ ਹਨ, 'ਸੁਮੀਤ ਹਲੀਮ ਸੁਰ ਵਿਚ ਹੌਲੀ-ਹੌਲੀ ਬੁਲੰਦ ਦਲੀਲ ਉਸਾਰਦੇ ਸਨ। ਉਹ ਰਾਗ ਵਿਚ ਬੰਨ੍ਹੇ ਅਲਾਪ ਨਾਲ ਵਿਚਾਰ ਦੀ ਗੂੰਜ ਪੈਦਾ ਕਰਦੇ ਸਨ।' ਰਾਗ ਦੇ ਸਰੋਤੇ ਜਾਣਦੇ ਹਨ ਕਿ ਸਾਜ਼ ਅਤੇ ਗਵੰਤਰੀ ਦੇ ਰੁਕ ਜਾਣ ਤੋਂ ਬਾਅਦ ਵੀ ਰਾਗ ਦੀਆਂ ਤਰੰਗਾਂ ਸਰੋਤੇ ਦੇ ਮਨ ਵਿਚ ਛਿੜੀਆਂ ਰਹਿੰਦੀਆਂ ਹਨ। ਜਦੋਂ-ਜਦੋਂ ਪਾਠਕ ਸੁਮੀਤ ਸਰਕਾਰ ਦੀਆਂ ਲਿਖਤਾਂ ਪੜ੍ਹਨਗੇ, ਇਤਿਹਾਸ ਦੇ ਵਿਵੇਕ ਰਾਗ ਨੇ ਹਲੀਮ ਸੁਰ ਵਿਚ ਆਪਣੀਆਂ ਤਰੰਗਾਂ ਬਖੇਰਨੀਆਂ ਹਨ ਜਿਨ੍ਹਾਂ ਨੇ ਪੇਚੀਦਗੀ ਦੀ ਲਾਜ਼ਮੀ ਬਾਤ ਪਾਉਣੀ ਹੈ।

***(ਲੇਖਕ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਬਤੌਰ ਡਾਇਰੈਕਟਰ ਕੰਮ ਕਰਦਾ ਹੈ।)***

# ਸਜ਼ਾ ਯਾਫ਼ਤਾ ਲੋਕਾਂ ਦੀ ਪੈਰੋਲ ਸੰਬੰਧੀ ਦੋਹਰੇ ਮਾਪਦੰਡ ਕਿਉਂ?

ਮੈਂ ਇਸ ਗੱਲ ਵਿਚ ਬਿਲਕੁਲ ਨਹੀਂ ਪੈਣਾ ਕਿ ਭਾਈ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਦੇ ਮਾਮਲੇ 'ਤੇ ਕੌਣ-ਕੌਣ ਕੀ-ਕੀ ਸਿਆਸਤ ਖੇਡ ਰਿਹਾ ਹੈ? ਸਿਰਫ਼ ਇਨਸਾਫ਼ ਦੇ ਤਕਾਜ਼ੇ ਦੀ ਗੱਲ ਕਰਾਂਗਾ। ਭਾਈ ਹਵਾਰਾ ਬੇਅੰਤ ਸਿੰਘ ਕਤਲ ਕਾਂਡ ਵਿਚ ਕਰੀਬ 31 ਸਾਲਾਂ ਤੋਂ ਜੇਲ੍ਹ ਵਿਚ ਹਨ। ਉਨ੍ਹਾਂ ਦੀ ਬੇਹੋਸ਼ੀ ਦੀ ਹਾਲਤ ਵਿਚ ਪਈ 80 ਸਾਲਾਂ ਤੋਂ ਵਡੇਰੀ ਉਮਰ ਦੀ ਗੰਭੀਰ ਬਿਮਾਰ ਮਾਂ ਨੂੰ ਮਿਲਣ ਦੇਣ ਦਾ ਮਾਮਲਾ ਰਾਜਨੀਤੀ ਦਾ ਸ਼ਿਕਾਰ ਹੋ ਰਿਹਾ ਹੈ, ਜਦੋਂਕਿ ਦੂਜੇ ਪਾਸੇ ਜਬਰ-ਜਨਾਹ ਤੇ ਕਤਲ ਦੇ ਦੋਸ਼ਾਂ ਵਿਚ ਕੈਦ ਸਿਰਸਾ ਸਾਧ ਨੂੰ ਸਿਰਫ਼ 6 ਸਾਲਾਂ ਵਿਚ ਹੀ 16 ਵਾਰ ਪੈਰੋਲ ਜਾਂ ਫਰਲੋ ਦਿੱਤੀ ਜਾ ਚੁੱਕੀ ਹੈ। ਉਹ 436 ਦਿਨ ਬਾਹਰ ਰਿਹਾ ਹੈ। ਕਥਿਤ ਬਾਪੂ ਆਸਾ ਰਾਮ ਨਾਲ ਵੀ ਅਜਿਹਾ ਵਤੀਰਾ ਹੋ ਰਿਹਾ ਹੈ। ਪਰ ਭਾਈ ਹਵਾਰਾ ਨੂੰ ਮਨੁੱਖੀ ਹਮਦਰਦੀ ਦੇ ਨਾਂਅ 'ਤੇ ਆਪਣੀ ਮਾਂ ਨੂੰ ਮਿਲਣ ਲਈ ਪੈਰੋਲ ਦੇਣ ਸੰਬੰਧੀ ਦੋਹਰੇ ਮਾਪਦੰਡ ਅਪਣਾਏ ਜਾ ਰਹੇ ਹਨ। ਸਿਰਫ਼ ਭਾਈ ਹਵਾਰਾ ਹੀ ਨਹੀਂ ਹੋਰ ਸਿੱਖ ਬੰਦੀਆਂ, ਇੱਥੋਂ ਤੱਕ ਕਿ ਸਜ਼ਾ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਪ੍ਰਤੀ ਵੀ ਇਹੀ ਵਤੀਰਾ ਭਾਰਤੀ ਲੋਕਤੰਤਰ ਲਈ ਸ਼ਰਮਨਾਕ ਹੈ। ਇਹ ਕਿਵੇਂ ਹੋ ਸਕਦਾ

**ਹਰਜਿੰਦਰ ਸਿੰਘ ਲਾਲ**
**ਫੋਨ: 92168-60000**

ਹੈ ਕਿ ਇਕ ਇਕੱਲਾ ਵਿਅਕਤੀ ਜੋ 30 ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਬੰਦ ਹੈ, ਜੇ ਕੁਝ ਦਿਨਾਂ ਲਈ ਪੁਲਿਸ ਪਹਿਰੇ ਵਿਚ ਬਿਮਾਰ ਮਾਂ ਨੂੰ ਮਿਲਣ ਲਈ ਆਉਂਦਾ ਹੈ, ਤਾਂ ਉਸ ਤੋਂ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ ਹੋ ਜਾਂਦਾ ਹੈ। ਕੀ ਸਰਕਾਰ ਏਨੀ ਹੀ ਕਮਜ਼ੋਰ ਹੈ? ਯਾਦ ਰੱਖੋ, ਦੇਸ਼ ਦੀ ਆਜ਼ਾਦੀ ਵਿਚ ਸਿੱਖਾਂ ਤੇ ਪੰਜਾਬੀਆਂ ਨੇ ਆਪਣੀ ਆਬਾਦੀ ਦੇ ਲਿਹਾਜ਼ ਨਾਲ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਸਭ ਤੋਂ ਵੱਧ ਜੇਲ੍ਹਾਂ ਕੱਟੀਆਂ ਤੇ ਸਭ ਤੋਂ ਵੱਧ ਆਰਥਿਕ ਨੁਕਸਾਨ ਸਹਿਆ। ਪਰ ਸਾਨੂੰ ਇਹ ਅਹਿਸਾਸ ਕਰਵਾਉਣਾ ਕਿ ਸਾਡੇ ਲਈ ਇਨਸਾਫ਼ ਦਾ ਤਕਾਜ਼ਾ ਹੋਰ ਹੈ, ਕਿਸੇ ਹੋਰ ਲਈ ਹੋਰ ਤਾਂ ਇਹ ਚੰਗੀ ਗੱਲ ਨਹੀਂ।

ਜਬ ਚਮਨ ਕੋ ਲਹੂ ਕੀ ਜ਼ਰੂਰਤ ਪੜੀ
ਸਭ ਸੇ ਪਹਿਲੇ ਹਮਾਰੀ ਹੀ ਗਰਦਨ ਕਟੀ
ਅਬ ਯੇ ਕਹਿਤੇ ਹੈਂ ਹਮ ਸੇ ਸਭੀ ਇਕ ਜ਼ੁਬਾਂ
ਯੇ ਚਮਨ ਹੈ ਹਮਾਰਾ ਤੁਮਾਹਰਾ ਨਹੀਂ।
(ਲਾਲ ਫਿਰੋਜ਼ਪੁਰੀ)

**ਰਾਜਸਥਾਨ ਨੂੰ ਨੋਟਿਸ**

ਹਕ-ਏ-ਹਕਦਾਰੋਂ ਕੋ ਹਕ ਲੇਨੇ ਸੇ ਫਿਰ ਰੋਕੇਗਾ ਕੌਨ, ਆਹ!
'ਗਰ ਜ਼ਿੰਦਾ ਹੈ ਸੋਚੋਂ ਮੇਂ ਸਦਾਕਤ ਨਾ ਫਿਤੂਰ।
(ਲਾਲ ਫਿਰੋਜ਼ਪੁਰੀ)

ਤਾਜ਼ਾ ਖ਼ਬਰ ਹੈ ਕਿ ਆਖ਼ਿਰ ਪੰਜਾਬ ਸਰਕਾਰ ਨੇ ਰਾਜਸਥਾਨ ਨੂੰ 1 ਲੱਖ 44 ਹਜ਼ਾਰ ਕਰੋੜ ਰੁਪਏ ਪਾਣੀ ਦੀ ਰਾਇਲਟੀ ਦਾ ਬਕਾਇਆ 30 ਦਿਨਾਂ ਵਿਚ ਅਦਾ ਕਰਨ ਦਾ ਨੋਟਿਸ ਭੇਜ ਦਿੱਤਾ ਹੈ। ਬੇਸ਼ੱਕ ਇਸ ਨੂੰ ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ ਤੇ ਭਾਵੇਂ ਵਿਰੋਧੀ ਇਸ ਨੂੰ ਇਕ ਰਾਜਨੀਤਕ ਸਟੰਟ ਹੀ ਕਹਿਣ, ਪਰ ਫਿਰ ਵੀ ਇਹ ਕਦਮ ਸਵਾਗਤਯੋਗ ਹੈ। ਭਾਵੇਂ ਪੰਜਾਬ ਸਰਕਾਰ ਨੇ ਇਹ ਨੋਟਿਸ ਕਿਸੇ ਰਾਜਨੀਤਕ ਮਸਲਹਤ ਕਾਰਨ ਹੀ ਦਿੱਤਾ ਹੋਵੇ, ਪਰ ਇਸ ਨੋਟਿਸ ਨੇ ਪੰਜਾਬ ਦੇ ਪਾਣੀਆਂ ਤੇ ਪੰਜਾਬ ਦੀ ਮਾਲਕੀ ਦੀ ਗੱਲ ਨੂੰ ਹੋਰ ਉਭਾਰਿਆ ਹੈ। ਪੰਜਾਬ ਵਿਧਾਨ ਸਭਾ ਪਹਿਲਾਂ ਹੀ ਇਸ ਬਾਰੇ ਮਤੇ ਪਾਸ ਕਰ ਚੁੱਕੀ ਹੈ। ਹਾਲਾਂਕਿ ਸਾਡੇ ਹਿਸਾਬ ਨਾਲ ਰਾਜਸਥਾਨ ਵੱਲ 1960 ਤੋਂ 2026 ਤੱਕ ਗਏ ਪਾਣੀ ਦੀ ਰਾਇਲਟੀ ਇਸ ਰਕਮ ਤੋਂ ਕਈ ਗੁਣਾਂ ਜ਼ਿਆਦਾ ਬਣਦੀ ਹੈ, ਪਰ ਫਿਰ ਵੀ ਇਸ ਨੋਟਿਸ ਦਾ ਸਵਾਗਤ ਇਸ ਲਈ ਕਰਨਾ ਬਣਦਾ ਹੈ ਕਿ ਇਹ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਨੇ ਅਜੇ ਪਾਣੀਆਂ 'ਤੇ ਆਪਣਾ ਹੱਕ ਛੱਡਿਆ ਨਹੀਂ ਤੇ ਜਿਹੜੇ ਲੋਕ, ਜਿਹੜੀਆਂ ਕੌਮਾਂ ਜਾਂ ਰਾਜ ਆਪਣੇ ਹੱਕ ਯਾਦ ਰੱਖਦੇ ਹਨ ,ਉਹ ਕਦੇ ਨਾ ਕਦੇ ਲੈਣ ਵਿਚ ਵੀ ਸਫ਼ਲ ਹੋ ਜਾਂਦੇ ਹਨ। ਪਰ ਇਸ ਮਾਮਲੇ ਵਿਚ ਕੇਂਦਰ ਦੀਆਂ ਸਾਰੀਆਂ ਸਰਕਾਰਾਂ, ਚਾਹੇ ਉਹ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਡਾ. ਮਨਮੋਹਨ ਸਿੰਘ ਤੱਕ ਦੀਆਂ ਕਾਂਗਰਸੀ ਸਰਕਾਰਾਂ, ਚਾਹੇ ਉਹ ਸਾਂਝੀਆਂ ਸਰਕਾਰਾਂ, ਜਿਨ੍ਹਾਂ ਵਿਚ ਇਕ ਪੰਜਾਬੀ ਇੰਦਰ ਕੁਮਾਰ ਗੁਜਰਾਲ ਦੀ ਸਰਕਾਰ ਵੀ ਸ਼ਾਮਿਲ ਸੀ ਤੇ ਚਾਹੇ ਉਹ ਅਟਲ ਬਿਹਾਰੀ ਵਾਜਪਾਈ ਤੇ ਹੁਣ ਵਾਲੀ ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਹੈ, ਕਿਸੇ ਨੇ ਵੀ ਪੰਜਾਬ ਨਾਲ, ਸਿਰਫ਼ ਪਾਣੀਆਂ ਦੇ ਮਾਮਲੇ ਵਿਚ ਹੀ ਨਹੀਂ, ਸਗੋਂ ਲਗਭਗ ਹਰ ਮਾਮਲੇ ਵਿਚ ਜਾਂ ਤਾਂ ਬੇਇਨਸਾਫ਼ੀ ਕੀਤੀ ਹੈ ਜਾਂ ਫਿਰ ਹੋ ਚੁੱਕੀਆਂ ਬੇਇਨਸਾਫ਼ੀਆਂ ਦੂਰ ਨਾ ਕਰਨ ਦਾ 'ਗੁਨਾਹ-ਏ-ਅਜ਼ੀਮ' ਜ਼ਰੂਰ ਕੀਤਾ ਹੈ। ਸਭ ਤੋਂ ਵੱਡੀ ਉਦਾਹਰਨ ਤਾਂ ਇੰਦਰਾ ਗਾਂਧੀ ਵੇਲੇ 1966 ਦੇ ਪੰਜਾਬ ਪੁਨਰਗਠਨ ਐਕਟ ਵਿਚ ਧਾਰਾ 78, 79 ਅਤੇ 80 ਪਾਉਣ ਦੀ ਹੈ, ਜੋ ਹੋਰ ਕਿਸੇ ਵੀ ਰਾਜ ਦੀ ਵੰਡ ਵੇਲੇ ਨਹੀਂ ਪਾਈ ਗਈ। ਇਨ੍ਹਾਂ ਧਾਰਾਵਾਂ ਨੇ ਹੀ ਪੰਜਾਬ ਨਾਲ ਪਾਣੀਆਂ ਤੇ ਹੋਰ ਮਾਮਲਿਆਂ ਵਿਚ ਧੱਕੇ ਦੀ ਸ਼ਾਹ-ਰਾਹ ਬਣਾਈ ਸੀ।

ਰਾਜਸਥਾਨ ਨੂੰ ਦਿੱਤੇ ਗਏ ਨੋਟਿਸ ਦਾ ਅਧਾਰ 1920 ਦਾ ਸ਼ਿਮਲਾ ਸਮਝੌਤਾ ਬਣਾਇਆ ਗਿਆ ਹੈ, ਜਿਸ ਵਿਚ ਸਤਲੁਜ ਨਦੀ ਦਾ ਪਾਣੀ ਬੀਕਾਨੇਰ ਨਹਿਰ ਰਾਹੀਂ 6 ਰੁਪਏ 50 ਪੈਸੇ ਪ੍ਰਤੀ ਏਕੜ ਦੀ ਰਾਇਲਟੀ ਨਾਲ ਦਿੱਤਾ ਗਿਆ ਸੀ, ਤੇ ਜੋ ਬਾਕਾਇਦਾ ਪੰਜਾਬ ਨੂੰ 1966 ਤੱਕ ਮਿਲਦਾ ਹੀ ਰਿਹਾ। ਗ਼ੌਰਤਲਬ ਹੈ ਕਿ 1920 ਵਿਚ ਭਾਰਤ ਵਿਚ ਸੋਨੇ ਦਾ ਰੇਟ 25 ਰੁਪਏ ਪ੍ਰਤੀ 10 ਗ੍ਰਾਮ ਸੀ ਤੇ ਪੰਜਾਬ ਵਿਚ ਔਸਤਨ ਖੇਤੀ ਵਾਲੀ ਜ਼ਮੀਨ ਦੀ ਕੀਮਤ 100 ਰੁਪਏ ਤੋਂ 300 ਰੁਪਏ ਪ੍ਰਤੀ ਏਕੜ ਸੀ। ਹੈਰਾਨੀ ਦੀ ਗੱਲ ਹੈ ਕਿ ਦਰਿਆ ਹੜ੍ਹ ਨਾਲ ਨੁਕਸਾਨ ਤਾਂ ਪੰਜਾਬ ਦਾ ਕਰਦੇ ਹਨ, ਪਰ ਪਾਣੀ ਤੇ ਬਿਜਲੀ ਵਿਚ ਮੁਫ਼ਤ ਦੇ ਮਾਲਕ ਹਰਿਆਣਾ ਤੇ ਰਾਜਸਥਾਨ ਬਣੇ ਹੋਏ ਹਨ। ਕਿਸੇ ਨੂੰ ਵੀ ਦੁਨੀਆ ਭਰ ਵਿਚ ਲਾਗੂ ਰਾਇਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਨੂੰ ਇਨਸਾਫ਼ ਦੇਣ ਵਿਚ ਕੋਈ ਦਿਲਚਸਪੀ ਨਹੀਂ ਹੈ।

***ਕੇਂਦਰ ਕਰੇ ਇਨਸਾਫ਼***

ਅਸਲ ਵਿਚ ਰਾਜਸਥਾਨ ਨੇ ਸੌਖਿਆਂ ਕੋਈ ਭੁਗਤਾਨ ਤਾਂ ਕਰਨਾ ਨਹੀਂ, ਜੇ ਪੰਜਾਬ ਅਦਾਲਤ ਵਿਚ ਵੀ ਗਿਆ ਤਾਂ ਲੜਾਈ ਲੰਮੀ ਹੀ ਚੱਲੇਗੀ, ਚੰਗੀ ਗੱਲ ਤਾਂ ਇਹ ਹੋਵੇ ਕਿ ਕੇਂਦਰ ਪੰਜਾਬ ਨਾਲ ਇਨਸਾਫ਼ ਕਰੇ ਅਤੇ ਪੰਜਾਬ ਪੁਨਰਗਠਨ ਐਕਟ ਵਿਚ ਧੱਕੇ ਨਾਲ ਪਾਈਆਂ 78-79 ਤੇ 80 ਧਾਰਾਵਾਂ ਰੱਦ ਕਰੇ ਜਾਂ ਫਿਰ ਘੱਟੋ-ਘੱਟ ਪੰਜਾਬ ਅਤੇ ਗੁਆਂਢੀ ਰਾਜਾਂ ਵਿਚ ਪਾਣੀ ਦੀ ਰਾਇਲਟੀ, ਪਾਣੀ ਦੀ ਮਾਤਰਾ, ਪੰਜਾਬ ਦੀ ਪਾਣੀ ਦੀ ਜ਼ਰੂਰਤ ਅਤੇ ਰੱਖ-ਰਖਾਅ ਦੇ ਖ਼ਰਚਿਆਂ ਬਾਰੇ ਇਕ ਨਵਾਂ ਤੇ ਇਨਸਾਫ਼-ਪੂਰਨ ਸਮਝੌਤਾ ਕਰਵਾਏ। ਹਾਲਾਂਕਿ ਕੇਂਦਰ ਸਰਕਾਰ ਤੋਂ ਅਜਿਹੀ ਆਸ ਕਰਨਾ ਅਜੇ ਤਾਂ ਮੁਸ਼ਕਿਲ ਹੀ ਜਾਪਦਾ ਹੈ।

ਦਿਲ ਪਰੇਸ਼ਾਂ ਹੈ ਕਯਾ ਕੀਆ ਜਾਏ।
ਅਕਲ ਹੈਰਾਂ ਹੈ ਕਯਾ ਕੀਆ ਜਾਏ।
(ਜੌਨ ਏਲੀਆ)

**ਐਫ.ਸੀ.ਆਰ.ਏ. ਸੋਧ ਬਿੱਲ 2026**

ਅਕਬਰ ਇਲਾਹਾਬਾਦੀ ਦਾ ਇਕ ਸ਼ਿਅਰ ਹੈ:
ਜ਼ਿੰਦਾ ਹੂੰ ਮਗਰ ਜੀਸਤ ਕੀ ਲੱਜ਼ਤ ਨਹੀਂ ਬਾਕੀ,
ਹਰ ਚੰਦ ਕਿ ਹੂੰ ਹੋਸ਼ ਮੇਂ ਹੁਸ਼ਿਆਰ ਨਹੀਂ ਹੂੰ।

ਜਿਸ ਦਾ ਭਾਵ ਹੈ ਜਿਉਂਦਾ ਤੇ ਹਾਂ ਪਰ ਜੀਣ ਦਾ ਮਜ਼ਾ ਨਹੀਂ ਬਚਿਆ ਤੇ ਭਾਵੇਂ ਹੋਸ਼ ਵਿਚ ਤੇ ਹਾਂ ਪਰ ਹੁਸ਼ਿਆਰ ਨਹੀਂ ਹਾਂ। ਐਨ ਅਜਿਹੀ ਹੀ ਸਥਿਤੀ ਪੰਜਾਬੀਆਂ ਅਤੇ ਸਿੱਖ ਨੇਤਾਵਾਂ ਦੀ ਹੈ। ਸਾਡੇ ਸਾਹਮਣੇ ਤਾਜ਼ਾ ਮਿਸਾਲ 12 ਅਗਸਤ, 2026 ਨੂੰ ਲੋਕ ਸਭਾ ਵਿਚ ਪੇਸ਼ ਵਿਦੇਸ਼ੀ ਯੋਗਦਾਨ (ਰੈਗੂਲੇਸ਼ਨ) ਸੋਧ ਬਿੱਲ 2026 (ਐਫ.ਸੀ.ਆਰ.ਏ.) ਦੀ ਹੈ। ਭਾਜਪਾ ਕੋਲ ਪਾਰਲੀਮੈਂਟ ਵਿਚ ਸਪੱਸ਼ਟ ਬਹੁਮਤ ਦੇ ਬਾਵਜੂਦ ਬਿੱਲ ਸਾਂਝੀ ਸੰਸਦੀ ਕਮੇਟੀ ਕੋਲ ਭੇਜਣਾ ਪਿਆ ਹੈ। ਕੋਈ ਮੰਨੇ ਜਾਂ ਨਾ ਮੰਨੇ ਪਰ ਇਹ ਸਪੱਸ਼ਟ ਰੂਪ ਵਿਚ ਭਾਰਤੀ ਇਸਾਈ ਲਾਬੀ ਦੇ ਦਬਾਅ ਦਾ ਨਤੀਜਾ ਹੈ। ਜੇ ਇਹ ਬਿੱਲ ਏਦਾਂ ਹੀ ਪਾਸ ਹੋ ਜਾਂਦਾ ਤਾਂ ਇਹ ਸਿਰਫ਼ ਇਸਾਈ ਸੰਸਥਾਵਾਂ ਲਈ ਹੀ ਨਹੀਂ ਸਗੋਂ ਹੋਰ ਘੱਟ-ਗਿਣਤੀਆਂ ਦੀਆਂ ਸੰਸਥਾਵਾਂ ਤੇ ਕੁਝ ਬਹੁਗਿਣਤੀ ਸੰਸਥਾਵਾਂ ਵੀ ਇਸ ਨਿਸ਼ਾਨੇ 'ਤੇ ਆ ਜਾਂਦੀਆਂ। ਪਰ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦਾ ਇਕ ਵੀ ਐਮ.ਪੀ. ਜਾਂ ਸਿੱਖ ਰਾਜਨੀਤਕ ਜਾਂ ਧਾਰਮਿਕ ਨੇਤਾ ਇਸ ਦੇ ਖ਼ਿਲਾਫ਼ ਖੁੱਲ੍ਹ ਕੇ ਨਹੀਂ ਬੋਲਿਆ।



ਭਾਈ ਜਗਤਾਰ ਸਿੰਘ ਹਵਾਰਾ, ਗੁਰਮੀਤ ਰਾਮ ਰਹੀਮ

ਇਸ ਨੂੰ ਰੋਕਣ ਵਿਚ ਕੈਥੋਲਿਕ ਬਿਸ਼ਪਜ਼ ਕਾਨਫਰੰਸ ਆਫ ਇੰਡੀਆ, ਨੈਸ਼ਨਲ ਕੌਂਸਲ ਆਫ਼ ਚਰਚਿਜ਼ ਇਨ ਇੰਡੀਆ, ਹੋਰ ਇਸਾਈ ਸੰਸਥਾਵਾਂ ਤੇ ਸਿਵਲ ਸੁਸਾਇਟੀ ਦੇ ਨਾਲ-ਨਾਲ ਮਿਜ਼ੋਰਮ, ਮੇਘਾਲਿਆ ਤੇ ਨਾਗਾਲੈਂਡ ਦੇ ਮੁੱਖ ਮੰਤਰੀਆਂ ਤੋਂ ਇਲਾਵਾ ਕਾਂਗਰਸ, ਸਪਾ, ਟੀ.ਐਮ.ਸੀ. ਅਤੇ ਡੀ.ਐਮ.ਕੇ. ਆਦਿ ਪਾਰਟੀਆਂ ਦਾ ਦਬਾਅ ਅਤੇ ਇਸਾਈ ਨੇਤਾਵਾਂ ਦੀਆਂ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀਆਂ ਕਈ ਮੁਲਾਕਾਤਾਂ ਪ੍ਰਭਾਵੀ ਹੋਈਆਂ ਹਨ। ਬੇਸ਼ੱਕ ਇਹ ਬਿੱਲ ਬਾਹਰੋਂ ਆ ਰਹੇ ਪੈਸੇ ਨਾਲ ਇਸਾਈ ਧਰਮ ਦੇ ਫੈਲਾਅ ਨੂੰ ਰੋਕਣ ਦੇ ਨਾਂਅ 'ਤੇ ਹੀ ਲਿਆਂਦਾ ਜਾ ਰਿਹਾ ਸੀ, ਪਰ ਇਸ ਦਾ ਅਸਰ ਸਿੱਖ ਸੰਸਥਾਵਾਂ 'ਤੇ ਵੀ ਪਵੇਗਾ। ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਕਮੇਟੀ ਤੋਂ ਇਲਾਵਾ ਹੋਰ ਸਿੱਖ ਸੰਸਥਾਵਾਂ ਵੀ ਐਫ.ਸੀ.ਆਰ.ਏ. ਅਧੀਨ ਰਜਿਸਟਰਡ ਹਨ। ਬੇਸ਼ੱਕ ਧਾਰਮਿਕ ਸੰਸਥਾਵਾਂ ਨੂੰ ਤਾਂ ਬਹੁਤਾ ਖ਼ਤਰਾ ਨਹੀਂ ਹੋਵੇਗਾ, ਪਰ ਇਸ ਕਾਨੂੰਨ ਦੇ ਇਸੇ ਤਰ੍ਹਾਂ ਪ੍ਰਵਾਨ ਹੋਣ ਨਾਲ ਸਿੱਖ ਵਿੱਦਿਅਕ ਤੇ ਚੈਰੀਟੇਬਲ ਸੰਸਥਾਵਾਂ ਵੀ ਪ੍ਰਭਾਵਿਤ ਹੋ ਸਕਦੀਆਂ ਹਨ, ਕਿਉਂਕਿ ਨਵੀਂ ਸੋਧ ਵਿਚ ਸਾਫ਼ ਹੈ ਕਿ ਜੇਕਰ ਐਫ.ਸੀ.ਆਰ.ਏ. ਰਜਿਸਟ੍ਰੇਸ਼ਨ ਰੱਦ ਹੋ ਜਾਂਦੀ ਹੈ ਜਾਂ ਨਵਿਆਈ ਨਹੀਂ ਜਾਂਦੀ ਤਾਂ ਵਿਦੇਸ਼ੀ ਸਹਾਇਤਾ ਨਾਲ ਬਣੀਆਂ ਜਾਇਦਾਦਾਂ ਅਸਥਾਈ ਜਾਂ ਸਥਾਈ ਤੌਰ 'ਤੇ ਸਰਕਾਰੀ ਕਬਜ਼ੇ ਵਿਚ ਚਲੀਆਂ ਜਾਣਗੀਆਂ। ਰਾਸ਼ਟਰੀ ਸੁਰੱਖਿਆ ਦੇ ਨਾਂਅ 'ਤੇ ਲਿਆਂਦੀ ਇਸ ਸੋਧ ਦੀਆਂ ਕੁਝ ਧਾਰਾਵਾਂ ਘੱਟ-ਗਿਣਤੀਆਂ ਨੂੰ ਮਿਲਦੀ ਆਰਥਿਕ ਸਹਾਇਤਾ ਰੋਕਣ ਵਾਲੀਆਂ ਤੇ ਪਹਿਲਾਂ ਆਈ ਸਹਾਇਤਾ ਨਾਲ ਬਣੀਆਂ ਸੰਸਥਾਵਾਂ 'ਤੇ ਸਰਕਾਰੀ ਕਬਜ਼ੇ ਦਾ ਰਾਹ ਵੀ ਖੋਲ੍ਹਦੀਆਂ ਹਨ।

ਅਸੀਂ ਸਮਝਦੇ ਹਾਂ ਇਸ ਮਿਸਾਲ ਤੋਂ ਪੰਜਾਬ ਤੇ ਖ਼ਾਸ ਕਰ ਸਿੱਖ ਨੇਤਾਵਾਂ ਨੂੰ ਸਮਝ ਆ ਜਾਣੀ ਚਾਹੀਦੀ ਹੈ, ਕਿ ਜੇ ਅਕਲ ਤੇ ਏਕਤਾ ਨਾਲ ਵਿਰੋਧ ਕੀਤਾ ਜਾਵੇ ਤਾਂ ਗਰਮ-ਗਰਮ ਨਾਅਰਿਆਂ ਨਾਲ ਕੌਮ ਨੂੰ 'ਬਲਦੀ ਦੇ ਬੂਥੇ' ਦੇਣ ਦੀ ਹਰ ਵਕਤ ਲੋੜ ਨਹੀਂ ਹੁੰਦੀ ਤੇ ਨਾ ਹੀ ਹਰ ਵਕਤ ਕਿਸੇ ਮੋਰਚੇ ਦੀ ਲੋੜ ਹੁੰਦੀ ਹੈ। ਨਰਿੰਦਰ ਮੋਦੀ ਵਰਗੀ ਸਰਕਾਰ ਨੂੰ ਵੀ ਗੱਲਬਾਤ ਤੇ ਅਕਲ ਨਾਲ ਆਪਣੀ ਗੱਲ ਮਨਵਾਉਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਸਿੱਖ ਨੇਤਾ ਹਮੇਸ਼ਾ ਹੀ ਗੱਲਬਾਤ ਦੀ ਮੇਜ਼ 'ਤੇ ਹਾਰਦੇ ਰਹੇ ਹਨ। ਸਾਡੇ ਸਾਹਮਣੇ ਈਰਾਨ ਦੀ ਉਦਾਹਰਨ ਵੀ ਹੈ। ਗੱਲਬਾਤ ਦੀ ਮੇਜ਼ 'ਤੇ ਅਮਰੀਕਾ ਵਰਗੀ ਮਹਾਂਸ਼ਕਤੀ ਈਰਾਨ ਤੋਂ ਲਗਾਤਾਰ ਹਾਰ ਰਹੀ ਹੈ। ਗ਼ੌਰਤਲਬ ਹੈ ਕਿ ਈਰਾਨੀਆਂ ਦਾ 'ਆਈ ਕਿਉ ਲੈਵਲ ਦੁਨੀਆ ਵਿਚ ਚੌਥੇ ਨੰਬਰ 'ਤੇ ਹੈ, ਅਮਰੀਕੀਆਂ ਦਾ 18ਵੇਂ ਨੰਬਰ 'ਤੇ ਅਤੇ ਭਾਰਤੀਆਂ ਦਾ ਵੱਖ-ਵੱਖ ਸੈਂਪਲਾਂ ਵਿਚ 40ਵੇਂ ਤੋਂ 128ਵੇਂ ਨੰਬਰ 'ਤੇ ਮੰਨਿਆ ਜਾਂਦਾ ਹੈ, ਇਸ ਵਿਚ ਪੰਜਾਬੀਆਂ ਤੇ ਸਿੱਖਾਂ ਦੇ 'ਆਈ ਕਿਉਂ ਲੈਵਲ' ਦਾ ਪੈਮਾਨਾ ਪਤਾ ਨਹੀਂ। ਖ਼ੈਰ ਗੱਲ ਗੱਲ ਸਪੱਸ਼ਟ ਹੈ ਕਿ ਆਪਣੀ ਗੱਲ ਮਨਵਾਉਣ ਲਈ ਅਕਲ ਦੀ ਵੱਧ ਲੋੜ ਹੈ ਹਰ ਵਾਰ ਜ਼ਰੂਰੀ ਨਹੀਂ ਕਿ ਮਹਿਫਲ ਵਿਚ ਦਾਰ-ਓ-ਰਸਨ ਭਾਵ ਸੂਲੀ ਤੇ ਫਾਂਸੀ ਦੀ ਗੱਲ ਤੁਰੇ ਤਾਂ ਸਿੱਖਾਂ ਨੇ ਹੀ ਉੱਠ ਕੇ ਅੱਗੇ ਆਉਣਾ ਹੈ। ਸਗੋਂ ਹੋਸ਼ ਤੇ ਏਕਤਾ ਨਾਲ ਗੱਲਬਾਤ ਵੀ ਵੱਡੀਆਂ ਪ੍ਰਾਪਤੀਆਂ ਦੇ ਸਕਦੀ ਹੈ।


ਜਬ ਉਸ ਕੀ ਬਜ਼ਮ ਮੇ ਦਾਰ-ਓ-ਰਸਨ ਕੀ ਬਾਤ ਚਲੀ,
ਮੈਂ ਝਟ ਸੇ ਉਠ ਗਯਾ ਔਰ ਆਗੇ ਆ ਕੇ ਬੈਠ ਗਯਾ।
(ਜ਼ੁਬੈਰ ਅਲੀ ਤਾਬਿਸ਼)

***(ਰੋਜ਼ਾਨਾ ਅਜੀਤ 14 ਅਗਸਤ 2026 ਦੇ ਧੰਨਵਾਦ ਸਹਿਤ)***

# ਸੂਈ ਦਾ ਨੱਕਾ ਅਤੇ ਧਾਗਾ

ਢਾਕੇ ਦੀ ਮਲਮਲ ਬਾਰੇ ਸੁਣਿਆ ਹੈ ਕਿ ਉਸਦਾ ਪੂਰਾ ਥਾਨ ਇਕ ਮੁੰਦਰੀ ਵਿਚੋਂ ਲੰਘਾਇਆ ਜਾ ਸਕਦਾ ਸੀ। ਕਿਉਂਕਿ ਢਾਕੇ ਦੀ ਮਲਮਲ ਏਨੀ ਨਰਮ, ਮੁਲਾਇਮ ਤੇ ਬਰੀਕ ਹੁੰਦੀ ਸੀ। ਪਰ ਕਦੀ ਕਿਸੇ ਨੂੰ ਇਹ ਕਹਿੰਦੇ ਨਹੀਂ ਸੁਣਿਆ ਕਿ ਢਾਕੇ ਦੀ ਮਲਮਲ ਸੂਈ ਦੇ ਨੱਕੇ 'ਚੋਂ ਨਿਕਲ ਜਾਂਦੀ ਸੀ। ਕਿਉਂਕਿ ਸੂਈ ਦੇ ਨੱਕੇ ਵਿਚੋਂ ਸਿਰਫ ਧਾਗਾ ਨਿਕਲ ਸਕਦਾ ਹੈ, ਥਾਨ ਨਹੀਂ। ਧਾਗਾ ਵੀ ਉਹ ਨਿਕਲਦਾ ਹੈ ਜਿਹੜਾ ਸੂਈ ਦੇ ਨੱਕੇ ਨਾਲੋਂ ਕੁਝ ਬਰੀਕ ਹੋਵੇ।

ਅੱਜ-ਕਲ੍ਹ ਕਈ ਪ੍ਰਚਾਰਕ ਗੁਰਮਤਿ ਨੂੰ ਸੂਈ ਦੇ ਨੱਕੇ ਵਿਚੋਂ ਲੰਘਾ ਰਹੇ ਹਨ ਤੇ ਉਨ੍ਹਾਂ ਲਈ ਸੂਈ ਦਾ ਨੱਕਾ ਕਾਨ੍ਹ ਸਿੰਘ ਨਾਭੇ ਦੀ ਕਿਤਾਬ ਦਾ ਸਿਰਲੇਖ 'ਹਮ ਹਿੰਦੂ ਨਹੀਂ' ਹੈ। ਹੈਰਾਨੀ ਹੁੰਦੀ ਹੈ ਕਿ ਉਹ ਇਸ ਕਿਤਾਬ ਨੂੰ ਵੀ ਸਿਰਲੇਖ ਦੇ ਨੱਕੇ ਵਿਚੋਂ ਹੀ ਲੰਘਾਉਂਦੇ ਹਨ।



**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਸੂਈ ਦੇ ਨੱਕੇ ਵਿਚ ਪਾਉਣ ਲੱਗਿਆਂ ਕਈ ਵਾਰੀ ਧਾਗਾ ਦੁਫਾੜ ਹੋ ਜਾਂਦਾ ਹੈ ਤੇ ਅਸੀਂ ਉਸਦੇ ਇਕ ਸਿਰੇ ਨੂੰ ਹੀ ਅੱਗੇ ਖਿੱਚ ਲੈਂਦੇ ਹਾਂ। ਇਸ ਤਰ੍ਹਾਂ ਧਾਗਾ ਸੂਈ ਦੇ ਨੱਕੇ ਕੋਲ ਤੁੱਝਮੁੱਝ ਹੋ ਜਾਂਦਾ ਹੈ ਤੇ ਅੱਗੇ ਨਹੀਂ ਖਿੱਚਿਆ ਜਾਂਦਾ।

ਸੂਈ ਦੇ ਨੱਕੇ ਵਿਚੋਂ ਤਾਂ ਧਾਗਾ ਲੰਘਾਉਣਾ ਹੀ ਮੁਸ਼ਕਲ ਹੁੰਦਾ ਹੈ ਪਰ ਸਾਡੇ ਪ੍ਰਚਾਰਕ ਪੂਰੇ ਦਾ ਪੂਰਾ ਥਾਨ ਸੂਈ ਦੇ ਨੱਕੇ ਵਿਚੋਂ ਲੰਘਾਉਣ ਦੀ ਕੋਸ਼ਿਸ਼ ਕਰਦੇ ਹਨ।

ਇਸ ਤਰ੍ਹਾਂ ਉਹ ਗੁਰਮਤਿ ਦੇ ਸਾਬਤ ਸਬੂਤੇ ਥਾਨ ਨੂੰ ਲੀਰੋ-ਲੀਰ ਕਰ ਲੈਂਦੇ ਹਨ ਤੇ ਆਪਣੇ ਪਸੰਦ ਦੀਆਂ ਲੀਰਾਂ ਨੂੰ ਗੁਰਮਤਿ ਐਲਾਨ ਦਿੰਦੇ ਹਨ।

ਜੇ ਕੋਈ ਉਨ੍ਹਾਂ ਨੂੰ ਉਨ੍ਹਾਂ ਦੀਆਂ ਨਾਪਸੰਦ ਲੀਰਾਂ ਬਾਰੇ ਸਵਾਲ ਪੁੱਛ ਲਵੇ ਤਾਂ ਖਿਝ ਜਾਂਦੇ ਹਨ ਤੇ ਤਰ੍ਹਾਂ-ਤਰ੍ਹਾਂ ਦੇ ਦੂਸ਼ਣ ਲਾਉਣ ਲੱਗ ਪੈਂਦੇ ਹਨ।

ਵਿਦਵਤਾ ਮਨੁਖ ਦੀ ਦ੍ਰਿਸ਼ਟੀ ਨੂੰ ਵਿਸ਼ਾਲ ਕਰਦੀ ਹੈ ਤੰਗ ਨਹੀਂ। ਤੰਗ ਨਜ਼ਰ ਵਾਲੇ ਲੋਕ ਭਗਤਾਲੂ ਹੋ ਜਾਂਦੇ ਹਨ ਤੇ ਇਕੱਲੇ ਰਹਿ ਜਾਂਦੇ ਹਨ। ਇਹੋ ਜਿਹੇ ਲੋਕ ਮਿਲ ਕੇ ਗ੍ਰੋਹ ਬਣ ਜਾਂਦੇ ਹਨ ਤੇ ਕਿਸੇ ਨਾ ਕਿਸੇ ਤਰ੍ਹਾਂ ਦਾ ਅਤੰਕ ਫੈਲਾਈ ਰਖਦੇ ਹਨ। ਇਸ ਦੇ ਉਲਟ ਵਿਸ਼ਾਲ ਦ੍ਰਿਸ਼ਟੀ ਦੇ ਮਾਲਕ ਗ੍ਰੋਹ ਨਹੀਂ, ਸਮੂਹ ਬਣ ਕੇ ਸਮਾਜ ਬਣਦੇ ਹਨ।

ਕਨੇਡਾ ਰਹਿੰਦਾ ਇਕ ਤੰਗ ਨਜ਼ਰ ਵਾਲਾ ਸੱਜਣ ਬੜੇ ਫਖ਼ਰ ਨਾਲ ਦੱਸਦਾ ਸੀ ਕਿ ਉਥੇ ਕੋਈ ਗੁਰਦੁਆਰਾ ਅਜਿਹਾ ਨਹੀਂ, ਜਿਥੇ ਉਸਦੀ ਨਕਸੀਰ ਨਾ ਫੁੱਟੀ ਹੋਵੇ ਜਾਂ ਉਸਦਾ ਸਿਰ ਨਾ ਪਾਟਾ ਹੋਵੇ। ਉਹ ਇਸੇ ਨੂੰ ਸਿੱਖੀ ਤੇ ਇਸੇ ਵਿਚ ਆਪਣੀ ਮਹਾਨਤਾ ਸਮਝਦਾ ਸੀ। ਉਹ ਆਪਣੀ ਤੰਗ ਨਜ਼ਰ ਨੂੰ ਹੀ ਸੂਖਮ ਦ੍ਰਿਸ਼ਟੀ ਸਮਝਦਾ ਸੀ। ਉਸਨੂੰ ਪਤਾ ਨਹੀਂ ਸੀ ਕਿ ਤੰਗ ਨਜ਼ਰ ਨੂੰ ਸੂਖਮ ਦ੍ਰਿਸ਼ਟੀ ਨਹੀਂ ਕਹਿੰਦੇ। ਸੂਖਮ ਦ੍ਰਿਸ਼ਟੀ ਬਰੀਕ ਹੁੰਦੀ ਹੈ ਪਰ ਵਿਸ਼ਾਲ ਹੁੰਦੀ ਹੈ। ਵਿਸ਼ਾਲ ਦ੍ਰਿਸ਼ਟੀ ਵਾਲਾ ਇਕ ਨਜ਼ਰ ਨਾਲ ਇਕ ਚੀਜ਼ ਦੇ ਹਜ਼ਾਰਾਂ ਪੱਖ ਸੋਚ ਸਕਦਾ ਹੈ ਤੇ ਤੰਗ ਨਜ਼ਰ ਵਾਲਾ ਇਕ ਨਜ਼ਰ ਨਾਲ ਹਰੇਕ ਚੀਜ਼ ਦਾ ਇਕ ਹੀ ਪੱਖ ਸੋਚਦਾ ਹੈ।


ਭਾਈ ਕਾਨ੍ਹ ਸਿੰਘ ਨਾਭੇ ਨੇ ਸਿਖਾਂ ਦੇ ਮਨ ਦੇ ਇਕ ਖੂੰਜੇ ਦੀ ਸਫਾਈ ਲਈ 'ਹਮ ਹਿੰਦੂ ਨਹੀ' ਕਿਤਾਬ ਲਿਖੀ ਸੀ। ਪਰ ਕਈ ਅਨਾੜੀ ਲੋਕਾਂ ਨੇ ਮਨ ਦੇ ਉਸ ਇਕ ਖੂੰਜੇ ਨੂੰ ਹੀ ਗੁਰਮਤਿ ਅਨੁਮਾਨ ਲਿਆ ਹੈ। ਉਹ ਗੁਰਮਤਿ ਦੇ ਵਿਸ਼ਾਲ ਮਨੋਰਥ ਨੂੰ ਖਿੱਚ-ਧੂਹ ਕੇ ਉਸ ਖੂੰਜੇ ਤਕ ਸੀਮਤ ਕਰ ਦਿੰਦੇ ਹਨ। ਅਸਲ ਵਿਚ ਅਜਿਹੇ ਲੋਕਾਂ ਨੇ ਗੁਰਮਤਿ ਨੂੰ ਖੂੰਜੇ ਲਾਈਨ ਲਗਾ ਦਿਤਾ ਹੈ।

ਗੁਰਮਤਿ ਅਥਾਹ ਸਮੁੰਦਰ ਹੈ, ਜਿਸ ਵਿਚ ਦੁਨੀਆਂ ਭਰ ਦੀਆਂ ਨਦੀਆਂ ਆ ਕੇ ਸਮੁੰਦਰ ਦਾ ਰੂਪ ਹੋ ਜਾਂਦੀਆਂ ਹਨ। ਫਿਰ ਇਸ ਸਮੁੰਦਰ ਦਾ ਪਾਣੀ ਵਾਸ਼ਪੀਕਰਨ ਹੋ ਕੇ ਸਾਰੇ ਬ੍ਰਹਿਮੰਡ ਵਿਚ ਫੈਲ ਜਾਂਦਾ ਹੈ ਤੇ ਮੁੜ ਧਰਤੀ ਦੀ ਪਿਆਸ ਬੁਝਾਉਂਦਾ ਹੈ।

ਇਸ ਲਈ ਗੁਰਮਤਿ ਵਿਚ ਸਭ ਦਰਸ਼ਨ ਅਭੇਦ ਹੋ ਜਾਂਦੇ ਹਨ ਤੇ ਗੁਰਮਤਿ ਵੀ ਬ੍ਰਹਿਮੰਡ ਦਾ ਮਾਰਗ ਦਰਸ਼ਨ ਕਰਦੀ ਹੈ। ਗੁਰਮਤਿ ਨੂੰ ਕਿਸੇ ਇਕ ਖਿਤੇ, ਕਿੱਤੇ, ਕੁਨਬੇ, ਬੋਲੀ, ਲਿੱਪੀ, ਭਾਸ਼ਾ, ਸੱਭਿਆਚਾਰ, ਰੰਗ, ਨਸਲ ਜਾਂ ਕਿਸੇ ਵੀ ਤਰ੍ਹਾਂ ਦੀ ਤੰਗ ਨਜ਼ਰ ਤੱਕ ਸੀਮਤ ਕਰਨਾ ਸਹੀ ਨਹੀਂ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗਿਆਨ ਪ੍ਰਬੋਧ ਵਿਚ ਲਿਖਿਆ ਹੈ: ਸਭੈ ਅੱਛਰ ਬਿਦਿਆ ਸਭੈ ਦੇਸ ਬਾਨੀ॥ ਸਭੈ ਦੇਸ ਪੂਜਾ ਸਮਸਤੋ ਪ੍ਰਧਾਨੀ॥ ਭਾਈ ਸਾਹਿਬ ਕਪੂਰ ਸਿੰਘ ਨੇ ਇਸਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ ਕਿ ਸਭ ਲਿੱਪੀਆਂ, ਬੋਲੀਆਂ, ਗਿਆਨ ਅਤੇ ਧਰਮ ਮਹਾਨ ਹਨ।

ਗੁਰਮਤਿ ਧਾਗਾ ਨਹੀਂ ਬਲਕਿ ਸੂਖਮ ਧਾਗਿਆਂ ਦੇ ਤਾਣੇ-ਬਾਣੇ ਦੀ ਬੁਣੀ ਹੋਈ ਚਾਦਰ ਹੈ। ਇਹ ਸਾਰੀ ਸ੍ਰਿਸ਼ਟੀ ਨੂੰ ਆਪਣੇ ਹੇਠ ਕੱਜਣ ਦੀ ਸਮਰੱਥਾ ਰਖਦੀ ਹੈ। ਇਸਨੂੰ ਲੀਰ-ਲੀਰ ਕਰ ਕੇ ਇਸ ਦੀਆਂ ਡੋਰਾਂ ਜਾਂ ਧਾਗੇ ਨਹੀਂ ਵੱਟਣੇ ਚਾਹੀਦੇ। ਇਸਨੂੰ ਸਾਬਤ ਸਬੂਤੀ ਚਾਦਰ ਦੀ ਤਰ੍ਹਾਂ ਸਾਂਭ ਕੇ ਰੱਖਣਾ ਚਾਹੀਦਾ ਹੈ।



ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਕਿਤਾਬ ਦੇ ਮੁੱਢ ਵਿਚ ਇਕ ਜ਼ਰੂਰੀ ਬੇਨਤੀ ਕੀਤੀ ਹੈ, ਜਿਸਨੂੰ ਪੜ੍ਹਨਾ ਬੇਹਦ ਜ਼ਰੂਰੀ ਹੈ।

# ਦੁਧੀਆ ਬਾਣੇ ਵਾਲਾ ਦਰਵੇਸ਼ - ਚਾਚਾ ਚਾਨਣ ਸਿੰਘ ਮਿਸਤਰੀ

## ਮੇਰੇ ਆਪਣੇ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

***ਪੰਜਾਬ, ਪਿੰਡਾਂ ਵਿਚ ਵੱਸਦਾ ਤੇ ਪਿੰਡਾਂ ਵਿਚ ਰੱਬ ਵੱਸਦਾ ਕਿਉਂਕਿ ਪਿੰਡਾਂ ਵਿਚ ਹੀ ਵੱਸਦੇ ਸਨ ਰੱਬ ਵਰਗੇ ਫਰਿਸ਼ਤਾ ਲੋਕ। ਪਿੰਡ ਦੇ ਸਮਾਜਿਕ ਰੰਗਾਂ ਦੀ ਖ਼ੂਬਸੂਰਤੀ ਵਿਚ ਵੱਖ-ਵੱਖ ਕਿੱਤਿਆਂ, ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਆਪਸੀ ਸਹਿਚਾਰ, ਭਾਈਚਾਰਕ ਸਾਂਝ, ਇਕ ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਤਤਪਰਤਾ ਆਦਿ ਸਭ ਸ਼ਾਮਲ ਹੁੰਦਾ ਸੀ। ਪੇਂਡੂਆਂ ਦੇ ਮਨਾਂ ਦੀ ਪਾਕੀਜ਼ਗੀ ਤੇ ਸਾਦਗੀ ਦੀ ਸੰਗਤ ਵਿਚ ਮੌਲਦੀਆਂ ਨਸਲਾਂ ਨੇ ਆਪਣੇ ਪੁਰਖਿਆਂ ਦੀਆਂ ਸੁਮੱਤਾਂ ਅਤੇ ਸਮਝੌਤਿਆਂ ਵਿਚੋਂ ਆਪਣੀ ਸੁਪਨਸਾਜ਼ੀ ਨੂੰ ਪ੍ਰਵਾਜ਼ ਦਿੱਤੀ। ਕੁਝ ਲੋਕ ਆਮ ਹੁੰਦਿਆਂ ਵੀ ਖਾਸਮ-ਖਾਸ ਹੋਏ ਮੇਰੇ ਚੇਤਿਆਂ ਵਿਚ ਵੱਸਦੇ ਨੇ ਜਿਨ੍ਹਾਂ ਦਾ ਸ਼ਾਬਦਿਕ ਚਿੱਤਰ ਪੰਜਾਬੀ ਪਿਆਰਿਆਂ ਲਈ ਹਾਜ਼ਰ ਹੈ। ਸ਼ਾਇਦ ਇਹ ਲੋਕ ਸਾਡੇ ਸਾਰਿਆਂ ਦੇ ਹੀ ਚੇਤਿਆਂ ਵਿਚ ਵੱਸਦੇ ਹਨ ਕਿਉਂਕਿ ਇਹ ਸਾਡੇ ਆਪਣੇ ਲੋਕ ਸਨ। ਤੁਸੀਂ ਇਨ੍ਹਾਂ ਰਾਹੀਂ ਆਪਣੇ ਵਿਰਸੇ ਨੂੰ ਜ਼ਰੂਰ ਯਾਦ ਕਰਨਾ। ਇਹੀ ਉਨ੍ਹਾਂ ਨੂੰ ਸਭ ਤੋਂ ਵੱਡੀ ਅਕੀਦਤ ਹੋਵੇਗੀ।***

ਸਫ਼ੈਦ ਕੁੜਤਾ। ਰੇਬ ਪਜਾਮਾ। ਸਿਰ 'ਤੇ ਚਿੱਟੀ ਦਸਤਾਰ। ਪ੍ਰਕਾਸ਼ ਕੀਤਾ ਦਾਹੜਾ। ਲਾਲ ਸੂਹਾ ਚਿਹਰਾ। ਮੁੱਖ 'ਤੇ ਨੂਰਾਨੀ ਖੇੜਾ ਤੇ ਪਸਰੀ ਹੋਈ ਮਿੰਨੀ ਮਿੰਨੀ ਮੁਸਕਰਾਹਟ। ਮੱਥੇ ਤੋਂ ਤਿਊੜੀ ਗਾਇਬ। ਨਾਮਧਾਰੀ ਮਿਸਤਰੀ ਚਾਨਣ ਸਿੰਘ ਰੱਬ ਦੀ ਰਜ਼ਾ ਵਿਚ ਰਹਿਣ ਵਾਲਾ। ਆਪਣੇ ਅਸੂਲਾਂ ਦਾ ਪੱਕਾ। ਕਮਾਲ ਦਾ ਲੱਕੜ ਦਾ ਮਿਸਤਰੀ ਅਤੇ ਇੱਟਾਂ ਨਾਲ ਘਰਾਂ ਦੀ ਉਸਾਰੀ ਦਾ ਮਾਹਰ।

ਮਿਸਤਰੀ ਚਾਨਣ ਸਿੰਘ ਆਪਣੀਆਂ ਸ਼ਰਤਾਂ 'ਤੇ ਮਰਜ਼ੀ ਨਾਲ ਹਰ ਕੰਮ ਨੂੰ ਹੱਥ ਪਾਉਣ ਵਾਲਾ। ਜੀਅ ਜਾਨ ਅਤੇ ਰੂਹਦਾਰੀ ਨਾਲ ਕੰਮ ਕਰਨ ਦਾ ਧਾਰਨੀ। ਸਮੇਂ ਦਾ ਬਹੁਤ ਪਾਬੰਦ। ਕਿਸੇ ਘਰ ਵਿਚ ਉਸਾਰੀ ਕਰਦਾ ਹੋਵੇ ਤਾਂ ਉਸਦਾ ਸਵੇਰੇ ਆਉਣ, ਦੁਪਹਿਰ ਨੂੰ ਆਪਣੇ ਘਰ ਰੋਟੀ ਖਾਣ ਦਾ ਵਕਤ ਅਤੇ ਸ਼ਾਮ ਨੂੰ ਕੰਮ ਖਤਮ ਕਰਕੇ ਜਾਣ ਦਾ ਸਮਾਂ ਨਿਸ਼ਚਿਤ ਹੁੰਦਾ। ਉਸਨੂੰ ਆਪਣੇ ਕੰਮ ਵਿਚ ਕਿਸੇ ਕਿਸਮ ਦੀ ਟੋਕਾ-ਟਾਕੀ ਬਿਲਕੁਲ ਵੀ ਪਸੰਦ ਨਹੀਂ ਸੀ। ਉਹ ਆਪਣੇ ਕੰਮ ਵਿਚ ਇੰਨਾ ਪ੍ਰਬੀਨ ਕਿ ਕਿਹੜੀ ਇੱਟ ਕਿਥੇ ਲਾਉਣੀ, ਖਿੜਕੀ, ਬੂਹਾ ਤੇ ਰੌਸ਼ਨਦਾਨ ਕਿਥੇ ਰੱਖਣਾ, ਟੀਪ ਕਿਥੇ ਕਰਨੀ, ਗਾਰੇ ਨਾਲ ਉਸਾਰੀ ਕਿਥੇ ਕਰਨੀ ਅਤੇ ਪਲੱਸਤਰ ਦੀ ਲੋੜ ਕਿਥੇ ਹੈ, ਆਦਿ ਸਭ ਪਤਾ ਹੁੰਦਾ?

ਮੇਰੇ ਬਾਪ ਅਤੇ ਮਿਸਤਰੀ ਚਾਨਣ ਸਿੰਘ ਸਿਰਨਾਵੇਂ ਵੀ ਸਨ ਤੇ ਹਾਣੀ ਵੀ। ਇਕ ਦੂਜੇ ਨਾਲ ਬਹੁਤ ਬਣਦੀ ਪਰ ਜਦ ਵੀ ਘਾਣੀ ਚੰਗੀ ਨਾ ਬਣਨੀ ਜਾਂ ਇੱਟਾਂ ਚੰਗੀ ਤਰ੍ਹਾਂ ਤਰ ਨਾ ਹੋਣੀਆਂ ਤਾਂ ਉਹ ਲਾਉਣ ਤੋਂ ਨਾਂਹ ਕਰ ਦਿੰਦਾ, ਅਤੇ ਆਪਣੀ ਤਸੱਲੀ ਹੋਣ 'ਤੇ ਹੀ ਘਾਣੀ ਜਾਂ ਇੱਟਾਂ ਨੂੰ ਵਰਤਦੇ। ਮਿਸਤਰੀ ਚਾਨਣ ਸਿੰਘ ਹੁਰਾਂ ਦੀ ਖਾਸੀਅਤ ਸੀ ਕਿ ਜਦ ਇੱਟਾਂ/ਬਾਲਿਆਂ ਦੀ ਛੱਤ ਪਾਉਣੀ ਤਾਂ ਲਾਲ ਗੇਰੂਏ ਰੰਗ ਨਾਲ ਇੱਟਾਂ ਨੂੰ ਰੰਗ ਕਰਵਾਉਣਾ। ਸਾਡੇ ਵਰਗਿਆਂ ਨੂੰ ਕਹਿਣਾ ਕਿ ਇੱਟਾਂ 'ਤੇ ਕਲੀ ਨਾਲ ਆਪਣੇ ਸਾਰੇ ਘਰਦਿਆਂ ਦੇ ਨਾਮ ਲਿਖੋ। ਤਰੀਕ ਵੀ ਜ਼ਰੂਰ ਲਿਖਵਾਉਣੀ ਕਿ ਇਹ ਮਕਾਨ ਕਦੋਂ ਬਣਿਆ ਸੀ? ਕੁਝ ਸਾਲ ਪਹਿਲਾਂ ਜਦ ਮੈਂ ਆਪਣੇ ਪਿੰਡ ਵਿਚਲੇ ਪੁਰਾਣੇ ਘਰ ਗਿਆ ਜੋ ਗੁਆਂਢੀਆਂ ਨੂੰ ਵੇਚ ਦਿਤਾ ਸੀ ਤਾਂ ਛੱਤ ਦੀਆਂ ਇੱਟਾਂ ਉਪਰ ਫਿੱਕੇ ਹੋ ਗਏ ਪਰਿਵਾਰਕ ਮੈਂਬਰਾਂ ਦੇ ਨਾਂ ਪੜ੍ਹ ਕੇ ਬੀਤੇ ਦੀ ਯਾਦ ਵਿਚ ਗਵਾਚ ਗਿਆ। ਕਿੰਨਾ ਪਿਆਰਾ ਉਹ ਵਕਤ ਸੀ ਜਦ 'ਕੱਲੀ 'ਕੱਲੀ ਇੱਟ ਨੂੰ ਸ਼ਿੰਗਾਰ ਕੇ ਮਿਸਤਰੀ ਚਾਨਣ ਸਿੰਘ ਰੂਹ ਨਾਲ ਟਿਕਾਉਂਦਾ ਤਾਂ ਕਿ ਸਾਰੇ ਨਾਂ ਇਕ ਖਾਸ ਰੂਪ ਅਖ਼ਤਿਆਰ ਕਰਨ। ਉਸ ਦੀਆਂ ਹਿਦਾਇਤਾਂ ਦੀ ਪਾਲਣਾ ਕਰਦਿਆਂ ਤੁਹਾਡੇ ਸੁਪਨਿਆਂ ਦਾ ਘਰ ਤਿਆਰ ਹੋ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਕੌਣ ਘਰਾਂ ਦੇ ਨਕਸ਼ੇ ਤਿਆਰ ਕਰਦਾ ਸੀ? ਮਿਸਤਰੀ ਚਾਨਣ ਸਿੰਘ ਸਿਰਫ਼ ਇੱਟਾਂ ਨਾਲ ਉਸਾਰੀ ਦਾ ਹੀ ਕੰਮ ਨਹੀਂ ਕਰਦਾ ਸਗੋਂ ਇਸਦੇ ਨਾਲ-ਨਾਲ ਉਹ ਲੱਕੜ ਦਾ ਬਹੁਤ ਚੰਗਾ ਕਾਰੀਗਰ ਸੀ। ਬੂਹੇ ਦੀਆਂ ਚੁਗਾਠਾਂ, ਖਿੜਕੀਆਂ, ਪੱਲੇ, ਰੌਸ਼ਨਦਾਨ, ਅਲਮਾਰੀਆਂ ਆਦਿ ਨੂੰ ਤਿਆਰ ਕਰਨ ਵਿਚ ਉਸਦਾ ਵੱਖਰਾ ਹੀ ਕਮਾਲ ਸੀ। ਦਰਅਸਲ ਉਹ ਬਹੁਪੱਖੀ ਕਾਰੀਗਰ ਸੀ। ਪਿੰਡਾਂ ਵਿਚ ਅਕਸਰ ਹੀ ਹੁੱਨਰਮੰਦ ਲੋਕ ਇਕ ਤੋਂ ਜ਼ਿਆਦਾ ਕੰਮਾਂ ਵਿਚ ਮਾਹਰ ਹੁੰਦੇ ਸਨ ਤਾਂ ਜੋ ਪਿੰਡ ਵਾਸੀਆਂ ਦੀਆਂ ਹਰ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਕੀਤੀ ਜਾ ਸਕੇ। ਉਨ੍ਹਾਂ ਨੂੰ ਕਿਸੇ ਲੋੜ-ਪੂਰਤੀ ਲਈ ਬਾਹਰੋਂ ਕਾਰੀਗਰ ਨਾ ਲੱਭਣਾ ਪਵੇ। ਇਹ ਵਰਤਾਰਾ ਹਰ ਪਿੰਡਵਾਸੀ ਦੀ ਫਿਤਰਤ ਦਾ ਹਿੱਸਾ ਸੀ। ਮੇਰਾ ਬਾਪ ਵਾਹੀ ਦੇ ਨਾਲ-ਨਾਲ ਗੱਡਾ ਵੀ ਵਾਹੁੰਦਾ ਸੀ ਜਿਸ ਨਾਲ ਕੁਝ ਵਾਧੂ ਆਮਦਨੀ ਹੋ ਜਾਂਦੀ ਅਤੇ ਘਰ ਦੀਆਂ ਜ਼ਰੂਰਤਾਂ ਵੀ ਅਸਾਨੀ ਨਾਲ ਪੂਰੀਆਂ ਹੋ ਜਾਂਦੀਆਂ ਸਨ। ਮਿਸਤਰੀ ਚਾਨਣ ਸਿੰਘ ਜਿਥੇ ਘਰਾਂ ਆਦਿ ਦੀ ਉਸਾਰੀ ਅਤੇ ਲੱਕੜ ਦਾ ਕੰਮ ਕਰਨ ਵਿਚ ਬਹੁਤ ਰੁੱਝਿਆ ਹੁੰਦਾ ਸੀ ਉਥੇ ਉਹ ਲੱਕੜ ਦੇ ਸੰਦਾਂ ਦੀ ਤ੍ਰਿਖਾਣਾ ਸੇਪੀ ਵੀ ਕਰਦਾ ਸੀ। ਯਾਨੀ ਹਰ ਕਿਰਸਾਨ ਦੇ ਵਾਹੀ ਲਈ ਵਰਤੇ ਜਾਣ ਵਾਲੇ ਲੱਕੜੀ ਦੇ ਸੰਦਾਂ ਨੂੰ ਤਿਆਰ ਕਰਨਾ, ਉਨ੍ਹਾਂ ਦੀ ਮੁਰੰਮਤ ਕਰਨਾ ਜਿਵੇਂ ਪਹਿਲੇ ਸਮਿਆਂ ਵਿਚ ਹਲ, ਗੱਡਾ, ਸੁਹਾਗਾ, ਜਿੰਦਰਾ, ਸਲੰਘ, ਪੌੜੀ, ਪੰਜਾਲੀ, ਆਦਿ ਤਾਂ ਲੱਕੜੀ ਦੇ ਹੁੰਦੇ ਜਦ ਕਿ ਦਾਤੀ, ਕਹੀ, ਰੰਬੇ ਆਦਿ ਦੇ ਦਸਤੇ ਵੀ ਲੱਕੜ ਦੇ ਹੁੰਦੇ ਜੋ ਮਿਸਤਰੀ ਚਾਨਣ ਸਿੰਘ ਵਲੋਂ ਤਿਆਰ ਕੀਤੇ ਜਾਂਦੇ। ਪਰ ਸੇਪੀ ਦਾ ਕੰਮ ਉਹ ਸ਼ਾਮ/ਸਵੇਰੇ ਹੀ ਕਰਦਾ ਕਿਉਂਕਿ ਜ਼ਿਆਦਾਤਰ ਉਹ ਇੱਟਾਂ ਜਾਂ ਲੱਕੜ ਦੇ ਮਿਸਟਰੀ ਵਜੋਂ ਹੀ ਕੰਮ ਕਰਦਾ ਸੀ।

ਚਾਨਣ ਸਿੰਘ ਮਿਸਤਰੀ ਦਾ ਇਕ ਹੋਰ ਵੀ ਵੱਡਾ ਵਾਧਾ ਸੀ ਕਿ ਉਸਦਾ ਆਪਣਾ ਖ਼ਰਾਸ ਸੀ ਜਿਥੇ ਪੱਤੀ ਵਾਲੇ ਕਣਕ, ਮੱਕੀ ਆਦਿ ਦਾ ਆਟਾ ਪੀਸਦੇ ਜਾਂ ਪਸ਼ੂਆਂ ਵਾਸਤੇ ਰਲੇ-ਮਿਲੇ ਅਨਾਜ ਦਾ ਦਲੀਆ ਨੁਮਾ ਵੰਡ ਪੀਸਿਆ ਜਾਂਦਾ। ਸਾਡੇ ਸਮਿਆਂ ਵਿਚ ਆਟਾ ਪੀਹਣ ਵਾਲੀਆਂ ਮਸ਼ੀਨਾਂ ਨਹੀਂ ਸਨ ਸਗੋਂ ਹਰ ਪੱਤੀ ਵਿਚ ਇਕ ਖ਼ਰਾਸ ਹੁੰਦਾ ਸੀ। ਖ਼ਰਾਸ ਅਕਸਰ ਹੀ ਸਾਰਾ ਦਿਨ ਚੱਲਦਾ ਰਹਿੰਦਾ ਅਤੇ ਜਿਸ ਵੀ ਪਰਿਵਾਰ ਦੀ ਅਗਲੀ ਵਾਰੀ ਹੁੰਦੀ, ਉਹ ਆਪਣਾ ਜੂਲ਼ਾ ਖ਼ਰਾਸ 'ਤੇ ਰੱਖ ਜਾਂਦਾ। ਵਾਰੀ ਸਿਰ ਲੋਕ ਆਟਾ ਪੀਂਹਦੇ ਅਤੇ ਇਸਦਾ ਕੁਝ ਹਿੱਸਾ ਖ਼ਰਾਸ ਦੇ ਕਿਰਾਏ ਵਜੋਂ ਚਾਨਣ ਸਿੰਘ ਦੇ ਪਰਿਵਾਰ ਨੂੰ ਦਿਤਾ ਜਾਂਦਾ। ਖਾਸ ਗੱਲ ਇਹ ਸੀ ਕਿ ਉਨ੍ਹਾਂ ਸਮਿਆਂ ਵਿਚ ਇੰਨੀ ਦਿਆਨਤਦਾਰੀ ਹੁੰਦੀ ਕਿ ਹਰ ਘਰ ਨੂੰ ਪਤਾ ਹੁੰਦਾ ਕਿ ਕਿੰਨਾ ਆਟਾ ਪੀਸਿਆ ਅਤੇ ਕਿੰਨਾ ਆਟਾ ਇਸਦੇ ਇਵਜ਼ ਵਿਚ ਮਿਸਤਰੀ ਜੀ ਦੇ ਪਰਿਵਾਰ ਨੂੰ ਦੇਣਾ ਹੈ। ਭਾਈਚਾਰਕ ਸਾਂਝ ਵੀ ਕਮਾਲ ਦੀ ਹੁੰਦੀ। ਜਦ ਕਿਸੇ ਘਰ ਵਿਚ ਵਿਆਹ ਆਦਿ ਕੋਈ ਸਮਾਗਮ ਹੁੰਦਾ ਜਿਥੇ ਜ਼ਿਆਦਾ ਆਟੇ ਦੀ ਲੋੜ ਹੁੰਦੀ ਉਥੇ ਸ਼ਰੀਕੇ ਵਾਲਿਆਂ ਦੀਆਂ ਜੋਗਾਂ ਵਾਰੀ ਸਿਰ ਆ ਕੇ ਆਟਾ ਪੀਂਹਦੀਆਂ ਸਨ। ਕੁਝ ਸਮੇਂ ਬਾਅਦ ਚਾਨਣ ਸਿੰਘ ਖ਼ਰਾਸ ਨੂੰ ਖ਼ਰਾਦਦਾ ਤਾਂ ਕਿ ਅਨਾਜ ਦੀ ਪਿਸਾਈ ਬਿਹਤਰ ਤਰੀਕੇ ਨਾਲ ਹੋ ਸਕੇ। ਉਨ੍ਹਾਂ ਦਿਨਾਂ ਵਿਚ ਖ਼ਰਾਸ ਦੇ ਵਿਹੜੇ ਵਿਚ ਰੌਣਕ ਨਾ ਹੁੰਦੀ ਵਰਨਾ ਖ਼ਰਾਸ ਦੇ ਆਲੇ-ਦੁਆਲੇ ਅਕਸਰ ਹੀ ਪੱਤੀ ਵਾਲਿਆਂ ਦਾ ਆਉਣਾ-ਜਾਣਾ ਲੱਗਾ ਰਹਿੰਦਾ। ਮਿਸਤਰੀ ਚਾਨਣ ਦੇ ਸ਼ਰੀਕੇ ਦੇ ਜ਼ਿਆਦਾਤਰ ਲੋਕ ਸ਼ਹਿਰਾਂ ਵਿਚ ਬਿਹਤਰ ਮੌਕਿਆਂ ਦੀ ਤਲਾਸ਼ ਵਿਚ ਚਲੇ ਗਏ। ਪਰ ਉਸ ਨੇ ਆਪਣੇ ਪਿੱਤਰੀ ਕਿੱਤੇ ਨੂੰ ਬਹੁਤ ਜ਼ਿਆਦਾ ਸਮੇਂ ਤੱਕ ਜਾਰੀ ਰੱਖਿਆ। ਉਸਦਾ ਵੱਡਾ ਲੜਕਾ ਸੀਤਲ ਸਿੰਘ ਮੇਰਾ ਹਮਉਮਰ ਸੀ ਜੋ ਸਕੂਲੀ ਪੜ੍ਹਾਈ ਤੋਂ ਬਾਅਦ ਜਲੰਧਰ ਚਲਾ ਗਿਆ। ਕੁਝ ਸਮੇਂ ਬਾਅਦ ਮਿਸਤਰੀ ਚਾਨਣ ਸਿੰਘ ਵੀ ਆਪਣੇ ਬਾਕੀ ਪਰਿਵਾਰ ਨਾਲ ਜਲੰਧਰ ਚਲੇ ਗਿਆ ਅਤੇ ਪਿੰਡ ਨਾਲ ਉਸਦਾ ਕੋਈ ਬਹੁਤਾ ਰਾਬਤਾ ਨਾ ਰਿਹਾ। ਪਰ ਮੇਰੀ ਸੁਰਤ ਵਿਚ ਉਸਦਾ ਬਣਾਇਆ ਹੋਇਆ ਸਾਡਾ ਚੁਬਾਰਾ ਹੁਣ ਜਦ ਵੀ ਚੇਤੇ ਆਉਂਦਾ ਤਾਂ ਮਿਸਤਰੀ ਚਾਨਣ ਸਿੰਘ ਦੀ ਯਾਦ ਆ ਜਾਂਦੀ ਕਿਉਂਕਿ ਬਿਨ-ਬੂਹਿਉਂ ਅਤੇ ਖਿੜਕੀਆਂ ਤੋਂ ਇਹੀ ਚੁਬਾਰਾ ਸੀ ਜਿਹੜਾ ਮੇਰੀ ਅਕਾਦਮਿਕ ਯਾਤਰਾ ਦਾ ਸਭ ਤੋਂ ਨੇੜਲਾ ਸਾਥੀ ਸੀ। ਇਸਦੀ ਸੰਗਤ ਵਿਚ ਮੈਨੂੰ ਨਾ ਤਾਂ ਸਰਦੀ ਵਿਚ ਕਾਂਬਾ ਛਿੜਦਾ ਅਤੇ ਨਾ ਹੀ ਗਰਮੀ ਵਿਚ ਆਏ ਮੁੜ੍ਹਕੇ ਅਤੇ ਭਿਣਕਦੇ ਮੱਛਰਾਂ ਤੋਂ ਮਨ ਉਕਤਾਇਆ।

ਇਸ ਚੁਬਾਰੇ ਦੀ ਹਰ ਇੱਟ ਵਿਚ ਉਸਦੀ ਛੋਹ ਹੈ। ਇਸਦੀ ਛੱਤ ਉਪਰ ਲਿਖੇ ਹੋਏ ਨਾਂ ਮੇਰੀ ਪ੍ਰੇਰਨਾ ਸਨ ਕਿਉਂਕਿ ਇਹੀ ਨਾਂ ਮੈਨੂੰ ਕੁਝ ਕਰਨ ਅਤੇ ਅੱਗੇ ਵਧਣ ਲਈ ਪ੍ਰੇਰਤ ਕਰਦੇ ਸਨ। ਪਿੰਡ ਅੰਦਰਲਾ ਪੁਰਾਣਾ ਘਰ ਭਾਵੇਂ ਸਾਡੇ ਕੋਲ ਨਹੀਂ ਪਰ ਜਦ ਵੀ ਮੈਂ ਪਿੰਡ ਜਾਵਾਂ ਅਤੇ ਕਦੇ ਕਦਾਈਂ ਉਸ ਚੁਬਾਰੇ ਵਿਚ ਫੇਰਾ ਪਾਵਾਂ ਤਾਂ ਮਿਹਨਤ-ਮੁਸ਼ੱਕਤ ਦੇ ਦਿਨਾਂ ਨੂੰ ਚਿਤਵਦਿਆਂ ਮਿਸਤਰੀ ਚਾਨਣ ਸਿੰਘ ਮੇਰੇ ਦੀਦਿਆਂ ਸਾਹਵੇਂ ਅਛੋਪਲੇ ਜਹੇ ਆ ਜਾਂਦਾ। ਜਾਪਦਾ! ਕਹਿੰਦਾ ਹੋਵੇ ਕਿ ਇਸ ਚੁਬਾਰੇ ਵਿਚ ਬਹਿ ਕੇ ਪੜ੍ਹਾਈ ਕਰਨ ਵਾਲਿਆ! ਤੇਰੇ ਸੁਪਨਿਆਂ ਦੀ ਪ੍ਰਵਾਜ਼ ਦਾ ਮੈਨੂੰ ਕਿਆਸ ਹੋ ਗਿਆ ਸੀ। ਮੈਨੂੰ ਨਾਜ਼ ਹੈ ਕਿ ਤੂੰ ਆਪਣੇ ਮਾਪਿਆਂ ਦੀ ਮਿਹਨਤ ਦਾ ਮੁੱਲ ਮੋੜ ਦਿੱਤਾ। ਮਨ ਹੀ ਮਨ ਵਿਚ ਇਹ ਸੁਣਦਿਆਂ ਮੈਂ ਚੁਪ ਹੋ ਜਾਂਦਾ ਅਤੇ ਮੈਨੂੰ ਮੇਰੇ ਬਾਪ ਅਤੇ ਮਿਸਤਰੀ ਚਾਨਣ ਸਿੰਘ ਹੁਰਾਂ ਦੀ ਸਾਂਝ ਦਾ ਸੁੰਦਰ ਸਰੂਪ ਸ਼ਰਸ਼ਾਰ ਕਰ ਜਾਂਦਾ।

---

# 'ਯਾਦਾਂ ਵਿਛੜੇ ਸੱਜਣ ਦੀਆਂ ਆਈਆਂ...।'

## ਬਰਸੀ ਨੂੰ ਸਮਰਪਿਤ

**ਰਣਜੀਤ ਸਿੰਘ ਝੁਨੀਰ**
**ਫੋਨ: 98151-80416**

16 ਅਗਸਤ 1997 ਦਾ ਦਿਨ ਵਿਸ਼ਵ ਸੰਗੀਤ ਜਗਤ ਵਿਚ ਇੱਕ ਅਜਿਹੀ ਖ਼ਾਮੋਸ਼ੀ ਲੈ ਕੇ ਆਇਆ ਸੀ, ਜਿਸ ਦੀ ਗੂੰਜ ਅੱਜ ਵੀ ਸਰੋਤਿਆਂ ਦੇ ਦਿਲਾਂ ਵਿਚ ਪੂਰੀ ਸ਼ਿੱਦਤ ਨਾਲ ਸੁਣਾਈ ਦਿੰਦੀ ਹੈ। ਇਸ ਦਿਨ ਸੂਫ਼ੀ ਸੰਗੀਤ ਅਤੇ ਕਵਾਲੀ ਦੀ ਰੂਹ ਕਹੇ ਜਾਣ ਵਾਲੇ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਨ ਸਾਹਿਬ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਸਨ। ਉਹ ਮਹਿਜ਼ ਇੱਕ ਗਾਇਕ ਨਹੀਂ ਸਨ, ਸਗੋਂ ਰੂਹਾਨੀਅਤ, ਸੁਰਾਂ ਅਤੇ ਧੁਨਾਂ ਦੇ ਅਜਿਹੇ ਸੰਗਮ ਸਨ ਜਿਨ੍ਹਾਂ ਨੇ ਪੂਰਬ ਤੋਂ ਲੈ ਕੇ ਪੱਛਮ ਤੱਕ ਸੰਗੀਤ ਦੀਆਂ ਸਰਹੱਦਾਂ ਅਤੇ ਧਰਮ-ਭਾਸ਼ਾ ਦੇ ਭੇਦਭਾਵ ਮੇਟ ਦਿੱਤੇ।

ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਨ ਸਾਹਿਬ ਦਾ ਜਨਮ ਲਹਿੰਦੇ ਪੰਜਾਬ ਦੇ ਲਾਇਲਪੁਰ ਹੁਣ ਫ਼ੈਸਲਾਬਾਦ ਵਿਚ 13 ਅਕਤੂਬਰ 1948 ਨੂੰ ਪਾਕਿਸਤਾਨ ਵਿਖੇ ਹੋਇਆ। ਉਨ੍ਹਾਂ ਦਾ ਪਰਿਵਾਰ ਮੂਲ ਰੂਪ ਵਿਚ ਚੜ੍ਹਦੇ ਪੰਜਾਬ ਦੇ ਜਲੰਧਰ (ਬਸਤੀ ਸ਼ੇਖ) ਨਾਲ ਸਬੰਧਤ ਸੀ, ਜੋ 1947 ਦੀ ਭਾਰਤ-ਪਾਕਿ ਵੰਡ ਸਮੇਂ ਪਾਕਿਸਤਾਨ ਜਾ ਵੱਸਿਆ। ਉਨ੍ਹਾਂ ਦੇ ਪਿਤਾ ਉਸਤਾਦ ਫ਼ਤਹਿ ਅਲੀ ਖ਼ਾਨ ਆਪ ਕਵਾਲੀ ਦੇ ਮੰਨੇ-ਪ੍ਰਮੰਨੇ ਉਸਤਾਦ ਸਨ। ਖ਼ਾਨ ਸਾਹਿਬ ਆਪਣੇ ਪਿਤਾ ਦੀ ਪੰਜਵੀਂ ਔਲਾਦ ਸਨ; ਪਰਿਵਾਰ ਵਿਚ ਉਨ੍ਹਾਂ ਦੀਆਂ ਚਾਰ ਵੱਡੀਆਂ ਭੈਣਾਂ ਅਤੇ ਇੱਕ ਛੋਟਾ ਭਰਾ ਫਾਰੂਖ ਫ਼ਤਹਿ ਅਲੀ ਖ਼ਾਨ ਸਨ। ਖ਼ਾਨ ਸਾਹਿਬ ਦੇ ਬਚਪਨ ਦਾ ਨਾਂ 'ਪਰਵੇਜ਼' ਸੀ। ਉਨ੍ਹਾਂ ਦੇ ਪਿਤਾ ਨਹੀਂ ਸਨ ਚਾਹੁੰਦੇ ਕਿ ਨੁਸਰਤ ਕਵਾਲੀ ਦੇ ਖੇਤਰ ਵਿਚ ਆਉਣ, ਕਿਉਂਕਿ ਉਸ ਦੌਰ ਵਿਚ ਕਵਾਲਾਂ ਦੀ ਸਮਾਜਿਕ ਸਥਿਤੀ ਅਤੇ ਲਗਾਤਾਰ ਰਿਆਜ਼ ਦੀਆਂ ਮੁਸ਼ਕਲਾਂ ਨੂੰ ਲੈ ਕੇ ਉਹ ਚਿੰਤਤ ਸਨ ਅਤੇ ਉਨ੍ਹਾਂ ਨੂੰ ਡਾਕਟਰ ਜਾਂ ਇੰਜੀਨੀਅਰ ਬਣਾਉਣਾ ਚਾਹੁੰਦੇ ਸਨ। ਪਰ ਨੁਸਰਤ ਦੇ ਦਿਲ ਵਿਚ ਸੰਗੀਤ ਪ੍ਰਤੀ ਅਥਾਹ ਲਗਨ ਸੀ।

ਗਾਉਣ ਤੋਂ ਪਹਿਲਾਂ ਨੁਸਰਤ ਸਾਹਿਬ ਨੇ ਤਬਲਾ ਵਜਾਉਣ ਦੀ ਬਾ-ਕਾਇਦਾ ਤਾਲੀਮ ਹਾਸਲ ਕੀਤੀ ਸੀ ਅਤੇ ਉਹ ਤਬਲਾ ਵਾਦਨ ਵਿਚ ਬੇਹੱਦ ਮਾਹਰ ਸਨ। ਉਨ੍ਹਾਂ ਦੇ ਪਿਤਾ ਅਕਸਰ ਬਚਪਨ ਦਾ ਇੱਕ ਦਿਲਚਸਪ ਕਿੱਸਾ ਸੁਣਾਇਆ ਕਰਦੇ ਸਨ ਕਿ ਜਦੋਂ ਨੁਸਰਤ ਮਹਿਜ਼ 10-11 ਸਾਲ ਦੇ ਸਨ, ਤਾਂ ਕਵਾਲੀ ਦੀ ਇੱਕ ਮਹਿਫ਼ਲ ਵਿਚ ਕੋਈ ਤਬਲਾਵਾਦਕ ਨਹੀਂ ਸੀ ਮਿਲ ਰਿਹਾ। ਉਸ ਵੇਲੇ ਬਾਲ ਨੁਸਰਤ ਨੂੰ ਤਬਲੇ 'ਤੇ ਬਿਠਾਇਆ ਗਿਆ। ਉਨ੍ਹਾਂ ਨੇ ਇੰਨਾ ਮਗਨ ਹੋ ਕੇ ਤਬਲਾ ਵਜਾਇਆ ਕਿ ਗਾਉਣ ਵਾਲਾ ਤਾਂ ਥੱਕ ਗਿਆ, ਪਰ ਇਹ ਬਾਲਕ ਨਾ ਥੱਕਿਆ। ਸੁਣਨ ਵਾਲਿਆਂ 'ਤੇ ਉਨ੍ਹਾਂ ਦੇ ਤਬਲੇ ਨੇ ਇੱਕ ਜਾਦੂ ਜਿਹਾ ਕਰ ਦਿੱਤਾ ਸੀ।

1964 ਵਿਚ ਪਿਤਾ ਦੇ ਅਕਾਲ ਚਲਾਣੇ ਤੋਂ ਬਾਅਦ, ਉਨ੍ਹਾਂ ਨੇ ਆਪਣੇ ਚਾਚਾ ਉਸਤਾਦ ਮੁਬਾਰਕ ਅਲੀ ਖ਼ਾਨ ਅਤੇ ਉਸਤਾਦ ਸਲਾਮਤ ਅਲੀ ਖ਼ਾਨ ਤੋਂ ਸੰਗੀਤ, ਤਾਲ ਅਤੇ ਰਾਗਾਂ ਦੀ ਕਠਿਨ ਤਾਲੀਮ ਹਾਸਲ ਕੀਤੀ। ਖ਼ਾਨ ਸਾਹਿਬ ਦਾ ਸੰਗੀਤਕ ਸਫ਼ਰ ਵਿਸ਼ੇਸ਼ ਤੌਰ 'ਤੇ 1965 ਤੋਂ ਸ਼ੁਰੂ ਹੋਇਆ ਅਤੇ 1971 ਵਿਚ ਆਪਣੇ ਚਾਚੇ ਦੀ ਮੌਤ ਤੋਂ ਬਾਅਦ ਉਨ੍ਹਾਂ ਨੇ ਆਪਣੇ



ਕਵਾਲੀ ਗਰੁੱਪ (ਜਿਸ ਨੂੰ 'ਮੌਸੀਕੀ ਪਾਰਟੀ' ਕਿਹਾ ਜਾਂਦਾ ਸੀ) ਦੀ ਅਗਵਾਈ ਸੰਭਾਲੀ। ਉਨ੍ਹਾਂ ਦੀ ਸ਼ੁਰੂਆਤੀ ਸੋਲੋ ਰਿਕਾਰਡਿੰਗ 'ਸੁਣ ਚਰਖ਼ੇ ਦੀ ਮਿੱਠੀ ਮਿੱਠੀ ਘੂਕ' ਸੀ, ਜਿਸ ਨੇ ਉਨ੍ਹਾਂ ਦੀ ਗਾਇਕੀ ਨੂੰ ਪੂਰੀ ਦੁਨੀਆਂ ਵਿਚ ਇੱਕ ਨਵੀਂ ਪਛਾਣ ਦੁਆਈ। ਇਸ ਤੋਂ ਬਾਅਦ 1975 ਵਿਚ ਰੇਡੀਓ ਪਾਕਿਸਤਾਨ ਦੇ 'ਜਸ਼ਨ-ਏ-ਬਹਾਰਾਂ' ਪ੍ਰੋਗਰਾਮ ਵਿਚ ਗਾਈ ਕਵਾਲੀ 'ਹੱਕ ਅਲੀ ਅਲੀ' ਨਾਲ ਉਨ੍ਹਾਂ ਨੂੰ ਅਥਾਹ ਪ੍ਰਸਿੱਧੀ ਮਿਲੀ। ਖ਼ਾਨ ਸਾਹਿਬ ਨੇ ਸੰਗੀਤਕ ਦੁਨੀਆ ਵਿਚ ਅਜਿਹਾ ਇਨਕਲਾਬ ਲਿਆਂਦਾ ਜਿਸ ਨੇ ਕਵਾਲੀ ਨੂੰ ਸੂਫ਼ੀ ਦਰਗਾਹਾਂ ਅਤੇ ਖਾਨਗਾਹਾਂ ਤੋਂ ਕੱਢ ਕੇ ਅੰਤਰਰਾਸ਼ਟਰੀ ਮੰਚਾਂ 'ਤੇ ਪਹੁੰਚਾਇਆ। ਕਵਾਲੀ ਨੂੰ ਨੌਜਵਾਨ ਪੀੜ੍ਹੀ ਵਿਚ ਲੋਕਪ੍ਰਿਯ ਬਣਾਉਣ ਦਾ ਸਿਹਰਾ ਉਨ੍ਹਾਂ ਦੇ ਸਿਰ ਹੀ ਜਾਂਦਾ ਹੈ। ਉਨ੍ਹਾਂ ਨੇ ਬਾਬਾ ਬੁੱਲ੍ਹੇ ਸ਼ਾਹ, ਅਮੀਰ ਖੁਸਰੋ, ਸ਼ਾਹ ਹੁਸੈਨ, ਧਨੀ ਰਾਮ ਚਾਤ੍ਰਿਕ, ਅਤੇ ਖਵਾਜਾ ਗ਼ੁਲਾਮ ਫ਼ਰੀਦ ਵਰਗੇ ਸੂਫ਼ੀ ਫਕੀਰਾਂ ਦੇ ਕਲਾਮਾਂ ਨੂੰ ਅਜਿਹੀਆਂ ਧੁਨਾਂ ਵਿਚ ਪਰੋਇਆ ਕਿ ਸੁਣਨ ਵਾਲਾ ਰੂਹਾਨੀ ਮਸਤੀ ਵਿਚ ਆ ਜਾਂਦਾ ਸੀ। ਸੰਗੀਤ ਦੇ ਖੇਤਰ ਵਿਚ ਉਨ੍ਹਾਂ ਦੀ ਸਭ ਤੋਂ ਵੱਡੀ ਮੁਹਾਰਤ ਉਨ੍ਹਾਂ ਦਾ ਅਤਿ-ਤੇਜ਼ ਆਲਾਪ, ਸਰਗਮ ਅਤੇ ਘੰਟਿਆਂ-ਬੱਧੀ ਇੱਕੋ ਰਾਗ ਵਿਚ ਗਾਉਣ ਦੀ ਅਥਾਹ ਸਮਰੱਥਾ ਸੀ। ਉਹ ਇੱਕੋ ਸਮੇਂ ਸ਼ਾਸਤਰੀ ਰਾਗਾਂ ਦੀਆਂ ਬਾਰੀਕੀਆਂ ਅਤੇ ਲੋਕ ਸੰਗੀਤ ਦੀ ਸਰਲਤਾ ਨੂੰ ਮਿਲਾ ਸਕਦੇ ਸਨ।

ਉਨ੍ਹਾਂ ਦੀ ਆਵਾਜ਼ ਵਿਚ ਅਜਿਹੀ ਤਾਕਤ ਸੀ ਕਿ ਮਹਿਫ਼ਲ ਵਿਚ ਬੈਠਾ ਸਰੋਤਾ ਕੁਝ ਹੀ ਪਲਾਂ ਵਿਚ ਆਪਣੇ ਆਪ ਨੂੰ ਇੱਕ ਵੱਖਰੀ ਰੂਹਾਨੀ ਦੁਨੀਆਂ ਵਿਚ ਮਹਿਸੂਸ ਕਰਨ ਲੱਗਦਾ। ਸੰਗੀਤ ਦੇ ਇਸ ਬੇਤਾਜ ਬਾਦਸ਼ਾਹ ਦੀ ਸਭ ਤੋਂ ਵੱਡੀ ਖ਼ੂਬੀ ਉਨ੍ਹਾਂ ਦਾ ਨਿਮਰ ਸੁਭਾਅ ਸੀ। 'ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼' ਵਿਚ ਉਨ੍ਹਾਂ ਦਾ ਨਾਂ ਸਭ ਤੋਂ ਵੱਧ ਐਲਬਮਜ਼ (125 ਤੋਂ ਵੱਧ ਕਵਾਲੀ ਐਲਬਮਾਂ) ਰਿਲੀਜ਼ ਕਰਨ ਵਾਲੇ ਕਵਾਲ ਵਜੋਂ ਦਰਜ ਹੈ। ਉਨ੍ਹਾਂ ਦੇ ਗਾਏ ਕਲਾਮਾਂ ਅਤੇ ਗੀਤਾਂ ਦੀ ਕਤਾਰ ਬਹੁਤ ਲੰਮੀ ਹੈ, ਜਿਨ੍ਹਾਂ ਵਿਚ:

ਆਫ਼ਰੀਨ ਆਫ਼ਰੀਨ,
ਨਿੱਤ ਖ਼ੈਰ ਮੰਗਾ ਸੋਹਣਿਆਂ ਮੈਂ ਤੇਰੀ,
ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ,
ਉੱਥੇ ਅਮਲਾਂ ਦੇ ਹੋਣੇ ਨੇ ਨਬੇੜੇ,
ਮੇਰੇ ਰਸ਼ਕੇ ਕਮਰ,
ਦਿਲ ਪੇ ਜ਼ਖਮ ਖਾਤੇ ਹੈਂ,
ਕਿੰਨਾ ਸੋਹਣਾ ਤੈਨੂੰ ਰੱਬ ਨੇ ਬਣਾਇਆ,
ਯਾਦਾਂ ਵਿਛੜੇ ਸੱਜਣ ਦੀਆਂ ਆਈਆਂ,
ਮੈਨੂੰ ਯਾਦਾਂ ਤੇਰੀਆਂ ਆਉਂਦੀਆਂ ਨੇ,
ਸੋਚਤਾ ਹੂੰ ਕੇ ਵੋਹ ਕਿਤਨੇ ਮਾਸੂਮ ਥੇ,
ਤੁਮ੍ਹੇਂ ਦਿਲਲਗੀ ਭੂਲ ਜਾਨੀ ਪੜੇਗੀ,
ਸਾਨੂੰ ਇੱਕ ਪਲ ਚੈਨ ਨਾ ਆਵੇ,
ਤੇਰੇ ਵਿਚੋਂ ਰੱਬ ਦਿਸਦਾ,
ਵਰਗੇ ਅਮਰ ਗੀਤ ਸ਼ਾਮਲ ਹਨ।

ਉਨ੍ਹਾਂ ਨੇ ਰਵਾਇਤੀ ਕਵਾਲੀ ਨੂੰ ਕਾਇਮ ਰੱਖਦਿਆਂ ਪੱਛਮੀ ਸੰਗੀਤਕਾਰਾਂ ਨਾਲ ਵੀ ਪ੍ਰਯੋਗ ਕੀਤੇ, ਜਿਸ ਕਾਰਨ ਉਨ੍ਹਾਂ ਦੀ ਕਲਾ ਸਰਹੱਦਾਂ ਪਾਰ ਯੂਰਪ, ਅਮਰੀਕਾ ਅਤੇ ਦੁਨੀਆ ਦੇ ਹੋਰ ਹਿੱਸਿਆਂ ਵਿਚ ਵੀ ਗੂੰਜੀ। ਜਿਨ੍ਹਾਂ ਲੋਕਾਂ ਨੂੰ ਕਵਾਲੀ ਦੀ ਭਾਸ਼ਾ ਸਮਝ ਨਹੀਂ ਆਉਂਦੀ ਸੀ, ਉਹ ਵੀ ਉਨ੍ਹਾਂ ਦੀ ਆਵਾਜ਼ ਦੀ ਗਹਿਰਾਈ ਨੂੰ ਮਹਿਸੂਸ ਕਰਦੇ ਸਨ। ਪੱਛਮੀ ਜਗਤ ਨੇ ਉਨ੍ਹਾਂ ਨੂੰ 'ਗਾਉਂਦਾ ਹੋਇਆ ਬੁੱਧ' ਅਤੇ 'ਅਰਸ਼ਾਂ ਤੋਂ ਆਈ ਆਵਾਜ਼' ਵਰਗੇ ਖ਼ਿਤਾਬਾਂ ਨਾਲ ਨਿਵਾਜਿਆ। ਭਾਰਤ ਵਿਚ ਵੀ ਬਾਲੀਵੁੱਡ ਦੀਆਂ ਤਮਾਮ ਵੱਡੀਆਂ ਸ਼ਖ਼ਸੀਅਤਾਂ ਉਨ੍ਹਾਂ ਦੀ ਗਾਇਕੀ ਦੀਆਂ ਦੀਵਾਨੀਆਂ ਸਨ। ਉਨ੍ਹਾਂ ਨੇ ਭਾਰਤੀ ਫ਼ਿਲਮ 'ਔਰ ਪਿਆਰ ਹੋ ਗਿਆ' ਅਤੇ 'ਕਾਰਤੂਸ' ਵਿਚ ਆਪਣੀ ਯਾਦਗਾਰੀ ਆਵਾਜ਼ ਦਿੱਤੀ। ਏ. ਆਰ. ਰਹਿਮਾਨ ਅਤੇ ਜਾਵੇਦ ਅਖ਼ਤਰ ਵਰਗੀਆਂ ਹਸਤੀਆਂ ਨਾਲ ਉਨ੍ਹਾਂ ਦਾ ਗੂੜ੍ਹਾ ਸਬੰਧ ਸੀ। ਸੰਗੀਤ ਵਿਚ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਪਾਕਿਸਤਾਨ ਸਰਕਾਰ ਵੱਲੋਂ 'ਪ੍ਰਾਈਡ ਆਫ਼ ਪਰਫਾਰਮੈਂਸ' (1987), ਫਰਾਂਸ ਸਰਕਾਰ ਵੱਲੋਂ 'ਗ੍ਰੈਂਡ ਪ੍ਰਿਕਸ ਡੂ ਡਿਸਕ' ਅਤੇ ਯੂਨੈਸਕੋ ਸੰਗੀਤ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ।

ਲਗਾਤਾਰ ਵਿਸ਼ਵ ਦੌਰੇ, ਅਨਿਯਮਿਤ ਖਾਣ-ਪੀਣ ਅਤੇ ਸਰੀਰ ਦਾ ਵਜ਼ਨ 135 ਕਿਲੋਗ੍ਰਾਮ ਤੋਂ ਵਧਣ ਕਾਰਨ ਉਨ੍ਹਾਂ ਨੂੰ ਜਿਗਰ ਅਤੇ ਗੁਰਦੇ ਦੀਆਂ ਗੰਭੀਰ ਸਮੱਸਿਆਵਾਂ ਨੇ ਘੇਰ ਲਿਆ ਸੀ। ਇਲਾਜ ਲਈ ਪਾਕਿਸਤਾਨ ਤੋਂ ਲੰਡਨ ਜਾਂਦੇ ਸਮੇਂ ਹਵਾਈ ਅੱਡੇ 'ਤੇ ਹੀ ਉਨ੍ਹਾਂ ਦੀ ਹਾਲਤ ਵਿਗੜ ਗਈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਲੰਡਨ ਦੇ ਕਰੌਮਵੈੱਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਉੱਥੇ ਗੁਰਦੇ ਫੇਲ੍ਹ ਹੋਣ ਅਤੇ ਦਿਲ ਦਾ ਦੌਰਾ ਪੈਣ ਕਾਰਨ 16 ਅਗਸਤ 1997 ਨੂੰ ਮਹਿਜ਼ 48 ਸਾਲ ਦੀ ਉਮਰ ਵਿਚ ਸੁਰਾਂ ਦਾ ਬਾਦਸ਼ਾਹ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋ ਗਿਆ। ਖ਼ਾਨ ਸਾਹਿਬ ਦੀ ਮ੍ਰਿਤਕ ਦੇਹ ਨੂੰ ਲੰਡਨ ਤੋਂ ਪਾਕਿਸਤਾਨ ਲਿਆਂਦਾ ਗਿਆ, ਜਿੱਥੇ ਫੈਸਲਾਬਾਦ ਦੇ ਝੰਗ ਰੋਡ ਕਬਰਸਤਾਨ ਵਿਚ ਉਨ੍ਹਾਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਦੀਆਂ ਕਬਰਾਂ ਦੇ ਨੇੜੇ ਹੀ ਸਪੁਰਦ-ਏ-ਖ਼ਾਕ ਕੀਤਾ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੀ ਧਰਮ-ਪਤਨੀ ਨਾਹਿਦ ਨੁਸਰਤ ਕੈਨੇਡਾ ਚਲੇ ਗਏ, ਜਿੱਥੇ 13 ਸਤੰਬਰ 2013 ਨੂੰ ਉਨ੍ਹਾਂ ਦਾ ਵੀ ਦਿਹਾਂਤ ਹੋ ਗਿਆ।

ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਨ ਸਾਹਿਬ ਦਾ ਵਿਛੜਨਾ ਸੰਗੀਤ ਜਗਤ ਲਈ ਅਜਿਹਾ ਘਾਟਾ ਹੈ ਜੋ ਕਦੇ ਪੂਰਾ ਨਹੀਂ ਹੋ ਸਕਦਾ। ਉਨ੍ਹਾਂ ਨੇ ਸਾਨੂੰ ਇਹ ਸਿਖਾਇਆ ਕਿ ਸੱਚਾ ਸੰਗੀਤ ਕਿਸੇ ਇੱਕ ਮੁਲਕ, ਧਰਮ, ਭਾਸ਼ਾ ਜਾਂ ਸਰਹੱਦ ਦਾ ਮੁਹਤਾਜ ਨਹੀਂ ਹੁੰਦਾ। ਉਹ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋਏ ਹਨ, ਸੁਰਾਂ ਦੀ ਦੁਨੀਆਂ ਤੋਂ ਨਹੀਂ। ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਉਨ੍ਹਾਂ ਦੀ ਕਲਾ ਨੂੰ ਸੁਣੀਏ, ਸਮਝੀਏ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਈਏ। ਜਦੋਂ ਤੱਕ ਦੁਨੀਆ ਵਿਚ ਸੰਗੀਤ, ਰੂਹਾਨੀਅਤ ਅਤੇ ਪਿਆਰ ਜ਼ਿੰਦਾ ਹੈ, ਉਨ੍ਹਾਂ ਦੀ ਆਵਾਜ਼ ਹਰ ਸੰਗੀਤ ਪ੍ਰੇਮੀ ਦੇ ਦਿਲ ਵਿਚ ਸਦਾ ਗੂੰਜਦੀ ਰਹੇਗੀ। ਉਨ੍ਹਾਂ ਦੀ ਯਾਦ ਵਿਚ ਦਿਲ ਵਿਚੋਂ ਬੱਸ ਇਹੀ ਆਵਾਜ਼ ਨਿਕਲਦੀ ਹੈ:-

ਯਾਦਾਂ ਵਿਛੜੇ ਸੱਜਣ ਦੀਆਂ ਆਈਆਂ,
ਅੱਖੀਆਂ 'ਚੋਂ ਮੀਂਹ ਵੱਸਦਾ।
ਸ਼ਾਲਾ ਮੁੱਕ ਜਾਣ ਜੱਗ ਤੇ ਜੁਦਾਈਆਂ,
ਅੱਖੀਆਂ 'ਚੋਂ ਮੀਂਹ ਵੱਸਦਾ।

# ਨੌਜਵਾਨਾਂ ਦੇ ਅੰਦੋਲਨ ਨੇ ਜਮਹੂਰੀਅਤ ਨੂੰ ਦਿੱਤੀ ਨਵੀਂ ਦਿਸ਼ਾ

***ਆਜ਼ਾਦੀ ਦਿਵਸ ਮੌਕੇ ਦੇਸ਼ ਵਾਸੀਆਂ ਵਲੋਂ ਇਹ ਬਹਿਸ ਚਲਾਉਣੀ ਬੇਹੱਦ ਜ਼ਰੂਰੀ ਹੈ ਕਿ ਆਜ਼ਾਦੀ ਦੇ ਆਮ ਨਾਗਰਿਕਾਂ ਲਈ ਕੀ ਮਾਅਨੇ ਹਨ? ਉਨ੍ਹਾਂ ਨੂੰ ਸਿਰਫ਼ ਪੰਜ ਸਾਲ ਬਾਅਦ ਵੋਟ ਪਾਉਣ ਤੱਕ ਸੀਮਤ ਕਰਨ ਦਾ ਹਾਕਮਾਂ ਦਾ ਵਰਤਾਰਾ ਕਿੱਥੋਂ ਤੱਕ ਜਾਇਜ਼ ਹੈ? ਕੀ ਵੋਟ ਪਾਉਣ ਦੇ ਅਧਿਕਾਰ ਨੂੰ ਆਨੇ-ਬਹਾਨੇ ਸੀਮਤ ਕਰਨਾ ਵਾਜਬ ਹੈ? ਜਿਨ੍ਹਾਂ ਦੇਸ਼ਾਂ ਵਿਚ ਲੋਕਾਂ ਦੀ ਜਾਗਰੂਕਤਾ ਘੱਟ ਜਾਂਦੀ ਹੈ, ਉਨ੍ਹਾਂ ਦੇਸ਼ਾਂ ਵਿਚ ਜਮਹੂਰੀਅਤ ਨੂੰ ਖੋਰਾ ਗੰਭੀਰ ਰੂਪ ਧਾਰਨ ਕਰ ਲੈਂਦਾ ਹੈ। ਆਜ਼ਾਦੀ ਦਿਵਸ ਨੂੰ ਮਨਾਉਂਦੇ ਹੋਏ ਲੋਕਾਂ ਵਿਚ ਸੰਵਿਧਾਨਕ ਅਧਿਕਾਰਾਂ ਬਾਰੇ ਚੇਤਨਾ ਨੂੰ ਫੈਲਾਉਣਾ ਇਕ ਜ਼ਰੂਰੀ ਕਾਰਜ ਬਣ ਜਾਂਦਾ ਹੈ। ਵਿਆਪਕ ਲੋਕ ਚੇਤਨਤਾ ਹੀ ਜਮਹੂਰੀਅਤ ਨੂੰ ਜ਼ਮੀਨੀ ਪੱਧਰ 'ਤੇ ਬਚਾਉਣ ਵਾਸਤੇ ਲਾਮਬੰਦੀ ਕਰਨ ਲਈ ਲੋੜੀਂਦੇ ਹਾਲਾਤ ਪੈਦਾ ਕਰ ਸਕਦੀ ਹੈ।***

ਨੀਟ ਪ੍ਰੀਖਿਆ ਦੇ ਪੇਪਰ ਲੀਕ ਦੇ ਖ਼ਿਲਾਫ਼ ਕਾਕਰੋਚ ਜਨਤਾ ਪਾਰਟੀ ਵਲੋਂ ਜੁਲਾਈ ਮਹੀਨੇ ਦਿੱਲੀ ਦੇ ਜੰਤਰ ਮੰਤਰ ਵਿਖੇ ਨੌਜਵਾਨਾਂ/ਵਿਦਿਆਰਥੀਆਂ ਦੇ ਇਸ ਅੰਦੋਲਨ ਨੂੰ ਵਿਆਪਕ ਸਮਰਥਨ ਮਿਲਿਆ ਸੀ। ਦੇਸ਼ ਦੇ ਕਈ ਸੂਬਿਆਂ ਤੋਂ ਵਿਦਿਆਰਥੀ ਅਤੇ ਨੌਜਵਾਨ ਇਸ ਵਿਚ ਸ਼ਾਮਿਲ ਹੋਣ ਲਈ ਅੰਦੋਲਨ ਵਾਲੇ ਸਥਾਨ 'ਤੇ ਪਹੁੰਚ ਗਏ ਸਨ। ਇਸ ਤੋਂ ਇਲਾਵਾ ਦੇਸ਼ ਦੇ ਕਈ ਹੋਰ ਸ਼ਹਿਰਾਂ ਜਿਵੇਂ ਪਟਨਾ, ਕੋਲਕਾਤਾ, ਚੇਨਈ, ਮੁੰਬਈ, ਚੰਡੀਗੜ੍ਹ ਆਦਿ ਸ਼ਹਿਰਾਂ ਵਿਚ ਵੀ ਵੱਡੇ ਪ੍ਰਦਰਸ਼ਨ ਰਿਪੋਰਟ ਹੋਏ ਹਨ। ਇਸ ਅੰਦੋਲਨ ਦੀ ਖ਼ਾਸੀਅਤ ਹੈ ਕਿ ਇਹ ਨੌਜਵਾਨਾਂ ਵਲੋਂ ਉਨ੍ਹਾਂ ਦੀ ਆਪਣੀ ਹੀ ਅਗਵਾਈ ਹੇਠ ਵਿੱਢਿਆ ਅਤੇ ਲੜਿਆ ਗਿਆ ਹੈ। ਇਸ ਨੇ ਸਮਾਜ ਦੇ



**ਸੁੱਚਾ ਸਿੰਘ ਗਿੱਲ**
**(ਪ੍ਰਸਿੱਧ ਅਰਥ-ਸ਼ਾਸਤਰੀ)**

ਵੱਖ-ਵੱਖ ਵਰਗਾਂ ਦਾ ਸਮਰਥਨ ਪ੍ਰਾਪਤ ਕੀਤਾ ਅਤੇ ਦੇਸ਼ ਵਿਚ ਜਮਹੂਰੀਅਤ ਨੂੰ ਜ਼ਮੀਨੀ ਪੱਧਰ 'ਤੇ ਤਕੜਿਆਂ ਕੀਤਾ ਹੈ। ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਤੋਂ ਬਾਅਦ ਆਮ ਲੋਕਾਂ ਵਿਚ ਕੇਂਦਰੀ ਏਜੰਸੀਆਂ ਦਾ ਖੌਫ਼ ਅਤੇ ਡਰ ਵੀ ਘਟ ਗਿਆ ਹੈ। ਸਰਕਾਰ ਨੂੰ ਕੁਝ ਪੱਤਰਕਾਰ ਸਵਾਲ ਕਰਨ ਦਾ ਹੌਸਲਾ ਵੀ ਕਰਨ ਲੱਗ ਪਏ ਹਨ ਅਤੇ ਸਿਸਟਮ ਵਿਚ ਆਏ ਵਿਗਾੜਾਂ ਬਾਰੇ ਪ੍ਰਸਿੱਧ ਸ਼ਖ਼ਸੀਅਤਾਂ ਵਲੋਂ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ।

ਇਹ ਅੰਦੋਲਨ ਕੌਮੀ ਪ੍ਰੀਖਿਆ ਏਜੰਸੀ ਵਲੋਂ ਕਰਵਾਏ ਗਏ ਨੈਸ਼ਨਲ ਪਾਤਰਤਾ/ਇਲਿਜੀਬਿਲਟੀ ਐਂਟਰੈਂਸ ਟੈਸਟ (ਨੀਟ) ਦੇ ਪੇਪਰ ਲੀਕ ਦੇ ਖਿਲਾਫ਼ ਸ਼ੁਰੂ ਹੋਇਆ ਸੀ। ਪਰ ਇਸ ਨਾਲ ਦੇਸ਼ ਵਿਚ ਨੌਜਵਾਨ ਪੀੜ੍ਹੀ ਦੇ ਭਵਿੱਖ ਬਾਰੇ ਚਰਚਾ ਹੋਣੀ ਸ਼ੁਰੂ ਹੋ ਗਈ ਹੈ। ਇਹ ਚਰਚਾ ਪ੍ਰੀਖਿਆਵਾਂ ਦੀ ਪਾਰਦਰਸ਼ਤਾ ਅਤੇ ਸਾਰਥਿਕਤਾ ਤੋਂ ਸ਼ੁਰੂ ਹੋ ਕੇ ਵਿੱਦਿਅਕ ਸੰਸਥਾਵਾਂ ਵਿਚ ਪੜ੍ਹਾਈ ਦੀ ਗੁਣਵੱਤਾ ਤੋਂ ਹੁੰਦੀ ਹੋਈ ਨੌਜਵਾਨਾਂ ਦੇ ਰੁਜ਼ਗਾਰ ਅਤੇ ਭਵਿੱਖ ਨਾਲ ਜੁੜੇ ਸਵਾਲਾਂ ਨੂੰ ਉਭਾਰਨ ਵੱਲ ਚੱਲ ਪਈ ਹੈ। ਕਿਸਾਨ ਅੰਦੋਲਨ ਦੀ ਤਰ੍ਹਾਂ ਨੌਜਵਾਨਾਂ ਵਲੋਂ ਇਸ ਅੰਦੋਲਨ ਨੂੰ ਸ਼ਾਂਤਮਈ ਤਰੀਕੇ ਨਾਲ ਚਲਾਇਆ ਗਿਆ। ਇਸ ਨੇ ਧਾਰਮਿਕ ਭਾਈਚਾਰੇ ਨੂੰ ਕਾਇਮ ਰੱਖਦਿਆਂ ਹੋਇਆਂ ਸਾਰੇ ਦੇਸ਼ ਨੂੰ ਦਰਪੇਸ਼ ਵੱਡੇ ਮਸਲਿਆਂ ਬਾਰੇ ਸੋਚਣ ਲਈ ਮਾਹੌਲ ਪੈਦਾ ਕੀਤਾ ਹੈ। ਨੌਜਵਾਨਾਂ ਦੇ ਸਮਰਥਨ ਵਿਚ ਉਨ੍ਹਾਂ ਦੇ ਮਾਤਾ-ਪਿਤਾ/ਬਜ਼ੁਰਗਾਂ ਨੇ ਵੀ ਆਪਣੀ ਜ਼ਿੰਮੇਵਾਰੀ ਸਮਝੀ ਅਤੇ ਖੁੱਲ੍ਹ ਕੇ ਉਨ੍ਹਾਂ ਦਾ ਸਾਥ ਦਿੱਤਾ। ਨੌਜਵਾਨਾਂ ਦੀ ਸਮਝ, ਸੰਵੇਦਨਸ਼ੀਲਤਾ ਅਤੇ ਹੌਂਸਲੇ ਨੇ ਇਸ ਧਾਰਨਾ ਨੂੰ ਰੱਦ ਕਰ ਦਿੱਤਾ ਹੈ ਕਿ ਨੌਜਵਾਨ ਦੇਸ਼ ਅਤੇ ਆਪਣੇ ਭਵਿੱਖ ਦੇ ਮਸਲਿਆਂ ਬਾਰੇ ਸੁਚੇਤ ਨਹੀਂ ਹਨ। ਇਸ ਅੰਦੋਲਨ ਦੇ ਜੰਤਰ ਮੰਤਰ ਦੇ ਧਰਨੇ ਦੀ ਸਮਾਪਤੀ ਪ੍ਰਸ਼ਾਸਕੀ ਤੋਂ ਬਾਅਦ ਕਈ ਸੁਹਿਰਦ ਬੁੱਧੀਜੀਵੀਆਂ, ਸਾਬਕਾ ਅਧਿਕਾਰੀਆਂ ਅਤੇ ਪਤਵੰਤੇ ਸ਼ਹਿਰੀਆਂ ਨੇ ਦੇਸ਼ ਦੀ ਸਿਆਸਤ, ਪ੍ਰਸ਼ਾਸਨ ਅਤੇ ਆਰਥਿਕਤਾ ਵਿਚ ਆਏ ਵਿਗਾੜਾਂ ਬਾਰੇ ਮੀਡੀਆ ਵਿਚ ਚਰਚਾ ਸ਼ੁਰੂ ਕਰ ਦਿੱਤੀ ਹੈ।

ਇਸ ਅੰਦੋਲਨ ਨੇ ਦੇਸ਼ ਦੀ ਜਮਹੂਰੀਅਤ ਪ੍ਰਤੀ ਹਾਕਮਾਂ ਦੇ ਕਰੂਰ ਚਿਹਰੇ ਨੂੰ ਲੋਕਾਂ ਸਾਹਮਣੇ ਨੰਗਾ ਕਰ ਦਿੱਤਾ ਹੈ। ਦੇਸ਼ ਦਾ ਸੰਵਿਧਾਨ ਹਰ ਨਾਗਰਿਕ ਨੂੰ ਇਹ ਮੌਲਿਕ ਅਧਿਕਾਰ ਦਿੰਦਾ ਹੈ ਕਿ ਉਹ ਆਪਣੀ ਜਥੇਬੰਦੀ ਬਣਾ ਸਕਦਾ ਹੈ ਜਾਂ ਕਿਸੇ ਜਥੇਬੰਦੀ ਦਾ ਮੈਂਬਰ ਬਣ ਕੇ ਸ਼ਾਂਤਮਈ ਤਰੀਕੇ ਨਾਲ ਧਰਨਾ ਜਾਂ ਪ੍ਰਦਰਸ਼ਨ ਕਰ ਸਕਦਾ ਹੈ। ਉਹ ਦੇਸ਼ ਦੀ ਸੱਤਾ ਨੂੰ ਆਪਣੇ ਦੁੱਖ ਤਕਲੀਫ਼ਾਂ ਬਾਰੇ ਜਾਣੂ ਕਰਵਾਉਣ ਲਈ ਸ਼ਾਂਤਮਈ ਵਿਰੋਧ ਦਰਜ ਕਰਵਾ ਸਕਦਾ ਹੈ। ਜਮਹੂਰੀ ਰਿਆਸਤ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਨਾਗਰਿਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਦਾ ਯਤਨ ਕਰੇ। ਪਰ ਇਹ ਵੇਖਣ ਵਿਚ ਆਇਆ ਹੈ ਕਿ ਸੱਤਾ 'ਤੇ ਕਾਬਜ਼ ਲੋਕਾਂ ਦੁਆਰਾ ਸੰਵਿਧਾਨ ਵਿਚ ਮਿਲੇ ਅਧਿਕਾਰਾਂ ਨੂੰ ਵਰਤਣ ਤੇ ਰੋਕਾਂ/ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਸ਼ਾਂਤਮਈ ਪ੍ਰਦਰਸ਼ਨਕਾਰੀਆਂ ਨੂੰ ਘੜੀਸਿਆ ਜਾਂਦਾ ਹੈ। ਨਿਯਮਾਂ ਦੇ ਉਲਟ ਲੜਕੀਆਂ ਨੂੰ ਪੁਲਿਸ (ਮਰਦ) ਕਰਮਚਾਰੀਆਂ ਅਤੇ ਹੋਰ ਸੁਰੱਖਿਆ ਬਲਾਂ ਦੇ ਜਵਾਨਾਂ ਵਲੋਂ ਖਿੱਚ-ਧੂਹ ਕੀਤੀ ਜਾਂਦੀ ਹੈ। ਇਹ ਵੀ ਸਾਹਮਣੇ ਆਇਆ ਹੈ ਕਿ ਨੌਜਵਾਨਾਂ ਵਿਰੁੱਧ ਪੈਲੇਟ ਬੰਦੂਕਾਂ ਨਾਲ ਫਾਇਰਿੰਗ ਕਰ ਕੇ ਪ੍ਰਦਰਸ਼ਨਕਾਰੀਆਂ ਨੂੰ ਜ਼ਖ਼ਮੀ ਕੀਤਾ ਗਿਆ। ਇਸ ਦੌਰਾਨ ਕਈਆਂ ਦੀਆਂ ਅੱਖਾਂ ਅਤੇ ਸਰੀਰ ਦੇ ਹੋਰ ਅੰਗ ਵੀ ਜ਼ਖ਼ਮੀ ਹੋਏ। ਇਸ ਤੋਂ ਇਲਾਵਾ ਪ੍ਰਦਰਸ਼ਨਕਾਰੀਆਂ ਉਪਰ ਕਿੱਲਾਂ ਵਾਲੇ ਡੰਡਿਆਂ ਅਤੇ ਬਿਜਲੀ ਨਾਲ ਚਾਰਜ ਡਾਂਗਾਂ ਦੀ ਵਰਤੋਂ ਕੀਤੀ ਗਈ ਸੀ। ਦੇਸ਼ ਦਾ ਸੰਵਿਧਾਨ ਨਾਗਰਿਕਾਂ ਨੂੰ ਸ਼ਾਂਤਮਈ ਅੰਦੋਲਨ ਕਰਨ ਦਾ ਮੌਲਿਕ ਅਧਿਕਾਰ ਦਿੰਦਾ ਹੈ ਪਰ ਰਿਆਸਤ ਐਸੇ ਅੰਦੋਲਨਕਾਰੀਆਂ ਨੂੰ ਦੁਸ਼ਮਣ ਸਮਝ ਕੇ ਤਸ਼ੱਦਦ ਦਾ ਰਾਹ ਅਖਤਿਆਰ ਕਰਨ ਲੱਗ ਪਈ ਹੈ। ਇਥੋਂ ਤੱਕ ਕਿ ਦੇਸ਼ ਦੀ ਰਾਜਧਾਨੀ ਵਿਚ ਦਾਖਲ ਵੀ ਨਹੀਂ ਹੋਣ ਦਿੱਤਾ ਜਾਂਦਾ।




ਅਸਲ ਵਿਚ ਸ਼ਾਂਤਮਈ ਪ੍ਰਦਰਸ਼ਨਕਾਰੀ ਆਰਥਿਕ, ਸਮਾਜਿਕ ਨਿਜ਼ਾਮ ਦੇ ਵਰਤਾਰੇ ਕਾਰਨ ਪੈਦਾ ਹੋਈਆਂ ਮੁਸ਼ਕਿਲਾਂ ਨੂੰ ਸਰਕਾਰ ਦੇ ਧਿਆਨ ਵਿਚ ਲਿਆਉਂਦੇ ਹਨ ਤਾਂ ਕਿ ਉਨ੍ਹਾਂ ਦਾ ਹੱਲ ਕੀਤਾ ਜਾ ਸਕੇ। ਪਰ ਸਰਕਾਰਾਂ ਸਮੱਸਿਆਵਾਂ ਦੇ ਹੱਲ ਤੋਂ ਬਚਣ ਅਤੇ ਆਪਣੀ ਨਾਕਾਮੀ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਕਰਕੇ ਉਹ ਤਸ਼ੱਦਦ ਦੇ ਰਾਹ ਤੁਰ ਪੈਂਦੀਆਂ ਹਨ। ਇਹ ਵਰਤਾਰਾ 2014 ਤੋਂ ਬਾਅਦ ਵਿਰਾਟ ਰੂਪ ਧਾਰਨ ਕਰ ਗਿਆ ਹੈ। ਦੇਸ਼ ਵਿਆਪੀ 2020-21 ਦੇ ਕਿਸਾਨ ਅੰਦੋਲਨਕਾਰੀਆਂ ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ ਸੀ। ਇਕ ਸਾਲ ਤੋਂ ਵੱਧ ਸਮੇਂ ਲਈ ਕਿਸਾਨ ਦਿੱਲੀ ਦੇ ਤਿੰਨ ਬਾਰਡਰਾਂ 'ਤੇ ਬੈਠੇ ਰਹੇ ਸਨ। ਸਰਕਾਰ ਵਲੋਂ ਹੋਰ ਰੋਕਾਂ ਤੋਂ ਇਲਾਵਾ ਸੜਕਾਂ 'ਤੇ ਕਿੱਲ ਗੱਡ ਦਿੱਤੇ ਗਏ ਸਨ। ਇਸ ਤੋਂ ਇਹ ਪ੍ਰਭਾਵ ਮਿਲਦਾ ਸੀ ਜਿਵੇਂ ਕਿ ਕਿਸਾਨ ਕਿਸੇ ਦੁਸ਼ਮਣ ਦੇਸ਼ ਦੇ ਨਾਗਰਿਕ ਹੋਣ। ਉਨ੍ਹਾਂ ਨੂੰ ਅੰਦੋਲਨਜੀਵੀ, ਪਰਜੀਵੀ, ਖ਼ਾਲਿਸਤਾਨੀ ਅਤੇ ਦੇਸ਼ ਵਿਰੋਧੀ ਤੱਕ ਗਰਦਾਨਿਆ ਗਿਆ ਸੀ। ਇਸ ਦੌਰਾਨ 750 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ ਪਰ ਉਨ੍ਹਾਂ ਵਲੋਂ ਹੌਸਲਾ ਨਹੀਂ ਹਾਰਿਆ ਗਿਆ ਅਤੇ ਉਹ ਸ਼ਾਂਤਮਈ ਤਰੀਕੇ ਨਾਲ ਤਸ਼ੱਦਦ ਸਹਿੰਦੇ ਰਹੇ। ਸਰਕਾਰ ਵਲੋਂ ਲਿਖਤੀ ਰੂਪ ਵਿਚ ਮੰਗਾਂ ਮੰਨਣ ਤੋਂ ਬਾਅਦ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਪਹਿਲਵਾਨ ਲੜਕੀਆਂ ਦੇ ਦਿੱਲੀ ਜੰਤਰ ਮੰਤਰ ਵਿਖੇ ਸ਼ਾਂਤਮਈ ਧਰਨੇ/ ਅੰਦੋਲਨ (2023) ਨੂੰ ਬੜੀ ਬੇਰਹਿਮੀ ਨਾਲ ਕੁਚਲਿਆ ਗਿਆ ਸੀ। ਅੰਤਰਰਾਸ਼ਟਰੀ ਮੈਡਲ ਜੇਤੂ ਪਹਿਲਵਾਨ ਲੜਕੀਆਂ ਨੂੰ ਪੁਲਿਸ ਵਲੋਂ ਘੜੀਸਿਆ ਗਿਆ ਸੀ। ਮੁਜ਼ਾਹਰਾਕਾਰੀਆਂ ਨਾਲ ਇਸ ਕਿਸਮ ਦਾ ਸਲੂਕ ਕੇਂਦਰ ਸਰਕਾਰ ਵਲੋਂ ਹੀ ਨਹੀਂ ਬਲਕਿ ਸੂਬਿਆਂ ਦੀਆਂ ਸਰਕਾਰਾਂ ਵਲੋਂ ਹੁੰਦਾ ਵੀ ਅਕਸਰ ਵੇਖਣ ਨੂੰ ਮਿਲਦਾ ਹੈ। ਪੰਜਾਬ ਵਿਚ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਜਾਂ ਨੌਕਰੀ ਪੱਕੀ ਕਰਵਾਉਣ ਦੀ ਮੰਗ ਨੂੰ ਲੈ ਕੇ ਕੀਤੇ ਧਰਨਾ/ਪ੍ਰਦਰਸ਼ਨ ਕਰਨ ਸਮੇਂ ਉਨ੍ਹਾਂ ਨੂੰ ਡਾਂਗਾਂ ਨਾਲ ਕੁੱਟਿਆ ਜਾਂਦਾ ਹੈ। ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ 2025 ਵਿਚ ਕਿਸਾਨਾਂ ਨੂੰ ਹਰਿਆਣਾ ਸਰਕਾਰ ਵਲੋਂ ਦਿੱਲੀ ਜਾਣ ਤੋਂ ਰੋਕਿਆ ਗਿਆ ਸੀ। ਜਦੋਂ ਕਿਸਾਨ ਸ਼ਾਂਤਮਈ ਤਰੀਕੇ ਨਾਲ ਲੰਮਾ ਸਮਾਂ ਧਰਨੇ 'ਤੇ ਬੈਠੇ ਹੋਏ ਸਨ ਤਾਂ ਇਕ ਨੌਜਵਾਨ ਦੀ ਹਰਿਆਣਾ ਪੁਲਿਸ ਦੀ ਫ਼ਾਇਰਿੰਗ ਨਾਲ ਖਨੌਰੀ ਬਾਰਡਰ 'ਤੇ ਮੌਤ ਹੋ ਗਈ ਸੀ। ਇਸ ਤੋਂ ਬਾਅਦ ਪੰਜਾਬ ਸਰਕਾਰ ਦੇ ਆਦੇਸ਼ਾਂ ਨਾਲ ਪੁਲਿਸ ਵਲੋਂ ਕਿਸਾਨਾਂ ਦੇ ਧਰਨੇ ਨੂੰ ਜਬਰੀ ਤਰੀਕੇ ਨਾਲ ਖਦੇੜਿਆ ਗਿਆ ਸੀ। ਕਿਸਾਨ ਲੀਡਰਾਂ ਨੂੰ ਹਿਰਾਸਤ ਵਿਚ ਲੈਣ ਤੋਂ ਬਾਅਦ ਕਿਸਾਨਾਂ ਦੇ ਟਰੈਕਟਰ, ਤੰਬੂ ਅਤੇ ਹੋਰ ਸਾਮਾਨ ਦੀ ਲੁੱਟਮਾਰ ਕੀਤੀ ਗਈ ਸੀ। ਪਿਛਲੇ ਸਮੇਂ ਤੋਂ ਕਈ ਵਾਰ ਕਿਸਾਨਾਂ ਨੂੰ ਚੰਡੀਗੜ੍ਹ ਮੁਜ਼ਾਹਰਾ ਕਰਨ ਤੋਂ ਰੋਕਿਆ ਗਿਆ ਹੈ। ਸਰਕਾਰਾਂ ਪੀੜਤ ਨਾਗਰਿਕਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਵਾਰਣ ਕਰਨ ਜਾਂ ਹਮਦਰਦੀ ਨਾਲ ਸਮਝਣ ਅਤੇ ਵਿਚਾਰਨ ਦੀ ਬਜਾਏ ਦੁਸ਼ਮਣਾਂ ਵਾਲਾ ਵਰਤਾਰਾ ਕਰ ਰਹੀਆਂ ਹਨ। ਇਸ ਨਾਲ ਲੋਕਾਂ ਦੀਆਂ ਸਮੱਸਿਆਂਵਾਂ ਹੋਰ ਗੰਭੀਰ ਬਣ ਜਾਂਦੀਆਂ ਹਨ। ਉਨ੍ਹਾਂ ਵਿਚ ਸਰਕਾਰ ਵਿਰੁੱਧ ਗੁੱਸਾ ਵਧਣ ਨਾਲ ਬੇਗਾਨਗੀ ਦੀ ਭਾਵਨਾ ਵੱਧ ਜਾਂਦੀ ਹੈ। ਇਸ ਨਾਲ ਵੱਡੇ ਪੱਧਰ 'ਤੇ ਦੇਸ਼ ਵਿਚ ਅਸ਼ਾਂਤੀ ਫੈਲਣ ਦਾ ਡਰ ਪੈਦਾ ਹੁੰਦਾ ਹੈ। ਇਸ ਤੋਂ ਵੱਡੀ ਗੱਲ ਇਹ ਵਾਪਰਦੀ ਹੈ ਕਿ ਨਾਗਰਿਕਾਂ ਦੇ ਬੁਨਿਆਦੀ ਸੰਵਿਧਾਨਿਕ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ ਜਿਸ ਤਹਿਤ ਉਹ ਜਥੇਬੰਦੀ ਬਣਾ ਸਕਦੇ ਹਨ ਅਤੇ ਆਪਣੀਆਂ ਸਮੱਸਿਆਵਾਂ ਦੇ ਨਿਵਾਰਣ ਵਾਸਤੇ ਜਦੋ-ਜਹਿਦ ਕਰ ਸਕਦੇ ਹਨ। ਰਿਆਸਤ ਦੇ ਇਸ ਵਰਤਾਰੇ ਨਾਲ ਜਮਹੂਰੀਅਤ ਕਮਜ਼ੋਰ ਹੁੰਦੀ ਹੈ। ਲੋਕਾਂ ਦੀ ਰਾਜਨੀਤੀ ਵਿਚ ਹਿੱਸੇਦਾਰੀ ਘੱਟ ਜਾਂਦੀ ਹੈ ਅਤੇ ਜਮੂਹਰੀਅਤ ਵਿਚ ਉਨ੍ਹਾਂ ਦੇ ਵਿਸ਼ਵਾਸ ਨੂੰ ਸੱਟ ਵੱਜਦੀ ਹੈ। ਜੇਕਰ ਦੇਸ਼ ਵਿਚ ਜਮਹੂਰੀਅਤ ਦਾ ਡੂੰਘਾਈ ਨਾਲ ਵਿਸਥਾਰ ਕਰਨਾ ਹੈ ਅਤੇ ਲੋਕਾਂ ਦਾ ਰਾਜਨੀਤਕ ਅਤੇ ਸਮਾਜਿਕ ਢਾਂਚੇ ਵਿਚ ਵਿਸ਼ਵਾਸ ਪੈਦਾ ਕਰਨਾ ਹੈ ਤਾਂ ਉਨ੍ਹਾਂ ਨੂੰ ਦਰਪੇਸ਼ ਮਸਲਿਆਂ ਵਿਚ ਹਿੱਸੇਦਾਰੀ ਅਤੇ ਸ਼ਮੂਲੀਅਤ ਵਧਾਉਣ ਵਾਸਤੇ ਉਨ੍ਹਾਂ ਦੀ ਗੱਲ ਸੁਣਨੀ ਪਵੇਗੀ। ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਲੋੜੀਂਦਾ ਸਪੇਸ (ਥਾਂ) ਦੇਣਾ ਪਵੇਗਾ। ਉਨ੍ਹਾਂ ਪ੍ਰਤੀ ਦੁਸ਼ਮਣਾਂ ਵਾਲੇ ਵਰਤਾਰੇ ਦੀ ਬਜਾਏ ਹਮਦਰਦੀ ਵਾਲਾ ਵਿਹਾਰ ਕਰਨਾ ਪਵੇਗਾ।

ਆਜ਼ਾਦੀ ਦਿਵਸ ਮੌਕੇ ਦੇਸ਼ ਵਾਸੀਆਂ ਵਲੋਂ ਇਹ ਬਹਿਸ ਚਲਾਉਣੀ ਬੇਹੱਦ ਜ਼ਰੂਰੀ ਹੈ ਕਿ ਆਜ਼ਾਦੀ ਦੇ ਆਮ ਨਾਗਰਿਕਾਂ ਲਈ ਕੀ ਮਾਅਨੇ ਹਨ? ਉਨ੍ਹਾਂ ਨੂੰ ਸਿਰਫ਼ ਪੰਜ ਸਾਲ ਬਾਅਦ ਵੋਟ ਪਾਉਣ ਤੱਕ ਸੀਮਤ ਕਰਨ ਦਾ ਹਾਕਮਾਂ ਦਾ ਵਰਤਾਰਾ ਕਿੱਥੋਂ ਤੱਕ ਜਾਇਜ਼ ਹੈ? ਕੀ ਵੋਟ ਪਾਉਣ ਦੇ ਅਧਿਕਾਰ ਨੂੰ ਆਨੇ-ਬਹਾਨੇ ਸੀਮਤ ਕਰਨਾ ਵਾਜਬ ਹੈ? ਜਿਨ੍ਹਾਂ ਦੇਸ਼ਾਂ ਵਿਚ ਲੋਕਾਂ ਦੀ ਜਾਗਰੂਕਤਾ ਘੱਟ ਜਾਂਦੀ ਹੈ, ਉਨ੍ਹਾਂ ਦੇਸ਼ਾਂ ਵਿਚ ਜਮਹੂਰੀਅਤ ਨੂੰ ਖੋਰਾ ਗੰਭੀਰ ਰੂਪ ਧਾਰਨ ਕਰ ਲੈਂਦਾ ਹੈ। ਆਜ਼ਾਦੀ ਦਿਵਸ ਨੂੰ ਮਨਾਉਂਦੇ ਹੋਏ ਲੋਕਾਂ ਵਿਚ ਸੰਵਿਧਾਨਕ ਅਧਿਕਾਰਾਂ ਬਾਰੇ ਚੇਤਨਾ ਨੂੰ ਫੈਲਾਉਣਾ ਇਕ ਜ਼ਰੂਰੀ ਕਾਰਜ ਬਣ ਜਾਂਦਾ ਹੈ। ਵਿਆਪਕ ਲੋਕ ਚੇਤਨਤਾ ਹੀ ਜਮਹੂਰੀਅਤ ਨੂੰ ਜ਼ਮੀਨੀ ਪੱਧਰ 'ਤੇ ਬਚਾਉਣ ਵਾਸਤੇ ਲਾਮਬੰਦੀ ਕਰਨ ਲਈ ਲੋੜੀਂਦੇ ਹਾਲਾਤ ਪੈਦਾ ਕਰ ਸਕਦੀ ਹੈ।

# ਪੰਜਾਬ ਗੁਰਾਂ ਦੀ ਕਿਰਪਾ ਦੇ ਨਾਲ ਵੱਸਦਾ ਏ...

ਸੰਤਾਲੀ ਦੇ ਸੰਤਾਪ ਦੇ ਝੰਬੇ ਹੋਏ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਬਹੁਤ ਦੁੱਖ ਭੋਗਣਾ ਪਿਆ। ਪੰਜਾਬੀਆਂ ਲਈ ਅਸਲ ਵਿਚ ਇਹ ਅਜ਼ਾਦੀ ਨਹੀਂ, ਉਜਾੜਾ ਸੀ। ਲੱਖਾਂ ਲੋਕ ਘਰੋਂ ਬੇਘਰ ਹੋਏ, ਬੇਪੱਤ ਹੋਏ, ਹੱਸਦੇ-ਵੱਸਦੇ ਘਰ ਛੱਡ ਕੇ ਇੱਧਰੋਂ-ਓਧਰ ਤੇ ਓਧਰੋਂ-ਇੱਧਰ ਹਿਜਰਤ ਕਰਨੀ ਪਈ। ਰਾਜਨੀਤਕ ਖੇਡ ਨੇ ਸਮਾਜਿਕ ਤਾਣੇ-ਬਾਣੇ ਨੂੰ ਤਾਰ-ਤਾਰ ਕਰਕੇ ਰੱਖ ਦਿਤਾ। ਇਸੇ ਖੇਡ ਦਾ ਝੰਬਿਆ ਸਰਦਾਰ ਹੀਰਾ ਸਿੰਘ ਦਾ ਪਰਿਵਾਰ ਆਪਣੇ ਹੱਸਦੇ-

**ਡਾ. ਦਲਬੀਰ ਸਿੰਘ**
**ਫੋਨ: 94164-47468**

ਵੱਸਦੇ ਘਰ ਨੂੰ ਛੱਡ, ਜਿੰਦਰੇ ਲਾ, ਚੜ੍ਹਦੇ ਪੰਜਾਬ ਵਾਲੇ ਪਾਸੇ ਨੂੰ ਲੋਕਾਂ ਦੇ ਕਾਫ਼ਲੇ ਨਾਲ ਹੋ ਤੁਰਿਆ। ਸਾਰੇ ਇਹੀ ਗੱਲਾਂ ਕਰੀ ਜਾਣ ਕਿ ਬਸ ਕੁਝ ਕੂ ਦਿਨ ਦਾ ਰੌਲ਼ਾ-ਗੌਲ਼ਾ ਏ, ਆਪਾਂ ਫਿਰ ਪਰਤ ਆਵਾਂਗੇ, ਆਪੋ-ਆਪਣੇ ਘਰੀਂ। ਆਪਣਾ ਕੀਮਤੀ ਸਮਾਨ ਘਰਾਂ ਵਿਚ ਹੀ ਦੱਬ ਕੇ, ਥੋੜਾ-ਬਹੁਤਾ ਕੱਪੜਾ-ਲੀੜਾ ਤੇ ਰਾਸ਼ਨ ਨਾਲ ਲੈ, ਤੁਰ ਪਏ ਅਣਜਾਣ ਮੰਜ਼ਿਲ ਵੱਲ।

ਲੁੱਟ-ਖਸੁੱਟ, ਕਤਲੋ-ਗ਼ਾਰਤ, ਮਾਰ-ਕਾਟ 'ਚੋਂ ਹੁੰਦੇ ਹੋਏ ਹੀਰਾ ਸਿੰਘ ਪਰਿਵਾਰ ਸਮੇਤ ਲਾਹੌਰ ਤੋਂ ਅਟਾਰੀ ਸਟੇਸ਼ਨ ਪਹੁੰਚੇ। ਖਚਾਖਚ ਭਰੀ ਰੇਲਗੱਡੀ ਵਿਚ ਹੀਰਾ ਸਿੰਘ, ਉਨ੍ਹਾਂ ਦੇ ਛੋਟੇ ਪੁੱਤਰ ਫੌਜਾ ਸਿੰਘ ਦੀਆਂ ਤਿੰਨ ਧੀਆਂ, ਚੌਥੀ ਧੀ ਉਸ ਦੀ ਪਤਨੀ ਹਰਨਾਮ ਕੌਰ ਨੇ ਕੁੱਛੜ ਚੁੱਕੀ ਹੋਈ ਜੋ ਸਿਰਫ ਨੌਂ-ਦਸ ਦਿਨਾਂ ਦੀ ਸੀ ਅਤੇ ਹੀਰਾ ਸਿੰਘ ਦੇ ਵੱਡੇ ਪੁੱਤਰ ਕਰਤਾਰ ਸਿੰਘ ਦਾ ਪਰਿਵਾਰ ਸੀ।

ਹੀਰਾ ਸਿੰਘ ਪਰਿਵਾਰ ਨੂੰ ਉਥੇ ਹੀ ਬਿਠਾ, ਆਪ ਸਟੇਸ਼ਨ ਤੋਂ ਬੱਚਿਆਂ ਵਾਸਤੇ ਪਾਣੀ ਲੈਣ ਚਲੇ ਗਏ। ਜਦੋਂ ਆਪਣੀ ਜਾਣ 'ਤੇ ਬਣੀ ਹੋਵੇ, ਨਾਲੇ ਇਹ ਵੀ ਪਤਾ ਨਾ ਹੋਵੇ ਕਿ ਆਪਣੇ ਹੱਸਦੇ-ਵੱਸਦੇ ਘਰਾਂ ਨੂੰ ਛੱਡ ਕੇ ਜਾਣਾ ਕਿਥੇ ਐ, ਤਾਂ ਬੰਦੇ ਨੂੰ ਕੁਝ ਵੀ ਨਹੀਂ ਸੁੱਝਦਾ। ਕੁੱਛੜ ਚੁੱਕੀ ਧੀ ਨੂੰ ਲਗਾਤਾਰ ਰੋਂਦੀ ਵੇਖ ਹੀਰਾ ਸਿੰਘ ਦਾ ਵੱਡਾ ਪੁੱਤਰ ਕਰਤਾਰ ਸਿੰਘ ਬੜੇ ਗੁੱਸੇ ਨਾਲ ਅਪਣੀ ਭਰਜਾਈ ਹਰਨਾਮ ਕੌਰ ਕੋਲੋਂ ਧੀ ਨੂੰ ਖੋਹ ਕੇ ਲੈ ਗਿਆ ਅਤੇ ਪਤਾ ਨਹੀਂ ਰੇਲਗੱਡੀ ਤੋਂ ਬਾਹਰ ਕਿਥੇ ਸੁੱਟ ਆਇਆ। ਭੀੜ ਹੋਣ ਕਰਕੇ ਇਹ ਗੱਲ ਫੌਜਾ ਸਿੰਘ ਨੂੰ ਪਤਾ ਨਾ ਲੱਗੀ।

ਓਧਰੋਂ ਹੀਰਾ ਸਿੰਘ ਪਾਣੀ ਲੈ ਕੇ ਪਹੁੰਚਿਆ ਤੇ ਆਪਣੀ ਨੂੰਹ ਹਰਨਾਮ ਕੌਰ ਨੂੰ ਕਿਹਾ, 'ਲੈ ਧੀਏ ਆ ਪਾਣੀ, ਨਾਲੇ ਕੁੜੀਆਂ ਨੂੰ ਪਿਆ ਤੇ ਨਾਲੇ ਆਪ ਪੀ ਲੈ, ਨਾਲੇ ਮੇਰੇ ਛੋਟੇ ਜਹੇ ਬੋਟ ਦੇ ਮੂੰਹ ਨੂੰ ਵੀ ਲਾ।' ਇੰਨੀ ਗੱਲ ਸੁਣਦੇ ਹੀ ਹਰਨਾਮ ਕੌਰ ਦੀਆਂ ਅੱਖਾਂ 'ਚੋਂ ਅੱਥਰੂ ਆ ਗਏ।'ਕੀ ਗੱਲ ਹੋਈ ਏ?', ਹੀਰਾ ਸਿੰਘ ਨੇ ਬੜੀ ਹੈਰਾਨੀ ਨਾਲ ਪੁੱਛਿਆ।'ਛੋਟੀ ਕੁੜੀ ਨੂੰ ਤਾਂ ਭਰਾ ਜੀ ਕਿਧਰੇ ਬਾਹਰ ਸੁੱਟ ਆਏ ਨੇ, ਅਖੇ! ਸਾਡੀ ਜਾਨ 'ਤੇ ਬਣੀ ਏ ਤੇ ਇਨ੍ਹਾਂ ਨੇ ਲੀਰ ਜਹੀ ਨੂੰ ਏਵੈਂ ਗਲੇ ਲਾਇਐ'। ਇਸ ਗੱਲ ਦਾ ਜਿਵੇਂ ਹੀ ਫੌਜਾ ਸਿੰਘ ਨੂੰ ਪਤਾ ਲੱਗਾ ਉਹ ਵੀ ਝੱਟ ਸਰਦਾਰ ਜੀ ਨਾਲ ਰੇਲਗੱਡੀ ਤੋਂ ਥੱਲੇ ਉਤਰ ਆਏ। ਰੋਹ ਵਿਚ ਆਏ ਸਰਦਾਰ ਜੀ ਨੇ ਕਰਤਾਰ ਨੂੰ ਪੁੱਛਿਆ 'ਕਿਥੇ ਸੁੱਟ ਕੇ ਆਇਐਂ ਓਏ ਕੁੜੀ ਨੂੰ?' 'ਮੈਂ ਸੁੱਟ ਆਇਆਂ ਉਹਨੂੰ ਗੱਡੀ ਦੀ ਲਾਈਨ 'ਤੇ', ਕਰਤਾਰ ਸਿੰਘ ਨੇ ਗੁੱਸੇ ਨਾਲ ਕਿਹਾ। ਦੌੜ ਕੇ ਹੀਰਾ ਸਿੰਘ, ਫੌਜਾ ਸਿੰਘ ਉਸ ਥਾਂ ਪਹੁੰਚੇ ਅਤੇ ਤੱਕਿਆ ਕਿ ਕੁੜੀ ਓਵੇਂ ਹੀ ਕੱਪੜਿਆਂ 'ਚ ਲਵ੍ਹੇਟੀ ਰੇਲਗੱਡੀ ਦੀ ਲਾਈਨ 'ਤੇ ਪਈ, ਉਪਰ ਨੂੰ ਬਾਹਵਾਂ ਮਾਰ ਰਹੀ ਸੀ ਮਾਨੋ, ਰੱਬ ਨੂੰ ਕਹਿ ਰਹੀ ਹੋਵੇ ਕਿ 'ਰੱਬਾ ਮੇਰੀਆਂ ਬਾਹਵਾਂ ਦੇ ਖੰਭ ਬਣਾ ਦੇ ਮੈਂ ਉੱਡ ਕੇ ਆਪਣੀ ਮਾਂ ਦੀ ਗੋਦੀ ਜਾ ਬੈਠਾਂ।' ਝੱਟਪਟ ਭੱਜ ਕੇ ਕੁੜੀ ਨੂੰ ਚੁੱਕ ਸੀਨੇ ਨਾਲ ਲਾ ਕਰਤਾਰ ਸਿੰਘ ਨੂੰ ਘੂਰੀ ਵੱਟ ਕੇ ਕਿਹਾ 'ਨਾ, ਜਿੱਥੇ ਸਾਨੂੰ ਮੌਤ ਆਵੇਗੀ ਉੱਥੇ ਇਹਨੂੰ ਨਾ ਆਵੇਗੀ, ਆਪਣੇ ਹਥੀਂ ਕਿਉਂ ਮਾਰੀਏ ਆਪਣੀ ਲਾਡਲੀ ਧੀ ਨੂੰ?' ਸਾਰੇ ਜਣੇ ਪਰਿਵਾਰ ਕੋਲ ਪਹੁੰਚੇ। ਧੀ ਨੂੰ ਵੇਖ ਹਰਨਾਮ ਕੌਰ ਦੀਆਂ ਅੱਖਾਂ 'ਚ ਖੁਸ਼ੀ ਦੇ ਅੱਥਰੂ ਛਲਕੇ।

ਮਹੀਨਿਆਂ ਬੱਧੀ ਕੈਂਪਾਂ ਵਿਚ ਧੱਕੇ ਖਾਣ ਤੋਂ ਬਾਅਦ ਅਖੀਰ ਹੀਰਾ ਸਿੰਘ ਦਾ ਪਰਿਵਾਰ ਓਧਰ ਵਾਲਾ ਪੰਜਾਬ ਛੱਡ ਇਧਰ ਵਾਲੇ ਪੰਜਾਬ ਆ ਵੱਸਿਆ। ਇਹੋ ਜਹੀ ਅਜ਼ਾਦੀ ਵਿਚ ਪਤਾ ਨਹੀਂ ਕਿੰਨੇ ਕੂ ਲੋਕਾਂ ਨਾਲ ਕੀ-ਕੀ ਤੇ ਕਿਸ ਤਰ੍ਹਾਂ ਦਾ ਵਰਤਾਰਾ ਵਾਪਰਿਆ ਹੋਵੇਗਾ। ਹੀਰਾ ਸਿੰਘ ਦੇ ਅਕਾਲ ਚਲਾਨੇ ਤੋਂ ਬਾਅਦ ਸਮਾਂ ਪਾ ਕੇ ਫੌਜਾ ਸਿੰਘ ਦੇ ਘਰ ਇਸ ਧੀ ਤੋਂ ਬਾਅਦ ਦੋ ਪੁੱਤਰਾਂ ਨੇ ਜਨਮ ਲਿਆ।

ਫੌਜਾ ਸਿੰਘ ਆਪਣੀਆਂ ਸਾਰੀਆਂ ਧੀਆਂ ਨੂੰ ਪਿਆਰ ਕਰਦੇ ਪਰ ਇਸ ਧੀ ਨੂੰ ਲਾਡਾਂ ਨਾਲ ਪਰਸਿੰਨ ਕੌਰ ਦੀ ਥਾਂ ਮਿੰਨੋ ਕਹਿੰਦੇ ਤੇ ਰੋਜ਼ ਰਾਤ ਨੂੰ ਰੋਟੀ ਖਾਣ ਤੋਂ ਬਾਅਦ ਗੁਰੂਆਂ ਦੀਆਂ ਸਾਖੀਆਂ, ਵਾਰਾਂ ਜਾਂ ਫਿਰ ਕੋਈ ਨਾ ਕੋਈ ਕਿੱਸਾ ਕਹਾਣੀ ਮਿੰਨੋ ਕੋਲੋਂ ਜਰੂਰ ਸੁਣਦੇ। ਅੱਜ ਉਹੀ ਧੀ ਆਪਣੇ ਘਰ ਰਾਜ਼ੀ-ਖੁਸ਼ੀ ਵੱਸ ਰਹੀ ਹੈ। ਇਸ ਦੀ ਇੱਕ ਧੀ ਤੇ ਤਿੰਨ ਪੁੱਤਰ ਹਨ, ਆਪੋ-ਆਪਣੇ ਪਰਿਵਾਰਾਂ ਵਾਲੇ ਹੋ ਗਏ ਨੇ। ਮੈਂ ਸਭ ਤੋਂ ਛੋਟਾ ਹਾਂ, ਵਾਹਿਗੁਰੂ ਦੀ ਮਿਹਰ ਤੇ ਮਾਪਿਆਂ ਦੀਆਂ ਅਸੀਸਾਂ ਸਦਕਾ ਕਾਲਜ ਵਿਚ ਪ੍ਰੋਫੈਸਰ ਹਾਂ। ਜਦੋਂ ਵੀ ਮੈਨੂੰ ਆਪਣੇ ਮਾਪਿਆਂ ਕੋਲ ਬੈਠਣ ਦਾ ਸਮਾਂ ਮਿਲਦਾ ਹੈ ਤਾਂ ਉਨ੍ਹਾਂ ਨੂੰ ਉਸ ਅਤੀਤ ਬਾਰੇ ਅਕਸਰ ਪੁੱਛਦਾ ਰਹਿੰਦਾ ਹਾਂ। ਉਹ ਆਪਣੀਆਂ ਯਾਦਾਂ ਸਾਂਝੀਆਂ ਕਰਦੇ ਜਾਂਦੇ ਹਨ ਤੇ ਮੈਂ ਉਨ੍ਹਾਂ ਨੂੰ ਕਲਮਬੱਧ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ। ਮੇਰੀ ਮਾਂ ਦੱਸਦੀ ਹੁੰਦੀ ਹੈ ਕਿ, 'ਜਦੋਂ ਸਾਡਾ ਪਰਿਵਾਰ ਲਹਿੰਦੇ ਪੰਜਾਬ ਵਾਲਾ ਘਰ ਛੱਡਣ ਲੱਗਿਆ ਤਾਂ ਗੁਆਂਢ ਵਿਚ ਰਹਿੰਦੇ ਮੁਸਲਮਾਨਾਂ ਦੀ ਇਕ ਬੀਬੀ ਜੋ ਕਿ ਮੇਰੀ ਮਾਂ (ਲੇਖਕ ਦੀ ਨਾਨੀ) ਦੀ ਸਹੇਲੀ ਸੀ, ਨੇ ਤਿੰਨ-ਚਾਰ ਕਿੱਲੋ ਦਾ ਦੇਸੀ ਘਿਓ ਦਾ ਡੱਬਾ ਭਰ ਕੇ ਦਿਤਾ ਤੇ ਕਿਹਾ ਕੇ ਜਿੱਥੇ ਵੀ ਰੋਟੀ ਖਾਣ ਦਾ ਸਮਾਂ ਮਿਲਿਆ, ਮਾੜਾ-ਮੋਟਾ ਘਿਓ ਖਾਂਦੀ ਰਹੀਂ ਤੇ ਦੁੱਧ ਚੁੰਘਦੀ ਧੀ ਦਾ ਖਿਆਲ ਰੱਖੀਂ'।

ਕੁਰਸੀ ਦੇ ਭੁੱਖੇ ਲੋਕਾਂ ਉਦੋਂ ਵੀ ਪੰਜਾਬ ਨੂੰ ਉਜਾੜਣ ਦੀ ਕੋਈ ਕਸਰ ਨਹੀਂ ਸੀ ਛੱਡੀ ਅਤੇ ਅੱਜ ਵੀ ਉਸੇ ਤਰ੍ਹਾਂ ਕੋਝੀਆਂ ਚਾਲਾਂ ਚੱਲ ਰਹੇ ਹਨ। ਇਸ ਦੇ ਬਾਵਜੂਦ ਵੀ ਦੋਹਾਂ ਪਾਸਿਆਂ ਦੀ ਸਾਂਝ ਫਿੱਕੀ ਨਹੀਂ ਪਈ। ਧਰਤੀਆਂ ਦੇ ਫ਼ੈਸਲੇ ਦਿਲਾਂ ਵਿਚ ਫ਼ਾਸਲੇ ਨਹੀਂ ਪਾ ਸਕਦੇ। ਪੰਜਾਬ ਗੁਰਾਂ ਦੀ ਕਿਰਪਾ ਸਦਕਾ ਚੜ੍ਹਦੀ ਕਲਾ ਵਿਚ ਰਿਹਾ ਹੈ ਹਮੇਸ਼ਾ ਚੜ੍ਹਦੀ ਕਲਾ ਨਾਲ ਹੀ ਵੱਸਦਾ ਰਹੇਗਾ।

# ਵਾਹ! ਉਸਤਾਦ ਵਾਹ!! ਹਾਜੀ ਵਿਲਾਇਤ ਅਲੀ ਖ਼ਾਨ



ਭਾਰਤੀ ਸ਼ਾਸਤਰੀ ਸੰਗੀਤ ਵਿਚ ਤਬਲੇ ਦੇ ਵੱਖ-ਵੱਖ ਘਰਾਣਿਆਂ ਨੇ ਆਪਣੀ ਵਿਲੱਖਣ ਸ਼ੈਲੀ ਤੇ ਰਚਨਾਤਮਕਤਾ ਨਾਲ ਇਸ ਕਲਾ ਨੂੰ ਨਵੀਆਂ ਉਚਾਈਆਂ ਤੱਕ -ਪਹੁੰਚਾਇਆ ਹੈ। ਇਨ੍ਹਾਂ ਘਰਾਣਿਆਂ ਵਿਚ ਫ਼ਾਰੂਖ਼ਾਬਾਦ ਘਰਾਣੇ ਦਾ ਵਿਸ਼ੇਸ਼ ਸਥਾਨ ਹੈ, ਜਿਸ ਦੀ ਨੀਂਹ ਉਸਤਾਦ ਮੀਆਂ ਹਾਜੀ ਵਿਲਾਇਤ ਅਲੀ ਖ਼ਾਨ ਨੇ ਰੱਖੀ। ਉਹ ਸਿਰਫ਼ ਇਕ ਉੱਚਕੋਟੀ ਦੇ ਤਬਲਾ ਵਾਦਕ ਹੀ ਨਹੀਂ ਸਨ, ਸਗੋਂ ਇਕ ਅਜਿਹੇ ਸੰਗੀਤ ਸਾਧਕ ਵੀ ਸਨ, ਜਿਨ੍ਹਾਂ ਨੇ ਪਰੰਪਰਾ ਨੂੰ ਨਵੀਂ ਦਿਸ਼ਾ ਦਿੱਤੀ ਅਤੇ ਆਪਣੇ ਸ਼ਗਿਰਦਾਂ ਰਾਹੀਂ ਇਕ ਮਜ਼ਬੂਤ ਸੰਗੀਤਕ ਵਿਰਾਸਤ ਸਿਰਜੀ।

ਉਸਤਾਦ ਮੀਆਂ ਹਾਜੀ ਵਿਲਾਇਤ ਅਲੀ ਖ਼ਾਨ ਦਾ ਜਨਮ 1779 'ਚ ਹੋਇਆ ਅਤੇ 1826 'ਚ ਉਨ੍ਹਾਂ ਦਾ ਦੇਹਾਂਤ ਹੋਇਆ। ਉਹ ਲਖਨਊ ਘਰਾਣੇ ਦੇ ਪ੍ਰਸਿੱਧ ਉਸਤਾਦ ਮੀਆਂ ਬਖ਼ਸ਼ ਖ਼ਾਨ ਦੇ ਜਵਾਈ ਸਨ। ਭਾਵੇਂ ਉਨ੍ਹਾਂ ਦੀ ਮੁੱਢਲੀ ਤਥਲਾ-ਸਿੱਖਿਆ ਬਾਰੇ ਸਪੱਸ਼ਟ ਇਤਿਹਾਸਕ ਜਾਣਕਾਰੀ ਉਪਲਬਧ ਨਹੀਂ, ਪਰ ਇਹ ਮੰਨਿਆ ਜਾਂਦਾ ਹੈ ਕਿ ਵਿਆਹ ਤੋਂ ਪਹਿਲਾਂ ਹੀ ਉਹ ਇਕ ਪ੍ਰਤਿਭਾਸ਼ਾਲੀ ਤਥਲਾ ਵਾਦਕ ਵਜੋਂ ਪ੍ਰਸਿੱਧੀ ਹਾਸਲ ਕਰ ਚੁੱਕੇ ਸਨ। ਵਿਆਹ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਹੁਰੇ ਉਸਤਾਦ ਮੀਆਂ ਬਖ਼ਸ਼ ਖ਼ਾਨ ਤੋਂ ਤਬਲਾ ਵਾਦਨ ਦੀ ਬਾਰੀਕ ਸਿੱਖਿਆ ਪ੍ਰਾਪਤ ਕੀਤੀ। ਪਰੰਪਰਾਗਤ ਰਿਵਾਇਤਾਂ ਅਨੁਸਾਰ ਉਨ੍ਹਾਂ ਦੀ ਪਤਨੀ ਵੀ ਇਸ ਕਲਾ 'ਚ ਨਿਪੁੰਨ ਸੀ ਅਤੇ ਹਾਜੀ ਸਾਹਿਬ ਉਸ ਨੂੰ ਵੀ ਆਪਣਾ ਗੁਰੂ ਮੰਨਦੇ ਸਨ। ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਸੱਤ ਵਾਰ ਹੱਜ ਦੀ ਯਾਤਰਾ ਕੀਤੀ। ਇਨ੍ਹਾਂ ਯਾਤਰਾਵਾਂ ਤੋਂ ਬਾਅਦ ਹੀ ਉਹ "ਹਾਜੀ" ਵਿਲਾਇਤ ਅਲੀ ਖ਼ਾਨ ਦੇ ਨਾਂ ਨਾਲ ਪ੍ਰਸਿੱਧ ਹੋਏ। ਵਿਆਹ ਤੋਂ ਬਾਅਦ ਉਹ ਉੱਤਰ ਪ੍ਰਦੇਸ਼ ਦੇ ਫ਼ਾਰੂਖ਼ਾਬਾਦ ਵਿਚ ਆ ਵੱਸੇ। ਇੱਥੇ ਉਨ੍ਹਾਂ ਨੇ ਤਬਲਾ ਸਿੱਖਿਆ ਦਾ ਇਕ ਕੇਂਦਰ ਸਥਾਪਤ ਕੀਤਾ, ਜਿੱਥੇ ਵਿਦਿਆਰਥੀਆਂ ਨੂੰ ਅਨੁਸ਼ਾਸਤ ਢੰਗ ਨਾਲ ਸਿਖਲਾਈ ਦਿੱਤੀ ਜਾਂਦੀ ਸੀ। ਕਿਹਾ ਜਾਂਦਾ ਹੈ ਕਿ ਸ਼ੁਰੂਆਤੀ ਅਭਿਆਸ ਲਈ ਲੱਕੜ ਦੇ ਤਬਲੇ ਤੇ ਡੁੱਗੇ ਦੀ ਵਰਤੋਂ। ਕਰਵਾਈ ਜਾਂਦੀ ਸੀ ਤਾਂ ਜੋ ਵਿਦਿਆਰਥੀ ਬੋਲਾਂ ਤੇ ਹੱਥਾਂ ਦੀ ਪਕੜ ਵਿਚ ਨਿਪੁੰਨ ਹੋ ਸਕਣ। ਇਸ ਕੇਂਦਰ ਨੇ ਅੱਗੇ ਚੱਲ ਕੇ ਫ਼ਾਰੂਖ਼ਾਬਾਦ ਘਰਾਣੇ ਦੀ ਮਜ਼ਬੂਤ ਨੀਂਹ ਰੱਖੀ।



ਉਸਤਾਦ ਹਾਜੀ ਵਿਲਾਇਤ ਅਲੀ ਖ਼ਾਨ ਦੇ ਪੁੱਤਰ ਉਸਤਾਦ ਹੁਸੈਨ ਖ਼ਾਨ ਨੇ ਵੀ ਇਸ ਪਰੰਪਰਾ ਨੂੰ ਅੱਗੇ ਵਧਾਇਆ। ਬਾਅਦ ਵਿਚ ਉਸਤਾਦ ਮੁਨੀਰ ਖ਼ਾਨ ਵਰਗੇ ਮਹਾਨ ਤਬਲਾ ਵਾਦਕਾਂ ਤੱਕ ਇਹ ਵਿਰਾਸਤ ਪਹੁੰਚੀ। ਉਨ੍ਹਾਂ ਨਾਲ ਜੁੜੀ ਇਕ ਪ੍ਰਸਿੱਧ ਰਵਾਇਤ ਵੀ ਸੰਗੀਤ ਜਗਤ ਵਿਚ ਸੁਣਨ ਨੂੰ ਮਿਲਦੀ ਹੈ। ਇਸ ਅਨੁਸਾਰ ਇਕ ਵਾਰ ਉਸਤਾਦ ਸਾਲਾਰੀ ਖ਼ਾਨ ਅਤੇ ਉਸਤਾਦ ਮੀਆਂ ਬਖ਼ਸ਼ੂ ਖ਼ਾਨ ਵਿਚਕਾਰ ਤਬਲਾ ਵਾਦਨ ਦਾ ਮੁਕਾਬਲਾ ਹੋਇਆ। ਬਖ਼ਸ਼ੂ ਖ਼ਾਨ ਨੇ ਆਪਣੀ ਥਾਂ ਵਿਲਾਇਤ ਅਲੀ ਖ਼ਾਨ ਨੂੰ ਮੈਦਾਨ ਵਿਚ ਉਤਾਰਿਆ। ਕਈ ਦਿਨਾਂ ਤੱਕ ਚੱਲੇ ਇਸ ਮੁਕਾਬਲੇ ਵਿਚ ਵਿਲਾਇਤ ਅਲੀ ਖ਼ਾਨ ਨੇ ਅਜਿਹੀਆਂ ਵਿਲੱਖਣ ਰਚਨਾਵਾਂ ਪੇਸ਼ ਕੀਤੀਆਂ ਕਿ ਵਿਰੋਧੀ ਪੱਖ ਉਨ੍ਹਾਂ ਦਾ ਜਵਾਬ ਨਾ ਦੇ ਸਕਿਆ। ਇਸ ਘਟਨਾ ਨੇ ਉਨ੍ਹਾਂ ਨੂੰ ਇਕ ਅਸਾਧਾਰਨ ਤਬਲਾ ਵਾਦਕ ਵਜੋਂ ਪ੍ਰਸਿੱਧੀ ਦਿਵਾਈ। ਭਾਵੇਂ ਇਸ ਰਵਾਇਤ ਦੇ ਇਤਿਹਾਸਕ ਪ੍ਰਮਾਣ ਸੀਮਤ ਹਨ ਪਰ ਸੰਗੀਤ ਜਗਤ ਵਿਚ ਇਹ ਅੱਜ ਵੀ ਬਹੁਤ ਦਿਲਚਸਪੀ ਨਾਲ ਸੁਣਾਈ ਜਾਂਦੀ ਹੈ। ਉਸਤਾਦ ਹਾਜੀ ਵਿਲਾਇਤ ਅਲੀ ਖ਼ਾਨ ਦੀ ਸਭ ਤੋਂ ਵੱਡੀ ਦੇਣ ਇਹ ਸੀ ਕਿ ਉਨ੍ਹਾਂ ਨੇ ਦਿੱਲੀ ਤੇ ਲਖਨਊ ਘਰਾਣਿਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਆਪਣੇ ਮੌਲਿਕ ਵਿਚਾਰਾਂ ਨਾਲ ਜੋੜ ਕੇ ਇਕ ਨਵੀਂ ਸ਼ੈਲੀ ਵਿਕਸਤ ਕੀਤੀ। ਉਨ੍ਹਾਂ ਦੀਆਂ ਰਚਨਾਵਾਂ ਵਿਚ ਨਜ਼ਾਕਤ, ਲੈਅ ਦੀ ਪੱਕੜ ਤੇ ਬੋਲਾਂ ਦੀ ਸੁੰਦਰ ਬਣਤਰ ਦਾ ਅਦਭੁੱਤ ਮੇਲ ਮਿਲਦਾ ਹੈ। ਇਹੀ ਵਿਸ਼ੇਸ਼ਤਾਵਾਂ ਅੱਗੇ ਚੱਲ ਕੇ ਫ਼ਾਰੂਖ਼ਾਬਾਦ ਘਰਾਣੇ ਦੀਆਂ ਪਛਾਣ ਬਣੀਆਂ। ਕਿਹਾ ਜਾਂਦਾ ਹੈ ਕਿ ਜਦੋਂ ਉਹ ਤਬਲਾ ਵਜਾਉਂਦੇ ਸਨ ਤਾਂ ਉਨ੍ਹਾਂ ਦੀਆਂ ਰਚਨਾਵਾਂ ਦੀ ਮਿੱਠਾਸ, ਸਫ਼ਾਈ ਅਤੇ ਲੈਅਕਾਰੀ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੰਦੀ ਸੀ। ਉਨ੍ਹਾਂ ਦੀ ਪੇਸ਼ਕਾਰੀ ਤੋਂ ਪ੍ਰਭਾਵਿਤ ਹੋ ਕੇ ਸਰੋਤੇ ਬੇਇਖ਼ਤਿਆਰ "ਵਾਹ! ਉਸਤਾਦ ਵਾਹ!" ਆਖ਼ ਉੱਠਦੇ ਸਨ। ਸ਼ਾਇਦ ਇਹੀ ਕਾਰਨ ਹੈ ਕਿ ਅੱਜ ਵੀ ਉਨ੍ਹਾਂ ਦਾ ਨਾਂ ਤਬਲੇ ਦੀ ਦੁਨੀਆ ਵਿਚ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ। 1826 ਵਿਚ ਉਸਤਾਦ ਮੀਆਂ ਹਾਜੀ ਵਿਲਾਇਤ ਅਲੀ ਖ਼ਾਨ ਇਸ ਸੰਸਾਰ ਨੂੰ ਅਲਵਿਦਾ ਆਖ ਗਏ, ਪਰ ਉਨ੍ਹਾਂ ਵੱਲੋਂ ਸਥਾਪਤ ਫ਼ਾਰੂਖ਼ਾਬਾਦ ਘਰਾਣਾ ਅੱਜ ਵੀ ਭਾਰਤੀ ਸ਼ਾਸਤਰੀ ਸੰਗੀਤ ਦੀਆਂ ਮਹੱਤਵਪੂਰਨ ਪਰੰਪਰਾਵਾਂ ਵਿੱਚੋਂ ਇਕ ਹੈ। ਦੇਸ਼-ਵਿਦੇਸ਼ ਦੇ ਤਬਲਾ ਵਾਦਕ ਉਨ੍ਹਾਂ ਨੂੰ ਸਿਰਫ਼ ਇਕ ਮਹਾਨ ਕਲਾਕਾਰ ਹੀ ਨਹੀਂ, ਸਗੋਂ ਇਕ ਅਜਿਹੇ ਆਚਾਰੀਆ ਵਜੋਂ ਯਾਦ ਕਰਦੇ ਹਨ, ਜਿਸ ਨੇ ਤਬਲੇ ਨੂੰ ਕਲਾ ਦੀਆਂ ਨਵੀਆਂ ਬੁਲੰਦੀਆਂ ਤੱਕ ਪਹੁੰਚਾਉਣ ਵਿਚ ਅਹਿਮ ਯੋਗਦਾਨ ਪਾਇਆ।

## ਕਲਾ ਪਰਿਕਰਮਾ

## ਪੰਜਾਬੀ ਸੰਗੀਤ ਦੀਆਂ ਅਮਰ ਆਵਾਜ਼ਾਂ



ਕੇਐੱਲ ਸਹਿਗਲ ਨੇ ਆਪਣੀ ਵਿਲੱਖਣ ਗਾਇਕੀ ਨਾਲ ਉਪ-ਮਹਾਂਦੀਪ ਦੇ ਸੰਗੀਤ ਨੂੰ ਨਵੀਂ ਦਿਸ਼ਾ ਦਿੱਤੀ।

ਨੂਰਜਹਾਂ ਦੀ ਸੁਰੀਲੀ ਆਵਾਜ਼ ਨੇ ਪੰਜਾਬੀ ਤੇ ਹਿੰਦੀ ਫਿਲਮੀ ਸੰਗੀਤ ਨੂੰ ਨਵਾਂ ਮਿਆਰ ਦਿੱਤਾ।

ਸ਼ਮਸ਼ਾਦ ਬੇਗਮ ਨੇ ਆਪਣੀ ਤਾਕਤਵਰ ਆਵਾਜ਼ ਨਾਲ ਇੱਕ ਵੱਖਰੀ ਪਛਾਣ ਬਣਾਈ। ਲੋਕ-ਸੰਗੀਤ ਦੇ ਖੇਤਰ ਵਿੱਚ ਸੁਰਿੰਦਰ ਕੌਰ ਨੇ ਪੰਜਾਬ ਦੀ ਧੀ ਦੇ ਰੂਪ ਵਿੱਚ ਲੋਕ-ਗੀਤਾਂ ਨੂੰ ਘਰ-ਘਰ ਤੱਕ ਪਹੁੰਚਾਇਆ। ਉਨ੍ਹਾਂ ਦੇ ਗਾਏ ਗੀਤ ਅੱਜ ਵੀ ਵਿਆਹਾਂ, ਤਿਉਹਾਰਾਂ ਅਤੇ ਸੱਭਿਆਚਾਰਕ ਸਮਾਗਮਾਂ ਦੀ ਰੌਣਕ ਹਨ। ਲਾਲ ਚੰਦ ਯਮਲਾ ਜੱਟ ਨੇ ਪੰਜਾਬੀ ਲੋਕ-ਗਾਇਕੀ ਨੂੰ ਅਜਿਹੀ ਉੱਚਾਈ ਦਿੱਤੀ ਕਿ ਉਨ੍ਹਾਂ ਦੇ ਗੀਤ ਅੱਜ ਵੀ ਲੋਕ-ਸੱਭਿਆਚਾਰ ਦੀ ਪਛਾਣ ਮੰਨੇ ਜਾਂਦੇ ਹਨ। ਉਨ੍ਹਾਂ ਦੀਆਂ ਰਿਕਾਰਡਿੰਗਾਂ ਨੇ ਇਹ ਸਾਬਤ ਕੀਤਾ ਕਿ ਲੋਕ-ਸੰਗੀਤ ਵੀ ਵਪਾਰਕ ਤੌਰ 'ਤੇ ਸਫਲ ਹੋ ਸਕਦਾ ਹੈ। ਇਸ ਤੋਂ ਬਾਅਦ ਕਰਨੈਲ ਗਿੱਲ, ਮੁਹੰਮਦ ਸਦੀਕ, ਨਰਿੰਦਰ ਬੀਬਾ, ਕੁਲਦੀਪ ਮਾਣਕ ਅਤੇ ਹੋਰ ਅਨੇਕ ਕਲਾਕਾਰਾਂ ਦੀਆਂ ਰਿਕਾਰਡਿੰਗਾਂ ਨੇ ਪੰਜਾਬੀ ਸੰਗੀਤ ਨੂੰ ਨਵੀਆਂ ਹੁੰਚਾਇਆ। ਐੱਚਐੱਮਵੀ ਦੇ ਲੇਬਲ ਹੇਠ ਜਾਰੀ ਹੋਏ ਇਨ੍ਹਾਂ ਰਿਕਾਰਡਾਂ ਨੇ ਪੰਜਾਬੀ ਸੰਗੀਤ ਨੂੰ ਦੇਸ਼ ਦੀਆਂ ਸਰਹੱਦਾਂ ਤੋਂ ਪਾਰ ਵੀ ਪਹੁੰਚਾਇਆ।



## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਅਗਸਤ 2026 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-756



*ਨਿਰਛਲ ਨਿਰਮਲ ਬਚਪਨ ਹੁੰਦਾ, ਸਭ ਨੂੰ ਸਵਰਗ ਜਿਹਾ ਜਾਪੇ,*
*ਕੋਈ ਨ ਵੱਡੀ ਚਾਹਿਤ ਦਿਲ ਵਿਚ, ਮਨਚਾਹਾ ਖੇਡਣਾ ਰਲ਼ ਆਪੇ।*
*ਦੂਰ ਦੁਰਾਡੇ ਪਿੰਡ ਦੀ ਫ਼ੋਟੋ ਲੱਗਦੀ, ਮਿਲ਼ ਬੱਚਿਆਂ ਖੇਡ ਬਣਾਈ,*
*ਹੱਥ ਜੋੜ ਕੇ ਉੱਪਰ ਗੇਟ ਬਣਾਇਆ, ਖ਼ੁਸ਼ੀ ਕਰੀ ਹੈ ਦੂਣ ਸਵਾਈ।*

### ਕੈਪਸ਼ਨ ਮੁਕਾਬਲਾ-754



ਘਰ ਵਿਚ ਸੱਜਰੀ ਬੱਕਰੀ ਸੂਈ,
ਛੇਲੀਆਂ ਛੇਲੇ ਪਿਆਰੇ ਲੱਗਦੇ,
ਬੱਚਾ ਛੇਲਾ ਦੋਵੇਂ ਮਾਸੂਮ ਜਾਪਦੇ,
ਇੱਕੋ ਬੋਤਲ ਦੁੱਧ ਪੀਂਦੇ ਜੱਚਦੇ।
ਦਿਲ ਦੇ ਨਿਰਮਲ ਕਿੰਨੇ ਦਿਖਦੇ,
ਵੈਰ ਵਿਰੋਧ ਛੱਡ ਪ੍ਰੀਤ ਰੱਖਦੇ,
ਪਰੇਮ ਪਿਆਰ ਦੀ ਮੂਰਤ ਲੱਗਦੇ,
ਨਿਰਛਲ ਮੁਹੱਬਤ ਨੇ ਰੱਖਦੇ।
***-ਸੇਵਾ ਸਿੰਘ ਨੂਰਪੁਰੀ***

---

ਨਾਲ਼ ਮੇਮਣੇ ਪਾ ਲਈ ਆੜੀ
ਉਹਨੂੰ ਬੁੱਕਲ਼ ਵਿਚ ਬਠਾਵੇ।
ਵਿਚ ਚੁੰਘਣੀ ਦੁੱਧ ਲਿਆ ਕੇ
ਪਹਿਲਾਂ ਉਹਦੀ ਵਾਰੀ ਲਾਵੇ।
'ਹਰ ਜੀਵ ਨਾਲ ਪਿਆਰ ਕਰੋ'
ਵੱਡਿਆਂ ਤਾਈਂ ਸਬਕ ਸਿਖਾਵੇ।
ਬਚਪਨ ਸਦਾ ਹੀ ਨਿਰਛੱਲ ਹੁੰਦਾ
ਕਪਟ ਜ਼ਮਾਨਾ ਖੁਦ ਸਿਖਾਵੇ।
ਏਸ ਮੰਜ਼ਰ ਨੂੰ ਮਾਨਣ ਵਾਲਾ
ਨਾਲ਼ ਮੁਹੱਬਤ ਮੋਹਿਆ ਜਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 9878337222***

ਨਾ ਬੋਲਣਾ ਉਹਨੂੰ ਆਵੇ।
ਸਮਝ ਨਾ ਬੋਲੀ ਉਹਦੀ ਆਵੇ।
ਮਾਂ-ਜਾਏ ਦੋ ਹੋਏ ਇਕੱਠੇ,
ਗੱਲ ਸਮਝ ਦੋਵਾਂ ਨੂੰ ਆਵੇ।
ਆਪਣੇ ਮੂੰਹ 'ਚੋਂ ਕੱਢ ਕੇ ਬੋਤਲ,
ਆਦਮ ਜਾਇਆ, ਮੂੰਹ ਮੇਮਣੇ ਪਾਵੇ।
ਭੁੱਲ ਗਿਆ ਥਣ ਮਾਂ ਆਪਣੀ ਦਾ,
ਮੇਮਣਾ ਬੋਤਲ 'ਚੋਂ ਰਸ ਪਾਵੇ।
ਢਿੱਡ ਦੀ ਭੁੱਖ ਨਾ ਸੋਚਣ ਦੇਂਦੀ,
ਜੋ ਮਿਲਦਾ ਭੁੱਖਾ ਖਾ ਜਾਵੇ।
ਨੀਂਦ ਨਾ ਭਾਲੇ ਵਿਛਾਉਣੇ ਕੂਲੇ,
ਉਹ ਤਾਂ ਰੋੜਾਂ 'ਤੇ ਆ ਜਾਵੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਮਾਸੂਮ ਚਿਹਰੇ, ਪਿਆਰੇ ਪਿਆਰੇ,
ਜਾਂਦੇ ਇੱਕ ਦੂਜੇ ਤੋਂ ਵਾਰੇ ਵਾਰੇ।
ਪਿਆਰ ਦੀ ਜੱਫੀ ਪਾਵਣ,
ਫੋਟੋ ਵੀ ਖਿਚਵਾਵਣ।
ਬੱਚਾ, ਆਪਣੇ ਹਿੱਸੇ ਦਾ ਦੁੱਧ ਵੀ,
ਬੱਕਰੀ ਦੇ ਮੇਮਣੇ ਨੂੰ ਪਿਲਾਵੇ।
ਸੰਸਕਾਰ ਬੱਚੇ ਨੂੰ ਵਧੀਆ ਮਿਲੇ ਹਨ,
ਦੇਖ ਕੇ ਰੂਹ ਖ਼ੁਸ਼ ਹੋ ਜਾਵੇ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---


ਵਾਰੇ ਜਾਈਏ ਕਲਾ ਕਿਰਤੀ ਦੇ
ਇਕ ਛਲਾਰੂ ਦੂਜਾ ਨੰਨ੍ਹਾ ਬੱਚਾ
ਅਵੱਲੀ ਉਮਰ,
ਚੰਗੇ ਮਾੜੇ ਦੀ ਨਹੀਂ ਪਛਾਣ
ਭੁੱਖੇ ਥਿਆਏ
ਇਕ ਦੂਜੇ ਦੀ ਬੋਤਲ ਵਿਚੋਂ ਪੀਵਣ ਦੁੱਧ
ਨਫਰਤ ਦਾ ਕੋਈ ਨਹੀਂ ਸਵਾਲ।
***-ਦਰਸ਼ਨ ਪਾਲ ਦੋਸਾਂਝ***

* * * * * * * * * * * * * * * * * * *

# ਲਹੂ ਨਾਲ ਲਿਖੀ ਪੰਜਾਬ ਦੀ ਤਾਰੀਖ

***ਜਦੋਂ ਸਿਆਸਤ ਡਰ ਨੂੰ ਜਨਮ ਦੇਵੇ*, *ਕਿਆਦਤ ਨਫ਼ਰਤ ਨੂੰ ਜ਼ਬਾਨ ਦੇਵੇ*, *ਅਫ਼ਵਾਹ ਹਕੀਕਤ ਬਣ ਜਾਵੇ ਤੇ ਇਨਸਾਨ ਆਪਣੀ ਪਛਾਣ ਨੂੰ ਇਨਸਾਨੀਅਤ ਤੋਂ ਵੱਡਾ ਸਮਝ ਬੈਠੇ*, *ਤਾਂ ਸਭ ਤੋਂ ਪਹਿਲਾਂ ਤਾਰੀਖ਼ ਨਹੀਂ ਸੜਦੀ*; *ਇਨਸਾਨ ਸੜਦੇ ਨੇ***

ਹਿੰਦੁਸਤਾਨ ਦੀ ਤਕਸੀਮ ਦੀ ਤਾਰੀਖ ਵਿਚ ਪੰਜਾਬ ਸਿਰਫ਼ ਇਕ ਜਗਰਾਫ਼ੀਆਈ ਖੇਤਰ ਨਹੀਂ ਸੀ, ਸਗੋਂ ਇਹ ਓਹ ਧਰਤੀ ਸੀ, ਜਿੱਥੇ ਸਦੀਆਂ ਤੋਂ ਮੁਸਲਮਾਨ, ਸਿੱਖ ਤੇ ਹਿੰਦੂ ਇਕ ਦੂਜੇ ਦੇ ਦੁੱਖ-ਸੁੱਖ ਦੇ ਸਾਂਝੇਦਾਰ ਰਹੇ ਸਨ। ਪਿੰਡਾਂ ਦੀਆਂ ਗਲੀਆਂ, ਸ਼ਹਿਰਾਂ ਦੇ ਬਾਜ਼ਾਰ, ਖੇਤਾਂ ਦੀਆਂ ਵੱਟਾਂ ਤੇ ਮੁੱਦਤਾਂ ਦੇ ਮੇਲ-ਮਿਲਾਪ, ਇਸ ਸਾਂਝੀ ਤਹਿਜ਼ੀਬ ਦੀ ਗਵਾਹੀ ਦਿੰਦੇ ਸਨ। ਪਰ 1947 ਦਾ ਸਮਾਂ ਆਉਂਦਿਆਂ ਹੀ ਪੰਜਾਬ ਉੱਤੇ ਸਿਆਸੀ ਬੇਯਕੀਨੀ, ਡਰ, ਅਫ਼ਵਾਹਾਂ ਤੇ ਫ਼ਿਰਕਾਵਾਰਾਨਾ ਭੜਕਾਊ ਮਾਹੌਲ ਦੀ ਘਟਾ ਛਾ ਗਈ। ਜਿਹੜੀ ਧਰਤੀ ਸਦੀਆਂ ਤੋਂ ਸਾਂਝੇਪਣ ਦੀ ਅਲਾਮਤ ਸੀ,



ਪ੍ਰੋ: ਅਮਾਨਤ ਗਿੱਲ ਲਾਹੌਰ
ਫੋਨ: +923004969513

ਓਹੀ ਧਰਤੀ ਕੁਝ ਮਹੀਨਿਆਂ ਵਿਚ ਖ਼ੂਨ, ਹਿਜਰਤ ਤੇ ਜੁਦਾਈ ਦੀ ਦਾਸਤਾਨ ਬਣ ਗਈ।

ਇਸ ਸਾਨ੍ਹੇ ਨੂੰ ਸਮਝਣ ਲਈ ਜ਼ਰੂਰੀ ਏ ਕਿ ਤਾਰੀਖ਼ ਨੂੰ ਸਿਰਫ਼ ਉਨ੍ਹਾਂ ਵਾਕਿਆਂ ਦੀ ਐਨਕ ਨਾਲ ਨਾ ਵੇਖਿਆ ਜਾਵੇ, ਜਿਹੜੇ ਬਾਅਦ ਵਿਚ ਕਿਸੇ ਖ਼ਾਸ ਕੌਮ ਦੇ ਇਜ਼ੱਤਮਾਈ ਹਾਫ਼ਜ਼ੇ ਦਾ ਮੁਸਤਕਿਲ ਹਿੱਸਾ ਬਣ ਗਏ। ਥੋਹਾ ਖ਼ਾਲਸਾ ਬੇਸ਼ੱਕ ਮਾਰਚ 1947 ਦੇ ਇੰਤਹਾਈ ਅਲਮਨਾਕ ਵਾਕਿਆਂ ਵਿਚੋਂ ਇਕ ਸੀ, ਤੇ ਓਥੇ ਜਾਨ ਗਵਾਉਣ ਵਾਲੇ ਇਨਸਾਨਾਂ ਦੀ ਯਾਦ ਤਾਰੀਖ਼ ਦੇ ਸੀਨੇ ਉੱਤੇ ਹਮੇਸ਼ਾ ਜ਼ਿੰਦਾ ਰਹਿਣੀ ਚਾਹੀਦੀ ਏ। ਪਰ ਇਹ ਸਵਾਲ ਵੀ ਆਪਣੀ ਪੂਰੀ ਸ਼ਿੱਦਤ ਨਾਲ ਸਾਡੇ ਸਾਹਮਣੇ ਆ ਖਲੋਂਦਾ ਏ ਕਿ ਪੰਜਾਬ ਵਿਚ ਵਸੀਅ ਪੈਮਾਨੇ ਉੱਤੇ ਫ਼ਿਰਕਾਵਾਰਾਨਾ ਤਸ਼ੱਦਦ ਦੀ ਪਹਿਲੀ ਚਿੰਗਾਰੀ ਆਖ਼ਰ ਕਿੱਥੇ ਭੜਕੀ?

ਤਾਰੀਖ਼ ਦੇ ਵਾਕਿਆਂ ਨੂੰ ਜੇ ਜਜ਼ਬਾਤ ਦੀ ਬਜਾਏ ਦਿਨ-ਬ-ਦਿਨ ਦੇ ਜ਼ਮਾਨੀ ਤਸਲਸੁਲ ਵਿਚ ਵੇਖਿਆ ਜਾਵੇ ਤਾਂ ਤਸਵੀਰ ਹੋਰ ਵਾਜ਼ਿਹ ਹੁੰਦੀ ਏ। 2 ਮਾਰਚ 1947 ਨੂੰ ਪੰਜਾਬ ਦੇ ਵਜ਼ੀਰ-ਏ-ਆਜ਼ਮ ਸਰ ਖ਼ਿਜ਼ਰ ਹਯਾਤ ਖ਼ਾਂ ਟਿਵਾਣਾ ਨੇ ਆਪਣੀ ਮੁਖ਼ਤਲਿਫ਼ ਵਜ਼ਾਰਤ ਤੋਂ ਅਸਤੀਫ਼ਾ ਦੇ ਦਿੱਤਾ। ਇਹ ਹਕੂਮਤ ਯੂਨੀਅਨਿਸਟ, ਕਾਂਗਰਸ ਤੇ ਸਿੱਖ ਨੁਮਾਇੰਦਿਆਂ ਦੇ ਇਸ਼ਤਰਾਕ ਨਾਲ ਕਾਇਮ ਹੋਈ ਸੀ ਤੇ ਪੰਜਾਬ ਵਿਚ ਇਕ ਅਰਸੇ ਤੋਂ ਇਕ ਨਿਸਬਤਨ ਮੁਤਵਾਜ਼ਨ ਸਿਆਸੀ ਬੰਦੋਬਸਤ ਦੀ ਅਲਾਮਤ ਸਮਝੀ ਜਾਂਦੀ ਸੀ। ਮੁਸਲਿਮ ਲੀਗ ਦੀ ਮੁਸਤਮਰ ਸਿਆਸੀ ਤਹਿਰੀਕ ਤੇ ਵਜ਼ਾਰਤ ਦੇ ਖ਼ਿਲਾਫ਼ ਇਤਰਾਜ਼ ਨੇ ਹਕੂਮਤ ਨੂੰ ਸ਼ਦੀਦ ਦਬਾਅ ਵਿਚ ਲੈ ਆਂਦਾ ਸੀ। ਖ਼ਿਜ਼ਰ ਹਯਾਤ ਦੇ ਅਸਤੀਫ਼ੇ ਨਾਲ ਪੰਜਾਬ ਦੀ ਸਿਆਸਤ ਦਾ ਉਹ ਆਖ਼ਰੀ ਤਵਾਜ਼ਨ ਵੀ ਡਗਮਗਾ ਗਿਆ, ਜਿਹੜਾ ਮੁਖ਼ਤਲਿਫ਼ ਸਿਆਸੀ ਤੇ ਮਜ਼ਹਬੀ ਤਾਕਤਾਂ ਨੂੰ ਇਕ ਦੂਜੇ ਦੇ ਨਾਲ ਜੋੜ ਕੇ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ।

ਇਹ ਸਿਰਫ਼ ਇਕ ਵਜ਼ਾਰਤ ਦੇ ਡਿੱਗਣ ਦਾ ਮਸਲਾ ਨਹੀਂ ਸੀ। ਇਸ ਦੇ ਪਿੱਛੇ ਪਾਕਿਸਤਾਨ ਦਾ ਮੁਤਾਲਬਾ, ਸਿੱਖਾਂ ਦੇ ਸਿਆਸੀ ਮੁਸਤਕਬਿਲ ਦਾ ਖ਼ੌਫ਼, ਹਿੰਦੂ ਕਿਆਦਤ ਦੀਆਂ ਤਸ਼ਵੀਸ਼ਾਂ ਤੇ ਮੁਸਲਿਮ ਲੀਗ ਦੀ ਸੂਬਾਈ ਇਕਤਦਾਰ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਇਕ-ਦੂਜੇ ਨਾਲ ਟਕਰਾ ਰਹੀਆਂ ਸਨ। ਪੰਜਾਬ ਦੀ ਸਿਆਸੀ ਫ਼ਿਜ਼ਾ ਵਿਚ ਪਹਿਲਾਂ ਹੀ ਬਾਰੂਦ ਦੀ ਬੂ ਰਚ ਚੁੱਕੀ ਸੀ; ਖ਼ਿਜ਼ਰ ਹਯਾਤ ਦੇ ਅਸਤੀਫ਼ੇ ਨੇ ਓਸ ਚਿੰਗਾਰੀ ਲਈ ਇਕ ਹੋਰ ਖ਼ਤਰਨਾਕ ਮਾਹੌਲ ਪੈਦਾ ਕਰ ਦਿੱਤਾ। 3 ਮਾਰਚ ਨੂੰ ਲਾਹੌਰ ਵਿਚ ਸਿਆਸੀ ਕਸ਼ੀਦਗੀ ਹੋਰ ਵਧ ਗਈ। ਸਿੱਖ ਰਹਿਨੁਮਾ ਮਾਸਟਰ ਤਾਰਾ ਸਿੰਘ ਨੇ ਪੰਜਾਬ ਅਸੈਂਬਲੀ ਦੇ ਬਾਹਰ ਪਾਕਿਸਤਾਨ ਦੇ ਮੁਤਾਲਬੇ ਦੇ ਖ਼ਿਲਾਫ਼ ਸ਼ਦੀਦ ਇਤਰਾਜ਼ ਕੀਤਾ। ਤਾਰੀਖ਼ੀ ਹਵਾਲਿਆਂ ਵਿਚ ਇਸ ਮੌਕੇ ਉੱਤੇ ਉਨ੍ਹਾਂ ਦੇ ਹੱਥ ਵਿਚ ਕ੍ਰਿਪਾਨ ਤੇ 'ਪਾਕਿਸਤਾਨ ਮੁਰਦਾਬਾਦ' ਦੇ ਨਾਅਰੇ ਦਾ ਜ਼ਿਕਰ ਮਿਲਦਾ ਏ। ਇਹ ਮੰਜ਼ਰ ਸਿਰਫ਼ ਇਕ ਸਿਆਸੀ ਮੁਜ਼ਾਹਰੇ ਦਾ ਮੰਜ਼ਰ ਨਹੀਂ ਰਿਹਾ; ਇਹ ਉਨ੍ਹਾਂ ਖ਼ੌਫ਼ਾਂ, ਗੁੱਸੇ ਤੇ ਬੇਯਕੀਨੀ ਦਾ ਅਲਾਮਤੀ ਇਜ਼ਹਾਰ ਬਣ ਗਿਆ, ਜਿਹੜੇ ਉਨ੍ਹਾਂ ਦਿਨਾਂ ਪੰਜਾਬ ਦੀ ਸਿਆਸਤ ਉੱਤੇ ਛਾਏ ਹੋਏ ਸਨ।

ਪਰ ਤਵਾਰੀਖ਼ ਨੂੰ ਇਨਸਾਫ਼ ਨਾਲ ਪੜ੍ਹਨ ਦਾ ਤਕਾਜ਼ਾ ਇਹ ਏ ਕਿ ਇਸ ਵਾਕਏ ਨੂੰ ਪੂਰੇ ਪੰਜਾਬ ਦੇ ਫ਼ਸਾਦਾਤ ਦੀ ਵਹੀਦ ਵਜ੍ਹਾ ਨਾ ਬਣਾਇਆ ਜਾਵੇ। ਮੁਸਲਿਮ ਲੀਗ ਦੀ ਕਈ ਹਫ਼ਤਿਆਂ ਤੋਂ ਜਾਰੀ ਸਿਆਸੀ ਤਹਿਰੀਕ, ਸਿਆਸੀ ਟਕਰਾਅ ਤੇ ਮੁਖ਼ਤਲਿਫ਼ ਥਾਵਾਂ ਉੱਤੇ ਹੋਣ ਵਾਲਾ ਤਸ਼ੱਦਦ ਪਹਿਲਾਂ ਹੀ ਹਾਲਾਤ ਨੂੰ ਖ਼ਤਰਨਾਕ ਹੱਦ ਤੱਕ ਕਸ਼ੀਦਾ ਕਰ ਚੁੱਕਾ ਸੀ। ਸੋ ਗੱਲ ਇਹ ਨਹੀਂ ਕਿ 3 ਜਾਂ 4 ਮਾਰਚ ਤੋਂ ਪਹਿਲਾਂ ਪੰਜਾਬ ਬਿਲਕੁਲ ਪੁਰਅਮਨ ਸੀ; ਅਸਲ ਗੱਲ ਇਹ ਏ ਕਿ ਮਾਰਚ ਦੇ ਇਹ ਵਾਕਏ ਪਹਿਲਾਂ ਤੋਂ ਸੁਲਗ ਰਹੇ ਸਨ ਜਿਹੜੇ ਹਿੰਦੁਸਤਾਨ ਦੀ ਸਿਆਸੀ ਤੇ ਫ਼ਿਰਕਾਵਾਰਾਨਾ ਫ਼ਜ਼ਾ ਨੂੰ ਖੁੱਲ੍ਹੀ ਅੱਗ ਵਿਚ ਬਦਲ ਗਏ।

4 ਮਾਰਚ 1947 ਪੰਜਾਬ ਦੀ ਤਾਰੀਖ਼ ਦਾ ਉਹ ਦਿਨ ਬਣਿਆ ਜਦੋਂ ਲਾਹੌਰ ਵਿਚ ਸਿਆਸੀ ਕਸ਼ਮਕਸ਼ ਖੁੱਲ੍ਹੇ ਫ਼ਿਰਕਾਵਾਰਾਨਾ ਤਸ਼ੱਦਦ ਦੀ ਸੂਰਤ ਇਖ਼ਤਿਆਰ ਕਰਨ ਲੱਗੀ। ਹਿੰਦੂ ਤੇ ਸਿੱਖ ਤਲਬਾ ਦੇ ਇਤਰਾਜ਼ੀ ਜਲੂਸ ਨਿਕਲੇ, ਪਾਕਿਸਤਾਨ ਤੇ ਮੁਸਲਿਮ ਲੀਗ ਦੇ ਖ਼ਿਲਾਫ਼ ਨਾਅਰੇ ਬੁਲੰਦ ਹੋਏ ਤੇ ਹਾਲਾਤ ਤੇਜ਼ੀ ਨਾਲ ਕਾਬੂ ਤੋਂ ਬਾਹਰ ਹੋਣ ਲੱਗੇ। ਬਰਤਾਨਵੀ ਪਾਰਲੀਮਾਨ ਵਿਚ 17 ਮਾਰਚ ਨੂੰ ਪੇਸ਼ ਕੀਤੇ ਗਏ ਸਰਕਾਰੀ ਬਿਆਨ ਵਿਚ ਵੀ 4 ਮਾਰਚ ਨੂੰ ਲਾਹੌਰ ਵਿਚ ਸੰਗੀਨ ਫ਼ਿਰਕਾਵਾਰਾਨਾ ਹੰਗਾਮਿਆਂ ਦੇ ਆਗਾਜ਼ ਦੀ ਤਾਰੀਖ਼ ਦੱਸਿਆ ਗਿਆ। ਇਸ ਸ਼ਾਮ ਅੰਮ੍ਰਿਤਸਰ ਵਿਚ ਵੀ ਤਸ਼ੱਦਦ, ਭਾਂਬੜ ਵਾਂਗ ਮੱਚ ਪਿਆ, ਤੇ ਅਗਲੇ ਦਿਨ ਮੁਲਤਾਨ ਤੇ ਰਾਵਲਪਿੰਡੀ ਤੱਕ ਹਾਲਾਤ ਖ਼ਰਾਬ ਹੋਣ ਲੱਗ ਪਏ।




ਇਸ ਜ਼ਮਾਨੀ ਤਰਤੀਬ ਨੂੰ ਨਜ਼ਰਅੰਦਾਜ਼ ਕਰਨਾ ਮਾਰਚ 1947 ਦੀ ਤਾਰੀਖ਼ ਨੂੰ ਸਮਝਣ ਵਿਚ ਵੱਡੀ ਗ਼ਲਤੀ ਹੋਵੇਗੀ। ਲਾਹੌਰ ਤੇ ਅੰਮ੍ਰਿਤਸਰ ਵਿਚ 4 ਮਾਰਚ ਤੇ ਰਾਵਲਪਿੰਡੀ ਤੇ ਮੁਲਤਾਨ ਵਿਚ 5 ਮਾਰਚ; ਇਹ ਉਹ ਨਿਸ਼ਾਨੀਆਂ ਨੇ ਜਿਹੜੀਆਂ ਦੱਸਦੀਆਂ ਨੇ ਕਿ ਤਸ਼ੱਦਦ ਦਾ ਦਾਇਰਾ ਕਿਵੇਂ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਤੇ ਫਿਰ ਸ਼ਹਿਰਾਂ ਤੋਂ ਪਿੰਡਾਂ ਵੱਲ ਵਧਦਾ ਗਿਆ।

ਤੇ ਹੁਣ ਸਵਾਲ ਆਉਂਦਾ ਏ: ਫਿਰ ਥੋਹਾ ਖ਼ਾਲਸਾ ਕਿੱਥੇ ਆਉਂਦਾ ਏ?

ਰਾਵਲਪਿੰਡੀ ਡਿਵੀਜ਼ਨ ਦੇ ਦਿਹਾਤੀ ਇਲਾਕੇ ਮਾਰਚ 1947 ਦੀ ਖ਼ੂਨੀ ਦਾਸਤਾਨ ਦਾ ਇਕ ਨਿਹਾਇਤ ਦਰਦਨਾਕ ਬਾਬ ਬਣ ਗਏ। ਇੱਥੇ ਮੁਸਲਮਾਨ ਅਕਸਰੀਅਤ ਵਿਚ ਸਨ, ਜਦੋਂ ਕਈ ਥਾਵਾਂ ਉੱਤੇ ਸਿੱਖ ਤੇ ਹਿੰਦੂ ਅਕਲੀਅਤ ਵਿਚ ਆਬਾਦ ਸਨ। ਲਾਹੌਰ, ਅੰਮ੍ਰਿਤਸਰ ਤੇ ਹੋਰ ਸ਼ਹਿਰਾਂ ਤੋਂ ਆਉਣ ਵਾਲੀਆਂ ਖ਼ਬਰਾਂ, ਅਫ਼ਵਾਹਾਂ ਤੇ ਡਰ ਦੀਆਂ ਕਹਾਣੀਆਂ ਜਦੋਂ ਦਿਹਾਤਾਂ ਤੱਕ ਪਹੁੰਚੀਆਂ ਤਾਂ ਪਹਿਲਾਂ ਤੋਂ ਕਸ਼ੀਦਾ ਫ਼ਜ਼ਾ ਹੋਰ ਜ਼ਹਿਰੀਲੀ ਹੋ ਗਈ। ਹਰ ਖ਼ਬਰ ਦੇ ਨਾਲ ਅਫ਼ਵਾਹ ਜੁੜਦੀ ਗਈ ਤੇ ਹਰ ਅਫ਼ਵਾਹ ਅਗਲੇ ਖ਼ੌਫ਼ ਨੂੰ ਜਨਮ ਦਿੰਦੀ ਗਈ। ਇਸ ਤਰ੍ਹਾਂ ਥੋਹਾ ਖ਼ਾਲਸਾ ਵੀ ਇਸ ਵਸੀਅਤਰ ਬਹਿਰਾਨ ਦਾ ਹਿੱਸਾ ਬਣਿਆ।

ਥੋਹਾ ਖ਼ਾਲਸਾ ਦੇ ਸਾਨ੍ਹੇ ਨੂੰ ਭੁਲਾ ਦੇਣਾ ਤਾਰੀਖ਼ ਨਾਲ ਨਾਇਨਸਾਫ਼ੀ ਏ, ਪਰ ਇਹਨੂੰ ਪੰਜਾਬ ਦੇ ਮਾਰਚ 1947 ਦੇ ਫ਼ਿਰਕਾਵਾਰਾਨਾ ਫ਼ਸਾਦਾਤ ਦਾ ਜ਼ਮਾਨੀ ਨੁਕਤਾਇ-ਆਗ਼ਾਜ਼ ਕਰਾਰ ਦੇਣਾ ਵੀ ਤਾਰੀਖ਼ੀ ਤਸਲਸੁਲ ਨਾਲ ਮੇਲ ਨਹੀਂ ਖਾਂਦਾ। ਮੁਅਤਬਰ ਜ਼ਮਾਨੀ ਰਿਕਾਰਡ ਲਾਹੌਰ ਵਿਚ 4 ਮਾਰਚ ਤੇ ਰਾਵਲਪਿੰਡੀ ਵਿਚ 5 ਮਾਰਚ ਦੇ ਤਸ਼ੱਦਦ ਨੂੰ ਅਲੱਗ-ਅਲੱਗ ਮਰਹਲਿਆਂ ਦੇ ਤੌਰ ਉੱਤੇ ਸਾਹਮਣੇ ਲਿਆਉਂਦਾ ਏ। ਇਸ ਲਈ ਥੋਹਾ ਖ਼ਾਲਸਾ ਨੂੰ ਨਾ ਤਾਰੀਖ਼ ਤੋਂ ਮਿਟਾਇਆ ਜਾ ਸਕਦਾ ਏ ਤੇ ਨਾ ਹੀ ਤਾਰੀਖ਼ ਦੇ ਪਹਿਲੇ ਸਫ਼ੇ ਉੱਤੇ ਰੱਖ ਕੇ ਉਨ੍ਹਾਂ ਵਾਕਿਆਂ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਏ ਜਿਹੜੇ ਇਸ ਤੋਂ ਪਹਿਲਾਂ ਪੇਸ਼ ਆ ਚੁੱਕੇ ਸਨ।

ਵੰਡ ਦੀ ਤਾਰੀਖ਼ ਦਾ ਸਭ ਤੋਂ ਵੱਡਾ ਅਲਮੀਆ ਸ਼ਾਇਦ ਇਹੀ ਏ ਕਿ ਹਰ ਕੌਮ ਨੇ ਆਪਣੇ ਜ਼ਖ਼ਮ ਯਾਦ ਰੱਖੇ ਤੇ ਦੂਜਿਆਂ ਦੇ ਜ਼ਖ਼ਮ ਅਕਸਰ ਭੁਲਾ ਦਿੱਤੇ। ਮਸ਼ਰਕੀ ਪੰਜਾਬ ਵਿਚ ਮੁਸਲਮਾਨਾਂ ਉੱਤੇ ਜੋ ਗੁਜ਼ਰੀ, ਓਹ ਤਾਰੀਖ਼ ਦਾ ਨਾਕਾਬਿਲ-ਏ-ਤਰਦੀਦ ਹਿੱਸਾ ਏ। ਉਨ੍ਹਾਂ ਦੇ ਘਰ ਉੱਜੜੇ, ਖ਼ਾਨਦਾਨ ਵਿਛੜੇ, ਕਾਫ਼ਲੇ ਲੁੱਟੇ ਤੇ ਹਜ਼ਾਰਾਂ ਨਹੀਂ ਬਲਕਿ ਲੱਖਾਂ ਜ਼ਿੰਦਗੀਆਂ ਹਮੇਸ਼ਾ ਲਈ ਬਦਲ ਗਈਆਂ। ਦੂਜੀ ਤਰਫ਼ ਮਗ਼ਰਬੀ ਪੰਜਾਬ ਵਿਚ ਸਿੱਖਾਂ ਤੇ ਹਿੰਦੂਆਂ ਦੇ ਕਤਲ, ਬੇਦਖ਼ਲੀ ਤੇ ਤਬਾਹੀ ਵੀ ਇਸ ਸਾਨ੍ਹੇ ਦੀ ਹਕੀਕਤ ਏ। ਜੇ ਅਸੀਂ ਇਕ ਵਾਕਏ ਨੂੰ ਯਾਦਗਾਰ ਤੇ ਦੂਜੇ ਨੂੰ ਨਾਕਾਬਿਲ-ਏ-ਜ਼ਿਕਰ ਬਣਾ ਦਈਏ ਤਾਂ ਅਸੀਂ ਤਾਰੀਖ਼ ਨਹੀਂ ਲਿਖਦੇ; ਅਸੀਂ ਸਿਰਫ਼ ਇਜਤਮਾਈ ਹਾਫ਼ਜ਼ੇ ਦੀ ਦੀਵਾਰ ਉੱਤੇ ਆਪਣੀ ਪਸੰਦ ਦਾ ਰੰਗ ਫੇਰ ਰਹੇ ਹੁੰਦੇ ਆਂ।

ਤਾਰੀਖ਼ ਦਾ ਤਕਾਜ਼ਾ ਇਹ ਏ ਕਿ ਥੋਹਾ ਖ਼ਾਲਸਾ ਦੇ ਮਕਤੂਲੀਨ ਨੂੰ ਵੀ ਯਾਦ ਰੱਖਿਆ ਜਾਵੇ ਤੇ ਲਾਹੌਰ ਦੀ 4 ਮਾਰਚ ਦੀ ਅੱਗ ਨੂੰ ਵੀ। ਸਿਆਸੀ ਇਸ਼ਤਿਆਲ ਨੇ ਹਾਲਾਤ ਨੂੰ ਭੜਕਾਉਣ ਵਿਚ ਕਿਰਦਾਰ ਅਦਾ ਕੀਤਾ, ਪਰ ਇਸ ਤੋਂ ਬਾਅਦ ਪੈਦਾ ਹੋਣ ਵਾਲੇ ਤਸ਼ੱਦਦ ਵਿਚ ਮੁਖ਼ਤਲਿਫ਼ ਥਾਵਾਂ ਉੱਤੇ ਮੁਖ਼ਤਲਿਫ਼ ਗਰੋਹਾਂ ਨੇ ਮੁਖ਼ਤਲਿਫ਼ ਔਕਾਤ ਵਿਚ ਕਤਲ, ਹਮਲੇ, ਆਤਿਸ਼ਜ਼ਨੀ ਤੇ ਇੰਤਕਾਮੀ ਕਾਰਵਾਈਆਂ ਕੀਤੀਆਂ। ਇਸ ਲਈ 1947 ਦੇ ਪੰਜਾਬ ਨੂੰ ਸਿਰਫ਼ 'ਕਾਤਲ' ਤੇ 'ਮਕਤੂਲ' ਦੀ ਦੋ-ਕੁਤਬੀ ਕਹਾਣੀ ਵਿਚ ਕੈਦ ਕਰਨਾ ਤਾਰੀਖ਼ ਨਾਲ ਇਨਸਾਫ਼ ਨਹੀਂ।

ਮਾਸਟਰ ਤਾਰਾ ਸਿੰਘ ਮਾਰਚ 1947 ਦੇ ਸਿਆਸੀ ਬਹਿਰਾਨ ਵਿਚ ਇਕ ਅਹਿਮ ਕਿਰਦਾਰ ਸਨ। ਉਨ੍ਹਾਂ ਦੇ ਇਤਰਾਜ਼ੀ ਇਕਦਾਮਾਤ ਤੇ ਪਾਕਿਸਤਾਨ-ਮੁਖ਼ਾਲਫ਼ ਮੌਕਿਫ਼ ਨੇ ਹਾਲਾਤ ਦੀ ਕਸ਼ੀਦਗੀ ਵਿਚ ਇਜ਼ਾਫ਼ਾ ਕੀਤਾ, ਤੇ ਤਾਰੀਖ਼ੀ ਮਾਖ਼ਜ਼ ਇਸ ਮਰਹਲੇ ਵਿਚ ਉਨ੍ਹਾਂ ਦੇ ਕਿਰਦਾਰ ਨੂੰ ਅਹਿਮ ਕਰਾਰ ਦਿੰਦੇ ਨੇ। ਪਰ ਕਿਸੇ ਸਿਆਸੀ ਰਹਿਨੁਮਾ ਦੇ ਕਿਰਦਾਰ ਦੀ ਤਨਕੀਦ ਕਰਦਿਆਂ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਏ ਕਿ ਪੂਰੇ ਸਿੱਖ ਸਮਾਜ ਨੂੰ ਇਕ ਫ਼ਰਦ ਜਾਂ ਇਕ ਸਿਆਸੀ ਤਨਜ਼ੀਮ ਦੇ ਕਿਰਦਾਰ ਨਾਲ ਜੋੜ ਦੇਣਾ ਇਨਸਾਫ਼ ਨਹੀਂ। ਇਹੋ ਅਸੂਲ ਮੁਸਲਮਾਨਾਂ ਤੇ ਹਿੰਦੂਆਂ ਉੱਤੇ ਵੀ ਲਾਗੂ ਹੁੰਦਾ ਏ। ਮੁਸਲਿਮ ਲੀਗ ਦੀ ਸਿਆਸਤ ਨੂੰ ਹਰ ਮੁਸਲਮਾਨ ਦੀ ਆਵਾਜ਼ ਸਮਝ ਲੈਣਾ ਓਹਨਾਂ ਹੀ ਗ਼ਲਤ ਏ ਜਿੰਨਾ ਮਾਸਟਰ ਤਾਰਾ ਸਿੰਘ ਦੀ ਸਿਆਸਤ ਨੂੰ ਹਰ ਸਿੱਖ ਦੀ ਨੁਮਾਇੰਦਗੀ ਸਮਝ ਲੈਣਾ।

ਕੌਮਾਂ ਨਹੀਂ, ਮੁਖ਼ੱਸਸ ਵਕਤਾਂ ਵਿਚ ਮੁਖ਼ੱਸਸ ਸਿਆਸੀ ਕਿਆਦਤਾਂ, ਤਨਜ਼ੀਮਾਂ, ਜੱਥੇ ਤੇ ਅਫ਼ਰਾਦ ਮੁਖ਼ੱਸਸ ਫ਼ੈਸਲੇ ਕਰਦੇ ਨੇ। ਤਾਰੀਖ਼ ਦੀ ਜ਼ਿੰਮੇਵਾਰੀ ਇਹ ਏ ਕਿ ਉਨ੍ਹਾਂ ਫ਼ੈਸਲੇ ਕਰਨ ਵਾਲੀਆਂ ਕੁਵਤਾਂ ਦੀ ਨਿਸ਼ਾਨਦੇਹੀ ਕਰੇ, ਪਰ ਪੂਰੀਆਂ ਕੌਮਾਂ ਨੂੰ ਇਜਤਮਾਈ ਜੁਰਮ ਦਾ ਵਾਰਸ ਨਾ ਬਣਾ ਦੇਵੇ।

ਮਾਰਚ 1947 ਦੀ ਖ਼ੂਨਰੇਜ਼ੀ ਵੀ ਅਚਾਨਕ ਖ਼ਾਲੀ ਫ਼ਜ਼ਾ ਵਿਚੋਂ ਪੈਦਾ ਨਹੀਂ ਹੋਈ ਸੀ। 1946 ਦੀਆਂ ਚੋਣਾਂ, ਮੁਸਲਿਮ ਲੀਗ ਦੀ ਸਿਆਸੀ ਤਹਿਰੀਕ, ਕਾਂਗਰਸ ਤੇ ਸਿੱਖ ਕਿਆਦਤ ਦੇ ਖ਼ਦਸ਼ੇ, ਪਾਕਿਸਤਾਨ ਦਾ ਮੁਤਾਲਬਾ, ਪੰਜਾਬ ਵਿਚ ਇਕਤਦਾਰ ਦੀ ਕਸ਼ਮਕਸ਼ ਤੇ ਬਰਤਾਨਵੀ ਇਕਤਦਾਰ ਦੇ ਖ਼ਾਤਮੇ ਦੀ ਤੇਜ਼ੀ ਨਾਲ ਨੇੜੇ ਆ ਰਹੀ ਘੜੀ; ਇਹ ਸਾਰੇ ਅਵਾਮਿਲ ਇਕ ਦੂਜੇ ਨਾਲ ਜੁੜੇ ਹੋਏ ਸਨ। ਪੰਜਾਬ ਦੀ ਸਿਆਸੀ ਜ਼ਮੀਨ ਕਈ ਮਹੀਨਿਆਂ ਤੋਂ ਹਿੱਲ ਰਹੀ ਸੀ; ਮਾਰਚ 1947 ਨੇ ਉਹ ਲਰਜ਼ਾਹਟ ਨੂੰ ਖ਼ੂਨੀ ਜ਼ਲਜ਼ਲੇ ਵਿਚ ਬਦਲ ਦਿੱਤਾ।

ਮੁਅਰਿਖ਼ ਇਆਨ ਟਾਲਬਟ ਨੇ ਵੀ ਮਾਰਚ 1947 ਨੂੰ ਪੰਜਾਬ ਵਿਚ ਤਸ਼ੱਦਦ ਦੀ ਇਕ ਨਵੀਂ ਤੇ ਇੰਤਹਾਈ ਤਬਾਹਕੁਨ ਸੂਰਤ ਦੇ ਆਗ਼ਾਜ਼ ਦੇ ਤੌਰ ਉੱਤੇ ਬਿਆਨ ਕੀਤਾ ਏ ਤੇ ਖ਼ਿਜ਼ਰ ਹਯਾਤ ਟਿਵਾਣਾ ਦੀ 2 ਮਾਰਚ ਦੀ ਵਜ਼ਾਰਤ ਦੇ ਖ਼ਾਤਮੇ ਨੂੰ ਇਸ ਬਹਿਰਾਨ ਦੇ ਅਹਿਮ ਮੁਹਰਕਾਂ ਵਿਚ ਸ਼ੁਮਾਰ ਕੀਤਾ ਏ। ਇਸ ਲਈ ਤਾਰੀਖ਼ ਦਾ ਇਕ ਜ਼ਿਆਦਾ ਮੁਹਤਾਤ ਤੇ ਦਰੁਸਤ ਖ਼ੁਲਾਸਾ ਇਹ ਹੋ ਸਕਦਾ ਏ ਕਿ ਖ਼ਿਜ਼ਰ ਹਯਾਤ ਦੀ ਵਜ਼ਾਰਤ ਦੇ ਖ਼ਾਤਮੇ ਨਾਲ ਪੰਜਾਬ ਦਾ ਸਿਆਸੀ ਤਵਾਜ਼ਨ ਟੁੱਟ ਗਿਆ; 3 ਤੇ 4 ਮਾਰਚ ਦੇ ਸਿਆਸੀ ਤੇ ਫ਼ਿਰਕਾਵਾਰਾਨਾ ਟਕਰਾਅ ਨੇ ਲਾਹੌਰ ਵਿਚ ਤਸ਼ੱਦਦ ਨੂੰ ਖੁੱਲ੍ਹੀ ਅੱਗ ਵਿਚ ਬਦਲ ਦਿੱਤਾ; ਤੇ 5 ਮਾਰਚ ਤੋਂ ਬਾਅਦ ਇਹੀ ਅੱਗ ਪੰਜਾਬ ਦੇ ਹੋਰ ਇਲਾਕਿਆਂ ਤੱਕ ਫੈਲ ਗਈ।

ਅੱਜ, ਜਦੋਂ 1947 ਦੇ ਜ਼ਖ਼ਮ ਨੂੰ ਤਕਰੀਬਨ ਅੱਠ ਦਹਾਕੇ ਗੁਜ਼ਰ ਚੁੱਕੇ ਨੇ, ਸਾਡੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਨਹੀਂ ਹੋਣਾ ਚਾਹੀਦਾ ਕਿ "ਕਿਸ ਕੌਮ ਨੇ ਪਹਿਲਾਂ ਸ਼ੁਰੂ ਕੀਤਾ?" ਅਸਲ ਸਵਾਲ ਇਹ ਹੋਣਾ ਚਾਹੀਦਾ ਏ ਕਿ ਓਹ ਪੰਜਾਬ, ਜਿੱਥੇ ਸਦੀਆਂ ਤੋਂ ਲੋਕ ਇਕ ਦੂਜੇ ਦੇ ਨਾਲ ਰਹਿੰਦੇ ਆਏ ਸਨ, ਕੁਝ ਮਹੀਨਿਆਂ ਵਿਚ ਇਸ ਮੁਕਾਮ ਤੱਕ ਕਿਵੇਂ ਪਹੁੰਚ ਗਏ ਜਿੱਥੇ ਗੁਆਂਢੀ, ਗੁਆਂਢੀ ਦਾ ਦੁਸ਼ਮਣ ਬਣ ਗਿਆ?

ਇਸ ਸਵਾਲ ਦਾ ਜਵਾਬ ਸਿਰਫ਼ ਇਕ ਸ਼ਖ਼ਸੀਅਤ, ਇਕ ਜਲੂਸ ਜਾਂ ਇਕ ਪਿੰਡ ਵਿਚ ਨਹੀਂ ਲੱਭ ਸਕਦਾ। ਇਸ ਦਾ ਜਵਾਬ ਸਿਆਸੀ ਅਦਮ-ਇਸਤਿਹਕਾਮ, ਫ਼ਿਰਕਾਵਾਰਾਨਾ ਖ਼ੌਫ਼, ਅਫ਼ਵਾਹਾਂ, ਮੁਸੱਲਹ ਤਨਜ਼ੀਮਾਂ, ਇੰਤਕਾਮੀ ਜ਼ਿਹਨੀਅਤ, ਇੰਤਜ਼ਾਮੀ ਕਮਜ਼ੋਰੀ ਤੇ ਇਕਤਦਾਰ ਦੀ ਜਲਦਬਾਜ਼ੀ ਦੀਆਂ ਉਨ੍ਹਾਂ ਸਾਰੀਆਂ ਕੜੀਆਂ ਵਿਚ ਮੌਜੂਦ ਏ, ਜਿਹੜੀਆਂ ਆਖ਼ਰਕਾਰ ਇਕ ਵੱਡੀ ਤਬਾਹੀ ਦੀ ਜ਼ੰਜੀਰ ਬਣ ਗਈਆਂ।

ਤੇ ਸ਼ਾਇਦ ਸਭ ਤੋਂ ਅਹਿਮ ਗੱਲ ਇਹ ਏ ਕਿ ਅਸੀਂ ਆਪਣੀ ਤਾਰੀਖ਼ ਦੇ ਹਰ ਮਕਤੂਲ ਨੂੰ ਸਭ ਤੋਂ ਪਹਿਲਾਂ ਇਨਸਾਨ ਸਮਝੀਏ। ਓਹ ਅਲੀ ਹੋਵੇ, ਸਿੰਘ ਹੋਵੇ ਜਾਂ ਰਾਮ; ਉਹਦਾ ਦੁੱਖ ਕਿਸੇ ਹੋਰ ਇਨਸਾਨ ਦੇ ਦੁੱਖ ਤੋਂ ਘੱਟ ਨਹੀਂ। ਉਹਦਾ ਘਰ ਉੱਜੜਨਾ, ਉਹਦਾ ਆਪਣੇ ਲੋਕਾਂ ਤੋਂ ਵਿਛੜਨਾ ਤੇ ਉਹਦੀ ਮੌਤ, ਇਨਸਾਨੀਅਤ ਦੇ ਨੁਕਸਾਨ ਦੀ ਅਲਾਮਤ ਏ।

ਇਸ ਲਈ ਥੋਹਾ ਖ਼ਾਲਸਾ ਨੂੰ ਪੰਜਾਬ ਦੇ ਖ਼ੂਨੀ ਮਾਰਚ ਦੀ ਇਬਤਦਾ ਕਰਾਰ ਦੇਣਾ ਤਾਰੀਖ਼ੀ ਜ਼ਮਾਨੀ ਤਰਤੀਬ ਨਾਲ ਮੇਲ ਨਹੀਂ ਖਾਂਦਾ। ਦਸਤਿਆਬ ਸ਼ਵਾਹਿਦ ਲਾਹੌਰ ਵਿਚ 4 ਮਾਰਚ ਨੂੰ ਵੱਡੇ ਪੈਮਾਨੇ ਉੱਤੇ ਫ਼ਿਰਕਾਵਾਰਾਨਾ ਤਸ਼ੱਦਦ ਦੇ ਆਗ਼ਾਜ਼ ਤੇ 5 ਮਾਰਚ ਨੂੰ ਰਾਵਲਪਿੰਡੀ, ਮੁਲਤਾਨ ਤੇ ਹੋਰ ਇਲਾਕਿਆਂ ਤੱਕ ਇਸ ਦੇ ਫੈਲਾਅ ਵੱਲ ਇਸ਼ਾਰਾ ਕਰਦੇ ਨੇ। ਪਰ ਇਸ ਦੇ ਨਾਲ ਇਹ ਗੱਲ ਵੀ ਯਾਦ ਰੱਖਣੀ ਪਏਗੀ ਕਿ 1947 ਦੇ ਪੰਜਾਬ ਦੀ ਪੂਰੀ ਖ਼ੂਨਰੇਜ਼ੀ ਨੂੰ ਸਿਰਫ਼ ਮਾਸਟਰ ਤਾਰਾ ਸਿੰਘ ਦੇ ਇਕ ਨਾਅਰੇ ਜਾਂ ਇਕ ਮੁਜ਼ਾਹਰੇ ਨਾਲ ਸਮਝ ਲੈਣਾ ਤਾਰੀਖ਼ ਨੂੰ ਜ਼ਰੂਰਤ ਤੋਂ ਜ਼ਿਆਦਾ ਸਾਦਾ ਬਣਾ ਦੇਣਾ ਹੋਵੇਗਾ।

ਅਸਲ ਤਾਰੀਖ਼ ਇਸ ਤੋਂ ਕਦਰੇ ਜ਼ਿਆਦਾ ਤਲਖ਼, ਪੇਚੀਦਾ ਤੇ ਇਨਸਾਨੀ ਏ। ਇਹ ਓਹ ਤਾਰੀਖ਼ ਏ ਜਿੱਥੇ ਸਿਆਸੀ ਨਾਅਰੇ ਖ਼ੂਨ ਵਿਚ ਬਦਲ ਗਏ, ਅਫ਼ਵਾਹਾਂ ਹਕੀਕਤ ਤੋਂ ਜ਼ਿਆਦਾ ਤਾਕਤਵਰ ਹੋ ਗਈਆਂ, ਡਰ ਨੇ ਅਕਲ ਨੂੰ ਸ਼ਿਕਸਤ ਦੇ ਦਿੱਤੀ ਤੇ ਸਦੀਆਂ ਦੇ ਗੁਆਂਢੀ ਕੁਝ ਮਹੀਨਿਆਂ ਵਿਚ ਇਕ ਦੂਜੇ ਤੋਂ ਵਿਛੜ ਗਏ। ਜਿਹੜੇ ਲੋਕ ਕੱਲ੍ਹ ਤੱਕ ਇਕ ਦੂਜੇ ਦੇ ਘਰਾਂ ਵਿਚ ਆਉਂਦੇ ਜਾਂਦੇ ਸਨ, ਓਹੀ ਲੋਕ ਅਜਨਬੀ ਸਰਹੱਦਾਂ ਦੇ ਦੂਜੇ ਪਾਸੇ ਚਲੇ ਗਏ ਤੇ ਆਪਣੇ ਪਿੱਛੇ ਸਿਰਫ਼ ਖ਼ਾਲੀ ਘਰ, ਵਿਰਾਨ ਗਲੀਆਂ ਤੇ ਯਾਦਾਂ ਛੱਡ ਗਏ।

ਇਸ ਲਈ ਤਾਰੀਖ਼ ਦਾ ਤਕਾਜ਼ਾ ਇਲਜ਼ਾਮ ਦੀ ਵਿਰਾਸਤ ਨੂੰ ਅੱਗੇ ਵਧਾਉਣਾ ਨਹੀਂ, ਸਗੋਂ ਸੱਚ ਦੇ ਸਾਰੇ ਟੁਕੜੇ ਇਕੱਠੇ ਕਰਨਾ ਏ। ਤਾਰੀਖ਼ ਨੂੰ ਅਦਾਲਤ ਬਣਾ ਕੇ ਕੌਮਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਆਸਾਨ ਏ, ਪਰ ਤਾਰੀਖ਼ ਨੂੰ ਆਈਨਾ ਬਣਾ ਕੇ ਆਪਣੇ ਮਾਜ਼ੀ ਨੂੰ ਵੇਖਣਾ ਔਖਾ ਏ। ਸਾਡੇ ਲਈ ਸ਼ਾਇਦ ਅਸਲ ਇਮਤਿਹਾਨ ਇਹੀ ਏ ਕਿ ਅਸੀਂ ਆਪਣੇ ਜ਼ਖ਼ਮ ਵੀ ਯਾਦ ਰੱਖੀਏ ਤੇ ਦੂਜਿਆਂ ਦੇ ਜ਼ਖ਼ਮ ਵੀ। ਕਿਉਂਕਿ 1947 ਦੇ ਪੰਜਾਬ ਦਾ ਸਭ ਤੋਂ ਵੱਡਾ ਸਬਕ ਇਹੀ ਏ।




## ਰੰਡੀ-ਰੋਣਾ

*ਜੇ ਆਹ ਹੀ ਕੁਝ ਹੋਣਾ ਸੀ*
*ਤਾਂ ਕਾਹਦਾ ਰੰਡੀ ਰੋਣਾ ਸੀ।*
*ਸਾਨੂੰ ਕਿਥੇ ਪਤਾ ਭਲਾ ਕਿ*
*ਝੋਟਾ ਕਿੱਦਾਂ ਚੋਣਾ ਸੀ।*
*ਜੇ ਆਹੀ...*
——
*ਝੋਟੇ ਹੀ ਤਾਂ ਪਾਲ਼ ਰਹੇ ਹਾਂ*
*ਮਾਰ ਖੂਹਾਂ ਵਿਚ ਛਾਲ਼ ਰਹੇ ਹਾਂ*
*ਆਪ ਘਰਾਂ ਨੂੰ ਜਾਲ਼ ਰਹੇ ਹਾਂ*
*ਹੱਕ ਆਪਣੇ ਵੇਚ ਵੇਚ ਕੇ*
*ਕਿਹੜਾ ਖੋਹਣਾ, ਖੋਹਣਾ ਸੀ-*
*ਜੇ ਆਹੀ...*
——
*ਘਰ ਘਰ ਜਿਹੜੇ ਮੰਗ ਰਹੇ ਸੀ*
*ਕਿਹੜੀ ਲੜ ਇਹ ਜੰਗ ਰਹੇ ਸੀ*
*ਹੁਣ ਕਿੱਦਾਂ ਇਹ ਡੰਗ ਰਹੇ ਸੀ!*
*ਰੂਟ ਬਦਲ ਕੇ ਸੰਤੂ ਆਇਆ*
*ਪਹਿਲਾ ਹੁੰਦਾ ਮੋਹਣਾ ਸੀ—*
*ਜੇ ਆਹੀ...*
——
*ਫੇਰ ਪਤੀਲਾ ਲਈ ਆਉਣਗੇ*
*ਇੱਕ ਨਹੀਂ ਇਹ ਕਈ ਆਉਣਗੇ*
*ਗਲਤ ਪਤਾ ਨਹੀਂ ਸਹੀ ਆਉਣਗੇ*
*ਤੇਰਾ ਸਾਰਾ ਦੋਸ਼ ਹੈ 'ਭੌਰੇ'*
*ਕੱਚਾ ਭਾਂਡਾ ਟੋਹਣਾ ਸੀ-*
*ਜੇ ਆਹੀ...*

# ਬੁਢਾ ਹੋ ਰਿਹਾ ਅਮਾਨਤ ਗਿੱਲ ਲਾਹੌਰ

ਸੀਮਾ ਪਾਰ ਦੇ ਲਾਹੌਰ ਵਿਚ ਮੇਰਾ ਇਕ ਧਰਮ ਪੁੱਤ ਰਹਿੰਦਾ ਹੈ - ਅਮਾਨਤ ਗਿੱਲ ਮੁਸਾਫਰ। ਉਹ ਮੈਨੂੰ ਬਾਪੂ ਜੀ ਕਹਿੰਦਾ ਹੈ। ਕਿਸੇ ਨਾ ਕਿਸੇ ਵਿਧ ਆਪਣੀ ਖਬਰ ਸਾਰ ਮੈਨੂੰ ਪਹੁੰਚਦੀ ਕਰਕੇ ਮੇਰੀ ਪੁੱਛਦਾ ਰਹਿੰਦਾ ਹੈ। ਮੈਂ 92 ਸਾਲ ਦਾ ਹੋਇਆ ਹਾਂ ਪਰ ਉਸਦੀ ਨਵੀਂ ਲਿਖਤ ਤੋਂ ਜਾਪਦਾ ਹੈ ਕਿ ਮੇਰੇ ਨਾਲੋਂ ਬੁਢਾ ਹੋਣ ਦੀ ਦੌੜ ਵਿਚ ਹੈ।

ਪੇਸ਼ ਹਨ ਕੁਝ ਅੰਸ਼: ''ਇਨਸਾਨ ਦੀ ਜ਼ਿੰਦਗੀ ਦਾ ਹਰ ਦੌਰ ਆਪਣੀ ਅਹਿਮੀਅਤ ਰੱਖਦਾ ਹੈ, ਪਰ ਬੁਢਾਪਾ ਉਹ ਮਰਹਲਾ ਹੈ ਜਿੱਥੇ ਦੌਲਤ ਤੋਂ ਵੱਧ ਮੁਹੱਬਤ, ਤਾਕਤ ਤੋਂ ਵੱਧ ਸਹਾਰਾ ਅਤੇ ਸ਼ੋਹਰਤ ਤੋਂ ਵੱਧ ਆਪਣੇਪਣ ਦੀ ਲੋੜ ਹੁੰਦੀ ਹੈ। ਇਸ ਉਮਰ ਵਿਚ ਜੇ ਆਪਣੇ ਹੀ ਬੇਗਾਨੇ ਹੋ ਜਾਣ, ਇੱਜ਼ਤ ਦੀ ਥਾਂ ਬੇਰੁਖੀ ਮਿਲੇ ਅਤੇ ਤਵੱਜੋ ਦੀ ਥਾਂ ਤਨਹਾਈ ਨਸੀਬ ਹੋਵੇ, ਤਾਂ ਜ਼ਿੰਦਗੀ ਦੋਜ਼ਖ ਦਾ ਰੂਪ ਧਾਰ ਲੈਂਦੀ ਹੈ।

''ਹਰ ਇਨਸਾਨ ਆਪਣੀ ਜਵਾਨੀ ਦੇ ਸੁਨਹਿਰੀ ਸਾਲ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਸਮਰਪਿਤ ਕਰਦਾ ਹੈ। ਉਹ ਆਪਣੀਆਂ ਖ਼ਾਹਿਸ਼ਾਂ ਨੂੰ ਕੁਰਬਾਨ ਕਰਦਾ, ਰਾਤਾਂ ਜਾਗਦਾ, ਮੁਸ਼ਕਲਾਂ ਸਹਾਰਦਾ ਅਤੇ ਹਰ ਦੁੱਖ ਹੱਸ ਕੇ ਝੱਲਦਾ ਹੈ। ਉਸ ਦੀ ਹਰ ਮਿਹਨਤ ਦੇ ਪਿੱਛੇ ਸਿਰਫ਼ ਇੱਕ ਸੁਪਨਾ ਹੁੰਦਾ ਹੈ ਕਿ ਉਮਰ ਦੇ ਆਖ਼ਰੀ ਹਿੱਸੇ ਵਿਚ ਉਸ ਦੀ ਔਲਾਦ ਉਸ ਦਾ ਸਹਾਰਾ ਬਣੇਗੀ। ਪਰ ਬਦਲਦੇ ਸਮਾਜਿਕ ਰੁਝਾਨਾਂ, ਮਾਦਾਪ੍ਰਸਤੀ, ਰੁੱਝੀ ਹੋਈ ਜ਼ਿੰਦਗੀ ਅਤੇ ਖ਼ੁਦਗਰਜ਼ੀ ਨੇ ਕਈ ਪਰਿਵਾਰਾਂ ਵਿਚ ਇਹ ਸੁਪਨਾ ਚਕਨਾਚੂਰ ਕਰ ਦਿੱਤਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਜਿਨ੍ਹਾਂ ਮਾਪਿਆਂ ਨੇ ਘਰ ਵਸਾਏ, ਉਹੀ ਆਪਣੇ ਘਰਾਂ ਵਿਚ ਅਜਨਬੀ ਬਣ ਕੇ ਰਹਿ ਰਹਿ ਜਾਂਦੇ ਹਨ।''

ਪਤਾ ਨਹੀਂ ਕਿਉਂ ਗਿੱਲ ਜਵਾਨੀ ਵਿਚ ਹੀ ਅਜਿਹਾ ਡਰ ਭੋਗਣ ਲਗ ਪਿਆ ਹੈ। ਹੋਰ ਪੜ੍ਹੋ:

''ਜਿਹੜਾ ਸਮਾਜ ਆਪਣੇ ਬਜ਼ੁਰਗਾਂ ਨੂੰ ਬੋਝ ਸਮਝਣਾ ਸ਼ੁਰੂ ਕਰ ਦਿੰਦਾ ਹੈ, ਉਹ ਦਰਅਸਲ ਆਪਣੀਆਂ ਤਹਜ਼ੀਬੀ ਬੁਨਿਆਦਾਂ ਨੂੰ ਹਿਲਾਉਣਾ ਸ਼ੁਰੂ ਕਰ ਦਿੰਦਾ ਹੈ। ਅੱਜ ਦੇ ਦੌਰ ਵਿਚ ਓਲਡ ਹੋਮਾਂ ਦੀ ਗਿਣਤੀ ਵਧ ਰਹੀ ਹੈ। ਇਹ ਪਰਿਵਾਰਕ ਪ੍ਰਣਾਲੀ ਦੇ ਕਮਜ਼ੋਰ ਹੋਣ ਦੀ ਨਿਸ਼ਾਨੀ ਹੈ। ਹੋ ਸਕਦਾ ਹੈ ਉੱਥੇ ਇਲਾਜ, ਆਰਾਮ ਅਤੇ ਸਹੂਲਤਾਂ ਮੌਜੂਦ ਹੋਣ, ਪਰ ਔਲਾਦ ਦਾ ਪਿਆਰ, ਪੋਤੇ-ਪੋਤੀਆਂ ਦੀ ਹਾਸੀ ਅਤੇ ਆਪਣੇ ਘਰ ਦੀ ਆਪਣੀ ਗਰਮਾਹਟ ਦਾ ਕੋਈ ਬਦਲ ਨਹੀਂ। ਇਨਸਾਨ ਦੀ ਵੱਡੀ ਭੁੱਖ ਰੋਟੀ ਦੀ ਨਹੀਂ, ਸਗੋਂ ਤਵੱਜੋ, ਅਤੇ ਆਪਣੇਪਣ ਦੀ ਹੁੰਦੀ ਹੈ।

''ਯਾਦ ਰੱਖਣਾ ਚਾਹੀਦਾ ਹੈ ਕਿ ਬੁਢਾਪਾ ਕਿਸੇ ਇੱਕ ਵਿਅਕਤੀ ਦਾ ਮੁਕੱਦਰ ਨਹੀਂ, ਸਗੋਂ ਹਰ ਜੀਉਂਦੇ ਇਨਸਾਨ ਦਾ ਭਵਿੱਖ ਹੈ। ਅੱਜ ਜਿਹੜਾ ਜਵਾਨ ਹੈ, ਕੱਲ੍ਹ ਉਸ ਦੇ ਵਾਲ ਵੀ ਚਿੱਟੇ ਹੋਣਗੇ, ਕਦਮ ਵੀ ਲੜਖੜਾਉਣਗੇ ਅਤੇ ਉਸ ਦੇ ਦਿਲ ਨੂੰ ਵੀ ਕਿਸੇ ਆਪਣੇ ਦੇ ਦੋ ਪਿਆਰ ਭਰੇ ਬੋਲਾਂ ਦੀ ਲੋੜ ਹੋਵੇਗੀ। ਕੁਦਰਤ ਦਾ ਅਸੂਲ ਬਹੁਤ ਸਾਦਾ ਹੈ: ਜਿਹੜਾ ਬੀਜ ਅਸੀਂ ਅੱਜ ਬੀਜਾਂਗੇ, ਆਉਣ ਵਾਲੇ ਕੱਲ੍ਹ ਉਸਦੀ ਹੀ ਖੱਟੀ ਖਾਵਾਂਗੇ।

ਇਸ ਲਈ ਮਾਪਿਆਂ ਦੀ ਸੇਵਾ ਨੂੰ ਸਿਰਫ਼ ਧਾਰਮਿਕ ਜਾਂ ਅਖਲਾਕੀ ਜ਼ਿੰਮੇਵਾਰੀ ਸਮਝ ਕੇ ਨਿਭਾਉਣਾ ਕਾਫ਼ੀ ਨਹੀਂ, ਸਗੋਂ ਇਸ ਨੂੰ ਆਪਣੀ ਤਹਜ਼ੀਬ ਦਾ ਬੁਨਿਆਦੀ ਅਸੂਲ ਬਣਾਉਣਾ ਹੈ।

ਦੋਜ਼ਖ ਸਿਰਫ਼ ਮਰਨ ਤੋਂ ਬਾਅਦ ਦੀ ਹਕੀਕਤ ਨਹੀਂ, ਉਹ ਲਮ੍ਹਾ ਵੀ ਦੋਜ਼ਖ ਬਣ ਜਾਂਦਾ ਹੈ ਜਦੋਂ ਕੋਈ ਬੁੱਢਾ ਪਿਉ ਜਾਂ ਮਾਂ ਆਪਣੇ ਹੀ ਘਰ ਵਿਚ ਆਪਣੇ ਆਪ ਨੂੰ ਬੇਗਾਨਾ, ਬੇਕਦਰਾ ਅਤੇ ਬੇਸਹਾਰਾ ਮਹਿਸੂਸ ਕਰੇ। ਇਸ ਦੋਜ਼ਖ ਨੂੰ ਖ਼ਤਮ ਕਰਨ ਦਾ ਇਕੋ-ਇੱਕ ਰਾਹ ਇਹ ਹੈ ਕਿ ਹਰ ਘਰ ਵਿਚ ਬਜ਼ੁਰਗਾਂ ਨੂੰ ਪਿਆਰ, ਇੱਜ਼ਤ, ਸਮਾਂ ਅਤੇ ਧਿਆਨ ਦਾ ਹੱਕ ਦਿੱਤਾ ਜਾਵੇ।

''ਸਮਾਜ ਦੀ ਤਰੱਕੀ ਉੱਚੀਆਂ ਇਮਾਰਤਾਂ, ਆਧੁਨਿਕ ਤਕਨਾਲੋਜੀ ਜਾਂ ਆਰਥਿਕ ਖ਼ੁਸ਼ਹਾਲੀ ਨਾਲ ਨਹੀਂ ਮਾਪੀ ਜਾਂਦੀ, ਸਗੋਂ ਇਸ ਗੱਲ ਨਾਲ ਮਾਪੀ ਜਾਂਦੀ ਹੈ ਕਿ ਉਹ ਆਪਣੇ ਬਜ਼ੁਰਗਾਂ ਨਾਲ ਕਿਹੋ ਜਿਹਾ ਸਲੂਕ ਕਰਦਾ ਹੈ। ਬਜ਼ੁਰਗਾਂ ਨੂੰ ਸਮਾਂ ਦਿਓ, ਇੱਜ਼ਤ ਦਿਓ ਤੇ ਮੁਹੱਬਤ ਦਿਓ, ਕਿਉਂਕਿ ਉਨ੍ਹਾਂ ਦੀਆਂ ਦੁਆਵਾਂ ਹੀ ਪਰਿਵਾਰ ਦੀ ਅਸਲ ਦੌਲਤ ਤੇ ਬਰਕਤ ਹੁੰਦੀਆਂ ਹਨ।''

ਮੈਨੂੰ ਬਾਪੂ ਜੀ ਕਹਿਣ ਵਾਲਿਆ ਤੇਰੀ ਚਿੰਤਾ ਗੌਰਤਲਬ ਹੈ, ਪੁੱਤਰਾ। ਪਰ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਜ਼ਮਾਨਾ ਬਦਲ ਰਿਹਾ ਹੈ। ਤੁਹਾਡੇ ਬੱਚਿਆਂ ਨੇ ਜ਼ਮਾਨੇ ਦੀ ਪੈੜ ਨਪਣੀ ਹੈ। ਜੇ ਤੁਸੀਂ ਉਨ੍ਹਾਂ ਨੂੰ ਪੈਦਾ ਕੀਤਾ ਹੈ ਤਾਂ ਉਨ੍ਹਾਂ ਤੋਂ ਬਹੁਤੀਆਂ ਆਸਾਂ ਨਾ ਮੰਗੋ। ਹੋ ਸਕੇ ਤਾਂ ਘੱਟ ਬੱਚੇ ਪੈਦਾ ਕਰੋ ਤੇ ਉਨ੍ਹਾਂ ਨੂੰ ਆਪਣੇ ਰਸਤੇ ਜਾਣ ਦਿਓ। ਉਨ੍ਹਾਂ ਨੂੰ ਸਮੇਂ ਦਾ ਚਾਨਣ ਮਾਨਣ ਦਿਓ ਤੇ ਆਪਣੇ ਆਪ ਲਈ ਕੋਈ ਰੁਝਾਵਾਂ ਲੱਭੋ। ਜੇ ਹੋਰ ਨਹੀਂ ਤਾਂ ਆਪਣੇ ਹਾਣੀਆਂ ਨਾਲ ਤਾਸ਼ ਹੀ ਖੇਡੋ। ਚਿੰਤਾ ਨਾ ਕਰੋ।

**ਉਲਟਾ ਪੈ ਗਿਆ ਜੀਣਾ ਪਹਾੜਾਂ ਦਾ ਜੀਣਾ**

ਇੱਕ ਮਿੱਤਰ ਦੀ ਸਲਾਹ ਨਾਲ ਮੈਂ ਚੰਡੀਗੜ੍ਹ-ਸ਼ਿਮਲਾ ਮਾਰਗ ਉੱਤੇ ਪੈਂਦੇ ਧਰਮਪੁਰ ਨੇੜੇ ਗਰਮੀਆਂ ਦੇ ਦਿਨ ਕੱਟਣ ਵਾਸਤੇ ਦੋ ਕਮਰੇ ਦਾ ਟਿਕਾਣਾ ਬਣਾਇਆ ਸੀ, ਪਰ ਰਾਸ ਨਹੀਂ ਆਇਆ।

ਹਰ ਸਾਲ ਮੌਨਸੂਨ ਦੌਰਾਨ ਸੜਕਾਂ ਦਾ ਪਾਣੀ 'ਚ ਡੁੱਬਣਾ, ਪਹਾੜ ਖਿਸਕਣਾ (ਲੈਂਡ ਸਲਾਈਡ) ਅਤੇ ਪਿੰਡਾਂ ਦਾ ਮੁੱਖ ਮਾਰਗ ਨਾਲੋਂ ਟੁੱਟ ਜਾਣਾ ਆਮ ਜਿਹੀਆਂ ਗੱਲਾਂ ਬਣ ਗਈਆਂ ਹਨ, ਨਾਲ ਹੀ ਇੱਕ ਹੋਰ ਸੰਕਟ ਜੋ ਭਾਵੇਂ ਚੁੱਪਚਾਪ ਆਉਂਦਾ ਹੈ ਪਰ ਓਨਾ ਹੀ ਖ਼ਤਰਨਾਕ ਹੁੰਦਾ ਹੈ। ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦਾ ਪਸਾਰਾ ਹੋ ਗਿਆ ਹੈ। ਇਸ ਤੋਂ ਇਲਾਵਾ ਸ਼ਿਮਲਾ ਵਿਚ ਪੀਲੀਏ, ਦਸਤ, ਹੈਜ਼ੇ ਅਤੇ ਟਾਈਫਾਈਡ ਨੂੰ ਲੈ ਕੇ ਜਾਰੀ ਕੀਤੀ ਗਈ ਸਿਹਤ ਚੇਤਾਵਨੀ ਨੂੰ ਮਹਿਜ਼ ਮੌਸਮੀ ਪ੍ਰੇਸ਼ਾਨੀ ਨਹੀਂ ਸਗੋਂ ਜਨਤਕ ਸਿਹਤ ਲਈ ਇੱਕ ਫ਼ੌਰੀ ਅਤੇ ਗੰਭੀਰ ਖ਼ਤਰਾ ਸਮਝਣਾ ਚਾਹੀਦਾ ਹੈ। ਭਾਰੀ ਮੀਂਹ ਨੇ ਪੂਰੇ ਹਿਮਾਚਲ ਪ੍ਰਦੇਸ਼ ਵਿਚ ਸੜਕਾਂ, ਬਿਜਲੀ ਅਤੇ ਪਾਣੀ ਦੀ ਸਪਲਾਈ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਪਹਾੜ ਖਿਸਕਣ ਅਤੇ ਪਾਣੀ ਦੀਆਂ ਪਾਈਪਲਾਈਨਾਂ ਟੁੱਟਣ ਕਾਰਨ ਪੀਣ ਵਾਲੇ ਪਾਣੀ ਵਿਚ ਸੀਵਰੇਜ ਦਾ ਗੰਦਾ ਪਾਣੀ ਰਲਣ ਦਾ ਡਰ ਕਈ ਗੁਣਾਂ ਵਧ ਗਿਆ ਹੈ। ਇਹ ਬਿਮਾਰੀ ਫੈਲਾਉਣ ਵਾਲੇ ਕਿਟਾਣੂਆਂ ਨੂੰ ਵਧਣ-ਫੁੱਲਣ ਲਈ ਅਨੁਕੂਲ ਮਾਹੌਲ ਮਿਲ ਜਾਂਦਾ ਹੈ। ਅਜਿਹੇ ਨਾਜ਼ੁਕ ਹਾਲਾਤ ਵਿਚ ਮਾਸੂਮ ਬੱਚੇ, ਬਜ਼ੁਰਗ ਅਤੇ ਦੂਰ-ਦੁਰਾਡੇ ਪਹਾੜੀ ਪਿੰਡਾਂ ਵਿਚ ਵੱਸਦੇ ਲੋਕ ਇਸ ਮਾਰ ਦਾ ਸਭ ਤੋਂ ਵੱਡਾ ਸ਼ਿਕਾਰ ਬਣਦੇ ਹਨ।

ਪ੍ਰਸ਼ਾਸਨ ਨੇ ਪਾਣੀ ਦੇ ਸਰੋਤਾਂ ਦੀ ਜਾਂਚ ਕਰਨ, ਪਾਈਪਲਾਈਨਾਂ ਦਾ ਮੁਆਇਨਾ ਕਰਨ ਅਤੇ ਲੋਕਾਂ ਨੂੰ ਪੀਣ ਵਾਲਾ ਪਾਣੀ ਉਬਾਲ ਕੇ ਵਰਤਣ ਦੀ ਸਲਾਹ ਦੇਣ ਦਾ ਸਹੀ ਕਦਮ ਚੁੱਕਿਆ ਹੈ। ਪਰ ਇਹ ਉਪਰਾਲੇ ਲੰਬੇ ਸਮੇਂ ਲਈ ਤੇ ਮਜ਼ਬੂਤ ਅਤੇ ਟਿਕਾਊ ਬੁਨਿਆਦੀ ਢਾਂਚੇ ਵਿਚ ਵੱਡੇ ਨਿਵੇਸ਼ ਦਾ ਬਦਲ ਨਹੀਂ ਹੋ ਸਕਦੇ।

ਪੀਣ ਵਾਲਾ ਪਾਣੀ, ਸਾਫ਼-ਸਫ਼ਾਈ, ਪੌਸ਼ਟਿਕ ਖ਼ੁਰਾਕ ਅਤੇ ਲੋਕਾਂ ਵਿਚ ਜਾਗਰੂਕਤਾ, ਇਹ ਸਾਰੇ ਸਿਹਤ ਸੰਭਾਲ ਦੇ ਅਨਿੱਖੜਵੇਂ ਅੰਗ ਹਨ। ਸਥਾਨਕ ਸਰਕਾਰਾਂ, ਪਾਣੀ ਦੀ ਸਪਲਾਈ ਕਰਨ ਵਾਲੇ ਅਦਾਰੇ, ਆਫ਼ਤ ਪ੍ਰਬੰਧਨ ਏਜੰਸੀਆਂ ਅਤੇ ਸਿਹਤ ਵਿਭਾਗ ਨੂੰ ਇੱਕ-ਦੂਜੇ ਨਾਲ ਰਲ ਕੇ ਕੰਮ ਕਰਨਾ ਚਾਹੀਦਾ ਹੈ, ਖ਼ਾਸਕਰ ਬਰਸਾਤ ਦੇ ਦਿਨਾਂ ਵਿਚ ਜਦੋਂ ਪਾਣੀ ਦੀ ਸਪਲਾਈ ਵਿਚ ਹਰ ਇੱਕ ਵਿਘਨ ਜਨਤਕ ਸਿਹਤ ਲਈ ਵੱਡੀ ਐਮਰਜੈਂਸੀ ਬਣ ਸਕਦਾ ਹੈ। ਆਮ ਨਾਗਰਿਕਾਂ ਵੱਲੋਂ ਵਰਤੀਆਂ ਜਾਣ ਵਾਲੀਆਂ ਕੁੱਝ ਸਾਵਧਾਨੀਆਂ ਜਿਵੇਂ ਪਾਣੀ ਉਬਾਲ ਕੇ ਪੀਣਾ, ਹੱਥਾਂ ਦੀ ਸਫ਼ਾਈ ਰੱਖਣਾ ਅਤੇ ਸਮੇਂ ਸਿਰ ਡਾਕਟਰੀ ਸਹਾਇਤਾ ਲੈਣਾ ਕਈ ਕੀਮਤੀ ਜਾਨਾਂ ਬਚਾਉਣ ਵਿਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਵੇਖੋ ਕੀ ਬਣਦਾ ਹੈ!

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

**ਪੰਜ ਭਾਸ਼ੀ ਕਵੀ ਦਰਬਾਰ**

12 ਅਗਸਤ 2026 ਵਾਲੇ ਦਿਨ ਚੰਡੀਗੜ੍ਹ ਸਾਹਿਤ ਅਕਾਡਮੀ ਨੇ ਇੱਕ ਨਿਵੇਕਲਾ ਕਵੀ ਦਰਬਾਰ ਰਚਾਇਆ ਜਿਸ ਵਿਚ ਪੰਜਾਬੀ, ਹਿੰਦੀ, ਉਰਦੂ ਭਾਸ਼ਾ ਦੇ ਕਵੀਆਂ ਨੇ ਰੰਗ ਬੰਨ੍ਹਿਆ। ਫਾਰਸੀ ਦੀ ਥਾਂ ਸੰਸਕ੍ਰਿਤ ਦੀ ਹਾਜ਼ਰੀ ਨੇ ਮੈਨੂੰ ਇਹ ਵੀ ਚੇਤੇ ਕਰਾ ਦਿੱਤਾ ਕਿ ਇਹ ਕਿਉਂ ਹੋਇਆ। ਕੇਵਲ ਇਸ ਲਈ ਕਿ ਪਾਕਿਸਤਾਨ ਦੇ ਹੋਂਦ ਵਿਚ ਆਉਣ ਸਦਕਾ ਫਾਰਸੀ ਉਨ੍ਹਾਂ ਦੀ ਹੋ ਕੇ ਰਹਿ ਗਈ ਹੈ ਕਿ ਨਹੀਂ ਮਾੜੀ ਗੱਲ।



**ਅੰਤਿਕਾ**

ਉਰਦੂ ਕਾ ਮੁਸਾਫਿਰ ਹੋ ਯਹੀ ਪਹਿਚਾਨ ਹੈ ਇਸਕੀ,
ਜਿਸ ਰਾਹ ਸੇ ਗੁਜ਼ਰਤਾ ਹੈ ਸਲੀਕਾ ਛੋੜ ਜਾਤਾ ਹੈ।

# ਚਿੱਠੀਆਂ ਦੇ ਰੂਪ ਵਿਚ ਕਾਇਨਾਤ ਲਿਆਉਣ ਵਾਲਾ ਸ਼ਖਸ

ਜ਼ਿੰਦਗੀ ਦੇ ਸਫ਼ਰ ਵਿਚ ਕੁਝ ਇਨਸਾਨ ਅਜਿਹੇ ਮਿਲਦੇ ਹਨ, ਜਿਨ੍ਹਾਂ ਨਾਲ ਸਾਡੀ ਕੋਈ ਪਰਿਵਾਰਕ ਸਾਂਝ ਨਹੀਂ ਹੁੰਦੀ, ਪਰ ਉਹ ਆਪਣੀ ਸਾਦਗੀ ਅਤੇ ਨਿਰਛਲਤਾ ਸਦਕਾ ਸਾਡੇ ਮਨ ਨੂੰ ਮੋਹ ਲੈਂਦੇ ਹਨ ਅਤੇ ਸਾਡੇ ਚੇਤਿਆਂ ਦਾ ਅਹਿਮ ਹਿੱਸਾ ਬਣ ਜਾਂਦੇ ਹਨ। ਮੇਰੇ ਜੀਵਨ ਵਿਚ ਅਜਿਹਾ ਹੀ ਨਿੱਘਾ ਅਤੇ ਸਾਦਗੀ ਭਰਿਆ ਰਿਸ਼ਤਾ ਸਾਡੇ ਪਿੰਡ ਦੇ ਡਾਕੀਏ ਸ. ਜਨਕ ਸਿੰਘ ਚੈਨੇਵਾਲਾ ਨਾਲ ਰਿਹਾ ਹੈ।

ਅੱਜ ਜਦੋਂ ਮੈਂ ਇੱਕ ਅਧਿਆਪਕ ਵਜੋਂ ਜ਼ਿੰਦਗੀ ਦੇ ਇਸ ਮੁਕਾਮ 'ਤੇ ਖੜ੍ਹ ਕੇ ਜਾਂ ਮੋਬਾਈਲ ਫ਼ੋਨਾਂ ਤੇ ਵ੍ਹਟਸਐਪ ਸੁਨੇਹਿਆਂ ਦੇ ਇਸ ਡਿਜੀਟਲ ਯੁੱਗ ਵਿਚੋਂ ਪਿੱਛੇ ਮੁੜ ਕੇ ਵੇਖਦਾ ਹਾਂ, ਤਾਂ ਲੱਗਦਾ ਹੈ ਕਿ ਅਸੀਂ ਸਿਰਫ਼ ਸਨੇਹ-ਭਿੱਜੀਆਂ



ਨਵਦੀਪ ਸਿੰਘ ਭੁਨੀਰ (ਮਾਨਸਾ)
ਫੋਨ: +91-98769-68193

ਚਿੱਠੀਆਂ ਹੀ ਨਹੀਂ ਗੁਆਈਆਂ, ਸਗੋਂ ਉਡੀਕ ਅਤੇ ਸਬਰ ਦੀ ਉਹ ਨਿਆਮਤ, ਰਿਸ਼ਤਿਆਂ ਦੀ ਸੁਭਾਵਿਕ ਗਰਮਾਹਟ ਅਤੇ ਕਾਗਜ਼ 'ਤੇ ਲਿਖੇ ਜਜ਼ਬਾਤਾਂ ਦੀ ਖ਼ੁਸ਼ਬੂ ਵੀ ਕਿਤੇ ਪਿੱਛੇ ਛੱਡ ਆਏ ਹਾਂ।

ਮੇਰੇ ਅੰਦਰ ਅਤੀਤ ਦੀਆਂ ਇਨ੍ਹਾਂ ਯਾਦਾਂ ਦਾ ਸਰਮਾਇਆ ਮੇਰੇ ਬਚਪਨ ਦੇ ਦਿਨਾਂ ਵਿਚਲੇ ਰੇਡੀਓ ਸੁਣਨ ਦੇ ਸ਼ੌਕ ਤੋਂ ਇਕੱਠਾ ਹੋਣਾ ਸ਼ੁਰੂ ਹੋਇਆ ਸੀ। ਗੱਲ 1998 ਦੀ ਹੈ, ਜਦੋਂ ਮੈਂ ਆਪਣੀ ਇੱਕ ਦੁਕਾਨ ਸ਼ੁਰੂ ਕੀਤੀ ਸੀ ਅਤੇ ਦੁਕਾਨ 'ਤੇ ਕੰਮ ਕਰਦਿਆਂ ਰੇਡੀਓ ਸੁਣਨ ਦਾ ਸ਼ੌਕ ਹੋਰ ਵੀ ਗੂੜ੍ਹਾ ਹੋ ਗਿਆ। ਮੈਂ ਆਕਾਸ਼ਵਾਣੀ ਨੂੰ ਲਗਾਤਾਰ ਖ਼ਤ ਲਿਖਣੇ ਸ਼ੁਰੂ ਕੀਤੇ ਅਤੇ 'ਦੇਸ ਪੰਜਾਬ' ਦੇ ਪ੍ਰੋਗਰਾਮ 'ਰਾਬਤਾ' ਤੋਂ ਸ਼ੁਰੂ ਹੋਈ ਇਹ ਸਾਂਝ ਹੌਲੀ-ਹੌਲੀ ਗੂੜ੍ਹੀਆਂ ਕਲਮੀ ਦੋਸਤੀਆਂ ਵਿਚ ਬਦਲ ਗਈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਮੇਰੇ ਅਜਿਹੇ ਕਲਮੀ ਦੋਸਤ ਬਣ ਗਏ ਸਨ, ਜਿਨ੍ਹਾਂ ਨਾਲ ਮੇਰਾ ਰਿਸ਼ਤਾ ਸਿਰਫ਼ ਸ਼ਬਦਾਂ ਦਾ ਨਹੀਂ, ਸਗੋਂ ਰੂਹਾਨੀ ਭਾਵਨਾਵਾਂ ਦਾ ਸੀ। ਹਰ ਰੋਜ਼ ਕਿਸੇ ਨਾ ਕਿਸੇ ਦੋਸਤ ਦੀ ਚਿੱਠੀ, ਕੋਈ ਨਵਾਂ ਸਾਹਿਤਕ ਰਸਾਲਾ ਜਾਂ ਹਫ਼ਤਾਵਾਰੀ ਅਖ਼ਬਾਰ ਮੇਰੇ ਪਤੇ 'ਤੇ ਆਉਣਾ ਹੀ ਹੁੰਦਾ ਸੀ, ਜਿਸ ਨੇ ਮੇਰੀ ਜ਼ਿੰਦਗੀ ਵਿਚ ਇੱਕ ਅਨੋਖਾ ਉਤਸ਼ਾਹ ਭਰਿਆ ਹੋਇਆ ਸੀ।

ਇਸ ਰੋਜ਼ਾਨਾ ਦੇ ਸਿਲਸਿਲੇ ਨੂੰ ਮੇਰੇ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਸਾਡੇ ਪਿੰਡ ਦੇ ਬਜ਼ੁਰਗ ਡਾਕੀਆ ਸ. ਜਨਕ ਸਿੰਘ ਚੈਨੇਵਾਲਾ ਨਿਭਾਉਂਦੇ ਸਨ। ਉਮਰ ਪੱਖੋਂ ਭਾਵੇਂ ਉਹ ਮੇਰੇ ਪਿਤਾ ਜੀ ਦੇ ਹਾਣੀ ਸਨ, ਪਰ ਡਾਕ ਦੇ ਇਸ ਲਗਾਤਾਰ ਗੇੜ ਨੇ ਸਾਡੀ ਉਮਰ ਦੇ ਫ਼ਰਕ ਨੂੰ ਮਿਟਾ ਕੇ ਗੂੜ੍ਹੀ ਨੇੜਤਾ ਬਣਾ ਦਿੱਤੀ ਸੀ। ਦੁਕਾਨ 'ਤੇ ਬੈਠਿਆਂ ਜਦੋਂ ਦੂਰੋਂ ਹੀ ਜਨਕ ਸਿੰਘ ਜੀ ਦਾ ਸਾਈਕਲ ਅਤੇ ਖ਼ਾਕੀ ਝੋਲਾ ਨਜ਼ਰ ਆਉਣਾ, ਤਾਂ ਮੇਰੇ ਮਨ ਨੂੰ ਅਜੀਬ ਜਿਹਾ ਚਾਅ ਚੜ੍ਹ ਜਾਣਾ ਕਿ 'ਅੱਜ ਮੇਰੀ ਡਾਕ ਵਿਚ ਨਵਾਂ ਕੀ ਆਇਆ ਹੋਵੇਗਾ?'

ਜਨਕ ਸਿੰਘ ਜੀ ਵੀ ਜਿਵੇਂ ਆਪਣਾ ਸਰਕਾਰੀ ਫ਼ਰਜ਼ ਨਹੀਂ, ਸਗੋਂ ਕੋਈ ਪਰਿਵਾਰਕ ਸਾਂਝ ਨਿਭਾ ਰਹੇ ਹੁੰਦੇ ਸਨ। ਉਹ ਮੁਸਕਰਾਉਂਦੇ ਹੋਏ ਮੇਰੀ ਦੁਕਾਨ 'ਤੇ ਰੁਕਦੇ, ਮੇਰੀਆਂ ਅੱਖਾਂ ਵਿਚਲੀ ਉਤਸੁਕਤਾ ਨੂੰ ਪੜ੍ਹਦੇ ਹੋਏ ਡਾਕ ਮੇਰੇ ਹਵਾਲੇ ਕਰ ਦਿੰਦੇ। ਫਿਰ ਸਾਡੀਆਂ ਲੰਬੀਆਂ ਗੱਲਾਂ ਦਾ ਸਿਲਸਿਲਾ ਸ਼ੁਰੂ ਹੁੰਦਾ। ਉਹ ਮੇਰੇ ਕੋਲ ਘੰਟਿਆਂ ਬੱਧੀ ਬੈਠਦੇ, ਚਾਹ-ਪਾਣੀ ਪੀਂਦੇ ਅਤੇ ਸੁਖ-ਸਾਂਦ ਪੁੱਛਦੇ। ਉਹ ਕਦੋਂ ਮੈਨੂੰ ਮੇਰੇ ਪਰਿਵਾਰ ਦੇ ਇੱਕ ਮੈਂਬਰ ਭਾਸਣ ਲੱਗ ਗਏ, ਪਤਾ ਹੀ ਨਹੀਂ ਲੱਗਿਆ।

ਉਸ ਸੁਨਹਿਰੀ ਦੌਰ ਵਿਚ ਚਿੱਠੀਆਂ ਸਿਰਫ਼ ਕਾਗਜ਼ ਦੇ ਬੇਜਾਨ ਪੰਨੇ ਨਹੀਂ ਹੁੰਦੀਆਂ ਸਨ, ਬਲਕਿ ਉਨ੍ਹਾਂ ਦੀ ਹਰ ਇੱਕ ਇਬਾਰਤ ਵਿਚ ਲਿਖਣ ਵਾਲੇ ਦੀ ਰੂਹ ਧੜਕਦੀ ਸੀ। ਕਿਸੇ ਦੀ ਲਿਖਾਈ ਦੇ ਟੇਢੇ-ਮੇਢੇ ਅੱਖਰਾਂ ਵਿਚੋਂ ਉਸ ਦਾ ਸੁਭਾਅ ਝਲਕਦਾ, ਸਿਆਹੀ ਦੀ ਮਹਿਕ ਵਿਚੋਂ ਅਪਣੱਤ ਦਾ ਅਹਿਸਾਸ ਹੁੰਦਾ ਅਤੇ ਕਾਗਜ਼ ਦੀਆਂ ਤਹਿਆਂ ਵਿਚ ਉਂਗਲਾਂ ਦੇ ਪੋਟਿਆਂ ਦੀ ਛੋਹ ਤੇ ਭਾਵਨਾਵਾਂ ਲੁਕੀਆਂ ਹੁੰਦੀਆਂ ਸਨ। ਇੱਕੋ ਚਿੱਠੀ ਨੂੰ ਵਾਰ-ਵਾਰ ਪੜ੍ਹਿਆ ਜਾਂਦਾ, ਹਿੱਕ ਨਾਲ ਲਾ ਕੇ ਸੰਭਾਲਿਆ ਜਾਂਦਾ ਅਤੇ ਇਕਾਂਤ ਵਿਚ ਬੈਠ ਕੇ ਮੁੜ-ਮੁੜ ਖੋਲ੍ਹਦਿਆਂ ਉਸ ਦੇ ਲਫ਼ਜ਼ਾਂ ਦਾ ਰਸ ਮਾਣਿਆ ਜਾਂਦਾ ਸੀ।

ਅੱਜ ਵੀ ਚੇਤਿਆਂ ਵਿਚ ਉਹ ਮਿੱਠੀ ਕਸਕ ਜਿਉਂਦੀ ਹੈ, ਜਦੋਂ ਕਿਸੇ ਬਹੁਤ ਹੀ ਖ਼ਾਸ ਤੇ ਅਜ਼ੀਜ਼ ਖ਼ਤ ਦੀ ਆਸ ਹਰ ਰੋਜ਼ ਲੱਗੀ ਰਹਿੰਦੀ; ਪਰ ਉਹ ਚਿੱਠੀ ਨਾ ਆਉਂਦੀ ਜਿਸ ਦੀ ਸਭ ਤੋਂ ਵੱਧ ਉਡੀਕ ਹੁੰਦੀ ਸੀ। ਪਰ ਫਿਰ ਵੀ, ਮਨ ਨਿਰਾਸ਼ ਨਹੀਂ ਸੀ ਹੁੰਦਾ, ਇੱਕ ਅਜੀਬ ਜਿਹਾ ਸਬਰ ਹੁੰਦਾ ਕਿ ਅੱਜ ਨਹੀਂ ਤਾਂ ਕੱਲ੍ਹ, ਜਾਂ ਆਉਣ ਵਾਲੇ ਕਿਸੇ ਨਵੇਂ ਦਿਨ ਉਹ ਸੁਨੇਹਾ ਸ. ਜਨਕ ਸਿੰਘ ਜੀ ਦੇ ਜ਼ਰੀਏ ਮੇਰੇ ਬੂਹੇ 'ਤੇ ਜ਼ਰੂਰ ਦਸਤਕ ਦੇਵੇਗਾ।

ਪਰ ਵਕਤ ਦੀ ਫ਼ਿਰਕੀ ਕਦੋਂ ਬਦਲੀ, ਪਤਾ ਹੀ ਨਹੀਂ ਲੱਗਿਆ। ਸਾਲ 2004 ਵਿਚ ਮੇਰੀ ਜ਼ਿੰਦਗੀ ਵਿਚ 'ਕੰਪਿਊਟਰ'




ਦੀ ਆਮਦ ਹੋਈ ਅਤੇ ਤਕਨਾਲੋਜੀ ਦੇ ਇਸ ਨਵੇਂ ਰੰਗ ਨੇ ਮੇਰਾ ਬਹੁਤਾ ਸਮਾਂ ਆਪਣੇ ਵੱਲ ਖਿੱਚ ਲਿਆ। ਨਤੀਜਾ ਇਹ ਹੋਇਆ ਕਿ ਰੇਡੀਓ ਸੁਣਨ ਅਤੇ ਖ਼ਤ ਲਿਖਣ ਦੇ ਉਸ ਸਿਲਸਿਲੇ ਵਿਚ ਹੌਲੀ-ਹੌਲੀ ਇੱਕ ਖੜੋਤ ਆ ਗਈ ਅਤੇ ਚਿੱਠੀਆਂ ਦਾ ਆਉਣ-ਜਾਣ ਘਟਣ ਲੱਗ ਪਿਆ। ਜ਼ਿੰਦਗੀ ਦੇ ਇਸ ਸਫ਼ਰ ਵਿਚ ਅਗਲਾ ਵੱਡਾ ਮੋੜ ਸਾਲ 2009 ਵਿਚ ਆਇਆ, ਜਦੋਂ ਮੈਂ 'ਬੀ.ਐਡ.' ਕਰਨ ਲਈ ਬਰੇਟੇ ਚਲਾ

## ਯਾਦਾਂ ਦੀ ਕਿਤਾਬ ਦੇ ਸੁਨਹਿਰੀ ਪੰਨੇ

ਗਿਆ। ਪੜ੍ਹਾਈ ਦੇ ਰੁਝੇਵੇਂ ਅਤੇ ਜ਼ਿੰਦਗੀ ਦੀ ਨਵੀਂ ਦੌੜ ਕਾਰਨ ਚਿੱਠੀਆਂ ਲਿਖਣ ਅਤੇ ਰੇਡੀਓ ਸੁਣਨ ਦਾ ਉਹ ਪੁਰਾਣਾ ਅਧਿਆਏ ਬਿਲਕੁਲ ਹੀ ਬੰਦ ਹੋ ਗਿਆ।

ਇਸੇ ਦੌਰਾਨ ਵਕਤ ਦੇ ਬਦਲਦੇ ਦੌਰ ਦੇ ਨਾਲ, ਪਿੰਡ ਦੇ ਹਰ ਦਿਲ ਅਜ਼ੀਜ਼ ਬਜ਼ੁਰਗ ਡਾਕੀਆ ਜਨਕ ਸਿੰਘ ਜੀ ਵੀ ਆਪਣੀ ਸੇਵਾਮੁਕਤੀ ਲੈ ਕੇ ਡਾਕ ਵਿਭਾਗ ਤੋਂ ਵਿਦਾ ਹੋ ਗਏ। ਪਰ ਇਸ ਸਭ ਦੇ ਬਾਵਜੂਦ, ਦਿਲ ਦੇ ਕਿਸੇ ਅਣਗੌਲੇ ਕੋਨੇ ਵਿਚ ਰੇਡੀਓ ਸੁਣਨ ਦੀ ਉਹ ਮਿੱਠੀ ਕਸਕ ਅਤੇ ਚਿੱਠੀਆਂ ਦੀ ਪੁਰਾਣੀ ਖ਼ੁਸ਼ਬੂ ਹਾਲੇ ਵੀ ਰਹਿ-ਰਹਿ ਕੇ ਕੜਵੱਲ ਪਾ ਰਹੀ ਸੀ, ਜੋ ਮੈਨੂੰ ਮੁੜ-ਮੁੜ ਆਪਣੇ ਅਤੀਤ ਵੱਲ ਖਿੱਚਦੀ ਸੀ।

ਅੱਜ ਵੀ ਜਦੋਂ ਮੈਂ ਆਪਣੀ ਮਾਂ-ਬੋਲੀ ਵਿਚ ਕੁਝ ਲਿਖ ਰਿਹਾ ਹੁੰਦਾ ਹਾਂ, ਤਾਂ ਮੇਰੀ ਕਲਮ ਅਤੀਤ ਦੇ ਉਸ ਸੁਨਹਿਰੀ ਪੰਨੇ 'ਤੇ ਅਟਕ ਜਾਂਦੀ ਹੈ। ਮੈਨੂੰ ਮੇਰੇ ਬੀਤੇ ਵੇਲਿਆਂ ਦਾ ਉਹ ਦੌਰ ਸ਼ਿੱਦਤ ਨਾਲ ਯਾਦ ਆਉਂਦਾ ਹੈ ਜਿਸ ਵਿਚ ਸ. ਜਨਕ ਸਿੰਘ ਚਿੱਠੀਆਂ ਦੇ ਰੂਪ ਵਿਚ ਮੇਰੇ ਲਈ ਪੂਰੀ ਕਾਇਨਾਤ ਸਮੇਟ ਲਿਆਇਆ ਕਰਦੇ ਸਨ।


ਅੱਜ ਮੈਨੂੰ ਨਹੀਂ ਪਤਾ ਕਿ ਮੇਰੇ ਸਤਿਕਾਰਯੋਗ ਸ. ਜਨਕ ਸਿੰਘ ਜੀ ਕਿੱਥੇ ਰਹਿ ਰਹੇ ਹਨ ਅਤੇ ਆਪਣੀ ਉਮਰ ਦੇ ਇਸ ਪੜਾਅ 'ਤੇ ਕਿਸ ਹਾਲ ਵਿਚ ਹਨ। ਕਈ ਵਾਰ ਅੱਜ ਵੀ ਦਿਲ ਲੋਚਦਾ ਹੈ ਕਿ ਕਾਸ਼! ਕਿਤੇ ਦੂਰੋਂ ਉਸੇ ਪੁਰਾਣੇ ਸਾਈਕਲ ਦੀ ਘੰਟੀ ਸੁਣਾਈ ਦੇਵੇ ਅਤੇ ਖ਼ਾਕੀ ਵਰਦੀ ਵਾਲੇ ਸ. ਜਨਕ ਸਿੰਘ ਜੀ ਮੁਸਕਰਾਉਂਦੇ ਹੋਏ ਸਾਹਮਣੇ ਆ ਕੇ ਕਹਿਣ, ''ਲਓ ਮਾਸਟਰ ਜੀ, ਅੱਜ ਵੀ ਤੁਹਾਡੀ ਇੱਕ ਚਿੱਠੀ ਆਈ ਹੈ।''

ਅੱਜ ਮੈਂ ਯਾਦਾਂ ਦੇ ਇਸ ਝਰੋਖੇ ਵਿਚੋਂ ਉਸ ਖ਼ੂਬਸੂਰਤ ਦੌਰ ਅਤੇ ਆਪਣੇ ਪਿਤਾ ਸਮਾਨ ਬਜ਼ੁਰਗ ਡਾਕੀਏ ਸ. ਜਨਕ ਸਿੰਘ ਚੈਨੇਵਾਲਾ ਪ੍ਰਤੀ ਆਪਣਾ ਅਥਾਹ ਮੋਹ, ਸਤਿਕਾਰ ਅਤੇ ਸ਼ੁਕਰਾਨਾ ਪ੍ਰਗਟ ਕਰਦਾ ਹਾਂ। ਜਨਕ ਸਿੰਘ ਜੀ, ਤੁਸੀਂ ਦੁਨੀਆ ਦੇ ਜਿਸ ਵੀ ਕੋਨੇ ਵਿਚ ਹੋਵੋ, ਇਹ ਕਲਮ ਅੱਜ ਤੁਹਾਡੀ ਤੰਦਰੁਸਤੀ, ਲੰਮੀ ਉਮਰ ਅਤੇ ਸਲਾਮਤੀ ਦੀ ਦੁਆ ਮੰਗਦੀ ਹੈ। ਤੁਹਾਡੀ ਦਿੱਤੀ ਹੋਈ ਉਹ ਉਡੀਕ ਅਤੇ ਸਿਖਾਇਆ ਹੋਇਆ ਸਬਰ ਅੱਜ ਵੀ ਮੇਰੇ ਅੰਦਰ ਇੱਕ ਅਧਿਆਪਕ ਦੇ ਰੂਪ ਵਿਚ ਜ਼ਿੰਦਾ ਹੈ। ਤੁਹਾਡੇ ਨਾਲ ਉਨ੍ਹਾਂ ਵਕਤਾਂ ਦੀ ਸਾਂਝ ਇਹੀ ਦੱਸਦੀ ਹੈ ਕਿ ਕੁਝ ਰਿਸ਼ਤੇ ਵਕਤ ਦੇ ਬਦਲਣ ਨਾਲ ਪੁਰਾਣੇ ਨਹੀਂ ਹੁੰਦੇ, ਉਹ ਉਮਰ ਭਰ ਸਾਡੀ ਰੂਹ ਦਾ ਨਿੱਘ ਬਣੇ ਰਹਿੰਦੇ ਹਨ।

# ਇਹੁ ਜਨਮੁ ਤੁਮਹਾਰੇ ਲੇਖੇ!

## ਕਿਸ਼ਤ - 22

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 22ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***






**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਹਿਤੈਸ਼ੀ ਜੀ ਨੇ ਗੁਰਮੁਖ ਸਿੰਘ ਤੋਂ ਪਤਾ ਕਰ ਲਿਆ ਸੀ ਕਿ ਉਹ ਕਿੰਨੇ ਬਜੇ ਦੁਕਾਨ ਜਾਂਦਾ ਹੈ। ਰਾਹੀ ਜੀ ਨਾਲ ਗੱਲ ਕੀਤੀ, "ਨਿਰਜਲ ਜੀ ਅੱਜ ਰਾਤ ਹੀ ਮੇਰੇ ਕੋਲ ਆ ਜਾਣਗੇ। ਤੁਸੀਂ ਭਲਕੇ ਨੌਂ ਕੁ ਬਜੇ ਤਿਆਰ ਹੋ ਜਾਣ ਦੀ ਖੇਚਲ ਕਰ ਸਕੋਗੇ? ਗੁਰਮੁਖ ਸਿੰਘ ਦੇ ਦੁਕਾਨ ਲਈ ਤੁਰਨ ਤੋਂ ਪਹਿਲਾਂ ਆਪਾਂ ਉਸ ਨੂੰ ਮਿਲ ਲਵੀਏ ਤਦ ਠੀਕ ਰਹੇ।"

ਰਾਹੀ ਜੀ ਹੱਸੇ, "ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ! ਹਿਤੈਸ਼ੀ ਜੀ, ਆਜ਼ਾਦੀ ਦੀ ਲੜਾਈ ਵੇਲੇ ਦੀ ਪਈ ਹੋਈ ਦਿਨ ਚੜ੍ਹਦੇ ਨੂੰ ਤਿਆਰ ਹੋ ਜਾਣ ਦੀ ਆਦਤ ਬੁਢਾਪੇ ਵਿਚ ਵੀ ਛੁਟਦੀ ਹੀ ਨਹੀਂ। ਅੰਮ੍ਰਿਤ ਵੇਲੇ ਅਸ਼ਨਾਨ ਸੋਧ ਕੇ, ਪਾਠ ਕਰ ਕੇ, ਕੁਛ ਹਲਕਾ ਨਾਸ਼ਤਾ ਛਕ ਕੇ ਤਿਆਰ-ਬਰ-ਤਿਆਰ ਹੋ ਜਾਈਦਾ ਏ, ਭਾਵੇਂ ਰਾਜਸਭਾ ਦਾ ਸੈਸ਼ਨ ਚਲਦਾ ਹੋਵੇ ਭਾਵੇਂ ਨਾ।... ਤੁਸਾਂ ਇੰਜ ਕਰਨਾ, ਨੌਂ ਕੁ ਬਜਦੇ ਨੂੰ ਮੇਰੇ ਕੋਲ ਪਹੁੰਚ ਜਾਣਾ। ਇਥੋਂ ਮੇਰੇ ਡਰਾਈਵਰ ਨੂੰ ਲੈ ਕੇ ਨਿੱਕਲ ਚੱਲਾਂਗੇ।" ਪੂਰੀ ਗੱਲ ਤੈਅ ਹੋ ਗਈ ਤਾਂ ਹਿਤੈਸ਼ੀ ਜੀ ਨੇ ਗੁਰਮੁਖ ਸਿੰਘ ਨੂੰ ਭਲਕੇ ਸਵਾ ਕੁ ਨੌਂ ਬਜੇ ਆਪਣੇ ਆਉਣ ਦੀ ਜਾਣਕਾਰੀ ਦੇ ਦਿੱਤੀ।

ਰਾਹ ਵਿਚ ਰਾਹੀ ਜੀ ਕਹਿਣ ਲੱਗੇ, "ਹਿਤੈਸ਼ੀ ਜੀ, ਤੁਹਾਨੂੰ ਦੁੱਧ ਦੀ ਕਟੋਰੀ ਦੀ ਰਾਖੀ ਵਾਸਤੇ ਬਾਘੜ-ਬਿੱਲਾ ਹੀ ਦਿੱਸਿਆ?"

ਹਿਤੈਸ਼ੀ ਜੀ ਨੇ ਮਜਬੂਰੀ ਦੱਸੀ, "ਇਸ ਗੱਲ ਤੋਂ ਮੈਂ ਸਚੇਤ ਸਾਂ ਪਰ ਹੋਰ ਕੋਈ ਚਾਰਾ ਹੀ ਨਹੀਂ ਸੀ। ਉਹ ਤਾਂ ਮੇਰੇ ਘਰ ਜਾਣਾ ਚਾਹੁੰਦੀ ਸੀ ਪਰ ਮੈਂ ਆਪਣੇ ਘਰ ਲੈ ਕੇ ਨਹੀਂ ਸਾਂ ਜਾਣਾ ਚਾਹੁੰਦਾ। ਹੋਰ ਕੋਈ ਟਿਕਾਣਾ ਨਾ ਮੈਨੂੰ ਸੁੱਝਿਆ ਤੇ ਨਾ ਉਸ ਨੂੰ।" ਉਹਨਾਂ ਨੇ ਟਿਕਟਘਰ ਤੇ 'ਟੀ ਐਂਡ ਟੀ' ਰੈਸਟੋਰੈਂਟ ਵਾਲੀ ਸਾਰੀ ਕਹਾਣੀ ਸੰਖੇਪ ਵਿਚ ਕਹਿ ਸੁਣਾਈ।

"ਚਲੋ ਜੋ ਹੋਇਆ ਸੋ ਹੋਇਆ", ਨਿਰਜਲ ਜੀ ਕਹਿਣ ਲੱਗੇ, "ਚਿੜੀ ਚੋਂਚ ਭਰ ਲੇ ਗਈ, ਨਦੀ ਨਾ ਘਟਿਓ ਨੀਰ। ਦੁੱਧ ਦੀ ਇਸ ਕਟੋਰੀ ਨੂੰ ਕਿਹੜੇ-ਕਿਹੜੇ ਬਿੱਲੇ ਤੋਂ ਬਚਾ ਕੇ ਰੱਖਾਂ ਗੇ!... ਹੁਣ ਅਗਲਾ ਰਾਹ ਵਿਚਾਰੀਏ। ਮੇਰੀ ਸਲਾਹ ਹੈ, ਗੱਲ ਬਹੁਤੀ ਲਮਕਾਈਏ ਨਾ। ਬੜਾ ਨਾਜ਼ਕ ਮਾਮਲਾ ਹੈ। ਇਹ ਚਰਚਾ ਚੱਲੀ ਤੋਂ ਗੁਰਮੁਖ ਸਿੰਘ ਨੂੰ ਸਾਡੀ ਹਾਜ਼ਰੀ ਵਿਚ ਜਿਸ ਪਰੇਸ਼ਾਨੀ ਤੇ ਪਸ਼ੇਮਾਨੀ ਵਿਚੋਂ ਲੰਘਣਾ ਪਵੇਗਾ, ਅਸੀਂ ਅੰਦਾਜ਼ਾ ਲਾ ਹੀ ਸਕਦੇ ਹਾਂ। ਸਾਨੂੰ ਸਿੱਧੇ ਮੁੱਦੇ ਉੱਤੇ ਪਹੁੰਚ ਜਾਣਾ ਚਾਹੀਦਾ ਹੈ।..."

ਰਾਹੀ ਜੀ ਨੇ ਪੂਰੀ ਸਹਿਮਤੀ ਜਤਾਈ, "ਬਿਲਕੁਲ ਸਹੀ ਕਿਹਾ ਹੈ ਤੁਸੀਂ, ਨਿਰਜਲ ਜੀ।... ਹਿਤੈਸ਼ੀ ਜੀ, ਗੱਲ ਤੁਸਾਂ ਸ਼ੁਰੂ ਕਰਨੀ ਤੇ ਜਗਦੀਪ ਦੇ ਵਾਪਸ ਆਉਣ ਤੋਂ ਹੀ ਸ਼ੁਰੂ ਕਰ ਲੈਣੀ। ਫੇਰ ਦੇਖਦੇ ਹਾਂ, ਕੀ ਬਣਦਾ ਹੈ, ਕਹਾਣੀ ਕਿਧਰ ਨੂੰ ਤੁਰਦੀ ਹੈ।"

ਹਿਤੈਸ਼ੀ ਜੀ ਨਾਲ ਰਾਹੀ ਜੀ ਤੇ ਨਿਰਜਲ ਜੀ ਨੂੰ ਦੇਖ ਕੇ ਗੁਰਮੁਖ ਸਿੰਘ ਸਮਝ ਗਿਆ, ਪੰਜਾਬੀ ਭਾਈਚਾਰੇ ਦੇ ਕਿਸੇ ਵੱਡੇ ਕਾਰਜ ਦੇ ਸੰਬੰਧ ਵਿਚ ਆਏ ਹਨ। ਮਨ ਹੀ ਮਨ ਸੋਚਿਆ, ਗੁਰਮੁਖ ਸਿੰਘਾ, ਕੱਢ ਮੋਟਾ ਚੰਦਾ! ਰਾਹੀ ਜੀ ਦੇ ਗੋਡਿਆਂ ਵੱਲ ਝੁਕਦਿਆਂ ਤੇ ਹਿਤੈਸ਼ੀ ਜੀ ਤੇ ਨਿਰਜਲ ਜੀ ਨਾਲ ਘੁੱਟ-ਘੁੱਟ ਹੱਥ ਮਿਲਾਉਂਦਿਆਂ ਉਹ ਹੱਸਿਆ, "ਫੇਰ ਪੰਜਾਬੀਆਂ ਦੇ ਕਿਸੇ ਜੋੜਮੇਲੇ ਦੀ ਵਿਉਂਤ ਬਣਾ ਲਈ? ਜਾਪਦਾ ਹੈ, ਤੁਸੀਂ ਗੁਰ-ਫ਼ਤਿਹ ਮੈਨੂੰ ਨਹੀਂ, ਇਸ ਗ਼ਰੀਬ ਹੱਟ-ਬਾਣੀਏ ਦੇ ਬਟੂਏ ਨੂੰ ਬੁਲਾਈ ਹੈ!"

ਡਰਾਇੰਗ ਰੂਮ ਵੱਲ ਤੁਰਦਿਆਂ ਉਹ ਤਿੰਨੇ ਵੀ ਹੱਸ ਪਏ। ਰਾਹੀ ਜੀ ਬੋਲੇ, "ਗੁਰਮੁਖ ਸਿੰਘ, ਮੇਰੇ ਪਿਆਰੇ, ਇਹੋ ਜਿਹੀ ਗ਼ਰੀਬੀ ਵਾਹਿਗੁਰੂ ਸਭ ਨੂੰ ਦੇਵੇ!"

ਸੁੱਖ-ਸਾਂਦ ਦੀ ਪੁੱਛ-ਦੱਸ ਹੋ ਗਈ ਤਾਂ ਰਾਹੀ ਜੀ ਨੇ ਹਿਤੈਸ਼ੀ ਜੀ ਨੂੰ ਅੱਖ ਦਾ ਇਸ਼ਾਰਾ ਕੀਤਾ। ਉਹਨਾਂ ਨੇ ਨਿੱਕੇ ਜਿਹੇ ਖੰਘੂਰੇ ਨਾਲ ਗਲ਼ਾ ਸਾਫ਼ ਕਰਦਿਆਂ ਆਖਿਆ, "ਗੁਰਮੁਖ ਸਿੰਘ ਜੀ, ਅਸੀਂ ਪੰਜਾਬੀ ਭਾਈਚਾਰੇ ਦੇ ਕਿਸੇ ਜੋੜਮੇਲੇ ਵਾਸਤੇ ਨਹੀਂ, ਇਕ ਪਰਵਾਰਿਕ ਜੋੜਮੇਲੇ ਵਾਸਤੇ ਆਏ ਹਾਂ। ਸੱਚੀ ਗੱਲ ਹੈ, ਆਉਂਦਿਆਂ ਅਸਾਂ ਨੂੰ ਝਿਜਕ ਵੀ ਹੈ ਸੀ।"

ਗੁਰਮੁਖ ਸਿੰਘ ਕੁਛ ਸਮਝ ਨਾ ਸਕਿਆ, "ਤੁਹਾਡਾ ਤਿੰਨਾਂ ਦਾ ਮੇਰੇ ਮਨ ਵਿਚ ਜੋ ਉੱਚਾ ਸਥਾਨ ਹੈ, ਉਹ ਮੈਂ ਜਾਣਦਾ ਹਾਂ ਜਾਂ ਮੇਰਾ ਵਾਹਿਗੁਰੂ! ਮੇਰੇ ਕੋਲ ਆਉਂਦਿਆਂ ਜਾਂ ਮੈਨੂੰ ਕੁਛ ਆਖਦਿਆਂ ਤੁਹਾਨੂੰ ਝਿਜਕ ਕਾਹਦੀ!"

ਹਿਤੈਸ਼ੀ ਜੀ ਨੇ ਫੇਰ ਗਲ਼ਾ ਸਾਫ਼ ਕਰ ਕੇ ਝੰਜਟ ਮੁਕਦਾ ਕੀਤਾ, "ਜਗਦੀਪ ਹੁਰੀਂ ਵਾਪਸ ਆ ਗਏ ਨੇ।"

ਚੁੱਪ ਵਰਤ ਗਈ। ਗੁਰਮੁਖ ਸਿੰਘ ਨੂੰ ਵੀ ਇਕਦਮ ਕੁਛ ਨਾ ਸੁੱਝਿਆ, ਕੀ ਬੋਲੇ। ਆਖ਼ਰ ਪੁੱਛਿਆ, "ਤੁਹਾਡੇ ਨਾਲ ਕਿਉਂ ਨਹੀਂ ਆਈ? ਕਿਥੇ ਹੈ ਉਹ ਹੁਣ?"

ਰਾਹੀ ਜੀ ਨੇ ਸਿਆਸਤਦਾਨਾਂ ਵਾਂਗ ਸਮਾਂ ਛੁਪਾਉਣ ਵਾਲੀ ਗੋਲ ਗੱਲ ਕੀਤੀ, "ਆਪਣੇ ਕੁਲਵੰਤ ਬਾਣੀ ਜੀ ਦੇ ਘਰ ਬਿਠਾ ਕੇ ਆਏ ਹਾਂ।"

ਗੁਰਮੁਖ ਸਿੰਘ ਹੈਰਾਨ ਹੋਇਆ, "ਤੁਹਾਨੂੰ ਸੱਚੇ ਦਿਲੋਂ ਜੀਅ-ਆਇਆਂ, ਪਰ ਉਸ ਨੂੰ ਬਾਣੀ ਜੀ ਦੇ ਘਰ ਬਿਠਾ ਕੇ ਆਉਣ ਦੀ ਕੀ ਜ਼ਰੂਰਤ ਸੀ? ਤੁਹਾਡਾ ਆਪਣਾ ਘਰ ਹੈ, ਲੱਖ ਵਾਰ ਆਉ, ਪਰ ਤੁਹਾਨੂੰ ਇਸ ਗੱਲ ਵਾਸਤੇ ਆਉਣ ਦੀ ਖੇਚਲ ਕਰਨ ਦੀ ਵੀ ਕੀ ਜ਼ਰੂਰਤ ਸੀ? ਉਹ ਸਿੱਧੀ ਆਪਣੇ ਘਰ ਕਿਉਂ ਨਹੀਂ ਆ ਗਈ?"

"ਕਿਹੜਾ ਆਪਣਾ ਘਰ, ਗੁਰਮੁਖ ਸਿੰਘ ਜੀ", ਨਿਰਜਲ ਜੀ ਬੋਲੇ, "ਘਰ ਆਪਣਾ ਸਮਝਦੀ ਤਾਂ ਛਡਦੀ ਕਿਉਂ? ਫਿਰ ਵੀ ਜੇ ਤੁਸੀਂ ਸਭ ਕੁਛ ਨੂੰ ਭੁੱਲ ਕੇ ਉਸ ਨੂੰ ਮਾਫ਼ ਕਰਦੇ ਹੋ ਤੇ ਘਰ ਆਉਣ ਦੀ ਆਗਿਆ ਦਿੰਦੇ ਹੋ, ਇਹ ਤੁਹਾਡਾ ਵਡੱਪਣ ਹੈ!"

"ਜੇ ਗੱਲ ਮੇਰੇ ਇਕੱਲੇ ਦੀ ਹੁੰਦੀ, ਆਗਿਆ ਦੇਣ ਜਾਂ ਨਾ ਦੇਣ ਦਾ ਸਵਾਲ ਤਾਂ ਸ਼ਾਇਦ ਤਦ ਪੈਦਾ ਹੋ ਸਕਦਾ ਸੀ। ਪਰ ਸਾਡੇ ਦੋ ਬੱਚੇ ਵੀ ਨੇ। ਇਹ ਤਾਂ ਸ਼ੁਕਰ ਹੈ, ਉਹ ਪਹਿਲਾਂ ਤੋਂ ਹੀ ਹੋਸਟਲ ਵਿਚ ਨੇ। ਤੇ ਹੋਰ ਵੀ ਚੰਗੀ ਗੱਲ ਇਹ ਕਿ ਇਮਤਿਹਾਨਾਂ ਤੋਂ ਬਹੁਤ ਪਹਿਲਾਂ ਤੋਂ ਸਕੂਲ ਵਾਲੇ ਕਿਸੇ ਉਚੇਚੇ ਕਾਰਨ ਤੋਂ ਬਿਨਾਂ ਉਹਨਾਂ ਨੂੰ ਘਰ ਨਹੀਂ ਆਉਣ ਦਿੰਦੇ। ਉਹ ਦੋ ਮਹੀਨਿਆਂ ਮਗਰੋਂ ਇਕ ਵਾਰ ਘਰ ਲਿਆਂਦੇ ਜਾ ਸਕਦੇ ਨੇ। ਪਿਛਲੀ ਵਾਰ ਆਇਆਂ ਨੇ ਪੁੱਛਿਆ ਤਾਂ ਮੈਂ ਕਵੀ ਦਰਬਾਰ ਵਾਸਤੇ ਗਈ ਹੋਣ ਦਾ ਝੂਠ ਬੋਲ ਕੇ ਮੌਕਾ ਬਚਾ ਲਿਆ। ਇਹ ਝੂਠ ਵਾਰ-ਵਾਰ ਤਾਂ ਚੱਲਣਾ ਨਹੀਂ। ਚੰਗਾ ਹੋਇਆ, ਵਾਹਿਗੁਰੂ ਨੇ ਮੇਰੇ ਝੂਠ ਦੀ ਵੀ ਲਾਜ ਰੱਖ ਲਈ। ਮੇਰੀ ਕੋਸ਼ਿਸ਼ ਹੈ ਜੀ, ਕਿਵੇਂ ਵੀ ਮੇਰੇ ਬੱਚਿਆਂ ਨੂੰ ਮਾਤਾ-ਪਿਤਾ ਦੋਵੇਂ ਮਿਲੇ ਰਹਿਣ!"

ਸਭ ਨੇ ਤਸੱਲੀ ਦਾ ਸਾਹ ਲਿਆ। ਹਿਤੈਸ਼ੀ ਜੀ ਨੇ ਆਖਿਆ, "ਤੁਸੀਂ ਸੱਚਮੁੱਚ ਮਹਾਨ ਹੋ, ਗੁਰਮੁਖ ਸਿੰਘ ਜੀ!"

ਗੁਰਮੁਖ ਸਿੰਘ ਨੇ ਹੱਥ ਜੋੜੇ, "ਇਸ ਨਾਚੀਜ਼ ਨੂੰ ਮਹਾਨ ਆਖ ਕੇ ਇਸ ਲਫ਼ਜ਼ ਦੀ ਮਹਾਨਤਾ ਨਾ ਘਟਾਉ। ਹਿਤੈਸ਼ੀ ਜੀ, ਮਜਬੂਰੀ ਨੂੰ ਮਹਾਨਤਾ ਨਹੀਂ ਆਖਦੇ। ਜੇ ਕੋਈ ਆਦਮੀ ਮੇਰੇ ਵਾਲੀ ਹਾਲਤ ਵਿਚ ਹੋਵੇ, ਤੇ ਰੱਬ ਕਰੇ ਕੋਈ ਨਾ ਹੋਵੇ, ਸਿਰਫ਼ ਉਹੋ ਮੇਰੇ ਦਿਲ ਦਾ ਦਰਦ ਸਮਝ ਸਕਦਾ ਹੈ। ਮਹਾਨ ਤਾਂ ਸਿਰਫ਼ ਵਾਹਿਗੁਰੂ ਦਾ ਨਾਂ ਹੈ ਜੀ। ਇਕ ਗੱਲ ਹੋਰ ਵੀ ਹੈ..."

ਸਾਰਿਆਂ ਨੇ ਉਤਸੁਕਤਾ ਨਾਲ ਦੇਖਿਆ। ਉਹਨੇ ਗੱਲ ਅੱਗੇ ਤੋਰੀ, "ਜਦੋਂ ਉਹਨਾਂ ਦੀ ਡਿਗਦੀ ਸਿਹਤ ਵਿਚ ਇਕ ਵਾਰ ਮੈਂ ਦਰਵੇਸ਼ ਜੀ ਦਾ ਪਤਾ ਲੈਣ ਗਿਆ, ਮੈਨੂੰ ਕੋਲ ਬਿਠਾ ਕੇ, ਮੇਰੇ ਹੱਥ ਫੜ ਕੇ ਕਹਿਣ ਲੱਗੇ, 'ਪੁੱਤਰ ਗੁਰਮੁਖ ਸਿੰਘ, ਆਪਣੇ ਪਰਿਵਾਰ ਬਿਨਾਂ ਜਗਦੀਪ ਦਾ ਦੁਨੀਆ ਵਿਚ ਕੋਈ ਨਹੀਂ। ਇਹ ਚੰਚਲ ਸੁਭਾਅ ਦੀ ਹੈ। ਵਚਨ ਦੇ, ਕਿਸੇ ਹਾਲਤ ਵਿਚ ਵੀ ਇਸ ਦੀ ਬਾਂਹ ਛੱਡੇਂਗਾ ਨਹੀਂ।' ਸਵਰਗ ਵਿਚੋਂ ਦੇਖ ਰਹੀ ਉਸ ਮਹਾਨ ਆਤਮਾ ਨੂੰ ਦਿੱਤਾ ਹੋਇਆ ਵਚਨ ਮੈਂ ਤਾਂ ਨਹੀਂ ਨਾ ਤੋੜ ਸਕਦਾ। ਇਸ ਵਚਨ ਤੋਂ ਇਲਾਵਾ ਮੈਂ ਉਸ ਨੂੰ ਪਿਆਰ ਵੀ ਤਾਂ ਬਹੁਤ ਕੀਤਾ ਹੈ। ਹਾਂ, ਉਹ ਧੱਕੇ ਨਾਲ ਬਾਂਹ ਛੁਡਾ ਕੇ ਕਿਧਰੇ ਜਾਂਦੀ ਹੈ, ਉਸ ਵਿਚ ਤਾਂ ਮੇਰਾ ਦੋਸ਼ ਨਾ ਹੋਇਆ।"

ਰਾਹੀ ਜੀ ਨੇ ਬਾਣੀ ਦੇ ਘਰ ਬੀਤੇ ਜਗਦੀਪ ਦੇ ਸਮੇਂ ਨੂੰ ਪਹਿਲਾਂ ਵਾਂਗ ਹੀ ਗੋਲ ਕਰਦਿਆਂ ਗੱਲ ਮੁਕਾਉਣੀ ਚਾਹੀ, "ਠੀਕ ਹੈ, ਗੁਰਮੁਖ ਸਿੰਘ, ਅਸੀਂ ਹੁਣ ਚਲਦੇ ਹਾਂ।ਉਹ ਬੈਠੀ ਉਡੀਕਦੀ ਹੋਵੇਗੀ। ਜਾ ਕੇ ਆਖਦੇ ਹਾਂ, ਤੇਰੇ ਘਰ ਪਰਤਣ ਦੀ ਇਜਾਜ਼ਤ ਲੈ ਆਏ ਹਾਂ।"

"ਰਾਹੀ ਜੀ, ਇਹ ਦੋਵੇਂ ਮੇਰੇ ਹਰ ਦੁਖ-ਸੁਖ ਦੇ ਸਾਥੀ ਸੁਹਿਰਦ ਮਿੱਤਰ ਨੇ, ਤੁਸੀਂ ਮੇਰੇ ਸਤਿਕਾਰਜੋਗ ਬਜ਼ੁਰਗ ਹੋ। ਭਾਵੇਂ ਕਿੰਨੀ ਵੀ ਦੇਰ ਤੁਹਾਡੇ ਦਰਸ਼ਨ ਨਾ ਹੋਣ, ਤੁਹਾਡੀ ਛਾਂ ਹਮੇਸ਼ਾ ਮੇਰੇ ਸਿਰ ਉੱਤੇ ਰਹਿੰਦੀ ਹੈ", ਗੁਰਮੁਖ ਸਿੰਘ ਨੇ ਰਿਸ਼ਤੇ ਦਾ ਚੇਤਾ ਕੀਤਾ, "ਤੁਸੀਂ ਮੇਰੇ ਲਈ ਇਜਾਜ਼ਤ ਜਿਹਾ ਲਫ਼ਜ਼ ਨਾ ਵਰਤੋ। ਤੁਸੀਂ ਸਾਰੇ ਮੈਨੂੰ ਹੁਕਮ ਦੇਣ ਦਾ ਹੱਕ ਰਖਦੇ ਹੋ। ਨਾਲੇ ਸਾਡਾ ਕੋਈ ਤਲਾਕ ਤਾਂ ਹੋਇਆ ਨਹੀਂ। ਉਸ ਨੇ ਬੰਬਈ ਜਾਂਦਿਆਂ ਤਲਾਕ ਦੇ ਕਾਨੂੰਨੀ ਕਾਗ਼ਜ਼ ਤਿਆਰ ਕਰਵਾ ਕੇ ਦਸਖ਼ਤਾਂ ਲਈ ਮੇਰੇ ਅੱਗੇ ਰੱਖਣ ਦੀ ਮੂਰਖ਼ਤਾ ਕੀਤੀ ਸੀ।

ਮੈਂ ਉਪਰਲੀਆਂ ਸਾਰੀਆਂ ਗੱਲਾਂ ਸੋਚ ਕੇ ਕਾਗ਼ਜ਼ ਮੋੜ ਦਿੱਤੇ ਸਨ ਤੇ ਕਿਹਾ ਸੀ, ਆਪਣੇ ਬੱਚਿਆਂ ਦੇ ਘਰ ਦਾ ਬੂਹਾ ਆਪਣੇ ਲਈ ਬੰਦ ਕਰ ਕੇ ਨਾ ਜਾ।... ਉਸ ਨੂੰ ਕਹੋ, ਆਪਣੇ ਘਰ ਜਾ।... ਮੇਰੀ ਪਤਨੀ ਨਾ ਸਹੀ, ਮੇਰੇ ਬੱਚਿਆਂ ਦੀ ਮਾਂ ਤਾਂ ਹੈ ਨਾ!... ਅੱਜ ਮੈਂ ਦੁਕਾਨ ਖੋਲ੍ਹਣ ਲਈ ਚਾਬੀ ਨੌਕਰ ਨੂੰ ਦੇ ਦਿੰਦਾ ਹਾਂ। ਸਿਆਣਾ ਹੈ, ਚੀਜ਼ਾਂ ਤਾਂ ਉਹੋ ਰਖਦਾ ਹੈ ਤੇ ਕੀਮਤਾਂ ਦਾ ਵੀ ਉਸ ਨੂੰ ਪਤਾ ਹੈ। ਇਹੋ ਜਿਹੇ ਮੌਕੇ ਗਾਹਕਾਂ ਨੂੰ ਭੁਗਤਾਉਣ ਦਾ ਵਾਹਵਾ ਕੰਮ ਚਲਾ ਲੈਂਦਾ ਹੈ। ਹੋਰ ਨਹੀਂ ਤਾਂ, ਦੁਕਾਨ ਖੁੱਲ੍ਹੀ ਤਾਂ ਰਹਿੰਦੀ ਹੈ ਨਾ!"

ਕਾਰ ਵਿਚ ਬੈਠਦਿਆਂ ਨਿਰਜਲ ਨੇ ਕਿਹਾ, "ਹਿਤੈਸ਼ੀ ਜੀ, ਗੁਰਮੁਖ ਸਿੰਘ ਵਰਗੇ ਗੁਰਮੁਖ ਬੰਦੇ ਦੀ ਮਾਨਸਿਕ ਪੀੜ ਦੇਖ ਕੇ ਮੈਨੂੰ ਬਹੁਤ ਦੁੱਖ ਪਹੁੰਚਿਆ ਹੈ। ਹੁਣ ਬਾਣੀ ਦੇ ਘਰ ਜਾਣ ਨੂੰ ਮੇਰਾ ਮਨ ਨਹੀਂ ਮੰਨਦਾ। ਉਂਜ ਵੀ ਮੈਂ ਉਹਦੇ ਘਰ ਘੱਟ ਹੀ ਗਿਆ ਹਾਂ। ਕਦੀ ਤੁਹਾਡੇ ਨਾਲ ਹੀ ਗਿਆ ਹੋਵਾਂਗਾ। ਨਾਲੇ ਇਸ ਸੂਰਤ ਵਿਚ ਮੈਂ ਜਗਦੀਪ ਨੂੰ ਕਾਹਦੇ ਲਈ ਮੱਥੇ ਲਾਉਣਾ ਹੋਇਆ! ਮੈਨੂੰ ਉਹਦਾ ਇਹ ਕਦਮ ਬਹੁਤ ਬੁਰਾ ਲੱਗਿਆ ਹੈ। ਮੇਰੇ ਖ਼ਿਆਲ ਵਿਚ ਰਾਹੀ ਜੀ ਤਾਂ ਆਪ ਨਹੀਂ ਜਾਣਾ ਚਾਹੁਣਗੇ ਤੇ ਅਜਿਹੇ ਮਾਮਲੇ ਵਿਚ ਇਹਨਾਂ ਵਰਗੀ ਹਸਤੀ ਨੂੰ ਚੱਲ ਕੇ ਬਾਣੀ ਵਰਗੇ ਬੰਦੇ ਦੇ ਘਰ ਤਾਂ ਨਹੀਂ ਹੀ ਜਾਣਾ ਚਾਹੀਦਾ। ਤੁਹਾਡਾ ਹਰ ਕਿਸਮ ਦੀ ਸੰਗਤ ਵਿਚ ਵਿਚਰਨ ਦਾ ਜੇਰਾ ਵੀ ਹੈ ਤੇ ਅਭਿਆਸ ਵੀ। ਇਸ ਕਰਕੇ ਇਹਨਾਂ ਦੇ ਨਿਵਾਸ ਤੋਂ ਕਾਰ ਚੁੱਕੋ ਤੇ ਬਾਣੀ ਕੋਲ ਜਾਂਦਿਆਂ ਮੈਨੂੰ ਪਹਿਲਾਂ ਰਾਹ ਵਿਚੋਂ ਕਿਤੋਂ ਸਕੂਟਰ-ਟੈਕਸੀ ਦੁਆ ਦਿਉ। ਅੱਗੇ ਸਨਿਚਰ-ਐਤ ਆ ਜਾਣੇ ਨੇ, ਹੁਣ ਮੈਂ ਆਪਣੇ ਘਰ ਗਰੇਟਰ ਕੈਲਾਸ਼ ਹੀ ਜਾਵਾਂਗਾ। ਨਾਲੇ ਰਾਤ ਨੂੰ ਗੱਲਾਂਬਾਤਾਂ ਕਰਾਂਗੇ, ਇਹ ਵੀ ਤੇ ਹੋਰ ਵੀ।"

ਨਿਰਜਲ ਜੀ ਫ਼ਕੀਰ ਕਿਸਮ ਦੇ ਬੰਦੇ ਸਨ ਤੇ ਚੰਗੇ ਕਵੀ। ਆਪਣਾ ਟਿਕਾਣਾ ਹੋਣ ਦੇ ਬਾਵਜੂਦ ਰਮਤੇ ਹੀ ਰਹਿੰਦੇ ਤੇ ਜਦੋਂ ਜਿਸ ਦੋਸਤ ਦੇ ਘਰ ਜੀਅ ਕਰਦਾ, ਕੁਛ ਦਿਨਾਂ ਵਾਸਤੇ ਡੇਰਾ ਜਾ ਲਾਉਂਦੇ। ਵਾਧੂ ਕੱਪੜਿਆਂ ਦਾ ਜੋੜਾ ਹਮੇਸ਼ਾ ਉਹਨਾਂ ਦੇ ਮੋਢੇ ਲਟਕਦੇ ਥੈਲੇ ਵਿਚ ਹੀ ਰਹਿੰਦਾ। ਹਿਤੈਸ਼ੀ ਜੀ ਦੇ ਤਾਂ ਉਹ ਅਕਸਰ ਹੀ ਠਹਿਰਦੇ। ਇਕ ਤਰ੍ਹਾਂ ਨਾਲ ਉਹਨਾਂ ਦੇ ਪਰਿਵਾਰ ਦੇ ਜੀਅ ਹੀ ਬਣ ਗਏ ਸਨ। ਉਹਨਾਂ ਨੇ ਆਪਣੀ ਕੋਠੀ ਵਿਚ ਇਕ ਕਮਰਾ ਪੱਕਾ ਹੀ ਰਾਖਵਾਂ ਕਰ ਛੱਡਿਆ ਸੀ ਜਿਸ ਵਿਚ ਨਿਰਜਲ ਜੀ ਨੇ ਆਪਣੇ ਲੀੜੇ-ਕੱਪੜੇ ਤੇ ਕਾਗ਼ਜ਼-ਪੱਤਰ ਤੱਕ ਰੱਖ ਛੱਡੇ ਸਨ।

ਸਾਰੀ ਗੱਲ ਸੁਣ ਕੇ ਜਗਦੀਪ ਕਹਿੰਦੀ, "ਹਿਤੈਸ਼ੀ ਜੀ, ਇਉਂ ਬੈਗ ਚੁੱਕ ਕੇ ਆਪੇ ਇਕੱਲੀ ਜਾਂਦਿਆਂ ਤਾਂ ਮੈਨੂੰ ਉਂਜ ਹੀ ਸ਼ਰਮ ਆਉਂਦੀ ਹੈ। ਗੁਰਮੁਖ ਨੂੰ ਕਹੋ, ਆ ਕੇ ਮੈਨੂੰ ਲੈ ਜਾਵੇ।"

ਹੈਰਾਨ ਬਾਣੀ ਵੀ ਹੋਇਆ ਪਰ ਹਿਤੈਸ਼ੀ ਜੀ ਨੂੰ ਤਾਂ ਹੈਰਾਨੀ ਦੇ ਨਾਲ-ਨਾਲ ਗੁੱਸਾ ਵੀ ਆਇਆ। ਦਿਲ ਕੀਤਾ, ਆਖਣ, ਸ਼ਰਮ ਆਉਣ ਵੇਲੇ ਤਾਂ ਤੈਨੂੰ ਆਈ ਨਾ! ਇਹ ਪੁੱਛਣ ਨੂੰ ਵੀ ਜੀਅ ਕੀਤਾ, ਇਹੋ ਜਿਹਾ ਕਿਹੜਾ ਮੋਰਚਾ ਤੂੰ ਫ਼ਤਿਹ ਕਰ ਕੇ ਆਈ ਹੈਂ ਕਿ ਉਹ ਤੈਨੂੰ ਇਥੋਂ ਆਦਰ-ਮਾਣ ਨਾਲ ਲੈ ਕੇ ਜਾਵੇ! ਪਰ ਉਹਨਾਂ ਨੇ ਗੁੱਸਾ ਦਬਾਉਣਾ ਸਿੱਖਿਆ ਹੋਇਆ ਸੀ। ਸਮਝਾਉਣ ਲੱਗੇ, "ਜਗਦੀਪ ਜੀ, ਸਿਆਣਪ ਤੋਂ ਕੰਮ ਲਈਦਾ ਨੇ। ਰਿਸ਼ਤਾ ਕਿੰਨਾ ਨੇੜਲਾ ਹੋਵੇ, ਕਿਸੇ ਨੂੰ ਏਨਾ ਨਹੀਂ ਦਬਾਈਦਾ ਕਿ ਉਹ ਰਬੜ ਦੀ ਗੇਂਦ ਵਾਂਗ ਉੱਛਲ ਕੇ ਮੱਥੇ ਵਿਚ ਲੱਗੇ। ਘਰ-ਪਰਿਵਾਰ ਵੱਲ, ਖ਼ਾਸ ਕਰ ਕੇ ਬੱਚਿਆਂ ਵੱਲ ਦੇਖਦਿਆਂ ਤੇ ਉਸ ਸਵਰਗੀ ਦਰਵੇਸ਼ ਆਤਮਾ ਦਰਵੇਸ਼ ਜੀ ਨੂੰ ਦਿੱਤੇ ਵਚਨ ਸਦਕਾ ਤੇ ਫੇਰ ਕੁਛ ਸਾਡੀ ਤਿੰਨਾਂ ਦੀ ਗੱਲ ਰਖਦਿਆਂ ਉਹਨਾਂ ਨੇ ਤੁਹਾਡੀ ਘਰ-ਵਾਪਸੀ ਪਰਵਾਨ ਕਰ ਲਈ, ਇਹ ਬਹੁਤ ਵੱਡੀ ਗੱਲ ਹੈ। ਹੁਣ ਮਸਲੇ ਨੂੰ ਹੋਰ ਤੂਲ ਨਾ ਦਿਉ ਤੇ ਚੁੱਪ ਕਰ ਕੇ ਘਰ ਚਲੇ ਜਾਉ।"

ਬਾਣੀ ਸਮਝਦਾ ਸੀ, ਜਿੰਨੇ ਦਿਨ ਤੀਆਂ ਵਾਂਗ ਲੰਘੇ, ਬਹੁਤ ਨੇ। ਹੁਣ ਸਮਾਚਾਰ ਦਿੱਲੀ ਦੀਆਂ ਕੌਫ਼ੀ ਹਾਊਸ ਵਰਗੀਆਂ ਸੱਥਾਂ ਵਿਚ ਪਹੁੰਚਣ ਤੋਂ ਪਹਿਲਾਂ-ਪਹਿਲਾਂ ਜਗਦੀਪ ਚਲੀ ਜਾਵੇ, ਤਦ ਹੀ ਚੰਗਾ। ਉਹਨੇ ਵੀ ਸਹਿਮਤੀ ਜ਼ਾਹਿਰ ਕੀਤੀ, "ਹਾਂ ਜਗਦੀਪ, ਹੁਣ ਤੈਨੂੰ ਚੁੱਪ ਕਰ ਕੇ ਘਰ ਚਲੇ ਜਾਣਾ ਚਾਹੀਦਾ ਹੈ। ਹਿਤੈਸ਼ੀ ਜੀ ਬਿਲਕੁਲ ਠੀਕ ਆਖ ਰਹੇ ਨੇ।"

"ਹੁਣ ਤੁਹਾਡਾ ਇਕਦਮ ਚਲੇ ਜਾਣਾ ਇਸ ਲਈ ਵੀ ਜ਼ਰੂਰੀ ਹੈ ਕਿ ਕੁਛ ਤਾਂ ਸਾਡੀ ਸਭ ਦੀ ਲਾਜ ਰੱਬ ਨੇ ਰੱਖ ਲਈ ਪਰ ਅਸਲ ਹੁਸ਼ਿਆਰੀ ਕੁਲਵੰਤ ਨੇ ਦਿਖਾਈ।" ਹਿਤੈਸ਼ੀ ਜੀ ਨੇ ਜ਼ੋਰ ਦਿੱਤਾ, "ਆਪਣਾ ਨਿਤਾਪ੍ਰਤੀ ਜੀਵਨ ਲੀਹ ਤੋਂ ਪੂਰੀ ਤਰ੍ਹਾਂ ਉਤਾਰ ਕੇ ਇਸ ਭਲੇ ਆਦਮੀ ਨੇ ਤੁਹਾਡੇ ਇਥੇ ਹੋਣ ਦਾ ਭੇਤ ਏਨੇ ਦਿਨ ਬਣਾਈ ਰੱਖਿਆ। ਅਜਿਹੀ ਕਰਾਮਾਤ ਇਹ ਹੀ ਕਰ ਸਕਦਾ ਸੀ। ਹੁਣ ਇਸ ਕੈਦ ਵਿਚੋਂ ਤੁਸੀਂ ਵੀ ਮੁਕਤ ਹੋਵੋ ਤੇ ਇਸ ਬਿਚਾਰੇ ਨੂੰ ਵੀ ਮੁਕਤ ਕਰੋ।"

ਪਰੇਸ਼ਾਨੀ ਵਿਚ ਵੀ ਜਗਦੀਪ ਨੇ ਸੋਚਿਆ, 'ਬਿਚਾਰਾ! ਭਲਾ ਆਦਮੀ! ਇਸ ਜਿਹੇ ਦੋ-ਚਾਰ ਬਿਚਾਰੇ ਭਲੇ ਆਦਮੀ ਹੋਰ ਹੋਣ, ਦੁਨੀਆ ਦਾ ਤਾਂ ਬੇੜਾ ਬੰਨੇ ਲੱਗ ਜਾਵੇ! ਜੇ ਇਸਦਾ ਵੱਸ ਚੱਲੇ, ਸਾਰੀ ਉਮਰ ਇਸੇ ਕੈਦ ਵਿਚ ਰਹੇ ਤੇ ਨਾਲ ਹੀ ਮੈਨੂੰ ਰੱਖੇ!' ਪਰ ਕਹਿਣ ਲੱਗੀ, "ਤੁਹਾਡੀ ਗੱਲ ਠੀਕ ਹੈ ਹਿਤੈਸ਼ੀ ਜੀ, ਇਸ ਨੇ ਦੋਸਤੀ ਪੁਗਾ ਕੇ ਦਿਖਾ ਦਿੱਤੀ!"

ਬਾਣੀ ਮੁਸਕਰਾਇਆ, "ਦੋਸਤ ਹੋਰ ਹੁੰਦੇ ਕਾਹਦੇ ਲਈ ਨੇ!"

ਹਿਤੈਸ਼ੀ ਜੀ ਨੇ ਉਹਦੇ ਮੋਢੇ ਘੁੱਟੇ, "ਸਾਨੂੰ ਇਸ ਸੁਹਿਰਦ ਮਿੱਤਰ ਦੇ ਧੰਨਵਾਦੀ ਹੋਣਾ ਚਾਹੀਦਾ ਹੈ।"

ਜਗਦੀਪ ਨੇ ਕੋਏ ਵਿਚੋਂ ਬਾਣੀ ਵੱਲ ਦੇਖ ਕੇ ਮਨ ਹੀ ਮਨ ਆਖਿਆ, 'ਇਸਦਾ ਧੰਨਵਾਦ ਨਾ ਕਿਤੇ ਹੋਰ! ਧੰਨਵਾਦ ਇਹ ਮੇਰਾ ਕਰੇ, ਲੁੱਚਾ ਕਿਸੇ ਜਹਾਨ ਦਾ!' ਤੇ ਹਿਤੈਸ਼ੀ ਜੀ ਦੀ ਗੱਲ ਦੇ ਜਵਾਬ ਵਿਚ ਬੋਲੀ, "ਕੁਲਵੰਤ ਨੇ ਹੀ ਨਹੀਂ, ਤੁਸੀਂ ਵੀ ਮੇਰੇ ਲਈ ਜੋ ਕੁਛ ਕੀਤਾ ਹੈ, ਮੈਂ ਇਸ ਜਨਮ ਕੀ, ਅਗਲੇ ਜਨਮ ਵੀ ਭੁਲਾ ਨਹੀਂ ਸਕਾਂਗੀ।" ਉਸ ਨੀਵੀਂ ਪਾ ਕੇ ਮਿੰਨਤ ਵਾਂਗ ਕਿਹਾ, "ਹਿਤੈਸ਼ੀ ਜੀ, ਜਿਥੇ ਏਨਾ ਕੁਛ ਕੀਤਾ ਹੈ, ਇਕ ਕਰਮ ਹੋਰ ਕਰੋ, ਮੇਰੇ ਨਾਲ ਚੱਲੋ ਤੇ ਘਰ ਛੱਡ ਕੇ ਦੋ ਮਿੰਟ ਵਿਚ ਪਰਤ ਆਉਣਾ।"

ਹਿਤੈਸ਼ੀ ਜੀ ਝਿਜਕੇ, "ਮੈਂ ਹੁਣ ਨਾਲ ਜਾ ਕੇ ਕੀ ਕਹਾਂਗਾ, ਕੀ ਕਰਾਂਗਾ!"

ਜਗਦੀਪ ਆਪਣੀ ਥਾਂ ਸੱਚੀ ਸੀ, "ਤੇ ਇਕੱਲੀ ਜਾ ਕੇ ਮੈਂ ਬੂਹੇ ਉੱਤੇ ਕਿੰਜ ਖੜ੍ਹੀ ਹੋਵਾਂਗੀ?"

"ਹਿਤੈਸ਼ੀ ਜੀ, ਜਗਦੀਪ ਦੀ ਇਸ ਗੱਲ ਨਾਲ ਤਾਂ ਮੈਂ ਵੀ ਸਹਿਮਤ ਹਾਂ। ਗਈ ਕਿਸੇ ਵੀ ਹਾਲਤ ਵਿਚ ਹੋਵੇ ਪਰ ਹੁਣ ਇਸ ਇਕੱਲੀ ਦਾ ਘਰ ਜਾਣਾ ਕਿਵੇਂ ਸੰਭਵ ਹੈ? ਕੋਈ ਤਾਂ ਆਸਰਾ ਬਣ ਕੇ ਨਾਲ ਹੋਵੇ।" ਬਾਣੀ ਵਾਸਤੇ ਜਗਦੀਪ ਨੂੰ ਚੰਗਾ ਲੱਗਣ ਦਾ ਇਕ ਹੋਰ ਮੌਕਾ ਸੀ, "ਜੇ ਗੁਰਮੁਖ ਸਿੰਘ ਨਾਲ ਥੋੜ੍ਹੇ-ਬਹੁਤੇ ਵੀ ਸੰਬੰਧ ਹੁੰਦੇ, ਮੈਂ ਤਾਂ ਇਹਦੇ ਜਾਂ ਤੁਹਾਡੇ ਕਹਿਣ ਤੋਂ ਬਿਨਾਂ ਹੀ ਇਸ ਨਾਲ ਤੁਰ ਪੈਣਾ ਸੀ। ਤੁਹਾਡੀ ਏਨੀ ਨੇੜਤਾ ਹੈ, ਤੁਹਾਨੂੰ ਜਾਣਾ ਹੀ ਚਾਹੀਦਾ ਹੈ। ਹੁਣ ਤੱਕ ਏਨੀ ਖੇਚਲ ਕੀਤੀ ਹੈ, ਇਹ ਥੋੜ੍ਹੀ ਜਿਹੀ ਹੋਰ ਸਹੀ!"

ਬਾਣੀ ਨੇ ਹਿਤੈਸ਼ੀ ਜੀ ਦੀ ਕਾਰ ਵਿਚ ਰੱਖਣ ਲਈ ਸਾਮਾਨ ਨੂੰ ਹੱਥ ਪਾਇਆ ਤਾਂ ਇਕ ਨਗ ਜਗਦੀਪ ਚੁੱਕਣ ਲੱਗੀ। ਉਹਦਾ ਹੱਥ ਹਟਾ ਕੇ ਉਹਨੇ ਦੋਵੇਂ ਨਗ ਚੁੱਕ ਲਏ ਤੇ ਅੱਗੇ-ਅੱਗੇ ਤੁਰ ਪਿਆ।

###

ਕਹਾਣੀ

# ਉਖੜੇ ਹੋਏ ਪੈਰ



ਮਨਜੀਤ ਮਾਨ, ਮਾਨਸਾ
ਫੋਨ: 70098-98044

ਕੱਚੀ ਸੜਕ ਤੋਂ ਵੱਡੇ ਹਾਈਵੇਅ 'ਤੇ ਚੜ੍ਹਦਿਆਂ ਹੀ ਬੱਸ ਨੇ ਰਫ਼ਤਾਰ ਫੜ ਲਈ ਸੀ। ਬੱਸ ਦੀ ਖਿੜਕੀ ਰਾਹੀਂ ਬਾਹਰ ਦੇਖਦੇ ਹੋਏ ਗੁਰਪ੍ਰੀਤ ਦੀਆਂ ਅੱਖਾਂ ਵਿਚ ਅਜੀਬ ਜਿਹੀ ਚਮਕ ਸੀ। ਉਸ ਦੇ ਹੱਥ ਵਿਚ ਐਮ.ਬੀ.ਏ.ਦੀ ਡਿਗਰੀ ਸੀ ਅਤੇ ਦਿਲ ਵਿਚ ਸ਼ਹਿਰ ਜਾ ਕੇ ਕੁਝ ਵੱਡਾ ਕਰਨ ਦੇ ਸੁਪਨੇ। ਪਿੰਡ ਦੀ ਦਸ ਕਿੱਲੇ ਜ਼ਮੀਨ, ਜਿਸ 'ਤੇ ਤਿੰਨ ਭਰਾਵਾਂ ਦਾ ਗੁਜ਼ਾਰਾ ਮੁਸ਼ਕਿਲ ਸੀ, ਨੂੰ ਛੱਡ ਕੇ ਉਹ ਇੱਕ ਨਵੀਂ ਜ਼ਿੰਦਗੀ ਦੀ ਤਲਾਸ਼ ਵਿਚ ਸ਼ਹਿਰ ਵੱਲ ਵਧ ਰਿਹਾ ਸੀ। ਉਸ ਦੀ ਪਤਨੀ ਅਮਨਦੀਪ ਨੇ ਆਪਣੀ ਗੋਦੀ ਵਿਚ ਸੁੱਤੇ ਹੋਏ ਚਾਰ ਸਾਲ ਦੇ ਬੇਟੇ ਸਮਰ ਦਾ ਸਿਰ ਪਲੋਸਿਆ ਅਤੇ ਗੁਰਪ੍ਰੀਤ ਵੱਲ ਦੇਖ ਕੇ ਹੌਲੀ ਜਿਹੀ ਬੋਲੀ, 'ਗੁਰ, ਸੁਣਿਆ ਸ਼ਹਿਰ ਦੇ ਸਕੂਲ ਬਹੁਤ ਵੱਡੇ ਹੁੰਦੇ ਨੇ। ਸਾਡਾ ਸਮਰ ਵੀ ਉੱਥੇ ਟਾਈ ਲਾ ਕੇ ਅੰਗਰੇਜ਼ੀ ਬੋਲਿਆ ਕਰੇਗਾ ਨਾ?' ਗੁਰਪ੍ਰੀਤ ਨੇ ਮੁਸਕਰਾ ਕੇ ਉਸ ਦਾ ਹੱਥ ਫੜਿਆ ਅਤੇ ਕਿਹਾ, 'ਬਿਲਕੁਲ ਅਮਨ, ਹੁਣ ਪਿੰਡ ਦੇ ਧੂੜ ਘੱਟੇ ਵਾਲੀ ਜ਼ਿੰਦਗੀ ਪਿੱਛੇ ਰਹਿ ਗਈ ਸੀ। ਸ਼ਹਿਰ ਵਿਚ ਮਿਹਨਤ ਕਰਾਂਗੇ ਤੇ ਆਪਣੇ ਪੁੱਤ ਨੂੰ ਵੱਡਾ ਅਫਸਰ ਬਣਾਵਾਂਗੇ।' ਸ਼ਹਿਰ ਪਹੁੰਚਦਿਆਂ ਹੀ ਗਗਨਚੁੰਬੀ ਇਮਾਰਤਾਂ, ਚਮਕਦੀਆਂ ਸੜਕਾਂ ਅਤੇ ਤੇਜ਼ ਰਫ਼ਤਾਰ ਜ਼ਿੰਦਗੀ ਨੇ ਉਨ੍ਹਾਂ ਦਾ ਸੁਆਗਤ ਕੀਤਾ। ਸ਼ੁਰੂਆਤੀ ਦਿਨਾਂ ਦੀ ਜੱਦੋ-ਜਹਿਦ ਤੋਂ ਬਾਅਦ, ਗੁਰਪ੍ਰੀਤ ਨੂੰ ਇੱਕ ਪ੍ਰਾਈਵੇਟ ਕੰਪਨੀ ਵਿਚ ਪੱਚੀ ਹਜ਼ਾਰ ਰੁਪਏ ਮਹੀਨੇ ਦੀ ਨੌਕਰੀ ਮਿਲ ਗਈ। ਹਾਲਾਂਕਿ ਡਿਗਰੀ ਦੇ ਮੁਕਾਬਲੇ ਤਨਖਾਹ ਬਹੁਤ ਘੱਟ ਸੀ, ਪਰ ਮੱਧਵਰਗੀ ਅਖਵਾਉਣ ਦੇ ਚਾਅ ਵਿਚ ਇਹ ਸ਼ੁਰੂਆਤ ਬਹੁਤ ਵੱਡੀ ਲੱਗ ਰਹੀ ਸੀ।

ਸ਼ਹਿਰ ਦੇ ਇੱਕ ਚੰਗੇ ਇਲਾਕੇ ਦੇ ਨੇੜੇ, ਉਨ੍ਹਾਂ ਨੇ ਦੋ ਕਮਰਿਆਂ ਦਾ ਇੱਕ ਛੋਟਾ ਜਿਹਾ ਘਰ ਦਸ ਹਜ਼ਾਰ ਰੁਪਏ ਕਿਰਾਏ 'ਤੇ ਲੈ ਲਿਆ। ਤਨਖਾਹ ਦਾ ਲਗਭਗ ਅੱਧਾ ਹਿੱਸਾ ਤਾਂ ਇੱਥੇ ਹੀ ਚਲਿਆ ਜਾਂਦਾ ਸੀ ਪਰ ਅਸਲ ਖੇਡ ਤਾਂ ਹੁਣ ਸ਼ੁਰੂ ਹੋਣੀ ਸੀ ਸਟੇਟਸ ਬਣਾਏ ਰੱਖਣ ਦੀ ਖੇਡ। ਅਮਨਦੀਪ ਜਦੋਂ ਸਵੇਰੇ ਸੁਸਾਇਟੀ ਦੀਆਂ ਦੂਜੀਆਂ ਔਰਤਾਂ ਨੂੰ ਮਿਲਦੀ ਤਾਂ ਉਸ ਨੂੰ ਆਪਣਾ ਪਹਿਰਾਵਾ ਅਤੇ ਰਹਿਣ-ਸਹਿਣ ਫਿੱਕਾ ਜਿਹਾ ਲੱਗਦਾ। ਇੱਕ ਸ਼ਾਮ ਉਸ ਨੇ ਚਾਹ ਦੀ ਚੁਸਕੀ ਲੈਂਦਿਆਂ ਗੁਰਪ੍ਰੀਤ ਨੂੰ ਕਿਹਾ, 'ਗੁਰ, ਸਾਡੇ ਘਰ ਕੋਈ ਆਵੇ ਤਾਂ ਬੈਠਣ ਨੂੰ ਢੰਗ ਦਾ ਸੋਫ਼ਾ ਵੀ ਨਹੀਂ ਹੈ। ਸੁਸਾਇਟੀ ਦੀਆਂ ਬਾਕੀ ਔਰਤਾਂ ਮੈਨੂੰ ਕਹਿੰਦੀਆਂ ਸਨ ਕਿ ਅੱਜਕੱਲ੍ਹ ਪਿੰਡਾਂ ਵਾਲੇ ਬਿਸਤਰੇ ਸ਼ਹਿਰਾਂ ਵਿਚ ਨਹੀਂ ਚੱਲਦੇ। ਸਾਨੂੰ ਇੱਕ ਨਵਾਂ ਡਬਲ ਬੈੱਡ ਅਤੇ ਸੋਫ਼ਾ ਲੈਣਾ ਹੀ ਪਵੇਗਾ।' ਗੁਰਪ੍ਰੀਤ ਨੇ ਮੱਥੇ 'ਤੇ ਹੱਥ ਰੱਖਦਿਆਂ ਕਿਹਾ, 'ਅਮਨ, ਅਜੇ ਤਾਂ ਹੱਥ ਬਹੁਤ ਤੰਗ ਹੈ, ਅਗਲੇ ਮਹੀਨੇ ਦੇਖਾਂਗੇ।' ਪਰ ਅਮਨਦੀਪ ਨੇ ਅੱਗੋਂ ਕਿਹਾ, 'ਅੱਜਕੱਲ੍ਹ ਨਕਦ ਕੌਣ ਲੈਂਦਾ ਹੈ? ਮੇਰੀ ਸਹੇਲੀ ਕਹਿੰਦੀ ਸੀ ਕਿ ਸਭ ਕੁਝ ਕਿਸ਼ਤਾਂ 'ਤੇ ਮਿਲ ਜਾਂਦਾ ਹੈ, ਬਸ ਕਾਰਡ ਘੁਮਾਓ ਤੇ ਸਾਮਾਨ ਘਰ।' ਇਸ ਤਰ੍ਹਾਂ ਸ਼ਹਿਰੀ ਮੱਧਵਰਗ ਦੀ ਨਕਲ ਵਿਚ ਘਰ ਵਿਚ ਫਰਿੱਜ, ਵਾਸ਼ਿੰਗ ਮਸ਼ੀਨ ਅਤੇ ਐਲ.ਈ.ਡੀ. ਟੀਵੀ ਆ ਗਏ, ਜੋ ਸਭ ਕ੍ਰੈਡਿਟ ਕਾਰਡ ਅਤੇ ਈ.ਐਮ.ਆਈ. ਦੇ ਸਿਰ 'ਤੇ ਸਨ। ਸਮਰ ਦਾ ਦਾਖਲਾ ਵੀ ਸ਼ਹਿਰ ਦੇ ਸਭ ਤੋਂ ਮਹਿੰਗੇ ਇੰਟਰਨੈਸ਼ਨਲ ਸਕੂਲ ਵਿਚ ਕਰਵਾ ਦਿੱਤਾ। ਗੁਰਪ੍ਰੀਤ ਹਰ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਖੁਸ਼ ਹੋਣ ਦੀ ਬਜਾਏ ਡਰਨ ਲੱਗ ਪਿਆ ਸੀ ਕਿਉਂਕਿ ਤਨਖਾਹ ਆਉਂਦਿਆਂ ਹੀ ਖਾਤੇ ਵਿਚੋਂ ਪੈਸੇ ਕੱਟਣ ਦੇ ਮੈਸੇਜਾਂ ਦੀ ਵਾਛੜ ਸ਼ੁਰੂ ਹੋ ਜਾਂਦੀ, ਜਿਸ ਨਾਲ ਮਹੀਨੇ ਦੀ ਦਸ ਤਾਰੀਖ਼ ਤੱਕ ਜੇਬ ਖਾਲੀ ਹੋ ਜਾਂਦੀ, ਪਰ ਬਾਹਰੋਂ ਦੇਖਣ ਵਾਲਿਆਂ ਲਈ ਉਹ ਇੱਕ ਬਹੁਤ ਹੀ ਸੁਖੀ ਅਤੇ ਪੜ੍ਹਿਆ-ਲਿਖਿਆ ਸ਼ਹਿਰੀ ਪਰਿਵਾਰ ਸੀ।

ਇੱਕ ਦਿਨ ਦਫ਼ਤਰ ਵਿਚ ਬੈਠੇ ਗੁਰਪ੍ਰੀਤ ਨੂੰ ਪਿੰਡੋਂ ਬਾਪੂ ਦਾ ਫੋਨ ਆਇਆ। ਬਾਪੂ ਦੀ ਆਵਾਜ਼ ਕੰਬ ਰਹੀ ਸੀ, 'ਪੁੱਤ, ਤੇਰੀ ਮਾਂ ਦੀ ਤਬੀਅਤ ਬਹੁਤੀ ਢਿੱਲੀ ਐ...ਡਾਕਟਰ ਕਹਿੰਦੇ ਵੱਡੇ ਹਸਪਤਾਲ ਲਿਜਾਣਾ ਪਊ, ਪੰਜਾਹ ਕੁ ਹਜ਼ਾਰ ਦਾ ਖਰਚਾ ਦੱਸਦੇ ਨੇ।' ਗੁਰਪ੍ਰੀਤ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਕ੍ਰੈਡਿਟ ਕਾਰਡ ਪਹਿਲਾਂ ਹੀ ਆਪਣੀ ਆਖਰੀ ਸੀਮਾ 'ਤੇ ਸਨ। ਸ਼ਹਿਰ ਦੀ ਚਮਕ-ਦਮਕ ਵਿਚ ਰਹਿਣ ਵਾਲੇ ਇਸ ਬਾਬੂ ਕੋਲ ਮਾਂ ਦੇ ਇਲਾਜ ਲਈ ਪੰਜ ਹਜ਼ਾਰ ਰੁਪਏ ਵੀ ਨਕਦ ਨਹੀਂ ਸਨ। ਸੋਚ ਵਿਚਾਰ ਕਰਨ ਮਗਰੋਂ ਆਪਣੇ ਮੈਨੇਜਰ ਦੇ ਕੇਬਿਨ ਵਿਚ ਗਿਆ ਅਤੇ ਹੱਥ ਜੋੜ ਕੇ ਬੋਲਿਆ, 'ਸਰ, ਮੇਰੀ ਮਾਂ ਬਹੁਤ ਬਿਮਾਰ ਹੈ, ਮੈਨੂੰ ਪੰਜਾਹ ਹਜ਼ਾਰ ਰੁਪਏ ਐਡਵਾਂਸ ਚਾਹੀਦੇ ਨੇ, ਮੈਂ ਹਰ ਮਹੀਨੇ ਆਪਣੀ ਤਨਖਾਹ ਵਿਚੋਂ ਕਟਵਾ ਦੇਵਾਂਗਾ।' ਮੈਨੇਜਰ ਨੇ ਕੰਪਿਊਟਰ ਦੀ ਸਕ੍ਰੀਨ 'ਤੋਂ ਅੱਖਾਂ ਹਟਾਏ ਬਿਨਾਂ ਹੀ ਬੜੀ ਬੇਰੁਖ਼ੀ ਨਾਲ ਕਿਹਾ, 'ਗੁਰਪ੍ਰੀਤ, ਕੰਪਨੀ ਦੀ ਕੋਈ ਅਜਿਹੀ ਪਾਲਿਸੀ ਨਹੀਂ ਹੈ। ਇਹ ਤੁਹਾਡਾ ਨਿੱਜੀ ਮਾਮਲਾ ਹੈ, ਤੁਸੀਂ ਖੁਦ ਦੇਖੋ।' ਉਸ ਦਿਨ ਗੁਰਪ੍ਰੀਤ ਨੂੰ ਅਹਿਸਾਸ ਹੋਇਆ ਕਿ ਸ਼ਹਿਰ ਵਿਚ ਪੜ੍ਹਾਈ ਅਤੇ ਟਾਈ ਦੀ ਕਦਰ ਉਦੋਂ ਤੱਕ ਹੀ ਹੈ, ਜਦੋਂ ਤੱਕ ਤੁਸੀਂ ਕੰਪਨੀ ਲਈ ਮੁਨਾਫ਼ਾ ਕਮਾ ਰਹੇ ਹੋ; ਤੁਹਾਡੀਆਂ ਮਜਬੂਰੀਆਂ ਨਾਲ ਸ਼ਹਿਰ ਦਾ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਆਖਰਕਾਰ, ਗੁਰਪ੍ਰੀਤ ਨੂੰ ਆਪਣੇ ਇੱਕ ਸ਼ਹਿਰੀ ਦੋਸਤ ਅੱਗੇ ਹੱਥ ਅੱਡਣੇ ਪਏ, ਜਿਸ ਨੇ ਮੋਟੀ ਵਿਆਜ ਦਰ 'ਤੇ ਪੈਸੇ ਦਿੱਤੇ। ਮਾਂ ਦਾ ਇਲਾਜ ਤਾਂ ਹੋ ਗਿਆ, ਪਰ ਗੁਰਪ੍ਰੀਤ ਦੇ ਮੋਢਿਆਂ 'ਤੇ ਕਰਜ਼ੇ ਦਾ ਬੋਝ ਹੋਰ ਵਧ ਗਿਆ, ਜਿਸ ਕਰਕੇ ਉਹ ਹਰ ਰੋਜ਼ ਦਫ਼ਤਰ ਵਿਚ ਅਪਮਾਨ ਸਹਿੰਦਾ ਹੋਇਆ ਵੀ ਬੌਸ ਦੀਆਂ ਝਿੜਕਾਂ ਸੁਣਨ ਲਈ ਮਜਬੂਰ ਸੀ।

ਨਵੇਂ ਸਾਲ 'ਤੇ ਸੁਸਾਇਟੀ ਵਿਚ ਇੱਕ ਵੱਡੀ ਪਾਰਟੀ ਰੱਖੀ ਗਈ, ਤਾਂ ਘਰ ਵਿਚ ਇੱਕ ਵਾਰ ਫਿਰ ਕਲੇਸ਼ ਸ਼ੁਰੂ ਹੋ ਗਿਆ। ਅਮਨਦੀਪ ਨੇ ਅਲਮਾਰੀ ਵਿਚੋਂ ਕੱਪੜੇ ਕੱਢਦਿਆਂ ਗੁੱਸੇ ਵਿਚ ਕਿਹਾ, 'ਮੈਂ ਇਸ ਪਾਰਟੀ ਵਿਚ ਇਹ ਪੁਰਾਣੇ ਕੱਪੜੇ ਪਾ ਕੇ ਨਹੀਂ ਜਾਵਾਂਗੀ। ਸਾਰੇ ਲੋਕ ਬ੍ਰਾਂਡਿਡ ਕੱਪੜੇ ਪਾ ਕੇ ਆਉਣਗੇ। ਜੇ ਅਸੀਂ ਅਜਿਹੇ ਗਏ, ਤਾਂ ਸਮਰ ਦੇ ਸਕੂਲ ਦੇ ਦੋਸਤਾਂ ਦੇ ਮਾਪੇ ਸਾਨੂੰ ਕੀ ਸਮਝਣਗੇ? ਸਾਡੀ ਕੋਈ ਇੱਜ਼ਤ ਹੈ ਕਿ ਨਹੀਂ?' ਗੁਰਪ੍ਰੀਤ ਨੇ ਖਿਝ ਕੇ ਕਿਹਾ, 'ਅਮਨ, ਤੂੰ ਸਮਝਦੀ ਕਿਉਂ ਨਹੀਂ? ਮੇਰੇ ਸਿਰ 'ਤੇ ਪਹਿਲਾਂ ਹੀ ਮਾਂ ਦੇ ਇਲਾਜ ਦਾ ਵਿਆਜ ਚੱਲ ਰਿਹਾ ਹੈ।' ਪਰ ਅਮਨਦੀਪ ਨੇ ਅੱਖਾਂ ਵਿਚ ਹੰਝੂ ਭਰ ਕੇ ਕਿਹਾ, 'ਤਾਂ ਫਿਰ ਸਾਨੂੰ ਸ਼ਹਿਰ ਲਿਆਉਣ ਦੀ ਕੀ ਲੋੜ ਸੀ? ਜੇ ਇੱਥੇ ਵੀ ਲੋਕਾਂ ਦੇ ਸਾਹਮਣੇ ਨੀਵਾਂ ਹੋ ਕੇ ਹੀ ਰਹਿਣਾ ਹੈ!' ਗੁਰਪ੍ਰੀਤ ਨੇ ਹਉਕਾ ਭਰਿਆ ਅਤੇ ਇੱਕ ਹੋਰ ਨਵਾਂ ਕ੍ਰੈਡਿਟ ਕਾਰਡ ਅਪਲਾਈ ਕਰ ਦਿੱਤਾ। ਪਾਰਟੀ ਵਿਚ ਅਮਨਦੀਪ ਮਹਿੰਗੀ ਸਾੜ੍ਹੀ ਵਿਚ ਚਮਕ ਰਹੀ ਸੀ ਅਤੇ ਗੁਰਪ੍ਰੀਤ ਵੀ ਸੂਟ-ਬੂਟ ਵਿਚ ਮੁਸਕਰਾਉਂਦਾ ਹੋਇਆ ਲੋਕਾਂ ਨਾਲ ਅੰਗਰੇਜ਼ੀ ਵਿਚ ਗੱਲਬਾਤ ਕਰ ਰਿਹਾ ਸੀ, ਪਰ ਅੰਦਰੋਂ ਦੋਵੇਂ ਖੋਖਲੇ ਹੋ ਚੁੱਕੇ ਸਨ। ਉਸ ਰਾਤ ਘਰ ਮੁੜਦਿਆਂ, ਸਮਰ ਦੇ ਸੌਣ ਤੋਂ ਬਾਅਦ ਗੁਰਪ੍ਰੀਤ ਨੇ ਖਿੜਕੀ ਰਾਹੀਂ ਬਾਹਰ ਦੇਖਦਿਆਂ ਪੁੱਛਿਆ, 'ਅਮਨ...ਪਿੰਡ ਚੇਤੇ ਆਉਂਦੈ?' ਅਮਨਦੀਪ ਨੇ ਗੁਰਪ੍ਰੀਤ ਦੇ ਮੋਢੇ 'ਤੇ ਸਿਰ ਰੱਖ ਦਿੱਤਾ ਅਤੇ ਰੋਂਦੀ ਹੋਈ ਬੋਲੀ, 'ਬਹੁਤ ਆਉਂਦੈ, ਗੁਰ...ਉੱਥੇ ਭਾਵੇਂ ਪੈਸੇ ਘੱਟ ਸੀ, ਪਰ ਸਕੂਨ ਸੀ। ਇੱਥੇ ਤਾਂ ਸਾਹ ਲੈਣ ਲਈ ਵੀ ਕਿਸ਼ਤ ਚੁਕਾਉਣੀ ਪੈਂਦੀ ਐ।'

ਕੁਝ ਮਹੀਨਿਆਂ ਬਾਅਦ, ਆਰਥਿਕ ਮੰਦੀ ਕਾਰਨ ਗੁਰਪ੍ਰੀਤ ਦੀ ਕੰਪਨੀ ਨੇ ਛਾਂਟੀ ਸ਼ੁਰੂ ਕਰ ਦਿੱਤੀ ਅਤੇ ਇੱਕ ਸ਼ਾਮ ਗੁਰਪ੍ਰੀਤ ਦੇ ਹੱਥ ਵਿਚ ਨੌਕਰੀ ਤੋਂ ਕੱਢੇ ਜਾਣ ਦਾ ਪੱਤਰ ਫੜਾ ਦਿੱਤਾ ਗਿਆ। ਸ਼ਹਿਰ, ਜੋ ਹੁਣ ਤੱਕ ਬਹੁਤ ਚਮਕਦਾਰ ਲੱਗ ਰਿਹਾ ਸੀ ਅਚਾਨਕ ਇੱਕ ਬੇਰਹਿਮ ਜੰਗਲ ਵਾਂਗ ਜਾਪਣ ਲੱਗਾ। ਬੈਂਕ ਵਾਲਿਆਂ ਦੇ ਫੋਨ ਆਉਣੇ ਸ਼ੁਰੂ ਹੋ ਗਏ ਅਤੇ ਮਕਾਨ ਮਾਲਕ ਨੇ ਘਰ ਖਾਲੀ ਕਰਨ ਦੀ ਧਮਕੀ ਦੇ ਦਿੱਤੀ। ਗੁਰਪ੍ਰੀਤ ਨੇ ਕਈ ਥਾਵਾਂ 'ਤੇ ਇੰਟਰਵਿਊ ਦਿੱਤੀ ਪਰ ਹਰ ਜਗ੍ਹਾ ਠੋਕਰ ਹੀ ਮਿਲੀ। ਇੱਕ ਰਾਤ ਜਦੋਂ ਗੁਰਪ੍ਰੀਤ ਬਹੁਤ ਨਿਰਾਸ਼ ਹੋ ਕੇ ਬੈਠਾ ਸੀ ਅਮਨਦੀਪ ਉਸ ਦੇ ਕੋਲ ਆਈ ਅਤੇ ਆਪਣੇ ਸਾਰੇ ਮਹਿੰਗੇ ਗਹਿਣੇ ਲਾਹ ਕੇ ਮੇਜ਼ 'ਤੇ ਰੱਖਦਿਆਂ ਬੋਲੀ, 'ਗੁਰ, ਬਹੁਤ ਹੋ ਗਿਆ। ਅਸੀਂ ਕਿਸ ਨੂੰ ਦਿਖਾਉਣ ਲਈ ਇਹ ਸਭ ਕਰ ਰਹੇ ਹਾਂ? ਜਿਨ੍ਹਾਂ ਲੋਕਾਂ ਲਈ ਅਸੀਂ ਕਰਜ਼ੇ ਚੁੱਕੇ, ਉਨ੍ਹਾਂ ਵਿਚੋਂ ਅੱਜ ਕੋਈ ਸਾਡੇ ਨਾਲ ਨਹੀਂ ਖੜ੍ਹਾ। ਚਲੋ ਵਾਪਸ ਪਿੰਡ ਚੱਲੀਏ। ਆਪਣੀ ਮਿੱਟੀ ਵਿਚ ਭੁੱਖੇ ਵੀ ਸੌਣਾ ਪਿਆ ਤਾਂ ਕੋਈ ਇੱਜ਼ਤ 'ਤੇ ਉਂਗਲ ਨਹੀਂ ਚੁੱਕੇਗਾ।' ਗੁਰਪ੍ਰੀਤ ਨੇ ਅਮਨਦੀਪ ਵੱਲ ਦੇਖਿਆ, ਉਸ ਦੀਆਂ ਅੱਖਾਂ ਵਿਚ ਹਾਰ ਨਹੀਂ, ਬਲਕਿ ਇੱਕ ਅਜੀਬ ਜਿਹਾ ਸਕੂਨ ਸੀ। ਉਸ ਨੇ ਹਾਂ ਵਿਚ ਸਿਰ ਹਿਲਾ ਦਿੱਤਾ।

ਅਗਲੇ ਹਫ਼ਤੇ ਇੱਕ ਛੋਟੇ ਜਿਹੇ ਟੈਂਪੂ ਵਿਚ ਆਪਣਾ ਬਚਿਆ-ਖੁਚਿਆ ਘਰੇਲੂ ਸਾਮਾਨ ਲੱਦ ਕੇ ਉਹ ਵਾਪਸ ਪਿੰਡ ਵੱਲ ਤੁਰ ਪਏ। ਜਦੋਂ ਬੱਸ ਮੁੜ ਉਸੇ ਹਾਈਵੇਅ ਤੋਂ ਉੱਤਰ ਕੇ ਪਿੰਡ ਦੀ ਕੱਚੀ ਸੜਕ 'ਤੇ ਪਹੁੰਚੀ ਤਾਂ ਹਵਾ ਵਿਚ ਮਿੱਟੀ ਦੀ ਸੁੰਦਰ ਮਹਿਕ ਸੀ। ਪਿੰਡ ਦੇ ਮੋੜ 'ਤੇ ਬਾਪੂ ਉਨ੍ਹਾਂ ਨੂੰ ਲੈਣ ਲਈ ਖੜ੍ਹਾ ਸੀ। ਸਮਰ ਨੇ ਬੱਸ ਦੀ ਖਿੜਕੀ ਵਿਚੋਂ ਬਾਹਰ ਦੇਖ ਕੇ ਰੌਲਾ ਪਾਇਆ 'ਮੰਮੀ-ਪਾਪਾ, ਦੇਖੋ ਦਾਦੂ!' ਬਾਪੂ ਨੇ ਸਮਰ ਨੂੰ ਗੋਦ ਵਿਚ ਚੁੱਕ ਲਿਆ ਅਤੇ ਗੁਰਪ੍ਰੀਤ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ, 'ਕੋਈ ਗੱਲ ਨਹੀਂ ਪੁੱਤ... ਜਦੋਂ ਪੈਰ ਥੱਕ ਜਾਣ, ਤਾਂ ਆਪਣੀ ਮਿੱਟੀ ਵੱਲ ਮੁੜ ਆਉਣਾ ਹੀ ਚੰਗਾ ਹੁੰਦਾ ਹੈ। ਖੇਤ ਆਪਣੇ ਨੇ, ਮਿਹਨਤ ਕਰਾਂਗੇ ਤੇ ਖਾਵਾਂਗੇ।' ਗੁਰਪ੍ਰੀਤ ਨੇ ਦੇਖਿਆ ਕਿ ਖੇਤਾਂ ਵਿਚ ਹਰੀ ਫ਼ਸਲ ਲਹਿਰਾ ਰਹੀ ਸੀ। ਉਨ੍ਹਾਂ ਦੇ ਪੈਰ ਸ਼ਹਿਰ ਦੀ ਕੰਕਰੀਟ ਤੋਂ ਉਖੜ ਚੁੱਕੇ ਸਨ, ਪਰ ਆਪਣੀ ਮਿੱਟੀ 'ਤੇ ਪਹੁੰਚਦਿਆਂ ਹੀ ਉਨ੍ਹਾਂ ਨੂੰ ਮੁੜ ਸੱਚਾ ਸਹਾਰਾ ਮਿਲ ਗਿਆ ਸੀ। ਪੜ੍ਹੇ-ਲਿਖੇ ਮੱਧਵਰਗ ਦਾ ਸ਼ਹਿਰੀ ਸੁਪਨਾ ਭਾਵੇਂ ਟੁੱਟ ਗਿਆ ਸੀ, ਪਰ ਜ਼ਿੰਦਗੀ ਜਿਊਣ ਦਾ ਅਸਲ ਸਬਕ ਉਨ੍ਹਾਂ ਨੇ ਸਿੱਖ ਲਿਆ ਸੀ ਕਿ ਦਿਖਾਵੇ ਦੀ ਝੂਠੀ ਚਮਕ ਨਾਲੋਂ, ਆਪਣੀ ਚਾਦਰ ਦੇਖ ਕੇ ਪੈਰ ਪਸਾਰਨਾ ਹਮੇਸ਼ਾ ਬਿਹਤਰ ਹੁੰਦਾ ਹੈ।



# ਆਧੁਨਿਕ ਸਿੱਖਿਆ ਪ੍ਰਣਾਲੀ ਵਿਚ ਵਿਹਾਰਕ ਤੇ ਨੈਤਿਕ ਪੱਖ ਦਾ ਮਹੱਤਵ

ਲਲਿਤਾ ਬੰਗਾ
ਫੋਨ: 94650-28225

ਕਿਸੇ ਵੀ ਸਭਿਅਤਾ ਦਾ ਭਵਿੱਖ ਉਸ ਦੀ ਸਿੱਖਿਆ ਪ੍ਰਣਾਲੀ ਉੱਤੇ ਨਿਰਭਰ ਕਰਦਾ ਹੈ। ਸਿੱਖਿਆ ਕੇਵਲ ਜਾਣਕਾਰੀ ਪ੍ਰਾਪਤ ਕਰਨ ਦਾ ਸਾਧਨ ਨਹੀਂ, ਸਗੋਂ ਮਨੁੱਖ ਦੀ ਬੌਧਿਕ, ਨੈਤਿਕ, ਸਮਾਜਿਕ ਅਤੇ ਵਿਹਾਰਕ ਚੇਤਨਾ ਨੂੰ ਵਿਕਸਿਤ ਕਰਨ ਦੀ ਨਿਰੰਤਰ ਪ੍ਰਕਿਰਿਆ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖਿਆ ਦਾ ਮੂਲ ਉਦੇਸ਼ ਕਦੇ ਵੀ ਕੇਵਲ ਰੁਜ਼ਗਾਰ ਪ੍ਰਾਪਤੀ ਨਹੀਂ ਰਿਹਾ। ਭਾਰਤੀ ਗੁਰੂਕੁਲ ਪਰੰਪਰਾ ਵਿਚ ਵਿਦਿਆਰਥੀ ਨੂੰ ਗਣਿਤ, ਵਿਗਿਆਨ ਅਤੇ ਸਾਹਿਤ ਦੇ ਨਾਲ-ਨਾਲ ਸਵੈ-ਅਨੁਸ਼ਾਸਨ, ਸੇਵਾ, ਸੱਚ, ਸੰਜਮ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਸਿੱਖਿਆ ਦਿੱਤੀ ਜਾਂਦੀ ਸੀ। ਪ੍ਰਾਚੀਨ ਯੂਨਾਨ ਦੇ ਦਾਰਸ਼ਨਿਕ ਸੁਕਰਾਤ ਅਤੇ ਪਲੈਟੋ ਵੀ ਸਿੱਖਿਆ ਨੂੰ ਸੱਚ, ਨਿਆਂ ਅਤੇ ਚਰਿੱਤਰ ਨਿਰਮਾਣ ਦਾ ਸਾਧਨ ਮੰਨਦੇ ਸਨ। ਸਿੱਖ ਪਰੰਪਰਾ ਵੀ ਇਸੇ ਵਿਚਾਰ ਨੂੰ ਪ੍ਰਮੁੱਖਤਾ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਹੈ—'ਵਿਦਿਆ ਵੀਚਾਰੀ ਤਾ ਪਰਉਪਕਾਰੀ॥' ਅਰਥਾਤ ਵਿਦਿਆ ਦੀ ਸਾਰਥਕਤਾ ਉਦੋਂ ਹੀ ਹੈ ਜਦੋਂ ਉਹ ਮਨੁੱਖ ਨੂੰ ਪਰਉਪਕਾਰ, ਵਿਵੇਕ ਅਤੇ ਮਨੁੱਖਤਾ ਦੇ ਰਾਹ ਉੱਤੇ ਲੈ ਕੇ ਜਾਵੇ। ਇਸ ਲਈ ਸਿੱਖਿਆ ਦਾ ਮਾਪਦੰਡ ਕੇਵਲ ਬੌਧਿਕ ਪ੍ਰਾਪਤੀ ਨਹੀਂ, ਸਗੋਂ ਚਰਿੱਤਰ ਦਾ ਨਿਰਮਾਣ ਵੀ ਹੈ।

ਸੰਨ 1835 ਦੀ ਮੈਕਾਲੇ ਸਿੱਖਿਆ ਨੀਤੀ ਦਾ ਕੇਂਦਰੀ ਉਦੇਸ਼ ਅਜਿਹੇ ਪ੍ਰਸ਼ਾਸਕੀ ਕਰਮਚਾਰੀ ਤਿਆਰ ਕਰਨਾ ਮਿੱਥਿਆ ਗਿਆ ਸੀ ਜੋ ਸਰਕਾਰੀ ਤੰਤਰ ਦੀਆਂ ਲੋੜਾਂ ਪੂਰੀਆਂ ਕਰ ਸਕਣ। ਸਮੇਂ ਦੇ ਨਾਲ ਇਹ ਪ੍ਰਣਾਲੀ ਹੋਰ ਵੀ ਪ੍ਰੀਖਿਆ-ਕੇਂਦਰਿਤ ਅਤੇ ਰੁਜ਼ਗਾਰ-ਮੁਖੀ ਬਣਦੀ ਗਈ। ਅੱਜ ਵਿਦਿਆਰਥੀ ਦੀ ਸਫ਼ਲਤਾ ਦਾ ਮਾਪ ਉਸ ਦੀ ਸਿਰਜਣਾਤਮਕਤਾ, ਨੈਤਿਕਤਾ ਜਾਂ ਸਮਾਜਿਕ ਯੋਗਦਾਨ ਨਾਲ ਨਹੀਂ, ਸਗੋਂ ਅੰਕਾਂ, ਡਿਗਰੀਆਂ ਅਤੇ ਤਨਖ਼ਾਹ ਨਾਲ ਕੀਤਾ ਜਾਂਦਾ ਹੈ। ਨਤੀਜੇ ਵਜੋਂ ਸਿੱਖਿਆ ਦਾ ਮਾਨਵੀ ਪੱਖ ਹੌਲੀ-ਹੌਲੀ ਅਲੋਪ ਹੁੰਦਾ ਜਾ ਰਿਹਾ ਹੈ।

ਇਸ ਹਕੀਕਤ ਦੀ ਪੁਸ਼ਟੀ ਅੰਤਰਰਾਸ਼ਟਰੀ ਅਧਿਐਨਾਂ ਤੋਂ ਵੀ ਹੁੰਦੀ ਹੈ। ਯੂਨੈਸਕੋ ਦੀ 2021 ਦੀ report Reimagining Our Futures Together ਅਨੁਸਾਰ ਵਿਸ਼ਵ ਭਰ ਦੀਆਂ ਸਿੱਖਿਆ ਪ੍ਰਣਾਲੀਆਂ ਵਿਚ ਲਗਭਗ 70 ਫ਼ੀਸਦੀ ਧਿਆਨ ਤਕਨੀਕੀ ਹੁਨਰਾਂ ਅਤੇ ਆਰਥਿਕ ਉਤਪਾਦਕਤਾ ਉੱਤੇ ਕੇਂਦਰਿਤ ਹੈ, ਜਦਕਿ ਨੈਤਿਕ ਅਤੇ ਮਨੁੱਖੀ ਵਿਕਾਸ ਲਈ ਕੇਵਲ ਲਗਭਗ 10 ਫ਼ੀਸਦੀ ਸਮਾਂ ਨਿਰਧਾਰਤ ਕੀਤਾ ਜਾਂਦਾ ਹੈ। ਇਹ ਅਸੰਤੁਲਨ ਦਰਸਾਉਂਦਾ ਹੈ ਕਿ ਆਧੁਨਿਕ ਸਿੱਖਿਆ ਮਨੁੱਖ ਨੂੰ ਇਕ ਸਮਰੱਥ ਪੇਸ਼ੇਵਰ ਤਾਂ ਬਣਾ ਰਹੀ ਹੈ, ਪਰ ਇਕ ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਵਿਚ ਪਿੱਛੇ ਰਹਿ ਰਹੀ ਹੈ।

ਭਾਰਤ ਦੀ ਸਥਿਤੀ ਵੀ ਇਸ ਤੋਂ ਵੱਖਰੀ ਨਹੀਂ ਹੈ। ਰਾਸ਼ਟਰੀ ਸਿੱਖਿਆ ਨੀਤੀ (NEP-2020) ਨੇ ਭਾਵੇਂ ਸਰਬਪੱਖੀ ਵਿਕਾਸ, ਆਲੋਚਨਾਤਮਕ ਚਿੰਤਨ ਅਤੇ ਨੈਤਿਕ ਮੁੱਲਾਂ ਨੂੰ ਸਿੱਖਿਆ ਦਾ ਜ਼ਰੂਰੀ ਅੰਗ ਮੰਨਿਆ ਹੈ, ਪਰ ਅਸਲ ਪਾਠਕ੍ਰਮ ਅਤੇ ਮੁਲਾਂਕਣ ਪ੍ਰਣਾਲੀ ਅਜੇ ਵੀ ਅੰਕਾਂ ਅਤੇ ਪ੍ਰੀਖਿਆਵਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਵੱਖ-ਵੱਖ ਅਧਿਐਨਾਂ ਅਨੁਸਾਰ ਲਗਭਗ 85 ਫ਼ੀਸਦੀ ਵਿਦਿਆਰਥੀ ਸਿੱਖਿਆ ਦਾ ਮੁੱਖ ਉਦੇਸ਼ ਸਿਰਫ਼ ਨੌਕਰੀ ਪ੍ਰਾਪਤ ਕਰਨਾ ਮੰਨਦੇ ਹਨ, ਜਦਕਿ ਕੇਵਲ 12 ਫ਼ੀਸਦੀ ਵਿਦਿਆਰਥੀ ਇਸ ਨੂੰ ਸਮਾਜਿਕ ਅਤੇ ਨੈਤਿਕ ਵਿਕਾਸ ਨਾਲ ਜੋੜਦੇ ਹਨ। ਇਹ ਅੰਕੜੇ ਸਪਸ਼ਟ ਕਰਦੇ ਹਨ ਕਿ ਸਿੱਖਿਆ ਦਾ ਦਾਇਰਾ ਲਗਾਤਾਰ ਸੰਕੁਚਿਤ ਹੋ ਰਿਹਾ ਹੈ।

ਵਿਹਾਰਕ ਸਿੱਖਿਆ ਦੀ ਘਾਟ ਵੀ ਅੱਜ ਦੀ ਇੱਕ ਗੰਭੀਰ ਸਮੱਸਿਆ ਹੈ। ਵਿਦਿਆਰਥੀ ਕਿਤਾਬਾਂ ਦਾ ਵਿਸ਼ਾਲ ਗਿਆਨ ਤਾਂ ਪ੍ਰਾਪਤ ਕਰ ਲੈਂਦੇ ਹਨ, ਪਰ ਜੀਵਨ ਦੀਆਂ ਅਸਲ ਚੁਣੌਤੀਆਂ—ਫ਼ੈਸਲਾ ਲੈਣ ਦੀ ਸਮਰੱਥਾ, ਸੰਵਾਦ ਕਲਾ, ਸਹਿਯੋਗ, ਆਰਥਿਕ ਸੂਝ-ਬੂਝ, ਸਮਾਜਿਕ ਜ਼ਿੰਮੇਵਾਰੀ ਅਤੇ ਭਾਵਨਾਤਮਕ ਸੰਤੁਲਨ ਵਿਚ ਅਕਸਰ ਕਮਜ਼ੋਰ ਸਾਬਤ ਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਵਿਚ ਜੀਵਨ-ਕੌਸ਼ਲਾਂ ਨਾਲੋਂ ਵੱਧ ਪਾਠ ਪੁਸਤਕਾਂ ਦੀ ਜਾਣਕਾਰੀ ਨੂੰ ਮਹੱਤਵ ਦਿੱਤਾ ਜਾਂਦਾ ਹੈ। ਨਤੀਜੇ ਵਜੋਂ ਡਿਗਰੀਧਾਰਕਾਂ ਦੀ ਗਿਣਤੀ ਵਧ ਰਹੀ ਹੈ, ਪਰ ਸਮਾਜ ਨੂੰ ਦੂਰਦਰਸ਼ੀ, ਸੰਵੇਦਨਸ਼ੀਲ ਅਤੇ ਸਮੱਸਿਆ-ਹੱਲ ਕਰਨ ਵਾਲੇ ਨਾਗਰਿਕ ਘੱਟ ਮਿਲ ਰਹੇ ਹਨ।

ਨੈਤਿਕ ਪੱਖ ਦੀ ਕਮਜ਼ੋਰੀ ਦੇ ਸਮਾਜਿਕ ਪ੍ਰਭਾਵ ਵੀ ਚਿੰਤਾਜਨਕ ਹਨ। ਵਿਸ਼ਵ ਸਿਹਤ ਸੰਗਠਨ (WHO) ਦੀ 2023 ਦੀ ਰਿਪੋਰਟ ਅਨੁਸਾਰ ਦੁਨੀਆ ਭਰ ਦੇ ਨੌਜਵਾਨਾਂ ਵਿਚ ਮਾਨਸਿਕ ਤਣਾਅ ਅਤੇ ਨੈਤਿਕ ਦੁਵਿਧਾਵਾਂ ਦੇ ਮਾਮਲੇ ਲਗਭਗ 40 ਫ਼ੀਸਦੀ ਤੱਕ ਵਧੇ ਹਨ। ਇਸ ਦੇ ਨਾਲ ਹੀ ਭਾਰਤ ਦੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (NCRB) ਦੇ 2022 ਦੇ ਅੰਕੜਿਆਂ ਅਨੁਸਾਰ ਨੌਜਵਾਨਾਂ ਵਿਚ ਅਪਰਾਧਾਂ ਵਿਚ ਲਗਭਗ 15 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ। ਇਹ ਸਾਰੀਆਂ ਸਮੱਸਿਆਵਾਂ ਕੇਵਲ ਕਾਨੂੰਨੀ ਜਾਂ ਆਰਥਿਕ ਨਹੀਂ, ਸਗੋਂ ਨੈਤਿਕ ਸਿੱਖਿਆ ਦੀ ਕਮਜ਼ੋਰੀ ਨਾਲ ਵੀ ਜੁੜੀਆਂ ਹੋਈਆਂ ਹਨ। ਜਦੋਂ ਸਿੱਖਿਆ ਮਨੁੱਖ ਨੂੰ ਸਹੀ ਅਤੇ ਗਲਤ ਵਿਚ ਫਰਕ ਕਰਨ ਦੀ ਬੁੱਧੀ ਨਹੀਂ ਦਿੰਦੀ, ਤਾਂ ਗਿਆਨ ਵੀ ਸਮਾਜਿਕ ਭਲਾਈ ਦੀ ਬਜਾਏ ਨਿੱਜੀ ਸਵਾਰਥ ਦੀ ਸੇਵਾ ਕਰਨ ਲੱਗਦਾ ਹੈ।

ਇਸੇ ਤਰ੍ਹਾਂ ਵਿਸ਼ਵ ਆਰਥਿਕ ਫੋਰਮ (WEF) ਦੀ 2022 ਦੀ ਰਿਪੋਰਟ ਅਨੁਸਾਰ ਦੁਨੀਆ ਦੇ ਲਗਭਗ 60 ਫ਼ੀਸਦੀ ਨੌਜਵਾਨ ਆਪਣੇ ਆਰਥਿਕ ਟੀਚਿਆਂ ਨੂੰ ਸਮਾਜਿਕ ਭਲਾਈ ਨਾਲੋਂ ਵੱਧ ਤਰਜੀਹ ਦਿੰਦੇ ਹਨ। ਇਹ ਅੰਕੜਾ ਦਰਸਾਉਂਦਾ ਹੈ ਕਿ ਮੁਕਾਬਲੇਬਾਜ਼ੀ ਦੀ ਦੌੜ ਨੇ ਸਹਿਯੋਗ ਅਤੇ ਸਾਂਝੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਪਿੱਛੇ ਧੱਕ ਦਿੱਤਾ ਹੈ। ਜੇਕਰ ਸਿੱਖਿਆ ਮਨੁੱਖ ਨੂੰ ਸਿਰਫ਼ ਸਫ਼ਲ ਬਣਾਏ ਪਰ ਸੰਵੇਦਨਸ਼ੀਲ ਨਾ ਬਣਾਏ, ਤਾਂ ਸਮਾਜ ਵਿਚ ਅਸਮਾਨਤਾ, ਸਵਾਰਥ ਅਤੇ ਅਵਿਸ਼ਵਾਸ ਦਾ ਵਾਧਾ ਸੁਭਾਵਿਕ ਹੈ।

ਇਸ ਸੰਕਟ ਦਾ ਹੱਲ ਸਿੱਖਿਆ ਦੀ ਮੂਲ ਦਿਸ਼ਾ ਨੂੰ ਬਦਲਣ ਵਿਚ ਹੈ। ਸਭ ਤੋਂ ਪਹਿਲਾਂ ਪਾਠਕ੍ਰਮ ਨੂੰ ਪ੍ਰੀਖਿਆ-ਕੇਂਦਰਿਤ ਤੋਂ ਜੀਵਨ-ਕੇਂਦਰਿਤ ਬਣਾਉਣ ਦੀ ਲੋੜ ਹੈ। ਨੈਤਿਕ ਸਿੱਖਿਆ, ਨਾਗਰਿਕ ਕਰਤੱਵ, ਵਾਤਾਵਰਣ ਪ੍ਰਤੀ ਜ਼ਿੰਮੇਵਾਰੀ, ਸੇਵਾ-ਭਾਵਨਾ, ਸੰਵਾਦ ਕਲਾ ਅਤੇ ਵਿਹਾਰਕ ਜੀਵਨ-ਕੌਸ਼ਲਾਂ ਨੂੰ ਸਿੱਖਿਆ ਦਾ ਜ਼ਰੂਰੀ ਅੰਗ ਬਣਾਇਆ ਜਾਣਾ ਚਾਹੀਦਾ ਹੈ। ਕਲਾ, ਸਾਹਿਤ, ਸੰਗੀਤ, ਖੇਡਾਂ ਅਤੇ ਸਮਾਜਿਕ ਸੇਵਾ ਵਰਗੀਆਂ ਗਤੀਵਿਧੀਆਂ ਨੂੰ ਕੇਵਲ ਸਹਾਇਕ ਨਹੀਂ, ਸਗੋਂ ਚਰਿੱਤਰ ਨਿਰਮਾਣ ਦੇ ਅਹਿਮ ਸਾਧਨ ਵਜੋਂ ਸਵੀਕਾਰਿਆ ਜਾਣਾ ਚਾਹੀਦਾ ਹੈ।

ਇਸ ਦੇ ਨਾਲ ਅਧਿਆਪਕ ਦੀ ਭੂਮਿਕਾ ਨੂੰ ਵੀ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਨ ਦੀ ਲੋੜ ਹੈ। ਅਧਿਆਪਕ ਸਿਰਫ਼ ਪਾਠ ਪੁਸਤਕ ਦਾ ਵਿਆਖਿਆਕਾਰ ਨਹੀਂ, ਸਗੋਂ ਵਿਦਿਆਰਥੀ ਦੇ ਚਰਿੱਤਰ ਦਾ ਨਿਰਮਾਤਾ, ਮਾਰਗ-ਦਰਸ਼ਕ ਅਤੇ ਪ੍ਰੇਰਕ ਹੋਣਾ ਚਾਹੀਦਾ ਹੈ। ਜੇਕਰ ਅਧਿਆਪਕ ਵਿਦਿਆਰਥੀ ਵਿਚ ਪ੍ਰਸ਼ਨ ਪੁੱਛਣ ਦੀ ਹਿੰਮਤ, ਸੱਚ ਪ੍ਰਤੀ ਨਿਸ਼ਚਾ, ਸਮਾਜਿਕ ਜ਼ਿੰਮੇਵਾਰੀ ਅਤੇ ਮਨੁੱਖਤਾ ਦਾ ਬੀਜ ਬੀਜਣ ਵਿਚ ਸਫ਼ਲ ਹੋ ਜਾਂਦਾ ਹੈ, ਤਾਂ ਸਿੱਖਿਆ ਦਾ ਅਸਲ ਉਦੇਸ਼ ਪੂਰਾ ਹੋ ਸਕਦਾ ਹੈ।

ਅਸਲ ਵਿਚ ਸਿੱਖਿਆ ਦੀ ਸਫ਼ਲਤਾ ਦਾ ਮਾਪਦੰਡ ਇਹ ਨਹੀਂ ਹੋਣਾ ਚਾਹੀਦਾ ਕਿ ਕਿਸੇ ਦੇਸ਼ ਨੇ ਕਿੰਨੇ ਇੰਜੀਨੀਅਰ, ਡਾਕਟਰ ਜਾਂ ਪ੍ਰਬੰਧਕ ਤਿਆਰ ਕੀਤੇ ਹਨ, ਸਗੋਂ ਇਹ ਹੋਣਾ ਚਾਹੀਦਾ ਹੈ ਕਿ ਉਸ ਨੇ ਕਿੰਨੇ ਇਮਾਨਦਾਰ, ਨਿਆਂਪ੍ਰੇਮੀ, ਦਿਆਲੂ ਅਤੇ ਜ਼ਿੰਮੇਵਾਰ ਮਨੁੱਖ ਤਿਆਰ ਕੀਤੇ ਹਨ। ਜਦੋਂ ਸਿੱਖਿਆ ਵਿਚ ਵਿਹਾਰਕ ਬੁੱਧੀ, ਨੈਤਿਕ ਚੇਤਨਾ ਅਤੇ ਮਨੁੱਖੀ ਮੁੱਲਾਂ ਦਾ ਸੰਤੁਲਨ ਸਥਾਪਿਤ ਹੋਵੇਗਾ, ਤਦ ਹੀ ਗਿਆਨ ਸਮਾਜ ਦੀ ਅਸਲ ਪੂੰਜੀ ਬਣੇਗਾ।


ਅੱਜ ਦੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਸਿੱਖਿਆ ਨੂੰ ਮੁੜ ਮਨੁੱਖ-ਕੇਂਦਰਿਤ ਬਣਾਇਆ ਜਾਵੇ। ਜੇਕਰ ਅਸੀਂ ਇਸ ਨੂੰ ਸਿਰਫ਼ ਜਾਣਕਾਰੀ, ਡਿਗਰੀ ਅਤੇ ਰੁਜ਼ਗਾਰ ਤੱਕ ਸੀਮਤ ਰੱਖਾਂਗੇ, ਤਾਂ ਆਉਣ ਵਾਲੀਆਂ ਪੀੜ੍ਹੀਆਂ ਕੋਲ ਗਿਆਨ ਦਾ ਭੰਡਾਰ ਤਾਂ ਹੋਵੇਗਾ, ਪਰ ਵਿਵੇਕ ਦੀ ਘਾਟ ਰਹੇਗੀ; ਤਕਨੀਕੀ ਯੋਗਤਾ ਤਾਂ ਹੋਵੇਗੀ, ਪਰ ਮਨੁੱਖੀ ਸੰਵੇਦਨਾ ਦੀ ਕਮੀ ਹੋਵੇਗੀ। ਇਸ ਲਈ ਸਮੇਂ ਦੀ ਮੰਗ ਹੈ ਕਿ ਆਧੁਨਿਕ ਸਿੱਖਿਆ ਪ੍ਰਣਾਲੀ ਵਿਚੋਂ ਗਾਇਬ ਹੋ ਰਹੇ ਵਿਹਾਰਕ ਅਤੇ ਨੈਤਿਕ ਪੱਖ ਨੂੰ ਮੁੜ ਉਸ ਦਾ ਯੋਗ ਸਥਾਨ ਦਿੱਤਾ ਜਾਵੇ, ਕਿਉਂਕਿ ਸੱਚੀ ਸਿੱਖਿਆ ਉਹੀ ਹੈ ਜੋ ਮਨੁੱਖ ਨੂੰ ਕੇਵਲ ਸਫ਼ਲ ਨਹੀਂ, ਸਗੋਂ ਸਾਰਥਕ ਜੀਵਨ ਜਿਊਣ ਯੋਗ ਵੀ ਬਣਾਵੇ।

# ਬੁੱਧੀ, ਸਿਆਣਪ ਅਤੇ ਏ.ਆਈ

**ਆਪਾਂ ਦੇਖ ਹੀ ਰਹੇ ਹਾਂ ਕਿ ਬੁੱਧੀ ਦੀ ਭਰਮਾਰ ਦੇ ਬਾਵਜੂਦ, ਅੱਜ ਦੇ ਵੱਡੇ ਲੀਡਰਾਂ ਦੀ ਮੂਰਖਤਾ ਦਾ ਖਮਿਆਜਾ ਸਾਰਾ ਸੰਸਾਰ ਭੁਗਤ ਰਿਹਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਵੀ ਭੁਗਤਣਗੀਆਂ। ਸਮੁੱਚੀ ਭਲਾਈ ਦਾ ਰਾਜ ਬੁੱਧੀ ਦੇ ਬਹੁਤੇ ਵਾਧੇ-ਵਿਕਾਸ 'ਚ ਨਹੀਂ ਸਗੋਂ ਇਸ ਦੇ ਮਨੁੱਖ, ਸਮਾਜ ਅਤੇ ਧਰਤੀ ਦੀਆਂ ਪ੍ਰਣਾਲੀਆਂ ਦੇ ਬਹੁ-ਪੱਖੀ ਭਲੇ ਹਿਤ ਕੰਮ ਕਰਨ 'ਚ ਹੈ। ਮਨੁੱਖ ਦਾ ਭਵਿੱਖ ਇਸ ਗੱਲ 'ਤੇ ਨਿਰਭਰ ਨਹੀਂ ਕਰਦਾ ਕਿ ਉਸ ਕੋਲ ਕਿੰਨੀ ਬੁੱਧੀ ਹੈ ਸਗੋਂ ਇਸ ਗੱਲ 'ਤੇ ਕਰਦਾ ਹੈ ਕਿ ਉਹ ਦੋਵੇਂ ਬੁੱਧੀਆਂ ਦੇ ਸੁਮੇਲ ਨੂੰ ਕਿੰਨੀ ਸਿਆਣਪ ਨਾਲ ਵਰਤਦਾ ਹੈ।**

### ਬੁੱਧੀ ਅਤੇ ਇਸਦਾ ਕਾਰਜ-ਖੇਤਰ


ਆਪਾਂ ਮਨੁੱਖ ਆਪਣੇ-ਆਪ ਨੂੰ ਬੁੱਧੀਮਾਨ ਸਮਝਦੇ ਹਾਂ ਅਤੇ ਬੁੱਧੀਮਾਨ (Homo sapiens) ਕਹਾਉਂਦੇ ਹਾਂ। ਮਾਣ ਕਰਦੇ ਹਾਂ ਕਿ ਬੁੱਧੀ ਰਾਹੀਂ ਆਪਾਂ, ਵਿਗਿਆਨ, ਤਕਨਾਲੋਜੀ, ਅਰਥ-ਵਿਵਸਥਾ, ਸਾਰੇ ਖੇਤਰਾਂ 'ਚ ਚਮਤਕਾਰੀ ਤਰੱਕੀ ਅਤੇ ਸਮੁੱਚੀ ਖੁਸ਼ਹਾਲੀ ਪ੍ਰਾਪਤ ਕਰ ਸਕੇ ਹਾਂ। ਪਰ ਮਹਾਂਪੁਰਖ ਸਾਨੂੰ ਮੂਰਖ ਵੀ ਕਹਿੰਦੇ ਹਨ ਅਤੇ ਸਬੂਤ ਵਜੋਂ, ਸਾਡੀ ਮੂਰਖਤਾ ਕਾਰਨ ਵਾਪਰੀਆਂ ਭਿਆਨਕ ਇਤਿਹਾਸਕ ਵਾਰਦਾਤਾਂ ਸਾਡੇ ਸਾਹਮਣੇ ਰਖਦੇ ਹਨ। ਆਪਾਂ ਖੁਦ ਵੀ ਇਤਿਹਾਸ ਵਿੱਚ ਹੋਏ ਜ਼ੁਲਮ ਅਤੇ ਬਰਬਾਦੀਆਂ ਤੋਂ ਸ਼ਰਮਿੰਦਾ ਹਾਂ ਅਤੇ ਸੰਸਾਰ ਦੇ ਮੌਜੂਦਾ ਮੰਦੇ



ਇੰਜ. ਈਸ਼ਰ ਸਿੰਘ
ਫੋਨ: 647 640 2014

ਹਾਲਾਤਾਂ ਨੂੰ ਤਾਂ ਦੇਖ ਹੀ ਰਹੇ ਹਾਂ। ਨਾਲ ਹੀ, ਆਪਣੀਆਂ ਮਾਣ-ਮੱਤੀਆਂ ਪਦਾਰਥਕ ਪ੍ਰਾਪਤੀਆਂ ਦੇ ਬਾਵਜੂਦ ਅੰਦਰੂਨੀ ਖੁਸ਼ੀਆਂ ਅਤੇ ਸਬਰ-ਸੰਤੋਖ ਤੋਂ ਵਿਰਵੇ ਮਹਿਸੂਸ ਕਰਦੇ ਹਾਂ। ਜਦ ਇਨ੍ਹਾਂ ਵਿਰੋਧਾਭਾਸਾਂ ਸੰਬੰਧੀ ਵਿਵੇਕ ਨਾਲ ਵਿਚਾਰ ਕਰਦੇ ਹਾਂ ਤਾਂ ਅਹਿਸਾਸ ਹੁੰਦਾ ਹੈ ਕਿ ਮਹਾਂਪੁਰਖ ਠੀਕ ਹੀ ਸਾਨੂੰ ਮੂਰਖ ਗਰਦਾਨਦੇ ਹਨ। ਸਾਨੂੰ ਇਹ ਮੰਨਣਾ ਪੈਂਦਾ ਹੈ ਕਿ ਬੁੱਧੀਮਾਨ ਹੋ ਕੇ ਵੀ ਆਪਾਂ ਮੂਰਖ ਰਹਿ ਸਕਦੇ ਹਾਂ। ਇਹ ਅਹਿਸਾਸ ਸਾਡੇ ਅੱਗੇ ਇਹ ਸਵਾਲ ਖੜ੍ਹਾ ਕਰਦਾ ਹੈ ਕਿ: ਜੇ ਅੱਜ ਬੁੱਧੀਮਾਨ ਹੁੰਦੇ ਹੋਏ ਅਸੀਂ ਮੂਰਖ ਹਾਂ, ਤਾਂ ਕੀ ਬੁੱਧੀ ਦਾ ਵਾਧਾ ਭਵਿੱਖ 'ਚ ਸਾਨੂੰ ਮੂਰਖਤਾ ਤੋਂ ਛੁਟਕਾਰਾ ਦਿਵਾ ਸਕੇਗਾ? ਕੀ ਕ੍ਰਿਤਮ ਬੁੱਧੀ ਸਾਡੀ ਸੁਭਾਵਿਕ ਮੂਰਖਤਾ ਨੂੰ ਘਟਾ ਸਕੇਗੀ?

ਮਨੁੱਖ ਸ਼ੁਰੂ ਤੋਂ ਹੀ ਇਸ ਵਿਸ਼ਵਾਸ ਦਾ ਧਾਰਨੀ ਰਿਹਾ ਹੈ ਕਿ ਬੁੱਧੀ ਨਾਲ ਉਹ ਬਹੁਤ ਕੁਛ ਕਰ ਸਕਦਾ ਹੈ ਪਰ ਸਮੇਂ ਨਾਲ ਉਸ ਨੂੰ, ਇਸ ਦੀਆਂ ਸੀਮਾਵਾਂ ਅਤੇ ਘਾਟਾਂ ਦਾ ਵੀ ਪਤਾ ਲਗਦਾ ਰਿਹਾ। ਜਿਵੇਂ ਕਿ ਯਾਦ-ਸ਼ਕਤੀ ਦਾ ਸੀਮਤ ਹੋਣਾ, ਹਿਸਾਬ-ਕਿਤਾਬ ਲਾਉਣ ਦੀ ਗਤੀ ਦਾ ਸੀਮਤ ਹੋਣਾ, ਧਿਆਨ ਦਾ ਭਟਕਣਾ ਅਤੇ ਥੱਕ-ਅੱਕ ਜਾਣਾ ਆਦਿ। ਇਸ ਤੋਂ ਇਲਾਵਾ ਇਹ, ਮਨੁੱਖੀ ਕਮਜ਼ੋਰੀਆਂ, ਪੱਖ-ਪਾਤਾਂ, ਖੁੰਦਕਾਂ ਅਤੇ ਸਾਡੇ ਵਿਕਾਰਾਂ ਦਾ ਅਸਰ ਬਹੁਤ ਛੇਤੀ ਕਬੂਲਦੀ ਹੈ। ਇਸ ਦੀਆਂ ਇਨ੍ਹਾਂ ਘਾਟਾਂ ਨੂੰ ਦੂਰ ਕਰਨ ਅਤੇ ਇਸ ਦੀ ਕਾਰਜ-ਕੁਸ਼ਲਤਾ (Efficiency) ਵਧਾਉਣ ਲਈ ਮਨੁੱਖ ਨੇ ਸਮੇਂ-ਸਮੇਂ ਸਿਰ ਲੋੜੀਂਦੇ ਸਾਧਨ ਵਿਕਸਿਤ ਕੀਤੇ। ਉਦਾਹਰਨ ਵਜੋਂ: ਲਿਖਣ ਦੀ ਕਲਾ, ਕਿਤਾਬਾਂ, ਲਾਇਬ੍ਰੇਰੀਆਂ, ਗਣਿਤ, ਵਿਗਿਆਨ, ਕੈਲਕੁਲੇਟਰ, ਕੰਪਿਊਟਰ ਅਤੇ ਇੰਟਰਨੈਟ ਆਦਿ। ਇਨ੍ਹਾਂ ਸਾਰਿਆਂ ਦਾ ਉਦੇਸ਼ ਮਨੁੱਖੀ ਬੁੱਧੀ ਦੀ ਮੂਲ ਪ੍ਰਵਿਰਤੀ ਨੂੰ ਬਰਕਰਾਰ ਰਖਦਿਆਂ ਹੋਇਆਂ, ਇਸ ਦੀ ਕਾਰਜ-ਕੁਸ਼ਲਤਾ ਨੂੰ ਵਧਾਉਣਾ ਸੀ। ਪਰ ਮਨੁੱਖ ਦੀ ਪਦਾਰਥ ਦੀ ਭੁੱਖ ਅਸੀਮ ਅਤੇ ਬਹੁ-ਰੰਗੀ ਹੈ, ਇਸ ਲਈ ਪੂਰੀ ਤਰ੍ਹਾਂ ਕਾਰਜ-ਕੁਸ਼ਲ ਬੁੱਧੀ ਵੀ ਉਸ ਨੂੰ ਘੱਟ ਲੱਗਣ ਲੱਗੀ। ਢਾਈ ਕੁ ਸੌ ਸਾਲ ਪਹਿਲਾਂ, ਮਸ਼ੀਨਰੀ ਰਾਹੀਂ ਸਰੀਰਕ-ਬਲ ਨੂੰ ਅਨੇਕਾਂ ਗੁਣਾ ਵਧਾ ਸਕਣ ਦੀਆਂ ਸਫਲ ਕੋਸ਼ਿਸ਼ਾਂ ਦਾ ਤਾਜ਼ਾ ਇਤਿਹਾਸ ਉਸ ਦੇ ਸਾਹਮਣੇ ਸੀ। ਸੋ, ਉਸ ਨੇ ਬੁੱਧੀ ਦੇ ਕੁਝ ਗੁਣਾਂ ਨੂੰ ਵੀ ਮਸ਼ੀਨਾਂ ਰਾਹੀਂ ਹੋਰ ਵਿਕਸਿਤ ਕਰਨ ਲਈ ਖੋਜਾਂ ਸ਼ੁਰੂ ਕੀਤੀਆਂ ਅਤੇ ਇਸ ਵਿਚ ਉਸ ਨੂੰ ਸਫਲਤਾ ਵੀ ਮਿਲਣ ਲੱਗੀ। ਇਸ ਤਕਨਾਲੋਜੀ ਨੂੰ ਕ੍ਰਿਤਮ ਬੁੱਧੀ (Artificial Intelligence) ਕਿਹਾ ਗਿਆ ਅਤੇ ਪਿਛਲੇ ਸੱਤ-ਅੱਠ ਦਹਾਕਿਆਂ ਵਿਚ ਇਹ ਅਮਰ-ਵੇਲ ਵਾਂਗ ਫੈਲੀ ਹੈ। ਇਕੱਲਾ ਇਸ ਕਰਕੇ ਹੀ ਨਹੀਂ, ਸਗੋਂ ਹੋਰ ਤਕਨਾਲੋਜੀਆਂ ਅਤੇ ਜੀਵਨ ਦੇ ਅਨੇਕਾਂ ਖੇਤਰਾਂ ਵਿੱਚ ਖਾਹ-ਮਖਾਹ ਆਪਣੀ ਭੂਮਿਕਾ ਵਧਾਉਣ ਦੀ ਹੋੜ ਕਰਕੇ ਵੀ ਇਸ ਨੂੰ ਅਮਰ-ਵੇਲ ਕਹਿ ਸਕਦੇ ਹਾਂ। ਪਰ ਦੋਵੇਂ ਬੁੱਧੀਆਂ (ਕੁਦਰਤੀ ਅਤੇ ਕ੍ਰਿਤਮ) ਰਲ ਕੇ ਵੀ ਆਪਾਂ ਨੂੰ ਮੂਰਖਤਾ ਤੋਂ ਛੁਟਕਾਰਾ ਨਹੀਂ ਦਿਵਾ ਸਕੀਆਂ। ਅਜੇ ਵੀ ਆਪਾਂ ਜੰਗਾਂ-ਯੁਧਾਂ, ਵਾਤਾਵਰਣਕ ਸੰਕਟਾਂ, ਨਾ-ਬਰਾਬਰੀਆਂ, ਪ੍ਰੇਸ਼ਾਨੀਆਂ, ਨਫ਼ਰਤ, ਸਾਧਨਾਂ ਦੀ ਬਰਬਾਦੀ ਆਦਿ ਨੂੰ ਠੱਲ ਪਾਉਣ ਵਿਚ ਅਸਮਰੱਥ ਹਾਂ।



### ਮੂਰਖਤਾ ਸਦੀਵੀ ਅਤੇ ਸਰਬ-ਵਿਆਪੀ ਹੈ

ਸਪਸ਼ਟ ਹੈ ਕਿ ਮੂਰਖਤਾ ਤੋਂ ਭਾਵ ਬੁੱਧੀ ਦੀ ਘਾਟ ਨਹੀਂ। ਮੂਰਖਤਾ ਤਾਂ, ਬੁੱਧੀ, ਗਿਆਨ ਅਤੇ ਸਾਧਨਾਂ ਦੇ ਬਾਵਜੂਦ ਅਜਿਹੇ ਕੰਮ ਕਰਨਾ ਹੈ ਜੋ ਵਿਅਕਤੀ, ਸਮਾਜ ਅਤੇ ਮਨੁੱਖਤਾ ਦੇ ਹਿਤਾਂ ਅਤੇ ਮਾਨਤਾ-ਪ੍ਰਾਪਤ ਕਦਰਾਂ-ਕੀਮਤਾਂ ਦੇ ਵਿਰੁੱਧ ਜਾਂ ਨੁਕਸਾਨਦਾਇਕ ਹੋਣ। ਹਰ ਦੇਸ਼ ਅਤੇ ਕਾਲ ਦੇ ਮਹਾਂਪੁਰਖ, ਮੂਰਖਤਾ ਅਤੇ ਇਸ ਦਾ ਆਧਾਰ ਬਣੇ ਹੋਏ ਵਿਕਾਰਾਂ-ਔਗੁਣਾਂ ਬਾਰੇ ਸਪਸ਼ਟ ਸ਼ਬਦਾਂ 'ਚ ਸਮਝਾਉਂਦੇ ਆ ਰਹੇ ਹਨ। ਭਾਰਤ ਦੇ ਉਪਨਿਸ਼ਦਾਂ, ਭਾਗਵਤ ਗੀਤਾ ਅਤੇ ਧਾਰਮਿਕ ਗ੍ਰੰਥਾਂ 'ਚ ਇਨ੍ਹਾਂ ਬਾਰੇ ਬਹੁਤ ਚਰਚਾ ਹੈ। ਹਜ਼ਰਤ ਮੂਸਾ ਨਾਲ ਸੰਬੰਧਿਤ 'ਦਸ ਹੁਕਮ' (ਦਸ ਕਮਾਂਡਮੈਂਟਾਂ) ਉਸ ਸਮੇਂ ਅਤੇ ਖੇਤਰ ਦੇ ਮਨੁੱਖਾਂ ਦੀਆਂ ਮੰਦੀਆਂ ਪ੍ਰਵਿਰਤੀਆਂ ਦਾ ਸਬੂਤ ਹਨ। ਇਹੀ ਗੱਲ ਮਹਾਤਮਾ ਬੁੱਧ ਦੇ ਅਸ਼ਟ-ਮਾਰਗ 'ਤੋਂ ਸਮਝ ਆਉਂਦੀ ਹੈ। ਹਜ਼ਰਤ ਈਸਾ ਨੇ ਮਨੁੱਖ ਦੇ ਅੰਦਰਲੇ ਵਿਕਾਰਾਂ, ਪਖੰਡ, ਲੋਭ, ਹੰਕਾਰ ਅਤੇ ਨਫਰਤ ਦੀ ਤਿੱਖੀ ਆਲੋਚਨਾ ਕਰਦਿਆਂ ਪ੍ਰੇਮ, ਦਇਆ ਅਤੇ ਖਿਮਾ ਦਾ ਉਪਦੇਸ਼ ਦਿੱਤਾ। ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਵੀ ਨੇਕ-ਪਾਕ ਜੀਵਨ, ਇਨਸਾਫ਼, ਦਇਆ ਅਤੇ ਮਨੁੱਖੀ ਜ਼ਿੰਮੇਵਾਰੀ ਉੱਤੇ ਜ਼ੋਰ ਦਿੱਤਾ ਗਿਆ ਹੈ। ਸਿੱਖ ਧਰਮ ਦੇ ਸੇਵਕਾਂ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਪੰਜ ਮੁੱਖ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਇਲਾਵਾ ਅਨੇਕਾਂ ਹੋਰ ਔਗੁਣਾਂ ਨੂੰ ਤਿਆਗਣਾ ਜ਼ਰੂਰੀ ਕਰਾਰ ਦਿੱਤਾ ਗਿਆ ਹੈ। ਹਰ ਮਹਾਂਪੁਰਖ ਨੇ ਇਨ੍ਹਾਂ ਨੂੰ ਆਪਣੀ-ਆਪਣੀ ਭਾਸ਼ਾ, ਦੇਸ਼ ਅਤੇ ਯੁਗ ਦੇ ਪਰਿਪੇਖ ਵਿੱਚ ਸਮਝਾਇਆ ਹੈ ਅਤੇ ਹਾਲਾਤਾਂ ਅਨੁਸਾਰ ਇਨ੍ਹਾਂ ਨੂੰ ਨਿਯੰਤਰਿਤ ਕਰਨ ਲਈ ਅਸੂਲ-ਨਿਯਮ ਵੀ ਬਣਾਏ ਹਨ। ਹਰ ਧਰਮ ਦਾ ਅਨੁਯਾਈ ਆਪੋ-ਆਪਣੇ ਮੋਢੀ ਮਹਾਂਪੁਰਖਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰ ਕੇ, ਇਨ੍ਹਾਂ ਔਗੁਣਾਂ-ਵਿਕਾਰ ਨੂੰ ਤਿਆਗ ਕੇ ਸਿਆਣਪ ਦੇ ਰਸਤੇ 'ਤੇ ਚੱਲ ਸਕਦਾ ਹੈ।

ਮੂਰਖਤਾ ਕੇਵਲ ਵਿਅਕਤੀਆਂ ਤੱਕ ਸੀਮਿਤ ਨਹੀਂ ਰਹਿੰਦੀ; ਇਹ ਸਰਕਾਰਾਂ, ਸੰਸਥਾਵਾਂ ਅਤੇ ਸਭਿਅਤਾਵਾਂ ਦੇ ਫ਼ੈਸਲਿਆਂ ਵਿਚ ਵੀ ਪਰਗਟ ਹੁੰਦੀ ਹੈ। ਬਾਰਬਾਰਾ ਟੱਕਮੈਨ ਦੀ ਕਿਤਾਬ 'The March of Folly' ਅਨੁਸਾਰ ਮੂਰਖਤਾ (Folly) ਦੇਸ਼ ਅਤੇ ਕਾਲ ਤੋਂ ਅਜ਼ਾਦ ਹੁੰਦੀ ਹੈ। ਇਹ ਸਦੀਵੀ ਅਤੇ ਸਰਬ-ਵਿਆਪੀ ਹੈ ਭਾਵੇਂ ਕਿ ਵਕਤ ਅਤੇ ਸਥਾਨ ਦੀਆਂ ਮਾਨਤਾਵਾਂ ਅਤੇ ਰਹੁ-ਰੀਤਾਂ ਅਨੁਸਾਰ, ਇਸ ਦਾ ਰੂਪ ਬਦਲਦਾ ਰਹਿੰਦਾ ਹੈ। ਇਸ ਦਾ ਹਕੂਮਤ ਦੀ ਕਿਸਮ ਨਾਲ ਕੋਈ ਸਬੰਧ ਨਹੀਂ ਅਤੇ ਨਾ ਹੀ ਇਸ ਦਾ ਕਿਸੇ ਕੌਮ ਜਾਂ ਵਰਗ ਨਾਲ ਕੋਈ ਸਬੰਧ ਹੈ। ਇਹ ਰਾਜਤੰਤਰ, ਅਲਪਤੰਤਰ ਅਤੇ ਗਣਤੰਤਰ ਸਭ ਵਿਚ ਦਿਖਦੀ ਹੈ। ਇਸੇ ਤਰ੍ਹਾਂ ਆਧੁਨਿਕ ਫਿਲਾਸਫਰ-ਇਤਿਹਾਸਕਾਰ ਯੁਵਾਲ ਹਰਾਰੀ ਨੇ ਆਪਣੀ ਕਿਤਾਬ '21 Lessons for the 21st Century' 'ਚ ਮਨੁੱਖੀ ਮੂਰਖਤਾ ਨੂੰ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਵਿਨਾਸ਼ਕਾਰੀ ਤਾਕਤਾਂ ਵਿਚੋਂ ਇੱਕ ਮੰਨਿਆ ਹੈ। ਕਹਿੰਦਾ ਹੈ ਕਿ ਸਾਨੂੰ ਮਨੁੱਖੀ ਮੂਰਖਤਾ (Human Stupidity) ਨੂੰ ਕਦੇ ਵੀ ਘੱਟ ਕਰਕੇ ਨਹੀਂ ਸਮਝਣਾ ਚਾਹੀਦਾ- ਇਹ ਭਾਵੇਂ ਵਿਅਕਤੀਗਤ ਪੱਧਰ ਦੀ ਹੋਵੇ ਭਾਵੇਂ ਸਮੂਹਕ ਪੱਧਰ ਦੀ। ਮਨੁੱਖ ਵਿਚ ਆਪਣੀ ਤਬਾਹੀ ਆਪ ਕਰਨ ਦੀ ਪ੍ਰਵਿਰਤੀ ਕੰਮ ਕਰਦੀ ਹੈ ਅਤੇ ਬੁੱਧੀਮਾਨ ਆਗੂ ਵੀ ਵੱਡੀਆਂ ਮੂਰਖਤਾਵਾਂ ਕਰ ਸਕਦੇ ਹਨ। ਵੱਧ-ਘੱਟ ਦੇ ਫ਼ਰਕ ਨਾਲ ਇਹ ਸਾਡੇ ਸਭ ਵਿੱਚ ਮੌਜੂਦ ਹੈ। ਇਸ ਲਈ ਪਛਤਾਵਾ ਕਰਨ ਦੀ ਬਜਾਇ, ਇਸ ਨੂੰ ਪਛਾਣ ਕੇ ਘਟਾਉਣ ਦੀ ਲੋੜ ਹੈ। ਇਸ ਤੋਂ ਬਚਣਾ ਜ਼ਰੂਰੀ ਵੀ ਹੈ ਅਤੇ ਸੰਭਵ ਵੀ—ਪੂਰੀ ਤਰ੍ਹਾਂ ਭਾਵੇਂ ਨਹੀਂ। ਚੰਗੀ ਗੱਲ ਇਹ ਹੈ ਕਿ ਇਸ ਤੋਂ ਬਚਣ ਅਤੇ ਇਸ ਨੂੰ ਘਟਾਉਣ ਲਈ ਸਿਆਣਿਆਂ ਨੇ ਪੁਰਾਣੇ ਸਮਿਆਂ ਤੋਂ ਹੀ ਵੱਖ-ਵੱਖ ਢੰਗ-ਤਰੀਕੇ ਅਪਣਾਏ ਹਨ, ਜਿਨ੍ਹਾਂ ਦੇ ਮੂਲ-ਆਧਾਰ ਸਾਰੀਆਂ ਧਾਰਮਿਕ ਪਰੰਪਰਾਵਾਂ ਵਿਚ ਸਾਂਝੇ ਹਨ। ਅੱਜ ਦੀ ਮਨੋਵਿਗਿਆਨਕ ਖੋਜ ਇਨ੍ਹਾਂ ਨੂੰ ਨਵੇਂ ਸੰਦਰਭ ਵਿਚ ਸਮਝਣ ਵਿਚ ਸਹਾਇਤਾ ਕਰਦੀ ਹੈ।

### ਕੁਝ ਮਾਡਰਨ ਖੋਜਾਂ

ਮੂਰਖਤਾ ਦਾ ਕਾਰਨ ਬਣੀਆਂ ਕੁਝ ਪ੍ਰਵਿਰਤੀਆਂ ਨੂੰ ਅੱਜ ਦੇ ਸੰਦਰਭ 'ਚ ਸਮਝਾਉਣ ਵਾਲੀਆਂ ਕੁਝ ਖੋਜਾਂ ਇਹ ਹਨ:

* ਅੱਜ ਦਾ ਮਨੋਵਿਗਿਆਨ, ਗਿਆਨੀ ਹੋਣ ਦੇ ਭੁਲੇਖੇ (Knowledge Illusion) ਦੀ ਗੱਲ ਕਰਦਾ ਹੈ। ਮਨੁੱਖ ਨੂੰ ਲੱਗਦਾ ਹੈ ਕਿ ਉਹ ਬਹੁਤ ਕੁਝ ਜਾਣਦਾ ਹੈ, ਜਦਕਿ ਉਸ ਦਾ ਗਿਆਨ ਅਕਸਰ ਸਤਹੀ ਹੁੰਦਾ ਹੈ। ਇਹ ਹਉਮੈ ਹੈ ਅਤੇ ਇਸ ਦੇ ਇਸ ਅਧੀਨ ਹੋ ਕੇ ਮਨੁੱਖ ਆਪਣੇ ਅਗਿਆਨ ਨੂੰ ਵੀ ਗਿਆਨ ਸਮਝਣ ਲੱਗ ਪੈਂਦਾ ਹੈ। ਇਸ ਲਈ ਸਿਆਣਪ ਕੇਵਲ ਜਾਣਕਾਰੀ ਇਕੱਠੀ ਕਰਨ ਵਿਚ ਨਹੀਂ, ਸਗੋਂ ਆਪਣੀ ਸਮਝ ਅਤੇ ਮੂਰਖਤਾ ਦੀਆਂ ਹੱਦਾਂ ਪਛਾਣਨ ਵਿਚ ਹੈ।
* ਇਸੇ ਤਰ੍ਹਾਂ ਪਹਿਲੇ ਗਿਆਨ 'ਤੇ ਭਰੋਸੇ ਦਾ ਭੁਲੇਖਾ ਦਸਦਾ ਹੈ ਕਿ ਅਸੀਂ ਉਹੀ ਗੱਲਾਂ ਸਵੀਕਾਰ ਕਰਦੇ ਹਾਂ ਜੋ ਸਾਡੇ ਪਹਿਲਾਂ ਤੋਂ ਬਣੇ ਵਿਚਾਰਾਂ ਨਾਲ ਮਿਲਦੀਆਂ ਹੋਣ। ਮਨੁੱਖ ਸੱਚ ਦੀ ਥਾਂ ਆਪਣੇ ਮਨੋ-ਵੇਗਾਂ ਅਧੀਨ ਹੋ ਕੇ ਚਲਦਾ ਹੈ ਅਤੇ ਅੱਜ ਦਾ ਸੋਸ਼ਲ ਮੀਡੀਆ ਇਸੇ ਛਲਾਵੇ ਨੂੰ ਵਰਤ ਕੇ ਕਮਾਈ ਕਰ ਰਿਹਾ ਹੈ।
* ਸਮੂਹਿਕ ਸੋਚ (Groupthink) ਦਸਦਾ ਹੈ ਕਿ ਕਈ ਵਾਰ ਪੂਰਾ ਸਮਾਜ ਗਲਤ ਦਿਸ਼ਾ ਵਿਚ ਚੱਲ ਪੈਂਦਾ ਹੈ, ਕਿਉਂਕਿ ਕੋਈ ਵੀ ਵਿਰੋਧ ਕਰਨ ਦੀ ਹਿੰਮਤ ਨਹੀਂ ਕਰਦਾ। ਸਿਆਣਪ ਨੂੰ ਹਮੇਸ਼ਾਂ ਬਹੁਮਤ ਦੀ ਜੱਦੀ ਵਿਰਾਸਤ ਨਹੀਂ ਮੰਨਿਆ ਜਾ ਸਕਦਾ।
* "Dunning–Kruger Effect" ਅਨੁਸਾਰ ਘੱਟ ਯੋਗਤਾ ਵਾਲਾ ਮਨੁੱਖ ਵੀ ਆਪਣੇ ਆਪ ਨੂੰ ਵੱਧ ਯੋਗ ਸਮਝਣ ਦਾ ਅਕਸਰ ਭੁਲੇਖਾ ਖਾਂਦਾ ਹੈ। ਮੂਰਖ ਮਨੁੱਖ ਆਪਣੇ ਆਪ ਨੂੰ ਸਿਆਣਾ ਸਮਝਦਾ ਫਿਰਦਾ ਹੈ ਜਦ ਕਿ ਅਸਲ ਸਿਆਣਪ ਨਿਮਰਤਾ ਤੋਂ ਸ਼ੁਰੂ ਹੁੰਦੀ ਹੈ।

ਮੂਰਖਤਾ ਬਾਰੇ ਮੁਢਲੀ ਜਾਣਕਾਰੀ ਪ੍ਰਾਪਤ ਕਰ ਕੇ ਆਪਾਂ ਸਿਆਣਪ ਦੀ ਲੋੜ ਅਤੇ ਇਸ ਦੇ ਮੁਢਲੇ ਕੁਝ ਗੁਣਾਂ ਬਾਰੇ ਵਿਚਾਰ ਕਰ ਸਕਦੇ ਹਾਂ ਅਤੇ ਪ੍ਰਾਪਤ ਸਿੱਟਿਆਂ 'ਤੇ ਅਮਲ ਕਰਕੇ ਇਸ ਦਾ ਲਾਹਾ ਲੈ ਸਕਦੇ ਹਾਂ।

### ਪਰਖੀਆਂ-ਅਜ਼ਮਾਈਆਂ ਸਿਆਣਪਾਂ

ਸਿਆਣਪ ਮੂਰਖਤਾ ਦਾ ਤੋੜ (Antidote) ਹੈ। ਇਹ ਉਹ ਕਲਾ ਹੈ ਜਿਸ ਰਾਹੀਂ ਮਨੁੱਖ ਆਪਣੀ ਬੁੱਧੀ, ਗਿਆਨ ਅਤੇ ਪ੍ਰਾਪਤੀਆਂ ਨੂੰ ਨਿਮਰਤਾ ਸਹਿਤ ਸਰਬ-ਸਾਂਝੇ ਹਿਤਾਂ ਲਈ ਵਰਤਦਾ ਹੈ। ਇਸ ਨਾਲ, ਮਨੁੱਖ ਕੀਤੇ ਜਾਣ ਵਾਲੇ ਕੰਮਾਂ ਦੇ ਫੌਰੀ ਲਾਭਾਂ ਨੂੰ ਦੇਖਣ ਦੀ ਬਜਾਇ ਉਨ੍ਹਾਂ ਨੂੰ ਨੈਤਿਕ, ਸਮਾਜਿਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਅਨੁਸਾਰ ਕਰਨ ਦੀ ਸੋਝੀ ਪ੍ਰਾਪਤ ਕਰ ਲੈਂਦਾ ਹੈ। ਸਿਆਣਪ ਦਾ ਮੂਲ ਸੁਭਾਅ ਹੀ ਵਿਵੇਕ-ਬੁੱਧ ਨਾਲ ਮੰਦੇ-ਚੰਗੇ ਦੀ ਪਰਖ ਕਰਨਾ ਹੈ। ਇਹ ਕਲਾ ਹੈ, ਸੋ ਇਹ ਸਿਰੜ ਅਤੇ ਅਭਿਆਸ ਨਾਲ ਸਿੱਖਣੀ ਅਤੇ ਵਿਕਸਤ ਕਰਨੀ ਪੈਂਦੀ ਹੈ, ਜਦ ਕਿ ਬੁੱਧੀ ਬਹੁਤਾ ਕਰ ਕੇ ਸੁਭਾਵਿਕ ਹੁੰਦੀ ਹੈ ਭਾਵੇਂ ਕਿ ਇਸ ਨੂੰ ਵੀ ਸਿਧਾਇਆ ਜਾ ਸਕਦਾ ਹੈ। ਸਿਆਣਪ ਔਗੁਣਾਂ-ਵਿਕਾਰਾਂ ਤੋਂ ਨਿਰਲੇਪ ਕਰਦੀ ਹੈ, ਜਦ ਕਿ ਬੁੱਧੀ ਅਕਸਰ ਇਨ੍ਹਾਂ ਦੇ ਅਧੀਨ ਹੋ ਕੇ ਕੰਮ ਕਰਦੀ ਹੈ। ਸਿਆਣਪ ਦੱਸਦੀ ਹੈ ਕਿ ਕੀ ਕਰਨਾ ਚਾਹੀਦਾ ਹੈ ਅਤੇ ਬੁੱਧੀ ਦੱਸਦੀ ਹੈ ਕਿ ਇਹ ਕਿਵੇਂ ਕੀਤਾ ਜਾ ਸਕਦਾ ਹੈ। ਬੁੱਧੀ ਅਕਸਰ ਕੁ-ਬੁੱਧ ਜਾਂ ਕੁ-ਮੱਤ ਬਣ ਜਾਂਦੀ ਹੈ ਪਰ ਸਿਆਣਪ ਮਨੁੱਖ ਦੀ ਇਸ ਕਮਜ਼ੋਰੀ ਨੂੰ ਘਟਾ ਸਕਦੀ ਹੈ। ਮਹਾਂਪੁਰਖਾਂ ਦੀਆਂ ਪਰਖੀਆਂ ਸਿਆਣਪਾਂ ਅੱਜ ਦੇ ਯੁਗ 'ਚ ਵੀ ਪ੍ਰਸੰਗਿਕ ਹਨ।

ਮੂਰਖਤਾ ਅਤੇ ਵਿਕਾਰਾਂ ਤੋਂ ਉਪਾਅ ਦੇ ਉਪਰਾਲੇ ਵੀ ਆਦਿ-ਕਾਲ ਤੋਂ ਹੀ ਹੋ ਰਹੇ ਹਨ ਪਰ ਮਨੁੱਖ ਅੱਜ ਤੱਕ ਇਨ੍ਹਾਂ ਦੇ ਚੁੰਗਲ ਤੋਂ ਮੁਕਤ ਨਹੀਂ ਹੋ ਸਕਿਆ। ਸਪਸ਼ਟ ਹੈ ਕਿ ਮੂਰਖਤਾ ਅਤੇ ਵਿਕਾਰਾਂ ਦੇ ਸਮਾਧਾਨ ਲਈ ਜੋ ਉਪਾਅ ਮਨੁੱਖ ਕਰਦਾ ਰਿਹਾ ਹੈ ਉਹ ਕਾਰਗਰ ਨਹੀਂ। ਸਾਇੰਸ ਅਤੇ ਤਕਨਾਲੋਜੀ ਮਨੁੱਖੀ ਸਮਰੱਥਾ ਨੂੰ ਵਧਾ ਸਕਦੀਆਂ ਹਨ, ਪਰ ਇਹ ਫੈਸਲਾ ਨਹੀਂ ਕਰਦੀਆਂ ਕਿ ਉਸ ਸਮਰੱਥਾ ਨੂੰ ਵਰਤਣਾ ਕਿਸ ਮੰਤਵ ਲਈ ਹੈ। ਮਹਾਂਪੁਰਖ ਸਾਡੇ ਸਾਹਮਣੇ ਇਹ ਆਦਰਸ਼ ਰਖਦੇ ਹਨ ਕਿ ਅਸੀਂ ਦੋਵੇਂ ਕਿਸਮ ਦੇ ਲਾਭ ਪ੍ਰਾਪਤ ਕਰੀਏ - ਬੁੱਧੀ ਦੇ ਵੀ ਅਤੇ ਸਿਆਣਪ ਦੇ ਵੀ। ਅੱਜ ਦੇ ਤਕਨਾਲੋਜੀ-ਮੁਖੀ ਮਾਹੌਲ ਵਿਚ ਇਸ ਆਦਰਸ਼ ਦੀ ਪ੍ਰਾਪਤੀ ਕਿਵੇਂ ਸੰਭਵ ਹੈ? ਇਸ ਲਈ ਗੁਰਬਾਣੀ (ਭਾਵ ਹਰ ਇਨਸਾਨ ਲਈ ਉਸ ਦੇ ਮੋਢੀ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਅਤੇ ਉਪਦੇਸ਼) ਅਨੁਸਾਰ ਸਮਾਜਿਕ ਬਦਲਾਅ ਦਾ ਇੱਕ ਮਹੱਤਵਪੂਰਨ ਰਸਤਾ ਵਿਅਕਤੀ ਦੇ ਅੰਦਰੋਂ ਹੋ ਕੇ ਜਾਂਦਾ ਹੈ, ਜਦਕਿ ਆਧੁਨਿਕ ਪ੍ਰਬੰਧ ਅਕਸਰ ਸੰਸਥਾਗਤ ਅਤੇ ਨੀਤੀਗਤ ਬਦਲਾਅ ਰਾਹੀਂ ਸਮਾਜ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਨ। ਭਾਵੇਂ ਦੋਵੇਂ ਦ੍ਰਿਸ਼ਟੀਕੋਣ ਇੱਕ-ਦੂਜੇ ਦੇ ਪੂਰਕ ਹਨ, ਪਰ ਗੁਰਬਾਣੀ ਇਹ ਯਾਦ ਕਰਵਾਉਂਦੀ ਹੈ ਕਿ ਚੰਗੇ ਸਮਾਜਿਕ ਬਦਲਾਅ ਦਾ ਮੁੱਖ ਆਧਾਰ ਸਵੈ-ਵਿਕਾਸ ਹੁੰਦਾ ਹੈ।



ਅੱਜ ਗੁਰਬਾਣੀ ਦਾ ਸੰਦੇਸ਼ ਪਹਿਲਾਂ ਨਾਲੋਂ ਵੀ ਵੱਧ ਮਹੱਤਵਪੂਰਨ ਹੈ, ਕਿਉਂਕਿ ਇਹ ਮਨੁੱਖ ਨੂੰ ਬੁੱਧੀਮਾਨ ਹੋਣ ਦੇ ਨਾਲ ਸਿਆਣਾ ਅਤੇ ਵਿਵੇਕੀ ਬਣਨ ਲਈ ਪ੍ਰੇਰਦਾ ਹੈ। ਗੁਰਬਾਣੀ ਸਮਾਜ ਨੂੰ ਬਦਲਣ ਤੋਂ ਪਹਿਲਾਂ ਮਨੁੱਖ ਨੂੰ ਬਦਲਣ ਦੀ ਗੱਲ ਕਰਦੀ ਹੈ। 'ਆਪਾ-ਪਛਾਣ' ਦੀ ਹਜ਼ਾਰਾਂ ਸਾਲ ਪੁਰਾਣੀ ਸਿਆਣਪ ਇਸ ਵਿਧੀ ਦਾ ਪੱਕਾ ਸਬੂਤ ਹੈ। ਇਨ੍ਹਾਂ ਗੁਣਾਂ ਨੂੰ ਆਧੁਨਿਕ ਮਨੋਵਿਗਿਆਨੀ ਵੀ ਸਿਆਣਪ ਗ੍ਰਹਿਣ ਕਰਨ ਲਈ ਜ਼ਰੂਰੀ ਸਮਝਣ ਲੱਗ ਪਏ ਹਨ। ਸਮਾਜ ਵਿਅਕਤੀਆਂ ਦਾ ਸਮੂਹ ਹੈ, ਜੇ ਹਰ ਵਿਅਕਤੀ ਹਉਮੈ, ਲੋਭ ਅਤੇ ਮੋਹ ਦੇ ਅਧੀਨ ਹੈ, ਤਾਂ ਉਹੀ ਗੁਣ ਸਰਕਾਰਾਂ, ਸੰਸਥਾਵਾਂ ਅਤੇ ਸਮਾਜਕ ਪ੍ਰਬੰਧਾਂ ਵਿਚ ਵੀ ਪ੍ਰਗਟ ਹੋਣਗੇ। ਕੇਵਲ ਸੰਸਥਾਵਾਂ ਬਦਲਣ ਨਾਲ ਸਮਾਜ 'ਚ ਸਾਰਥਿਕ ਬਦਲਾਅ ਨਹੀਂ ਆਉਂਦਾ; ਚੰਗੀਆਂ ਸੰਸਥਾਵਾਂ ਲਈ ਸਿਆਣੇ ਮਨੁੱਖ ਦੀ ਵੀ ਲੋੜ ਹੈ।

ਸਾਡੇ ਸ਼ੁਰੂ ਦੇ ਸਵਾਲਾਂ,

* 'ਜੇ ਅੱਜ ਬੁੱਧੀਮਾਨ ਹੁੰਦੇ ਹੋਏ ਅਸੀਂ ਮੂਰਖ ਹਾਂ, ਤਾਂ ਕੀ ਬੁੱਧੀ ਦਾ ਵਾਧਾ ਭਵਿੱਖ 'ਚ ਸਾਨੂੰ ਮੂਰਖਤਾ ਤੋਂ ਛੁਟਕਾਰਾ ਦਿਵਾ ਸਕੇਗਾ?'
* 'ਕੀ ਨਕਲੀ ਬੁੱਧੀ ਸਾਡੀ ਅਸਲੀ ਮੂਰਖਤਾ ਨੂੰ ਘਟਾ ਸਕੇਗੀ?'

ਦਾ ਜਵਾਬ ਨਹੀਂ ਵਿਚ ਹੈ। ਆਪਾਂ ਦੇਖ ਹੀ ਰਹੇ ਹਾਂ ਕਿ ਬੁੱਧੀ ਦੀ ਭਰਮਾਰ ਦੇ ਬਾਵਜੂਦ, ਅੱਜ ਦੇ ਵੱਡੇ ਲੀਡਰਾਂ ਦੀ ਮੂਰਖਤਾ ਦਾ ਖਮਿਆਜਾ ਸਾਰਾ ਸੰਸਾਰ ਭੁਗਤ ਰਿਹਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਵੀ ਭੁਗਤਣਗੀਆਂ। ਸਮੁੱਚੀ ਭਲਾਈ ਦਾ ਰਾਜ ਬੁੱਧੀ ਦੇ ਬਹੁਤੇ ਵਾਧੇ-ਵਿਕਾਸ 'ਚ ਨਹੀਂ ਸਗੋਂ ਇਸ ਦੇ ਮਨੁੱਖ, ਸਮਾਜ ਅਤੇ ਧਰਤੀ ਦੀਆਂ ਪ੍ਰਣਾਲੀਆਂ ਦੇ ਬਹੁ-ਪੱਖੀ ਭਲੇ ਹਿਤ ਕੰਮ ਕਰਨ 'ਚ ਹੈ। ਮਨੁੱਖ ਦਾ ਭਵਿੱਖ ਇਸ ਗੱਲ 'ਤੇ ਨਿਰਭਰ ਨਹੀਂ ਕਰਦਾ ਕਿ ਉਸ ਕੋਲ ਕਿੰਨੀ ਬੁੱਧੀ ਹੈ ਸਗੋਂ ਇਸ ਗੱਲ 'ਤੇ ਕਰਦਾ ਹੈ ਕਿ ਉਹ ਦੋਵੇਂ ਬੁੱਧੀਆਂ ਦੇ ਸੁਮੇਲ ਨੂੰ ਕਿੰਨੀ ਸਿਆਣਪ ਨਾਲ ਵਰਤਦਾ ਹੈ।

# ਪਰੋਮੋਸ਼ਨ (ਮਿਨੀ ਕਹਾਣੀ)

ਮੂਲ : ਅਭਿਜੀਤ ਦੂਬੇ
ਅਨੁ : ਪ੍ਰੋ. ਨਵ ਸੰਗੀਤ ਸਿੰਘ

ਸਾਹਬ ਦਾ ਜਨਮਦਿਨ ਸੀ। ਸਭ ਉਤਸ਼ਾਹ ਨਾਲ ਭਰੇ ਹੋਏ ਸਨ। ਕੌਣ ਕਿੰਨਾ ਵਫ਼ਾਦਾਰ ਹੈ, ਇਹ ਸਾਬਤ ਕਰਨ ਦੀ ਦੌੜ ਲੱਗੀ ਹੋਈ ਸੀ। ਕੇਕ ਲਿਆਂਦਾ ਗਿਆ। ਚਿਹਰੇ 'ਤੇ, ਥੋੜ੍ਹਾ ਜਿਹਾ ਹੀ ਸਹੀ, ਕੇਕ ਲਾਉਣ ਦੀ ਆਗਿਆ ਲਈ ਗਈ। ਸਭ ਤੋਂ ਨੇੜੇ ਦੇ ਚਮਚਿਆਂ ਵਿੱਚੋਂ, ਦੋ ਨੇ ਉਂਗਲ ਨਾਲ ਸਾਹਬ ਦੇ ਚਿਹਰੇ 'ਤੇ ਥੋੜ੍ਹਾ ਜਿਹਾ ਕੇਕ ਲਾ ਕੇ ਰਸਮ ਅਦਾ ਕੀਤੀ। ਸਾਰਿਆਂ ਨੇ ਦੰਦ ਕੱਢ ਕੇ ਕਰੋੜਾਂ ਵਾਰ ਬੌਸ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਸਾਲ ਜਿਨ੍ਹਾਂ-ਜਿਨ੍ਹਾਂ ਦੀ ਪਰੋਮੋਸ਼ਨ ਹੋਣੀ ਸੀ, ਉਨ੍ਹਾਂ ਦਾ ਜੋਸ਼ ਤਾਂ ਚਰਮ ਸੀਮਾ 'ਤੇ ਸੀ। ਕਿਉਂਕਿ ਪਰੋਮੋਸ਼ਨ ਲਈ ਆਸਾਮੀਆਂ ਘੱਟ ਸਨ ਤੇ ਪ੍ਰਤੀਯੋਗੀ ਵੱਧ ਸਨ, ਇਸ ਲਈ ਸਾਰੇ ਆਪੋ-ਆਪਣੇ ਢੰਗ ਨਾਲ ਬੌਸ ਨੂੰ ਪ੍ਰਭਾਵਿਤ ਕਰ ਰਹੇ ਸਨ। ਸਾਰੇ ਆਪੋ ਆਪਣੇ ਹੋਮਵਰਕ ਦੇ ਹਿਸਾਬ ਨਾਲ ਲੱਗੇ ਹੋਏ ਸਨ।

ਇੱਕ ਨੇ ਅੰਤ ਵਿਚ ਬੋਲਣਾ ਸ਼ੁਰੂ ਕੀਤਾ, "ਸਰ, ਅੱਜ ਤੁਹਾਡਾ ਅਵਤਾਰ ਦਿਵਸ ਹੈ। ਧੰਨ ਹਨ ਤੁਹਾਡੇ ਮਾਤਾ ਪਿਤਾ, ਜਿਨ੍ਹਾਂ ਨੇ ਤੁਹਾਡੇ ਵਰਗੀ ਮਹਾਨ ਸ਼ਖ਼ਸੀਅਤ ਨੂੰ ਜਨਮ ਦਿੱਤਾ। ਸਰ, ਤੁਸੀਂ ਜ਼ਿਲ੍ਹਾ, ਰਾਜ ਅਤੇ ਦੇਸ਼ ਦਾ ਬਹੁਤ ਨਾਂ ਰੌਸ਼ਨ ਕੀਤਾ ਹੈ। ਅਸੀਂ ਇਸ ਸੰਸਥਾ ਦੇ ਕਰਮਚਾਰੀ ਹੋਣ ਨਾਲੋਂ ਵੱਧ ਇਸ ਕਰਕੇ ਪਹਿਚਾਣੇ ਜਾਂਦੇ ਹਾਂ ਕਿ ਅਸੀਂ ਤੁਹਾਡੇ ਮਾਤਹਿਤ ਹਾਂ। ਸਰ, ਇਸ ਮਹਾਨ ਸੰਸਥਾ ਦਾ ਹਰ ਕਰਮਚਾਰੀ ਤੁਹਾਡਾ ਕਰਜ਼ਦਾਰ ਹੈ ਕਿ ਤੁਸੀਂ ਇਸ ਸੰਸਥਾ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ। ਅੱਜ ਤੁਹਾਡਾ ਨਾਂ ਇਸ ਸੰਸਥਾ ਦਾ ਪਰਿਆਇ ਬਣ ਗਿਆ ਹੈ। ਤੁਸੀਂ ਨਾ ਆਉਂਦੇ ਤਾਂ ਇਸ ਸੰਸਥਾ ਨੂੰ ਕੋਈ ਨਾ ਜਾਣਦਾ। ਤੁਸੀਂ ਇਸ ਸੰਸਥਾ ਦੇ ਕਣ-ਕਣ ਵਿਚ ਬਿਰਾਜਮਾਨ ਹੋ! ਜੇ ਮੇਰੇ ਵਿਚ ਤਾਕਤ ਹੁੰਦੀ ਤਾਂ ਮੈਂ ਹਨੂੰਮਾਨ ਵਾਂਗ ਆਪਣਾ ਸੀਨਾ ਚੀਰ ਕੇ ਵਿਖਾ ਦਿੰਦਾ ਕਿ ਤੁਸੀਂ ਮੇਰੇ ਦਿਲ ਵਿਚ ਵੱਸੇ ਹੋਏ ਹੋ!"

ਇੰਨਾ ਕਹਿ ਕੇ ਉਹਨੇ ਕੇਕ ਦਾ ਟੁਕੜਾ ਬੌਸ ਦੇ ਚਰਨਾਂ ਵਿਚ ਅਰਪਿਤ ਕੀਤਾ ਤੇ ਡੰਡਾਉਤ ਲੇਟ ਗਿਆ। ਸਾਹਬ ਗਦਗਦ ਹੋ ਉਠੇ ਅਤੇ ਸਾਰੇ ਕਰਮਚਾਰੀ ਭਾਵੁਕ ਹੋਣ ਦਾ ਵਿਖਾਵਾ ਕਰਨ ਲੱਗੇ। ਲੱਗਦਾ ਸੀ ਜਿਵੇਂ ਭਰਤ-ਮਿਲਾਪ ਹੋ ਰਿਹਾ ਹੋਵੇ! ਬੰਦੇ ਨੇ ਬਾਜ਼ੀ ਮਾਰ ਲਈ ਸੀ। ਸਾਹਬ ਨੇ ਉਹਨੂੰ ਆਪਣੇ ਚਰਨਾਂ ਤੋਂ ਉਠਾਇਆ ਅਤੇ ਗਲ ਨਾਲ ਲਾ ਲਿਆ। ਉਨ੍ਹਾਂ ਨੇ ਕਿਹਾ, "ਤੇਰੀ ਥਾਂ ਮੇਰੇ ਦਿਲ ਵਿਚ ਹੈ। ਇਸ ਸੰਸਥਾ ਨੂੰ ਤੇਰੇ ਵਰਗੇ ਹੋਣਹਾਰ ਨੇ ਆਪਣਾ ਸਭ ਕੁਝ ਅਰਪਿਤ ਕਰ ਦਿੱਤਾ ਹੈ।" ਸਾਹਬ ਖੁਸ਼ ਸਨ। ਪਰੋਮੋਸ਼ਨ ਦਾ ਨਤੀਜਾ ਤੈਅ ਹੋ ਚੁੱਕਾ ਸੀ।

# ਭਾਰਤ ਦਾ ਪਹਿਲਾ ਉਲੰਪੀਅਨ-ਬ੍ਰਿਗੇਡੀਅਰ ਲਾਭ ਸਿੰਘ

**ਵਿਸ਼ਵ ਦੇ ਮਹਾਨ ਖਿਡਾਰੀ**



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਬ੍ਰਿਗੇਡੀਅਰ ਲਾਭ ਸਿੰਘ ਪੰਜਾਬ ਦਾ ਹੀਰਾ ਹਿਰਨ ਹੈ। ਟ੍ਰਿਪਲ ਜੰਪ ਦਾ ਓਲੰਪੀਅਨ। ਸਿੱਖਾਂ ਦਾ ਫ਼ਖ਼ਰੇ ਕੌਮ ਤੇ ਭਾਰਤ ਦਾ ਧਿਆਨ ਚੰਦ ਅਵਾਰਡੀ। ਪਿੰਡ ਸੰਦੌੜ ਦੇ ਮੌੜ ਲਾਣੇ ਦਾ ਮਘਦਾ ਸੂਰਜ। ਬਹਾਦਰੀ ਦੇ ਫੌਜੀ ਤਗ਼ਮੇ ਤੇ ਏਸ਼ਿਆਈ ਖੇਡਾਂ 'ਚੋਂ 3 ਮੈਡਲ ਜਿੱਤਣ ਵਾਲਾ ਅਲੋਕਾਰ ਅਥਲੀਟ। ਸਿਰੜੀ, ਸਿਦਕੀ ਤੇ ਮਿਹਨਤੀ ਮੁਸ਼ੱਕਤੀ। ਖੇਡਾਂ ਦਾ ਧੰਨਾ ਜੱਟ। ਸੋਹਣਾ ਸੁਨੱਖਾ ਤੇ ਸਿਆਣਾ-ਬਿਆਣਾ। 1965 ਤੇ 71 ਦੀਆਂ ਭਾਰਤ-ਪਾਕਿ ਜੰਗਾਂ ਦਾ ਜੁਝਾਰੂ ਸੂਰਮਾ। ਉਹ ਆਜ਼ਾਦ ਭਾਰਤ ਦਾ ਪਹਿਲਾ ਓਲੰਪੀਅਨ ਬ੍ਰਿਗੇਡੀਅਰ ਅਫ਼ਸਰ ਹੈ। ਬ੍ਰਿਟਿਸ਼ ਇੰਡੀਆ ਦਾ ਪਹਿਲਾ ਓਲੰਪੀਅਨ ਬ੍ਰਿਗੇਡੀਅਰ ਦਲੀਪ ਸਿੰਘ ਸੀ।

ਉਸ ਨੇ ਆਪਣੇ ਪਿੰਡ ਦੇ ਸਕੂਲ 'ਚ ਪੜ੍ਹਦਿਆਂ 15-16 ਸਾਲ ਦੀ ਉਮਰੇ ਪਹਿਲੀ ਛਾਲ ਨਾਲ ਹੀ ਪੰਜਾਬ ਸਕੂਲਾਂ ਦਾ ਰਿਕਾਰਡ ਤੋੜ ਦਿੱਤਾ ਸੀ! ਉਹ ਕੁਝ ਵੀ ਕਰ ਸਕਦਾ ਸੀ ਜੇ ਉਸ ਨੂੰ ਬਚਪਨ ਤੋਂ ਕਿਸੇ ਮਾਹਿਰ ਕੋਚ ਦੀ ਕੋਚਿੰਗ ਮਿਲੀ ਹੁੰਦੀ। ਫਿਰ ਵੀ ਦਰਮਿਆਨੇ ਕੱਦ-ਕਾਠ ਨਾਲ ਉਸ ਨੇ ਜੋ ਪ੍ਰਾਪਤੀਆਂ ਕੀਤੀਆਂ ਉਹ ਲਾਮਿਸਾਲ ਹਨ। ਉਹਦੀ ਬਹੁਪੱਖੀ ਪ੍ਰਤਿਭਾ ਉਹਦੇ ਜੁੱਸੇ 'ਚ ਹੀ ਨਹੀਂ ਉਹਦੇ ਦਿਲ ਦਿਮਾਗ ਤੇ ਮਨ ਮਸਤਕ ਵਿਚ ਵੀ ਸਮਾਈ ਹੋਈ ਸੀ। ਉਹਦੀ ਸਵੈ-ਜੀਵਨੀ ਵਰਗੀ ਜੀਵਨੀ 'ਬ੍ਰਿਗੇਡੀਅਰ ਲਾਭ ਸਿੰਘ ਉਲੰਪੀਅਨ' ਕਮਾਲ ਦੀ ਪੁਸਤਕ ਹੈ ਜੋ ਪੰਜਾਬੀ ਖੇਡ ਸਾਹਿਤ ਦਾ ਮਾਣ ਹੈ।

ਲਾਭ ਸਿੰਘ ਨੇ ਨਿੱਕੇ ਹੁੰਦਿਆਂ ਸੰਦੌੜ ਦੇ ਟਿੱਬਿਆਂ 'ਤੇ ਮਿਰਗਾਂ ਦੀਆਂ ਡਾਰਾਂ ਛਾਲਾਂ ਮਾਰਦੀਆਂ ਤੱਕੀਆਂ ਸਨ ਜਿਨ੍ਹਾਂ ਨੂੰ ਵੇਖ ਕੇ ਉਹਦਾ ਮਨ ਵੀ ਛਾਲਾਂ ਮਾਰਨ ਲਈ ਮਚਲਣ ਲੱਗ ਪਿਆ ਸੀ। ਉਹ ਜੇਠ ਹਾੜ੍ਹ ਦੇ ਤਪਦੇ ਦਿਨਾਂ 'ਚ ਵੀ ਰੇਤਲੇ ਰਾਹਾਂ ਤੇ ਉੱਚੇ ਟਿੱਬਿਆਂ 'ਤੇ ਛਾਲਾਂ ਮਾਰਦਾ ਫਿਰਦਾ। ਕਦੇ ਏਧਰ ਭੱਜਦਾ ਕਦੇ ਓਧਰ। ਕਦੇ ਖੜ੍ਹਾ ਖੜੋਤਾ ਹੀ ਟੱਪੀ ਜਾਂਦਾ ਜਿਵੇਂ ਪੈਰਾਂ ਹੇਠ ਅੱਗ ਮੱਚਦੀ ਹੋਵੇ। ਵੇਖਣ ਵਾਲੇ ਉਹਦੇ ਘਰਦਿਆਂ ਨੂੰ ਆਖਦੇ, 'ਭਾਈ ਮੁੰਡਾ ਸੰਭਾਲ ਲਓ, ਇਹਨੂੰ 'ਕਸਰ' ਹੋਈ ਲੱਗਦੀ ਐ! ਅਸੀਂ ਇਹਨੂੰ ਟਿੱਬਿਆਂ 'ਤੇ ਟਪੂਸੀਆਂ ਮਾਰਦਾ ਦੇਖਿਐ। ਕਦੇ ਟਿੱਬੇ 'ਤੇ 'ਤਾਂਹ ਚੜ੍ਹ ਜਾਂਦਾ, ਕਦੇ ਹਿਰਨਾਂ ਅੰਗੂੰ ਛਾਲਾਂ ਮਾਰਨ ਲੱਗ ਜਾਂਦੈ!'

ਘਰ ਦੇ ਉਸ ਨੂੰ ਸਾਧੂਆਂ-ਸੰਤਾਂ ਕੋਲ ਲਿਜਾਂਦੇ, ਮੰਨਤਾਂ ਮੰਨਦੇ, ਧਾਗੇ ਤਵੀਤ ਕਰਾਉਂਦੇ ਪਰ ਉਹ ਫੇਰ ਟਿੱਬਿਆਂ 'ਤੇ ਚੜ੍ਹ ਜਾਂਦਾ। ਉਦੋਂ ਕਿਸੇ ਦੇ ਖ਼ਾਬ ਖ਼ਿਆਲ 'ਚ ਵੀ ਨਹੀਂ ਹੋਣਾ ਕਿ 'ਕਸਰਿਆ' ਹੋਇਆ ਇਹ ਕਾਕਾ ਆਉਂਦੇ ਦਿਨਾਂ 'ਚ ਏਸ਼ਿਆਈ ਖੇਡਾਂ ਦੇ ਜਿੱਤ-ਮੰਚਾਂ 'ਤੇ ਚੜ੍ਹੇਗਾ। ਛਾਲਾਂ ਦਾ ਓਲੰਪੀਅਨ ਤੇ ਫੌਜ ਦਾ ਬ੍ਰਿਗੇਡੀਅਰ ਅਫ਼ਸਰ ਬਣੇਗਾ। ਜੇ ਕਿਤੇ ਉਹ ਦੋ-ਚਾਰ ਸਾਲ ਪਹਿਲਾਂ ਫੌਜ 'ਚ ਭਰਤੀ ਹੋ ਜਾਂਦਾ ਤਾਂ ਸੰਭਵ ਸੀ ਭਾਰਤੀ ਫੌਜ ਦੇ ਜਰਨੈਲ ਵਜੋਂ ਰਿਟਾਇਰ ਹੁੰਦਾ। ਛੋਟੀ ਉਮਰ ਤੋਂ ਸਾਇੰਟੇਫਿਕ ਕੋਚਿੰਗ ਮਿਲਣ ਲੱਗ ਜਾਂਦੀ ਤਾਂ ਪਤਾ ਨਹੀਂ ਓਲੰਪਿਕ ਖੇਡਾਂ ਦੇ ਕਿੰਨੇ ਮੈਡਲ ਜਿੱਤਦਾ!

ਉਸ ਨੇ ਲਿਖਿਆ: ਮੈਂ ਮਲੇਰਕੋਟਲੇ ਨੇੜੇ ਪਛੜੇ ਇਲਾਕੇ ਦੇ ਪਿੰਡ ਸੰਦੌੜ ਵਿਚ 12 ਫਰਵਰੀ 1940 ਬਸੰਤ ਪੰਚਵੀਂ ਦੇ ਦਿਨ ਪੈਦਾ ਹੋਇਆ। ਉਸ ਸਮੇਂ ਮੇਰਾ ਪਿੰਡ ਉੱਚੇ-ਉੱਚੇ ਰੇਤਲੇ ਟਿੱਬਿਆਂ ਨਾਲ ਚਾਰੇ ਪਾਸਿਆਂ ਤੋਂ ਘਿਰਿਆ ਹੋਇਆ ਸੀ। ਪਿੰਡ ਫਰਵਾਲੀ ਭਾਈ ਮੂਲੇ ਦਾ ਗਾਜਰਾਂ-ਪੱਟ ਮੇਲਾ ਲੱਗਦਾ। ਢੋਲ ਨਗਾਰੇ ਵੱਜਦੇ। ਅਖਾੜਿਆਂ 'ਚ ਗਭਰੂ ਡੰਡ ਬੈਠਕਾਂ ਮਾਰਨ ਆ ਲੱਗਦੇ। ਛਿੰਝਾਂ ਪੈਂਦੀਆਂ, ਪੰਜਗਰਾਈਆਂ ਦਾ ਸ਼ੇਰਾ ਪਿੰਡੇ 'ਤੇ ਤੇਲ ਮਲ਼ਦਾ। ਪਿੰਡਾ ਲਿਸ਼ਕਾਂ ਮਾਰਨ ਲੱਗਦਾ। ਝੰਡੀ ਚੁੱਕ ਕੇ ਅਖਾੜੇ 'ਚ ਗੇੜਾ ਦਿੰਦਾ। ਬਾਜ਼ੀਗਰ ਬਾਜ਼ੀਆਂ ਦੇ ਕਰਤਬ ਦਿਖਾਉਂਦੇ...। ਮੈਂ ਦਸਵੀਂ ਦਾ ਵਿਦਿਆਰਥੀ ਸਾਂ। ਸਰਕਾਰੀ ਹਾਈ ਸਕੂਲ ਸੰਦੌੜ ਨਵਾਂ ਹੋਂਦ 'ਚ ਆਇਆ ਸੀ। ਪੀਟੀਆਈ ਹਰਭਜਨ ਸਿੰਘ ਨੇ ਨਵੇਂ ਈਵੈਂਟ, ਹੌਪ ਸਟੈੱਪ ਐਂਡ ਜੰਪ ਦੀ ਖਿਡਾਰੀਆਂ ਨੂੰ ਜਾਣਕਾਰੀ ਦਿੱਤੀ। ਕਈ ਦਿਨ ਮੈਂ ਇਸ ਨਵੇਂ ਈਵੈਂਟ ਬਾਰੇ ਆਪਣੇ ਮਨ 'ਚ ਸੋਚਦਾ ਰਿਹਾ। ਦ੍ਰਿੜ ਇਰਾਦਾ ਕਰ ਲਿਆ ਕਿ ਇਸ ਵਿਚ ਜਿੱਤ ਹਾਸਲ ਕਰਨੀ ਹੈ...। ਮੇਰੀ ਜੰਪ ਕਰਨ ਦੀ ਵਾਰੀ ਆਈ। ਤਾੜੀਆਂ ਦੀ ਗੂੰਜ ਵਿਚ ਮੈਂ ਪਹਿਲੇ ਨੰਬਰ 'ਤੇ ਛਾਲ ਮਾਰ ਵਿਖਾਈ। ਛਾਲ ਮਾਪਣ ਲਈ ਫੀਤੇ ਦੀ ਵਰਤੋਂ ਕੀਤੀ ਤਾਂ ਮੇਰੀ ਛਾਲ ਸਕੂਲ ਦੇ ਸਾਰੇ ਖਿਡਾਰੀਆਂ ਨਾਲੋਂ 10 ਫੁੱਟ ਅੱਗੇ ਸੀ। ਇਉਂ ਮੈਂ ਪਹਿਲੀ ਛਾਲ ਨਾਲ ਹੀ ਪੰਜਾਬ ਸਕੂਲਾਂ ਦਾ ਰਿਕਾਰਡ ਤੋੜ ਦਿੱਤਾ। ਉਦੋਂ ਮੈਂ ਨੰਗੇ ਪੈਰੀਂ ਛਾਲ ਮਾਰੀ ਸੀ।

ਲਾਭ ਸਿੰਘ ਦੱਸਦਾ ਹੈ ਕਿ ਉਹ ਤੇ ਅਜਮੇਰ ਸਿੰਘ ਸਰਕਾਰੀ ਕਾਲਜ ਮਲੇਰਕੋਟਲੇ ਪੜ੍ਹਨ ਪਿੱਛੋਂ ਜਦੋਂ ਸਰੀਰਕ ਸਿੱਖਿਆ ਕਾਲਜ ਗਵਾਲੀਅਰ ਵਿਚ ਪੜ੍ਹਦੇ ਸੀ ਤਾਂ 1960 'ਚ ਰੋਮ ਦੀਆਂ ਓਲੰਪਿਕ ਖੇਡਾਂ ਦੀ ਕੁਮੈਂਟਰੀ ਸੁਣੀ। ਉਸ ਵਿਚ 'ਮਿਲਖਾ ਮਿਲਖਾ' ਹੋ ਰਹੀ ਸੀ। ਅਸੀਂ ਕੁਮੈਂਟਰੀ ਸੁਣ ਕੇ ਤਹੱਈਆ ਕਰ ਲਿਆ ਕਿ ਚਾਰ ਸਾਲਾਂ ਬਾਅਦ ਆਪਾਂ ਵੀ ਮਿਲਖਾ ਸਿੰਘ ਵਾਂਗ ਟੋਕੀਓ ਦੀਆਂ ਓਲੰਪਿਕ ਖੇਡਾਂ 'ਚ ਚੱਲਾਂਗੇ। ਦ੍ਰਿੜ ਇਰਾਦੇ ਤੇ ਕਠਨ ਮਿਹਨਤ ਨਾਲ ਅਸੀਂ ਸੱਚਮੁੱਚ ਟੋਕੀਓ ਓਲੰਪਿਕਸ ਵਿਚ ਗਏ। ਐਸਾ ਕੁੱਝ ਵੀ ਨਹੀਂ ਜੋ ਬੰਦਾ ਕਰ ਨਹੀਂ ਸਕਦਾ। ਹਿੰਮਤ ਤੇ ਮਿਹਨਤ ਨਾਲ ਸਭ ਕੁੱਝ ਕੀਤਾ ਜਾ ਸਕਦੈ। ਓਲੰਪੀਅਨ ਲਾਭ ਸਿੰਘ ਦੀ ਪੁਸਤਕ ਹਿੰਮਤੀ ਗੱਲਾਂ ਨਾਲ ਭਰੀ ਪਈ ਹੈ। ਓਲੰਪਿਕ ਖੇਡਾਂ ਦੇ 'ਉਡਣੇ ਬਾਜ' ਪਦਮ ਸ਼੍ਰੀ ਗੁਰਬਚਨ ਸਿੰਘ ਨੇ ਲਿਖਿਆ, 'ਜੇਕਰ ਲਾਭ ਸਿੰਘ ਦੀ ਸਮਰੱਥਾ ਅਤੇ ਗੁਣਾਂ ਅਨੁਕੂਲ ਉਸ ਨਾਲ ਵਿਹਾਰ ਕੀਤਾ ਜਾਂਦਾ ਤਾਂ ਉਹ ਜੰਪਾਂ ਦਾ ਓਲੰਪਿਕ ਤੇ ਵਿਸ਼ਵ ਰਿਕਾਰਡ ਰੱਖ ਸਕਦਾ ਸੀ।'

ਫਿਰ ਵੀ ਲਾਭ ਸਿੰਘ ਨੇ ਏਸ਼ਿਆਈ ਖੇਡਾਂ 'ਚੋਂ 1 ਚਾਂਦੀ ਤੇ 2 ਤਾਂਬੇ ਦੇ ਤਗ਼ਮੇ ਜਿੱਤੇ। ਉਸ ਨੇ ਟੋਕੀਓ ਦੀਆਂ ਓਲੰਪਿਕ ਖੇਡਾਂ-1964 ਵਿਚ ਭਾਗ ਲਿਆ। 1964 ਤੋਂ 72 ਤਕ ਉਹ ਕਈ ਵਾਰ ਹੌਪ ਸਟੈੱਪ ਐਂਡ ਜੰਪ ਤੇ ਲੰਮੀ ਛਾਲ ਦਾ ਨੈਸ਼ਨਲ ਚੈਂਪੀਅਨ ਬਣਿਆ। ਉਹਦੀ ਪਹਿਲੀ ਚੜ੍ਹਤ 1962-63 ਵਿਚ ਚੰਡੀਗੜ੍ਹ ਵਿਖੇ ਅੰਤਰ-ਯੂਨੀਵਰਸਿਟੀ ਅਥਲੈਟਿਕ ਮੀਟ 'ਚ ਹੋਈ ਸੀ। ਜਨਵਰੀ ਦੀ ਠਾਰੀ ਵਿਚ ਉਸ ਨੇ ਟ੍ਰਿਪਲ ਜੰਪ ਲਾਉਣ 'ਚ 15 ਸਾਲ ਪਹਿਲਾਂ ਦਾ ਇੰਟਰਵਰਸਿਟੀ ਰਿਕਾਰਡ ਤੋੜ ਦਿੱਤਾ ਤੇ 50 ਫੁੱਟੀ ਛਾਲ ਲਾ ਕੇ ਆਪਣਾ ਸੰਭਾਵਨਾਵਾਂ ਭਰਪੂਰ ਖੇਡ ਜੀਵਨ ਸ਼ੁਰੂ ਕੀਤਾ। 1966 'ਚ ਉਸ ਨੇ ਬੈਂਕਾਕ ਦੀਆਂ ਏਸ਼ਿਆਈ ਖੇਡਾਂ 'ਚੋਂ 15.49 ਮੀਟਰ ਤੀਹਰੀ ਛਾਲ ਲਾ ਕੇ ਤਾਂਬੇ ਦਾ ਤਗਮਾ ਤੇ 1970 ਦੀਆਂ ਏਸ਼ਿਆਈ ਖੇਡਾਂ 'ਚੋਂ 15.82 ਮੀਟਰ ਛਾਲ ਲਾ ਕੇ ਚਾਂਦੀ ਦਾ ਤਗਮਾ ਜਿੱਤਿਆ। ਉਥੇ ਉਸ ਨੇ 7.45 ਮੀਟਰ ਲੰਮੀ ਛਾਲ ਲਾ ਕੇ ਤਾਂਬੇ ਦਾ ਇੱਕ ਹੋਰ ਤਗ਼ਮਾ ਵੀ ਜਿੱਤ ਲਿਆ।

ਮੈਂ ਉਸ ਨੂੰ ਪਹਿਲੀ ਵਾਰ ਪਟਿਆਲੇ ਐੱਨ ਆਈ ਐੱਸ ਵਿਚ ਲੱਗੇ ਚੋਣਵੇਂ ਅਥਲੀਟਾਂ ਦੇ ਕੋਚਿੰਗ ਕੈਂਪ 'ਚ ਮਿਲਿਆ ਸਾਂ। ਮਈ 1966 'ਚ ਉਨ੍ਹਾਂ ਅਥਲੀਟਾਂ ਨੂੰ ਨੇੜਿਓਂ ਜਾਣਨ ਲਈ ਮੈਂ ਉਨ੍ਹਾਂ ਦੇ ਕੋਚਿੰਗ ਕੈਂਪ ਵਿਚ ਰਿਹਾ। ਉਹ ਕੈਂਪ ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ ਵਾਸਤੇ ਭਾਰਤੀ ਟੀਮ ਚੁਣਨ ਲਈ ਲੱਗਾ ਸੀ। ਸਵੇਰ ਸ਼ਾਮ ਮੈਂ ਉਨ੍ਹਾਂ ਨੂੰ ਪ੍ਰੈਕਟਿਸ ਕਰਦੇ ਵੇਖਣਾ ਤੇ ਦਿਨੇ ਉਨ੍ਹਾਂ ਦੀ ਚੂੰਝ ਚਰਚਾ ਸੁਣਨੀ। ਲਾਭ ਸਿੰਘ ਉਦੋਂ ਫੌਜ 'ਚ ਲੈਫਟੀਨੈਂਟ ਬਣ ਗਿਆ ਸੀ। ਬਹੁਤੇ ਅਥਲੀਟ ਗਰਮੀ ਦੀ ਰੁੱਤ ਕਰਕੇ ਕੇਵਲ ਕੱਛੇ ਪਾਈ ਮੰਜਿਆਂ 'ਤੇ ਬੈਠੇ ਜਾਂ ਪਏ ਹੁੰਦੇ ਪਰ ਲਾਭ ਸਿੰਘ ਪਤਲਾ ਜਿਹਾ ਗਾਊਨ ਪਾਈ ਰੱਖਦਾ। ਉਹ




ਤੇ ਉਹਦਾ ਜਿਗਰੀ ਦੋਸਤ ਅਜਮੇਰ ਸਿੰਘ ਇਕੋ ਕਮਰੇ 'ਚ ਰਹਿੰਦੇ ਸਨ।

ਇਕ ਦਿਨ ਲਾਭ ਸਿੰਘ, ਗੋਲ਼ਾ ਸੁੱਟਣ ਵਾਲੇ ਜੋਗਿੰਦਰ ਜੋਗੀ ਹੋਰਾਂ ਦੇ ਕਮਰੇ 'ਚ ਠੰਢਾ ਪਾਣੀ ਪੀਣ ਆਇਆ ਤਾਂ ਮੈਂ ਉਥੇ ਹੀ ਸਾਂ। ਲਾਭ ਸਿੰਘ ਨਾਲ ਇੰਟਰਵਿਊ ਕਰਨ ਲਈ ਮੈਂ ਕਾਪੀ ਕੱਢ ਲਈ। ਉਹ ਗਾਊਨ ਪਾਈ ਸਟੂਲ 'ਤੇ ਬਹਿ ਗਿਆ ਤੇ 400 ਮੀਟਰ ਹਰਡਲਜ਼ ਦੌੜ ਦੇ ਨੈਸ਼ਨਲ ਚੈਂਪੀਅਨ ਲੈਫਟੀਨੈਂਟ ਬਲਵੰਤ ਸਿੰਘ ਨੂੰ ਕਹਿਣ ਲੱਗਾ, 'ਮੇਰੇ ਆਰ ਲੈਚੀ ਦੇਈਂ, ਮੈਂ ਵੀ ਇੰਟਰਵਿਊ ਦੇ ਲਵਾਂ।'

ਏਨੀ ਗੱਲ ਸੁਣਨ ਸਾਰ ਮੈਨੂੰ ਉਹ ਚੁੱਪ ਕੀਤਾ ਜਿਹਾ ਅਥਲੀਟ ਦਿਲਚਸਪ ਲੱਗਾ। ਅੱਗੋਂ ਹਰਡਲਰ ਬਲਵੰਤ ਨੇ ਕਿਹਾ, 'ਪਹਿਲਾਂ ਲੈਚੀ ਦੀ ਅੰਗਰੇਜ਼ੀ ਦੱਸ, ਫੇਰ ਲੈਚੀ ਦਿਆਂਗੇ।'

ਤਦੇ ਦੋ-ਤਿੰਨ ਅਥਲੀਟ ਉਥੇ ਹੋਰ ਆ ਗਏ। ਮੇਰੀ ਪੁੱਛ-ਗਿੱਛ ਦਾ ਜਦੋਂ ਉਹ ਉੱਤਰ ਦੇਣ ਲੱਗਦਾ ਤਾਂ ਜੋਗਿੰਦਰ ਜੋਗੀ, ਹੈਮਰ ਥਰੋਅਰ ਨਿਰਮਲ ਤੇ ਬਲਵੰਤ ਵਿੱਚੋਂ ਹੀ ਆਪਣੀ ਵਾਹ ਦਿੰਦੇ। ਮੈਂ ਲਾਭ ਸਿੰਘ ਤੋਂ ਉਹਦੇ ਕੱਦ ਤੇ ਭਾਰ ਬਾਰੇ ਪੁੱਛਿਆ ਤਾਂ ਉਹਨੇ ਕੱਦ ਪੰਜ ਫੁੱਟ ਸਵਾ ਅੱਠ ਇੰਚ ਤੇ ਭਾਰ 145 ਪੌਂਡ ਲਿਖਾਇਆ। ਸਾਢੇ ਛੇ ਫੁੱਟਾ ਗੋਲ਼ੇ ਦਾ ਸੁਟਾਵਾ ਜੋਗਿੰਦਰ ਕਹਿਣ ਲੱਗਾ, 'ਕਿਉਂ ਝੂਠ ਬੋਲਦਾਂ। ਕੱਦ ਤਾਂ ਤੇਰਾ ਪੌਣੇ ਅੱਠ ਇੰਚ ਆ, ਤੂੰ ਜੂੜੇ ਦਾ ਵੀ ਵਿਚੇ ਲਿਖਾਈ ਜਾਨੈਂ!'

ਮੈਂ ਉਹਦੀ ਖੁਰਾਕ ਪੁੱਛੀ ਤਾਂ ਉਸ ਨੇ ਦੁੱਧ, ਦਹੀਂ, ਆਂਡਿਆਂ ਤੇ ਮੀਟ ਦਾ ਨਾਂ ਲਿਆ। ਬਲਵੰਤ ਕਹਿਣ ਲੱਗਾ, 'ਖਿਚੜੀ ਵੀ ਲਿਖਾ ਦੇ, ਕੱਲ੍ਹ ਆਪਾਂ ਖਿਚੜੀ ਖਾਧੀ ਸੀ।' ਉਹ ਉਹਦੇ ਹਰੇਕ ਜਵਾਬ 'ਚ ਫਾਨਾ ਠੋਕੀ ਜਾਂਦੇ ਜੋ ਉਨ੍ਹਾਂ ਦਾ ਸ਼ੁਗਲ ਸੀ। ਲਾਭ ਸਿੰਘ ਦਾ ਚਿਹਰਾ ਸੂਤਵਾਂ ਸੀ, ਦਾੜ੍ਹੀ ਘੜੀ ਹੋਈ ਤੇ ਲੱਤਾਂ ਬਾਹਾਂ ਗੋਰੀਆਂ ਸਡੌਲ। ਦੌੜਦਿਆਂ ਉਹ ਤੈਰਦਾ ਲੱਗਦਾ ਸੀ। ਛਾਲ ਲਾਉਣ ਲਈ ਦੌੜਨ ਵੇਲੇ ਉਹ ਲੱਤ ਤਿੰਨ ਚਾਰ ਵਾਰ ਲਿਫਾ ਕੇ ਆਪਣੇ ਆਪ ਨੂੰ ਜੋਸ਼ 'ਚ ਲਿਆਉਂਦਾ। ਦੌੜਦਿਆਂ ਉਹਦੀ ਧੌਣ ਮੋਢਿਆਂ 'ਚ ਵੜੀ ਲੱਗਦੀ ਸੀ ਤੇ ਬਾਹਾਂ ਬਹੁਤ ਅੱਗੇ ਪਿੱਛੇ ਲਿਜਾਂਦਾ ਸੀ। ਮੁਕਾਬਲੇ ਦਾ ਚੀੜ੍ਹਾ ਸੀ। ਇਹੋ ਕਾਰਨ ਸੀ ਕਿ ਪ੍ਰੈਕਟਿਸ ਵਿਚ ਪਿੱਛੇ ਰਹਿਣ ਦੇ ਬਾਵਜੂਦ ਮੁਕਾਬਲੇ 'ਚ ਕਈ ਵਾਰ ਜਿੱਤ ਜਾਂਦਾ ਸੀ। ਉਹਦਾ ਰੰਗ ਗੋਰਾ ਗੁਲਾਬੀ, ਤੱਕਣੀ ਸੰਗਾਊ, ਮੁਸਕ੍ਰਾਊ ਤੇ ਆਵਾਜ਼ ਮੋਹਵੰਤੀ ਸੀ। 'ਮੇਰੇ ਆਰ' ਕਹਿਣ ਵਾਲੀ ਬੋਲੀ ਸੰਗਰੂਰੀ ਸੀ ਪਰ ਉਹ 'ਸੀ' ਨੂੰ 'ਤੀ' ਨਹੀਂ ਸੀ ਕਹਿੰਦਾ। ਗੱਲ ਬਾਤ ਸਮੇਂ ਉਹ ਕੰਨ ਅੱਗੇ ਕਰ ਕੇ ਅਗਲੇ ਦੀ ਗੱਲ ਗਹੁ ਨਾਲ ਸੁਣਦਾ ਤੇ ਸਿਹਲੀਆਂ ਚੜ੍ਹਾ ਕੇ ਹੈਰਾਨੀ ਪਰਗਟ ਕਰਦਾ!

ਜਦੋਂ ਮੈਂ ਉਸ ਤੋਂ ਓਲੰਪੀਅਨ ਅਥਲੀਟ ਬਣਨ ਦਾ ਪ੍ਰੇਰਨਾ ਸਰੋਤ ਪੁੱਛਿਆ ਤਾਂ ਉਹਦੇ ਜਵਾਬ ਤੋਂ ਪਹਿਲਾਂ ਹੀ ਨਿਰਮਲ ਆਖਣ ਲੱਗਾ, ਏਹਦਾ ਪ੍ਰੇਰਨਾ ਸਰੋਤ ਆ ਕੁੜੀਆਂ। ਜਿਥੇ ਖੜ੍ਹੀਆਂ ਹੋਣ, ਜਾਹ ਓਥੋਂ ਤਕ ਛਾਲ ਮਾਰਜੂ! ਜੋਗੀ ਨੇ ਓਦੂੰ ਵੀ 'ਗਾਂਹ ਦੀ ਗੱਲ ਕਰ ਦਿੱਤੀ ਅਖੇ ਆਪਾਂ ਨੂੰ ਤਾਂ ਬਈ ਓਹੀ ਗੁਲਾਬੀ ਚੁੰਨੀ ਵਾਲੀ ਆਖ ਦੇਵੇ, ਚੱਕ ਦੇ ਜੋਗੀਆ ਤਾਂ ਆਪਾਂ ਏਸ਼ੀਆ ਦਾ ਰਿਕਾਰਡ ਤੋੜ ਦੇਈਏ!

ਹੱਸਦੇ ਖੇਡਦੇ ਖਿਡਾਰੀਆਂ ਦੀ ਸੰਗਤ ਵਿਚ ਮੇਰੇ ਤਿੰਨ ਹਫ਼ਤੇ ਵੀ ਤੀਆਂ ਵਰਗੇ ਲੰਘੇ। ਆਖ਼ਰੀ ਦਿਨ ਕਾਮਨਵੈਲਥ ਖੇਡਾਂ ਲਈ ਚੋਣ ਟ੍ਰਾਇਲ ਹੋਏ ਤਾਂ ਲਾਭ ਸਿੰਘ ਦੀਆਂ ਪਹਿਲੀਆਂ 5 ਛਾਲਾਂ ਮਿਥੇ ਮਿਆਰ ਤੋਂ ਘੱਟ ਲੱਗੀਆਂ। ਉਹਦਾ ਦੋਸਤ ਅਜਮੇਰ ਸਿੰਘ ਪਹਿਲਾਂ ਹੀ ਮਿਥਿਆ ਮਿਆਰ ਪਾਰ ਕਰ ਕੇ ਭਾਰਤੀ ਟੀਮ ਵਿਚ ਆਪਣੀ ਥਾਂ ਬਣਾ ਚੁੱਕਾ ਸੀ। ਉਹ ਅਖਾੜੇ ਕੋਲ ਖੜ੍ਹਾ ਸੀ ਜਿਵੇਂ ਦੋਸਤ ਨੂੰ ਵੰਗਾਰ ਰਿਹਾ ਹੋਵੇ, 'ਮਿੱਤਰਾ, ਕੀ ਹੁਣ ਮੈਨੂੰ ਤੇਰੇ ਸਾਥ ਤੋਂ ਬਿਨਾਂ ਈ ਜਾਣਾ ਪਵੇਗਾ?'

ਲਾਭ ਸਿੰਘ ਰੋਹ ਵਿਚ 'ਦਿਸ ਵੇਅ ਆਰ ਦੈਟ ਵੇਅ' ਕਹਿ ਕੇ ਆਖ਼ਰੀ ਛਾਲ ਲਾਉਣ ਚੱਲ ਪਿਆ। ਛਾਲ ਲਈ ਦੋ ਵਾਰ ਦੌੜਨਾ ਸ਼ੁਰੂ ਕਰ ਕੇ ਪਿੱਛੇ ਮੁੜਿਆ। ਸ਼ਗਨ ਚੰਗਾ ਨਹੀਂ ਸੀ। ਆਖ਼ਰ ਜਦੋਂ ਉਸ ਨੇ ਆਖ਼ਰੀ ਛਾਲ ਲਾਈ ਤਾਂ ਮਿਥੇ ਮਿਆਰ ਤੋਂ ਸੂਤ ਭਰ ਪਿੱਛੇ ਰਹਿ ਗਈ। ਦੋਹਾਂ ਦੋਸਤਾਂ ਦੀਆਂ ਅੱਖਾਂ 'ਚ ਹੰਝੂ ਭਰ ਆਏ। ਫਿਰ ਵੀ ਸਪੈਸ਼ਲ ਕੇਸ ਵਜੋਂ ਉਸ ਨੂੰ ਟੀਮ 'ਚ ਪਾ ਲਿਆ ਗਿਆ ਪਰ ਜਾਣ ਵੇਲੇ ਪਿੱਛੇ ਛੱਡ ਦਿੱਤਾ ਗਿਆ। ਮਾੜੀ ਗੱਲ ਇਹ ਹੋਈ ਕਿ ਕਾਮਨਵੈਲਥ ਖੇਡਾਂ 'ਚ ਜਿਸ ਅਥਲੀਟ ਨੇ ਗੋਲਡ ਮੈਡਲ ਜਿੱਤਿਆ ਉਹਦੀ ਛਾਲ ਲਾਭ ਸਿੰਘ ਦੀ ਟਰਾਇਲਾਂ 'ਚ ਮਾਰੀ ਛਾਲ ਤੋਂ ਘੱਟ ਸੀ। ਇੰਜ ਉਹਦਾ ਗੋਲਡ ਮੈਡਲ ਮਾਰੇ ਜਾਣ ਨਾਲ ਭਾਰਤ ਦਾ ਗੋਲਡ ਮੈਡਲ ਵੀ ਮਾਰਿਆ ਗਿਆ!

ਮੈਕਸੀਕੋ-1968 ਦੀਆਂ ਓਲੰਪਿਕ ਖੇਡਾਂ ਵੇਲੇ ਵੀ ਉਹਦੇ ਨਾਲ ਅਜਿਹਾ ਹੀ ਹੋਇਆ। ਉਹ ਏਸ਼ੀਆ ਦਾ ਪਹਿਲਾ ਟ੍ਰਿਪਲ ਜੰਪਰ ਸੀ ਜਿਸ ਨੇ 16.04 ਮੀਟਰ ਦੇ ਨੈਸ਼ਨਲ ਰਿਕਾਰਡ ਨਾਲ ਏਸ਼ੀਆ ਦਾ ਰਿਕਾਰਡ ਵੀ ਤੋੜ ਦਿੱਤਾ ਸੀ ਪਰ ਉਸ ਨੂੰ ਓਲੰਪਿਕ ਖੇਡਾਂ 'ਚ ਨਾ ਲਿਜਾਇਆ ਗਿਆ। 1970 ਦੀਆਂ ਕਾਮਨਵੈਲਥ ਖੇਡਾਂ 'ਚ ਲਿਜਾਇਆ ਤਾਂ ਗਿਆ ਪਰ ਉਦੋਂ ਜਦੋਂ ਉਹ ਸਿਖਰ ਦੀ ਫਾਰਮ ਤੋਂ ਢਲ਼ ਚੁੱਕਾ ਸੀ। ਭਾਰਤ ਦੀ ਬਦਬਖ਼ਤੀ ਹੈ ਕਿ ਉਹ ਖੇਡਾਂ ਦੇ ਹੋਣਹਾਰ ਖਿਡਾਰੀਆਂ ਨੂੰ ਵਿਕਸਤ ਮੁਲਕਾਂ ਦੇ ਖਿਡਰੀਆਂ ਵਾਂਗ ਸੰਭਾਲ ਨਹੀਂ ਸਕਿਆ।

2018 'ਚ ਉਹਦੇ ਬਾਰੇ ਪੁਸਤਕ ਛਪੀ ਜੋ ਜੀਵਨੀ ਦੀ ਥਾਂ ਸਵੈ-ਜੀਵਨੀ ਕਹੀ ਜਾ ਸਕਦੀ ਹੈ। ਇਹ ਤੱਥ ਉਸ ਵਿਚਲੇ ਸਿਰਲੇਖਾਂ ਤੋਂ ਹੀ ਸਪੱਸ਼ਟ ਹੈ ਜਿਵੇਂ, ਮੇਰਾ ਪਿੰਡ ਮੇਰੇ ਲੋਕ, ਸਾਡਾ ਪਰਿਵਾਰ, ਮੇਰੀਆਂ ਖੇਡ ਪ੍ਰਾਪਤੀਆਂ ਦਾ ਵਿਸ਼ਲੇਸ਼ਣ ਤੇ ਮੇਰੀ ਖੇਡ ਰਿਪੋਰਟ ਆਦਿ। ਉਸ ਦੇ ਚਾਰ ਭਾਗ ਹਨ, ਮੁੱਢਲਾ ਜੀਵਨ, ਖੇਡ ਜੀਵਨ, ਫੌਜੀ ਜੀਵਨ ਤੇ ਰਿਟਾਇਰ ਜੀਵਨ। ਲਾਭ ਸਿੰਘ ਨੇ ਲਿਖਿਆ ਕਿ ਉਦੋਂ ਉਹ ਸੱਤ ਸਾਲਾਂ ਦਾ ਸੀ ਜਦੋਂ ਉਹਦਾ ਬਾਬਾ ਉਹਨੂੰ ਛਪਾਰ ਦੇ ਮੇਲੇ ਲੈ ਗਿਆ। ਉਸ ਨੂੰ ਖਰਚਣ ਲਈ ਇੱਕ ਆਨਾ ਮਿਲਿਆ ਜਿਸ ਨਾਲ ਉਸ ਨੇ ਸ਼ਾਹਮੁਖੀ ਅੱਖਰਾਂ ਵਾਲਾ ਜਪੁਜੀ ਸਾਹਿਬ ਖਰੀਦ ਲਿਆ। ਉਹ ਹਰ ਵੇਲੇ ਜਪੁਜੀ ਸਾਹਿਬ ਪੜ੍ਹਨ ਲੱਗਾ ਰਹਿੰਦਾ। ਪਿੰਡ ਵਾਲੇ ਕਹਿਣ ਲੱਗ ਪਏ ਸਨ ਕਿ ਕਿਸੇ ਦਿਨ ਸਿਰੇ ਦਾ ਸੰਤ ਬਣੂੰ।

ਉਹਦਾ ਬਾਬਾ ਗੁੱਜਰ ਸਿੰਘ 'ਮੌੜ' ਇਲਾਕੇ ਦਾ ਮੋਹਤਵਰ ਬੰਦਾ ਸੀ। ਉਹਦਾ ਕੱਦ-ਕਾਠ ਛੇ ਫੁੱਟ ਉੱਚਾ ਸੀ ਜੋ ਚੜ੍ਹਦੀ ਉਮਰੇ ਭਲਵਾਨੀ ਕਰਦਾ ਰਿਹਾ ਸੀ। ਉਹ 106 ਸਾਲਾਂ ਦੀ ਲੰਮੀ ਜ਼ਿੰਦਗੀ ਜਿਉਂ ਕੇ ਜਹਾਨ ਤੋਂ ਰੁਖ਼ਸਤ ਹੋਇਆ। ਉਹਦਾ ਬਾਪ ਬਖਸ਼ੀਸ਼ ਸਿੰਘ ਫੱਕਰ ਬੰਦਾ ਸੀ। ਉਹ 104 ਸਾਲ ਜੀਵਿਆ ਤੇ ਇਲਾਕੇ ਦਾ ਅਗਾਂਹਵਧੂ ਕਿਸਾਨ ਕਿਹਾ ਜਾਂਦਾ ਰਿਹਾ। ਉਨ੍ਹਾਂ ਦਾ ਗੋਤ ਤਾਂ ਕਹਿਲ ਹੈ ਪਰ ਪਿੰਡ 'ਚ ਉਨ੍ਹਾਂ ਦੀ ਪਛਾਣ 'ਮੌੜਾਂ ਦਾ ਲਾਣਾ' ਕਰਕੇ ਹੈ।

ਲਾਭ ਸਿੰਘ ਦੁਨੀਆਦਾਰੀ ਦੀਆਂ ਸੱਚੀਆਂ ਵੀ ਸੁਣਾਉਂਦੈ: ਪਸ਼ੂ ਬੰਦੇ ਦਾ ਹੀ ਦੂਜਾ ਰੂਪ ਹੁੰਦੇ ਨੇ। ਦਿਲਾਂ ਦੀਆਂ ਜਾਣਦੇ ਨੇ ਬਈ ਕੌਣ ਕੀ ਕਰਦੈ? ਪਸ਼ੂਆਂ ਨੂੰ, ਕੁੱਤਿਆਂ ਬਿੱਲਿਆਂ ਨੂੰ, ਖ਼ਰਗੋਸ਼ਾਂ ਨੂੰ, ਕੱਟਰੂਆਂ ਨੂੰ ਜਿੰਨਾ ਪਿਆਰ ਕਰੋਗੇ ਉਹ ਤੁਹਾਡੇ ਓਦੂੰ ਵੱਧ ਵਫ਼ਾਦਾਰ ਹੋਣਗੇ। ਇਹ ਗੁਣ ਗਧਿਆਂ 'ਚ ਤੇ ਸੂਰਾਂ 'ਚ ਸਭ ਤੋਂ ਵੱਧ ਹੈ। ਗਧੇ ਸਾਰਾ ਦਿਨ ਆਪਣੇ ਮਾਲਕ ਲਈ ਪਿੱਠ 'ਤੇ ਇੱਟਾਂ ਢੋਂਦੇ ਨੇ। ਫੇਰ ਵੀ ਮਾਲਕ ਨੂੰ ਛੱਡ ਕੇ ਕਿਤੇ ਨੀ ਜਾਂਦੇ। ਰੂੜੀਆਂ 'ਤੇ ਤੁਰ ਫਿਰ ਕੇ ਘਾਹ ਫੂਸ ਨਾਲ ਢਿੱਡ ਭਰ ਲੈਂਦੇ ਨੇ। ਪਰ ਬੰਦੇ 'ਚ ਇਹ ਲੱਛਣ ਮੌਜੂਦ ਨਹੀਂ ਰਹੇ। ਬੰਦਾ ਤਾਂ ਪੂਰਾ ਅਕ੍ਰਿਤਘਣ ਹੋ ਗਿਆ। ਜਿਹੜਾ ਉਹਦਾ ਭਲ਼ਾ ਕਰਦਾ, ਉਹ ਉਹਦਾ ਈ ਬੁਰਾ ਕਰਦਾ। ਬੰਦਾ, ਬੰਦਾ ਨਹੀਂ ਰਿਹਾ, ਪ੍ਰੇਤ ਬਣ ਗਿਐ। ਜਿੰਨਾ ਚਿਰ ਖ਼ੂੰਨ ਪੀਣ ਨੂੰ ਮਿਲੀ ਜਾਂਦੈ, ਸਾਥ ਨੀ ਛਡਦਾ। ਖ਼ੂੰਨ ਨਿਚੋੜ ਕੇ ਚਲਦਾ ਬਣਦਾ...।

ਉਹ ਫੌਜ 'ਚ ਕਿਵੇਂ ਭਰਤੀ ਹੋਇਆ, ਕਿਵੇਂ 'ਫੌਜੀ ਖਿਡਾਰੀ' ਹੋਣ ਦੇ ਜਫ਼ਰ ਜਾਲੇ, ਕਿਵੇਂ ਬ੍ਰਿਗੇਡੀਅਰ ਬਣਿਆ ਤੇ ਕਿਵੇਂ ਸਪੋਰਟਸ ਅਥਾਰਟੀ ਇੰਡੀਆ ਦਾ ਡਾਇਰੈਕਟਰ ਜਨਰਲ ਬਣਦਾ ਬਣਦਾ ਰਹਿ ਗਿਆ। ਹੁਣ ਉਹ ਪਟਿਆਲੇ ਦੀ ਯਾਦਵਿੰਦਰਾ ਕਲੋਨੀ ਦਾ ਨਿਵਾਸੀ ਹੈ। ਪਹਿਲਾਂ ਗਰਮੀਆਂ 'ਚ ਮੀਆਂ ਬੀਵੀ ਸਿਆਟਲ ਚਲੇ ਜਾਂਦੇ ਸਨ ਜਿਥੇ ਉਨ੍ਹਾਂ ਦੇ ਦੋਵੇਂ ਪੁੱਤਰ ਅਮਰੀਕਨ ਬਣੇ ਘੁੱਗ ਵਸਦੇ ਹਨ। ਹੁਣ ਉਹ ਆਪ ਆ ਕੇ ਮਾਪਿਆਂ ਨੂੰ ਮਿਲ ਜਾਂਦੇ ਹਨ।

---

# ਇੱਕੋ ਖਿੜਕੀ ਵਾਲਾ ਘਰ !



**ਹਰਜੀਤ ਦਿਓਲ**

ਹਰਿਆਣਾ ਹਾਊਸਿੰਗ ਬੋਰਡ ਦੇ ਸੈਕਟਰ 23 ਵਿਚ ਸਾਡਾ ਘਰ ਸੀ ਅਤੇ ਨਾਲ ਲੱਗਵੇਂ ਸੈਕਟਰ 22 ਵਿਚ ਸੀ ਗੁਰਦੁਆਰਾ ਸਾਹਿਬ। ਇਨ੍ਹਾਂ ਸੈਕਟਰਾਂ ਦੇ ਬਹੁਤੇ ਸਿੱਖ ਪਰਿਵਾਰ ਤਕਰੀਬਨ ਰੋਜ਼ਾਨਾ ਗੁਰੂਘਰ ਦੀ ਹਾਜ਼ਰੀ ਭਰਦੇ ਪਰ ਅਸੀਂ ਕਦੀ-ਕਦਾਈਂ ਜਾਣ ਵਾਲਿਆਂ ਵਿਚੋਂ ਸਾਂ। ਗੁਰਦੁਆਰੇ ਦਾ ਪ੍ਰਧਾਨ ਸਾਡੀ ਗਲੀ ਵਿਚ ਹੀ ਰਹਿੰਦਾ ਸੀ ਜੋ ਹਰ ਮਹੀਨੇ ਸਾਰੇ ਸਿੱਖ ਪਰਿਵਾਰਾਂ ਅਤੇ ਗੁਰਦੁਆਰੇ ਨੂੰ ਮੰਨਣ ਵਾਲੇ ਕੁਝ ਕੁ ਹਿੰਦੂ ਪਰਿਵਾਰਾਂ ਦੇ ਘਰੋਂ ਡੋਨੇਸ਼ਨ ਦੀ ਉਗਰਾਹੀ ਵੀ ਕਰਿਆ ਕਰਦਾ ਸੀ। ਇਕੇਰਾਂ ਮੈਨੂੰ ਕਹਿੰਦਾ 'ਤੁਸੀਂ ਗੁਰਦਵਾਰੇ ਬਹੁਤ ਘੱਟ ਦਿਖਾਈ ਦਿੰਦੇ ਹੋ? ਹੋਰਨਾਂ ਵਾਂਗ ਰੋਜ਼ਾਨਾ ਹਾਜ਼ਰੀ ਭਰਿਆ ਕਰੋ।' ਮੈਂ ਕਿਹਾ 'ਜਨਾਬ ਹਰ ਰੋਜ਼ ਆਇਆ ਕਰਾਂਗਾ ਪਰ ਜੇਕਰ ਮੇਰੀ ਇੱਕ ਗੱਲ ਮੰਨ ਲਵੋ।' ਉਸ ਦੇ ਪੁੱਛਣ 'ਤੇ ਮੈਂ ਉਸ ਨੂੰ ਗੁਰਦਵਾਰੇ ਵਿਚ ਇੱਕ ਛੋਟੀ ਜਿਹੀ ਲਾਇਬ੍ਰੇਰੀ ਸਥਾਪਤ ਕਰਨ ਦਾ ਸੁਝਾਅ ਦਿੱਤਾ ਅਤੇ ਕਿਹਾ ਕਿ ਇਸ ਨਾਲ ਬੱਚਿਆਂ ਵਿਚ ਵੀ ਕਿਤਾਬਾਂ ਅਤੇ ਸਾਹਿਤਕ ਰਸਾਲੇ ਪੜ੍ਹਨ ਦੀ ਰੁਚੀ ਪੈਦਾ ਹੋਣ ਨਾਲ ਗਿਆਨ ਦਾ ਵਾਧਾ ਵੀ ਹੋਵੇਗਾ। ਉਹ ਹਾਮੀ ਭਰ ਕੇ ਚਲਾ ਗਿਆ। ਕੋਈ ਤਿੰਨ ਕੁ ਮਹੀਨਿਆਂ ਬਾਅਦ ਪ੍ਰਧਾਨ ਸਾਹਿਬ ਨਾਲ ਜਦ ਫਿਰ ਟਾਕਰਾ ਹੋਇਆ ਤਾਂ ਉਨ੍ਹਾਂ ਇਤਰਾਜ਼ ਕਰਦਿਆਂ ਕਿਹਾ ਕਿ ਤੁਹਾਡੇ ਕਹਿਣ ਮੁਤਾਬਕ ਲਾਇਬ੍ਰੇਰੀ ਬਣਾ ਦਿੱਤੀ ਗਈ ਹੈ ਪਰ ਤੁਹਾਡੇ ਦਰਸ਼ਨ ਹਾਲੇ ਵੀ ਦੁਰਲਭ ਹਨ। 'ਲਾਇਬ੍ਰੇਰੀ?' ਮੈਂ ਹੈਰਾਨ ਹੁੰਦਿਆਂ ਉਨ੍ਹਾਂ ਨੂੰ ਕਿਹਾ 'ਜਨਾਬ ਲਾਇਬ੍ਰੇਰੀ ਇਹ ਨਹੀਂ ਹੁੰਦੀ ਜੋ ਤੁਸੀਂ ਬਣਾਈ ਹੈ। ਲਾਇਬ੍ਰੇਰੀ ਵਿਚ ਹਿੰਦੀ ਪੰਜਾਬੀ ਦੇ ਸਾਹਿਤ ਦੀਆਂ ਪੁਸਤਕਾਂ ਦੇ ਨਾਲ ਸਪਤਾਹਿਕ ਹਿੰਦੁਸਤਾਨ, ਧਰਮਯੁਗ, ਪ੍ਰੀਤਲੜੀ ਅਤੇ ਆਰਸੀ (ਉਨ੍ਹਾਂ ਦਿਨਾਂ ਵਿਚ ਇਹ ਹਾਲੇ ਬੰਦ ਨਹੀਂ ਸੀ ਹੋਏ) ਵਰਗੇ ਕੁਝ ਉੱਚ ਪੱਧਰ ਦੇ ਸਾਹਿਤਕ ਰਸਾਲੇ ਅਤੇ ਰੋਜ਼ਾਨਾ ਅਖਬਾਰ ਮੌਜੂਦ ਹੋਣੇ ਚਾਹੀਦੇ ਹਨ। ਪਰ ਤੁਸੀਂ ਦਿੱਲੀਓਂ ਕੱਚੀਆਂ-ਪਿੱਲੀਆਂ ਧਾਰਮਕ ਕਿਤਾਬਾਂ ਦਾ ਢੇਰ ਲਿਆ ਕੇ ਇੱਕ ਕਮਰੇ ਵਿਚ ਸਜਾ ਦਿੱਤਾ ਹੈ।' ਪ੍ਰਧਾਨ ਸਾਹਿਬ ਮੇਰੇ ਨਾਲ ਨਾਰਾਜ਼ ਹੋ ਕੇ ਚਲੇ ਗਏ, ਕਿਉਂਕਿ ਉਨ੍ਹਾਂ ਦੀ ਅਤੇ ਮੇਰੀ ਸੋਚ ਦਾ ਮੇਲ ਅਸੰਭਵ ਜਾਪਦਾ ਸੀ। ਕੁਝ ਕੁ ਧਾਰਮਿਕ ਕਿਤਾਬਾਂ ਪੜ੍ਹ ਤਾਂ ਮੈਂ ਬੜਾ ਨਿਰਾਸ਼ ਹੋਇਆ ਹਾਂ ਜਿਨ੍ਹਾਂ ਵਿਚ ਗੁਰੂ ਸਾਹਿਬਾਨਾਂ ਨਾਲ ਚਮਤਕਾਰ ਜੋੜ ਕੇ ਪੁਸਤਕਾਂ ਨੂੰ 'ਹੈਰੀ ਪੌਟਰ' ਨਾਲੋਂ ਵੱਧ ਸਨਸਨੀਖੇਜ਼ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ। ਦੇਖਿਆ ਗਿਆ ਹੈ ਕਿ ਪੰਜਾਬ ਦੇ ਹਰ ਪਿੰਡ ਵਿਚ ਕਈ-ਕਈ ਗੁਰਦਵਾਰਾ ਸਾਹਿਬ ਤਾਂ ਮੌਜੂਦ ਹਨ ਪਰ ਲਾਇਬ੍ਰੇਰੀ ਇੱਕ ਵੀ ਨਹੀਂ ਦਿਸਦੀ। ਪੰਜਾਬੀ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਦੀਆਂ ਚੰਗੇ ਮਿਆਰ ਦੀਆਂ ਪੁਸਤਕਾਂ ਘਰ ਵਿਚ ਉਨ੍ਹਾਂ ਖਿੜਕੀਆਂ ਵਾਂਗ ਹੁੰਦੀਆਂ ਹਨ ਜੋ ਸਾਡੇ ਗਿਆਨ ਵਿਚ ਵਾਧਾ ਕਰ ਸਾਨੂੰ ਰੌਸ਼ਨ ਖਿਆਲ ਬਣਾਉਂਦੀਆਂ ਹਨ। ਜਿਵੇਂ ਬਹੁਤੀਆਂ ਖਿੜਕੀਆਂ ਵਾਲਾ ਘਰ ਤਾਜ਼ੀ ਹਵਾ ਅਤੇ ਰੌਸ਼ਨੀ ਨਾਲ ਸਾਨੂੰ ਤਰੋ-ਤਾਜ਼ਾ ਅਤੇ ਸਿਹਤਵੰਦ ਰੱਖਦਾ ਹੈ, ਵਿਭਿੰਨ ਵਿਸ਼ੇ ਦੀਆਂ ਕਿਤਾਬਾਂ ਸਾਡੀ ਸੋਚ ਦਾ ਦਾਇਰਾ ਮੋਕਲਾ ਕਰ ਸਾਨੂੰ ਪ੍ਰਗਤੀਸ਼ੀਲ ਦੁਨੀਆਂ ਦੇ ਮੇਚ ਦਾ ਬਣਾਉਂਦੀਆ ਹਨ। ਇਸ ਲਈ ਸਿਰਫ ਧਾਰਮਕ ਪੁਸਤਕਾਂ ਤੱਕ ਸੀਮਤ ਰਹਿਣ ਵਾਲਾ ਘਰ ਤਾਂ ਸਿਰਫ ਇੱਕੋ ਖਿੜਕੀ ਵਾਲਾ ਘਰ ਬਣ ਕੇ ਰਹਿ ਜਾਂਦਾ ਹੈ ਜਿਸ ਦੇ ਵਸਨੀਕ ਜ਼ਿੰਦਗੀ ਦੇ ਸਿਰਫ ਇੱਕ ਪਾਸੇ ਨਾਲ ਰੂਬਰੂ ਹੋ ਸੰਸਾਰ ਦੇ ਅਨੇਕਾਂ ਵੱਖ-ਵੱਖ ਰੰਗਾਂ ਅਤੇ ਵਰਤਾਰਿਆਂ ਤੋਂ ਵਾਂਝੇ ਰਹਿ ਜਾਂਦੇ ਹਨ। ਨੌਜਵਾਨ ਪੀੜ੍ਹੀ ਨੂੰ ਹਿੰਸਾ ਹਥਿਆਰਾਂ ਅਤੇ ਉਦੇਸ਼ਹੀਣ ਸੰਘਰਸ਼ਾਂ ਦੀ ਥਾਂ ਪੁਸਤਕਾਂ ਰਾਹੀਂ ਸਹੀ ਮਾਰਗ ਚੁਣ ਅੱਗੇ ਵਧਣ ਦੀ ਲੋੜ ਹੈ। ਧੰਨਵਾਦ!

# ਬਦਲਦੇ ਸਮਾਜਿਕ ਵਰਤਾਰੇ ਦੌਰਾਨ ਲਿਵ-ਇਨ-ਰਿਲੇਸ਼ਨ ਸੰਬੰਧੀ ਕਾਨੂੰਨੀ ਫੈਸਲੇ ਦੀ ਸਾਰਥਿਕਤਾ



ਕੰਵਲਜੀਤ ਕੌਰ ਗਿੱਲ

ਮਨੁੱਖ ਸਮਾਜਿਕ ਪ੍ਰਾਣੀ ਹੈ। ਸਮਾਜ ਵਿਚ ਵਿਚਰਦਿਆਂ ਉਸ ਸਮਾਜ ਦੇ ਰੀਤੀ ਰਿਵਾਜ, ਤੀਜ ਤਿਉਹਾਰ ਅਤੇ ਸਭਿਆਚਾਰ ਅਨੁਸਾਰ ਹੀ ਸਾਰੇ ਵਿਅਕਤੀ ਜ਼ਿੰਦਗੀ ਬਸਰ ਕਰਦੇ ਹਨ। ਉਹ ਰਵਾਇਤੀ ਕਦਰਾਂ ਕੀਮਤਾਂ (values) ਅਤੇ ਨਿਯਮਾਂ (norms) ਦੀ ਪਾਲਣਾ ਵੀ ਕਰਦੇ ਹਨ। ਜਿੱਥੇ ਕਿਤੇ ਸੰਯੁਕਤ ਪਰਿਵਾਰ ਹਨ, ਉੱਥੇ ਬਜ਼ੁਰਗਾਂ ਦੁਆਰਾ ਉਹ ਕਦਰਾਂ-ਕੀਮਤਾਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਆਪਣੇ-ਆਪ ਹੀ ਪਹੁੰਚ ਜਾਂਦੀਆਂ ਹਨ। ਜਿਉਂ-ਜਿਉਂ ਸਮਾਜਿਕ ਅਤੇ ਆਰਥਿਕ ਵਿਕਾਸ ਹੁੰਦਾ ਹੈ ਤਿਉਂ-ਤਿਉਂ ਲੋਕਾਂ ਦੀ ਚੇਤਨਤਾ ਦਾ ਪੱਧਰ ਵੀ ਵਿਸ਼ਾਲ ਹੁੰਦਾ ਜਾਂਦਾ ਹੈ। ਸਿੱਖਿਆ, ਸਿਹਤ ਸਹੂਲਤਾਂ, ਸ਼ਹਿਰੀਕਰਨ, ਮਸ਼ੀਨੀਕਰਨ ਤੇ ਫਿਰ ਆਧੁਨਿਕ ਟੈਕਨੋਲੋਜੀ, ਜਿੱਥੇ ਜੀਵਨ ਪੱਧਰ ਵਿੱਚ ਸੁਧਾਰ ਕਰਦੇ ਹਨ ਉੱਥੇ ਉਹ ਰਵਾਇਤੀ ਸਮਾਜਿਕ ਢਾਂਚੇ ਤੇ ਨਿਯਮਾਂ ਲਈ ਚੁਣੌਤੀ ਵੀ ਬਣਦੇ ਹਨ। ਅਸਲ ਵਿਚ ਸਮਾਜਿਕ ਕਦਰਾਂ-ਕੀਮਤਾਂ ਅਤੇ ਨਿਯਮਾਂ ਵਿਚ ਕੁਝ ਸਮੇਂ ਬਾਅਦ ਤਬਦੀਲੀ ਹੋਣਾ ਕੁਦਰਤੀ ਅਤੇ ਸੁਭਾਵਿਕ ਵੀ ਹੈ। ਇਸ ਤਬਦੀਲੀ ਦਾ ਇੱਕ ਪੜਾਅ ਤੋਂ ਦੂਜੇ ਪੜਾਅ ਵਿਚ ਦਾਖਲ ਹੋਣ ਦਾ ਵਿਚਕਾਰਲਾ ਸਮਾਂ ਆਮ ਤੌਰ 'ਤੇ ਅਸੁਖਾਵਾਂ ਅਤੇ ਪੀੜਾਦਾਇਕ ਹੁੰਦਾ ਹੈ। ਪਰ ਤਬਦੀਲੀ ਲਾਜ਼ਮੀ ਹੈ, ਇਸ ਨੂੰ ਸਵੀਕਾਰ ਕਰਨਾ ਪਵੇਗਾ। ਤਤਕਾਲੀਨ ਜ਼ਰੂਰਤਾਂ ਅਤੇ ਬਦਲਦੇ ਹਾਲਾਤਾਂ ਅਨੁਸਾਰ ਹੋ ਰਹੀ ਤਬਦੀਲੀ ਪ੍ਰਤੀ ਥੋੜ੍ਹੀ ਬਹੁਤ ਨਰਾਜ਼ਗੀ ਜਾਂ ਅਸਹਿਮਤੀ ਨੂੰ ਅਣਗੌਲਿਆ ਕੀਤਾ ਜਾ ਸਕਦਾ ਹੈ। ਪ੍ਰੰਤੂ ਜਦੋਂ ਸਮਾਜ ਵਿਚ ਚਰੋਕਣੇ ਤੋਂ ਚੱਲੇ ਆ ਰਹੇ ਰੀਤੀ-ਰਿਵਾਜ, ਕਦਰਾਂ-ਕੀਮਤਾਂ ਜਾਂ ਨਿਯਮਾਂ ਦੇ ਸਮਾਜਿਕ ਰੁਝਾਨ ਨੂੰ ਨਕਾਰਦੇ ਹੋਏ ਅਤਿ ਆਧੁਨਿਕ ਜਾਂ ਪੱਛਮੀ ਦੇਸ਼ਾਂ ਤੋਂ ਪ੍ਰਭਾਵਿਤ ਹੁੰਦੇ ਕਿਸੇ ਸਿਸਟਮ ਨੂੰ ਅਪਣਾਉਣ ਦੀ ਕੋਸ਼ਿਸ਼ ਹੁੰਦੀ ਹੈ ਤਾਂ ਉਸ ਦਾ ਵਿਰੋਧ ਹੋਣਾ ਲਾਜ਼ਮੀ ਹੈ। ਸਮਾਜ ਇਸ ਪ੍ਰਕਾਰ ਦੇ ਵਰਤਾਰੇ ਨੂੰ ਆਪਣੇ ਸੱਭਿਆਚਾਰ ਦੇ ਸੰਧਰਭ ਵਿਚ ਮਾਨਤਾ ਨਹੀਂ ਦਿੰਦਾ।

ਹਾਲ ਹੀ ਵਿਚ ਸੁਪਰੀਮ ਕੋਰਟ ਨੇ ਬਿਨਾਂ ਵਿਆਹ ਕਰਵਾਏ ਇਕੱਠੇ ਰਹਿੰਦੇ ਜੋੜਿਆਂ (ਲਿਵ-ਇਨ-ਰਿਲੇਸ਼ਨਸ਼ਿਪ) ਦੇ ਸੰਬੰਧ ਵਿੱਚ ਫੈਸਲਾ ਦਿੱਤਾ ਹੈ ਕਿ 'ਭਾਰਤੀ ਦੰਡਾਵਲੀ ਦੀ ਧਾਰਾ 498 ਏ (ਜੋ ਹੁਣ ਭਾਰਤੀ ਨਿਆਂ ਸੰਹਿਤਾ ਦੀ ਧਾਰਾ 85 ਹੈ) ਤਹਿਤ, ਘਰੇਲੂ ਹਿੰਸਾ ਵਿਰੁੱਧ ਬਣਾਇਆ ਕਾਨੂੰਨ, 2005, ਇਨ੍ਹਾਂ ਉੱਪਰ ਵੀ ਲਾਗੂ ਹੋਵੇਗਾ। ਅਰਥਾਤ ਜੇਕਰ ਇਸ ਦੌਰਾਨ ਔਰਤ ਵਿਰੁੱਧ ਕਿਸੇ ਪ੍ਰਕਾਰ ਦੀ ਜ਼ਬਰਦਸਤੀ, ਕੁੱਟਮਾਰ ਜਾਂ ਤਸ਼ੱਦਦ ਹੁੰਦਾ ਹੈ ਤਾਂ ਉਸ ਨੂੰ ਘਰੇਲੂ ਹਿੰਸਾ ਵਿਰੁੱਧ ਐਕਟ ਅਧੀਨ ਸੁਰੱਖਿਆ ਲੈਣ ਦਾ ਪੂਰਾ ਹੱਕ ਹੈ।' ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਜਦੋਂ ਦੋ ਬਾਲਗ, ਮੁੰਡਾ ਅਤੇ ਕੁੜੀ, ਆਪਣੀ ਮਰਜ਼ੀ ਨਾਲ ਕਿਸੇ ਖਾਸ ਸਮੇਂ ਤੋਂ ਇਕੱਠੇ ਰਹਿ ਰਹੇ ਹਨ, ਉਹ ਇੱਕ ਦੂਜੇ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਵਿਚਕਾਰ ਵਿਆਹ ਕਰਵਾਉਣ ਦੀ ਵਚਨਬੱਧਤਾ ਵੀ ਹੈ ਤਾਂ ਇਨਸਾਫ ਲੈਣ ਲਈ ਇਹ ਕੋਈ ਫਰਕ ਨਹੀਂ ਪੈਂਦਾ ਕਿ ਉਹ ਲਿਵ ਇਨ ਰਿਲੇਸ਼ਨਸ਼ਿਪ ਵਿਚ ਹਨ ਜਾਂ ਵਿਆਹੇ ਹੋਏ। ਇਹ ਵੀ ਕਿਹਾ ਜਾ ਰਿਹਾ ਹੈ ਕਿ 'ਬਾਲਗਾਂ ਨੂੰ ਆਪਣੀ ਮਰਜ਼ੀ ਨਾਲ ਇਕੱਠੇ ਰਹਿਣ ਦੇ ਸੰਵਿਧਾਨਿਕ ਅਧਿਕਾਰ ਦੇ ਹਵਾਲੇ ਨਾਲ ਨਿਆਂਪਾਲਿਕਾ ਨੇ ਰਵਾਇਤੀ ਕਾਨੂੰਨੀ ਦਾਇਰੇ ਨੂੰ ਬਦਲਦੇ ਸਮਾਜਿਕ ਨਿਯਮਾਂ ਨਾਲ ਮੇਲਣ ਦੀ ਕੋਸ਼ਿਸ਼ ਕੀਤੀ ਹੈ।' ਅਸਲ ਵਿਚ ਬਿਨਾਂ ਵਿਆਹ ਕਰਵਾਏ ਦੋ ਨੌਜਵਾਨ ਮਰਦ ਔਰਤ ਦਾ ਇਕੱਠੇ ਰਹਿਣਾ ਭਾਰਤੀ/ਪੰਜਾਬੀ ਸਮਾਜ ਨੂੰ ਕਦੇ ਵੀ ਗਵਾਰਾ ਨਹੀਂ ਰਿਹਾ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਉਪਰੰਤ ਕੁਝ ਸਵਾਲ ਪੈਦਾ ਹੁੰਦੇ ਹਨ ਕਿ:

* ਜੇਕਰ ਪਰਿਵਾਰ ਦੀ ਪਰਿਭਾਸ਼ਾ ਬਦਲ ਰਹੀ ਹੈ ਤਾਂ ਕੀ ਕਾਨੂੰਨ ਵੀ ਉਸੇ ਪ੍ਰਕਾਰ ਬਦਲਣੇ ਚਾਹੀਦੇ ਹਨ?
* ਕੀ ਇਸ ਪ੍ਰਕਾਰ ਦੇ ਰਿਸ਼ਤਿਆਂ ਨਾਲ ਔਰਤ ਆਪਣੇ ਆਪ ਨੂੰ ਸੁਰੱਖਿਅਤ ਅਤੇ ਮਹਿਫੂਜ਼ ਰੱਖ ਸਕੇਗੀ?
* ਜੇਕਰ ਕੁੱਝ ਸਮੇਂ ਬਾਅਦ ਉਨ੍ਹਾਂ ਦਾ ਤੋੜ-ਵਿਛੋੜਾ ਹੋ ਜਾਂਦਾ ਹੈ ਤਾਂ ਇਹੋ ਜਿਹੇ ਰਿਸ਼ਤਿਆਂ ਦੁਆਰਾ ਪੈਦਾ ਹੋਏ ਬੱਚਿਆਂ ਦਾ ਭਵਿੱਖ ਕੀ ਹੋਵੇਗਾ?
* ਕੀ ਕਾਨੂੰਨ ਅਤੇ ਸਰਕਾਰੀ ਦਖਲਅੰਦਾਜ਼ੀ ਨਾਲ ਸਮਾਜਿਕ ਮਸਲੇ ਸੁਲਝਾਏ ਜਾ ਸਕਦੇ ਹਨ?

ਮੁੱਖ ਰੂਪ ਵਿਚ ਪਰਿਵਾਰ ਸਮਾਜ ਦੀ ਇੱਕ ਮੁੱਢਲੀ ਇਕਾਈ ਹੈ। ਵਿਆਹ ਦੇ ਪਵਿੱਤਰ ਰਿਸ਼ਤੇ ਵਿਚ ਬੰਨ੍ਹੇ ਜਾਣ ਉਪਰੰਤ ਪਤੀ-ਪਤਨੀ ਇੱਕ ਦੂਜੇ ਪ੍ਰਤੀ ਸੁਹਿਰਦ ਹੁੰਦੇ ਹਨ। ਉਹ ਪਰਸਪਰ ਭਾਵਨਾਵਾਂ ਦੀ ਕਦਰ ਕਰਦੇ ਹਨ। ਸਮਾਜਿਕ ਆਰਥਿਕ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਅਤੇ ਵੰਸ਼ ਨੂੰ ਅੱਗੇ ਤੋਰਨ ਵਾਸਤੇ ਉਹ ਬੱਚੇ ਵੀ ਪੈਦਾ ਕਰਦੇ ਹਨ। ਜਿਨ੍ਹਾਂ ਦਾ ਨਿਰਸਵਾਰਥ ਪਾਲਣ-ਪੋਸ਼ਣ ਕੀਤਾ ਜਾਂਦਾ ਹੈ। ਵੱਡੇ ਹੋਣ 'ਤੇ ਉਹ ਆਪਣੀ ਰੋਜ਼ੀ -ਰੋਟੀ ਕਮਾਉਣ ਦੇ ਨਾਲ ਨਾਲ ਬਜ਼ੁਰਗ ਹੋ ਚੁੱਕੇ ਮਾਪਿਆਂ ਦੀ ਦੇਖਭਾਲ ਵੀ ਕਰਦੇ ਹਨ। ਇਹ ਸਮਾਜਿਕ ਵਰਤਾਰਾ ਸਦੀਆਂ ਤੋਂ ਨਿਰੰਤਰ ਇਵੇਂ ਹੀ ਚਲਿਆ ਆ ਰਿਹਾ ਹੈ। ਅਜੋਕੇ ਤਕਨੀਕੀ ਯੁਗ ਵਿਚ ਇਹ ਰਵਾਇਤੀ ਸਮਾਜਿਕ ਵਰਤਾਰਾ, ਕਦਰਾਂ-ਕੀਮਤਾਂ ਅਤੇ ਨਿਯਮ ਤੇਜ਼ੀ ਨਾਲ ਬਦਲ ਰਹੇ ਹਨ। ਸੰਯੁਕਤ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰ ਹੋਂਦ ਵਿਚ ਆ ਗਏ ਹਨ। ਪਰਿਵਾਰ ਦੀ ਪਰਿਭਾਸ਼ਾ ਵਿਚ ਤਬਦੀਲੀ ਦੇ ਨਾਲ-ਨਾਲ ਰਿਸ਼ਤਿਆਂ ਵਿਚ ਤ੍ਰੇੜਾਂ ਆ ਗਈਆਂ ਹਨ। ਘਰੇਲੂ ਹਿੰਸਾ ਦੀਆਂ ਘਟਨਾਵਾਂ ਵਧ ਰਹੀਆਂ ਹਨ ਅਤੇ ਇਸ ਦੇ ਰੂਪ ਵੀ ਬਦਲ ਰਹੇ ਹਨ। ਨੈਸ਼ਨਲ ਫੈਮਿਲੀ ਹੈਲਥ ਸਰਵੇਖਣ 2019-21 ਦੇ ਤਾਜ਼ਾ ਅੰਕੜਿਆਂ ਅਨੁਸਾਰ 22% ਔਰਤਾਂ ਆਪਣੇ ਨਜ਼ਦੀਕੀ ਜਾਣਕਾਰ ਜਾਂ ਸਾਥੀ ਹੱਥੋਂ ਜਿਨਸੀ ਸ਼ੋਸ਼ਣ, ਸਰੀਰਕ ਅਤੇ ਮਾਨਸਿਕ ਤਸ਼ੱਦਦ ਦਾ ਸ਼ਿਕਾਰ ਹੁੰਦੀਆਂ ਹਨ। ਇਹੋ ਜਿਹੇ ਕੇਸ ਸਮਾਜਿਕ ਬਦਨਾਮੀ ਦੇ ਡਰ ਤੋਂ ਕਦੇ ਰਿਪੋਰਟ ਵੀ ਨਹੀਂ ਕੀਤੇ ਜਾਂਦੇ। ਉਹ ਔਰਤਾਂ ਜੋ ਲਿਵ ਇਨ ਰਿਲੇਸ਼ਨ ਦੌਰਾਨ ਇਸ ਪ੍ਰਕਾਰ ਦੀ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਉਨ੍ਹਾਂ ਨੂੰ ਹੋਰ ਵੀ ਕਾਨੂੰਨੀ ਅਤੇ ਸਮਾਜਿਕ ਉਲਝਣਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਕਈ ਵਾਰ ਇਨ੍ਹਾਂ ਸੰਬੰਧਾਂ ਵਿਚ ਇਹ ਵੀ ਨਿਸ਼ਚਿਤ ਨਹੀਂ ਹੁੰਦਾ ਕਿ ਮਰਦ/ਔਰਤ ਵਿਆਹਿਆ ਹੋਇਆ ਹੋਣ ਦੇ ਬਾਵਜੂਦ ਕਿਸੇ ਹੋਰ ਨਾਲ ਰਹਿਣ ਲਗਦੇ ਹਨ। ਅਜਿਹੇ ਕੇਸਾਂ ਵਿਚ ਉਨ੍ਹਾਂ ਦੀ ਕਾਨੂੰਨ ਵੀ ਕੋਈ ਸਹਾਇਤਾ ਨਹੀਂ ਕਰ ਸਕਦਾ। ਜੇਕਰ ਇਹ ਮੰਨ ਵੀ ਲਿਆ ਜਾਏ ਕਿ ਬਦਲਦੇ ਸਮਾਜਿਕ ਵਰਤਾਰੇ ਅਤੇ ਪਰਿਵਾਰਾਂ ਦੇ ਸੰਧਰਭ ਵਿਚ ਕਾਨੂੰਨ ਵੀ ਬਦਲਣੇ ਚਾਹੀਦੇ ਹਨ ਤਾਂ ਕੀ ਇਨ੍ਹਾਂ ਨਾਲ ਪਰਿਵਾਰਾਂ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ? ਇਹ ਸਹੀ ਹੈ ਕਿ ਅੱਜ ਹਰ ਨੌਜਵਾਨ ਨੂੰ ਆਪਣੀ ਜ਼ਿੰਦਗੀ ਪ੍ਰਤੀ ਫੈਸਲੇ ਲੈਣ ਦਾ ਅਧਿਕਾਰ ਹੈ। ਉਸ ਨੂੰ ਬਿਨਾਂ ਕਿਸੇ ਸਮਾਜਿਕ ਦਬਾਅ ਦੇ ਆਪਣਾ ਸਾਥੀ (ਭਾਵੇਂ ਉਹ ਥੁੜ ਚਿਰੀ ਹੀ ਹੋਵੇ) ਚੁਣਨ ਦੀ ਆਜ਼ਾਦੀ ਹੈ; ਬਿਨਾਂ ਵਿਆਹ ਤੋਂ ਇਕੱਠੇ ਰਹਿੰਦਿਆਂ ਉਨ੍ਹਾਂ ਨੂੰ ਇੱਕ-ਦੂਜੇ ਨੂੰ ਸਮਝਣ ਦਾ ਮੌਕਾ ਮਿਲਦਾ ਹੈ; ਉਹ ਵਿਆਹ ਦੇ ਸਮਾਜਿਕ ਬੰਧਨ ਅਤੇ ਇਸ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਰਹਿੰਦੇ ਹਨ; ਉਹ ਆਪਣੇ ਕੈਰੀਅਰ ਵੱਲ ਵਧੇਰੇ ਤਵੱਜੋ ਦੇ ਸਕਦੇ ਹਨ; ਅਤੇ ਜੇਕਰ ਬੱਚੇ ਵੀ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਰਵਾਇਤੀ ਪਰਿਵਾਰਾਂ ਅਨੁਸਾਰ ਉਨ੍ਹਾਂ ਦੇ ਅਧਿਕਾਰਾਂ ਦੇ ਰੱਖਿਆ ਦੀ ਸੁਵਿਧਾ ਵੀ ਹੈ। ਪਰ ਇਸ ਨਵੇਂ ਰੁਝਾਨ ਦਾ ਦੂਜਾ ਪੱਖ ਵੀ ਉਤਨਾ ਹੀ ਗੰਭੀਰ ਅਤੇ ਵਿਚਾਰਨਯੋਗ ਹੈ। ਸਭ ਤੋਂ ਪਹਿਲੀ ਗੱਲ ਕਿ ਸਾਡਾ ਸਮਾਜ ਅਜੇ ਵੀ ਇਸ ਪ੍ਰਕਾਰ ਦੇ ਸੰਬੰਧਾਂ ਨੂੰ ਮਾਨਤਾ ਨਹੀਂ ਦਿੰਦਾ। 'ਪਰਿਵਾਰ ਦੀ ਇੱਜਤ' ਖਾਤਰ ਬੱਚਿਆਂ, ਦਾ ਕਤਲ ਆਦਿ ਵੀ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਦੂਜਾ, ਭਾਵੇਂ ਇਸ ਪ੍ਰਕਾਰ ਦੇ ਸੰਬੰਧ ਨੂੰ ਘਰੇਲੂ ਹਿੰਸਾ ਵਿਰੁੱਧ ਸੁਰੱਖਿਆ ਦਾ ਸੁਪਰੀਮ ਕੋਰਟ ਨੇ ਫੈਸਲਾ ਸੁਣਾ ਦਿੱਤਾ ਹੈ ਪਰ ਅਜੇ ਵੀ ਛੱਡ-ਛਡਾਈ ਉਪਰੰਤ ਜਾਇਦਾਦ ਦੀ ਵੰਡ, ਬੱਚਿਆਂ ਦੀ ਪਰਵਰਿਸ਼, ਉਨ੍ਹਾਂ ਦਾ ਖਰਚਾ, ਆਦਿ ਬਾਰੇ ਕਾਨੂੰਨ ਸਪਸ਼ਟ ਨਹੀਂ ਹੈ। ਬੱਚਿਆਂ ਦੀ ਜ਼ਿੰਦਗੀ ਤਾਅਨੇ-ਮਿਹਣਿਆਂ ਭਰਪੂਰ ਹੋ ਜਾਂਦੀ ਹੈ ਜਦੋਂ ਉਹ ਕੇਵਲ ਮਾਂ ਜਾਂ ਪਿਓ ਕੋਲ ਹੀ ਰਹਿੰਦੇ ਹਨ। ਤੀਜਾ, ਇਹੋ ਜਿਹੇ ਜੋੜਿਆਂ ਨੂੰ ਕੋਈ ਘਰ ਵੀ ਕਿਰਾਏ 'ਤੇ ਦੇਣ ਲਈ ਰਾਜ਼ੀ ਨਹੀਂ ਹੁੰਦਾ। ਚੌਥਾ, ਇਹ ਵੀ ਦੇਖਣ ਵਿਚ ਆਇਆ ਹੈ ਕਿ ਇਨ੍ਹਾਂ ਕੇਸਾਂ ਵਿੱਚ ਆਮ ਤੌਰ ਤੇ ਲੜਕੀਆਂ ਵਿਤੀ ਤੌਰ ਤੇ ਆਪਣੇ ਸਾਥੀ ਉੱਪਰ ਨਿਰਭਰ ਕਰਦੀਆਂ ਹਨ ਜਿਸ ਦਾ ਉਹ ਨਜਾਇਜ਼ ਫਾਇਦਾ ਉਠਾਉਂਦੇ ਹਨ। ਉਹ ਜ਼ਿਆਦਤੀ ਅਤੇ ਕੁੱਟਮਾਰ ਵੀ ਕਰਦੇ ਹਨ।




ਇਸ ਲਈ ਭਾਵੇਂ ਬਦਲੀ ਹੋਈ ਪਰਿਵਾਰ ਦੀ ਪਰਿਭਾਸ਼ਾ ਤਹਿਤ ਵਿਅਕਤੀਆਂ ਨੂੰ ਆਪਣੀ ਜ਼ਿੰਦਗੀ ਜਿਉਣ ਅਤੇ ਨਿਜੀ ਆਜ਼ਾਦੀ ਦਾ ਅਧਿਕਾਰ ਤਾਂ ਮਿਲ ਜਾਂਦਾ ਹੈ ਪ੍ਰੰਤੂ ਸਮਾਜਿਕ ਪ੍ਰਵਾਣਗੀ ਦੀ ਅਣਹੋਂਦ ਕਾਰਨ ਉਨ੍ਹਾਂ ਸਿਰ ਭਾਵਨਾਤਮਕ ਖੌਫ਼ ਅਤੇ ਬੰਧਸ਼ਾਂ ਦੀ ਤਲਵਾਰ ਹਮੇਸ਼ਾਂ ਲਟਕਦੀ ਰਹਿੰਦੀ ਹੈ। ਅਦਾਲਤ ਨੇ ਵੀ ਹਰ ਪ੍ਰਕਾਰ ਦੇ ਲਿਵ ਇਨ ਰਿਲੇਸ਼ਨ ਨੂੰ ਪੂਰਨ ਸਹਿਮਤੀ ਅਤੇ ਵਿਆਹ ਦੇ ਬਰਾਬਰ ਨਹੀਂ ਮੰਨਿਆਂ। ਕਿਉਂਕਿ, 'ਸੁਰੱਖਿਆ ਕੇਵਲ ਉਨ੍ਹਾਂ ਰਿਸ਼ਤਿਆਂ ਨੂੰ ਮਿਲੇਗੀ ਜਿਹੜੇ ਕਾਫ਼ੀ ਸਮੇਂ ਤੋਂ ਇਕੱਠੇ ਰਹਿੰਦੇ ਆ ਰਹੇ ਹਨ, ਉਨ੍ਹਾਂ ਵਿਚਾਲੇ ਸਥਿਰਤਾ ਅਤੇ ਆਪਸੀ ਵਚਨਬੱਧਤਾ ਹੈ ਅਤੇ ਉਹ ਆਪਣੇ ਇਸ ਸੰਬੰਧ ਨੂੰ ਰਜਿਸਟਰ ਵੀ ਕਰਵਾਉਂਦੇ ਹਨ।' ਹੁਣ ਇਹ ਕਿਵੇਂ ਨਿਸ਼ਚਿਤ ਹੋਵੇਗਾ ਕਿ ਕਿੰਨੇ ਸਮੇਂ ਤੋਂ ਉਹ ਇਕੱਠੇ ਰਹਿ ਰਹੇ ਹਨ, ਜਾਂ ਉਨ੍ਹਾਂ ਦੀ ਵਚਨਬੱਧਤਾ ਵੀ ਨਿਸ਼ਚਿਤ ਹੈ ਕਿ ਨਹੀਂ, ਜਾਂ ਉਹ ਵਚਨਬੱਧਤਾ ਤੋਂ ਕਦੋਂ ਮੁੱਕਰ ਜਾਣ। ਇਵੇਂ ਹੀ ਕਾਨੂੰਨੀ ਸੁਰੱਖਿਆ ਦੀ ਕਿਸੇ ਵੀ ਧਿਰ, ਮਰਦ ਜਾਂ ਔਰਤ, ਵੱਲੋਂ ਦੁਰਵਰਤੋਂ ਹੋਣ ਦੇ ਮੌਕੇ ਵੀ ਵੱਧ ਸਕਦੇ ਹਨ।

ਅੱਜ ਦੇ ਨੌਜਵਾਨ ਨਾਂ ਕੇਵਲ ਵਰਤਮਾਨ, ਸਗੋਂ ਸਮਾਜ ਅਤੇ ਦੇਸ਼ ਦਾ ਭਵਿੱਖ ਵੀ ਹਨ। ਬਦਲਦੇ ਹਾਲਾਤਾਂ ਅਤੇ ਤਤਕਾਲੀਨ ਜ਼ਰੂਰਤਾਂ ਅਨੁਸਾਰ ਹੀ ਉਹ ਅਜੋਕੀ ਜ਼ਿੰਦਗੀ ਜੀਅ ਰਹੇ ਹਨ। ਬਜ਼ੁਰਗਾਂ ਨੂੰ ਆਮ ਤੌਰ ਤੇ ਭੂਤਕਾਲ ਨਾਲ ਹੀ ਜੋੜ ਕੇ ਵੇਖਿਆ ਜਾਂਦਾ ਹੈ। ਉਨ੍ਹਾਂ ਲਈ ਸਦੀਆਂ ਤੋਂ ਚਲੀ ਆ ਰਹੀ ਖਾਸ ਪ੍ਰਕਾਰ ਦੀ ਮਾਨਸਿਕਤਾ ਨੂੰ ਬਦਲਣ ਵਾਸਤੇ ਕੁੱਝ ਸਮਾਂ ਲੱਗਦਾ ਹੈ। ਇਸ ਲਈ ਸਮਾਜਿਕ ਆਧੁਨਿਕਤਾ, ਵਿਕਾਸ ਅਤੇ ਤਬਦੀਲੀ ਦੇ ਕੁਦਰਤੀ ਰੁਝਾਨ ਦੇ ਸੰਧਰਭ ਵਿਚ ਜੇਕਰ ਕਾਨੂੰਨਾਂ ਵਿਚ ਤਰਮੀਮ ਕਰਨੀ ਹੈ ਤਾਂ ਆਪਣੇ ਰਵਾਇਤੀ ਸੱਭਿਆਚਾਰ, ਕਦਰਾਂ-ਕੀਮਤਾਂ ਅਤੇ ਸਮਾਜਿਕ ਨਿਯਮਾਂ ਨੂੰ ਧਿਆਨ ਵਿੱਚ ਰੱਖਣਾ ਵੀ ਉਤਨਾ ਹੀ ਲਾਜ਼ਮੀਂ ਹੈ। ਜਦੋਂ ਤੱਕ ਇਨ੍ਹਾਂ ਲਿਵ-ਇਨ ਸੰਬੰਧਾਂ ਬਾਰੇ ਸਪਸ਼ਟ ਕਾਨੂੰਨ ਨਹੀਂ ਬਣਦੇ, ਸਮਾਜਿਕ ਸਮੱਸਿਆਵਾਂ ਹੋਰ ਵੀ ਉਲਝ ਸਕਦੀਆਂ ਹਨ। ਇਸ ਲਈ ਜਰੂਰੀ ਹੈ ਕਿ ਆਧੁਨਿਕ ਸਮਾਜ ਵਿਚ ਹੋ ਰਹੀਆਂ ਇਸ ਪ੍ਰਕਾਰ ਦੀਆਂ ਤਬਦੀਲੀਆਂ ਦੇ ਮੱਦੇਨਜ਼ਰ ਮੁਕੰਮਲ ਅਤੇ ਸਪਸ਼ਟ ਕਾਨੂੰਨ ਬਣਾਏ ਜਾਣ, ਜਿੱਥੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਵੀ ਤੈਅ ਕੀਤੀਆਂ ਜਾ ਸਕਣ। ਸੁਪਰੀਮ ਕੋਰਟ ਦੇ ਫੈਸਲੇ ਨੇ ਇਨ੍ਹਾਂ ਸਮਾਜਿਕ ਗਹਿਰਾਈਆਂ ਨੂੰ ਨਜ਼ਰ-ਅੰਦਾਜ਼ ਕੀਤਾ ਹੈ।

# ਲਾਲ ਦੇ ਪਕੌੜੇ-ਕਾਲ਼ੇ ਦੇ ਪਕੌੜੇ

ਤਰਸੇਮ ਸਿੰਘ ਜੰਡਿਆਲਾ
ਫੋਨ: 98728-30235

ਗੱਲ ਸੰਨ 1961 ਦੀ ਹੈ। ਮੈਂ ਤੇ ਮੇਰੀ ਭੈਣ ਦੀ ਉਮਰ ਪੰਜ ਸਾਲ ਸੀ ਜਦੋਂ ਮਾਂ ਨੇ ਸਾਨੂੰ ਛੇ ਸਾਲ ਦੇ ਲਿਖਾ ਕੇ ਪਹਿਲੀ ਜਮਾਤ ਵਿਚ ਦਾਖਲ ਕਰਵਾ ਦਿੱਤਾ। ਗ਼ਲ ਵਿਚ ਲਟਕਾਉਣ ਵਾਲੇ ਖੱਦਰ ਦੇ ਛੋਟੇ-ਛੋਟੇ ਝੋਲ਼ੇ ਸਾਡੇ ਗ਼ਲਾਂ ਵਿਚ ਪਾ ਕੇ ਸਕੂਲ ਛੱਡ ਆਈ। ਸਾਨੂੰ ਸਕੂਲ ਜਾਣ ਦਾ ਬੜਾ ਚਾਅ ਸੀ।

ਦੋ ਤਿੰਨ ਵਾਰੀ ਤਾਂ ਬਾਪੂ ਨੇ ਸਾਨੂੰ ਦੋਹਾਂ ਜੌੜੇ ਭੈਣ-ਭਰਾਵਾਂ ਨੂੰ ਨਾਲ ਲਿਜਾ ਕੇ ਦੁਕਾਨ ਦਾ ਰਸਤਾ ਦਿਖਾ ਦਿੱਤਾ ਅਤੇ ਸਲੇਟੀਆਂ, ਪੈਨਸਲਾਂ, ਗਾਚਣੀ, ਦਵਾਤਾਂ ਆਦਿ ਲੈ ਦਿੱਤੀਆਂ ਪਰ ਅੱਗੋਂ ਤੋਂ ਆਪ ਜਾ ਕੇ ਲਿਆਉਣ ਲਈ ਹਦਾਇਤ ਕਰ ਦਿੱਤੀ। ਮਾਂ ਰੁਮਾਲ ਵਿਚ ਪੈਸੇ ਬੰਨ੍ਹ ਕੇ ਛੋਟੇ ਜਿਹੇ ਝੋਲ਼ੇ ਵਿਚ ਪਾ ਕੇ ਮੇਰੇ ਗ਼ਲ ਵਿਚ ਕਰਾਸ ਲਟਕਾ ਦਿੰਦੀ। ਅਸੀਂ ਜੋਟੀ ਪਾ ਕੇ ਬਜ਼ਾਰ ਵਿਚ ਜਾਂਦੇ ਅਤੇ ਚਰਨ ਬਾਬੇ ਤੋਂ ਸਕੂਲ ਦਾ ਸਮਾਨ ਲੈ ਆਉਂਦੇ।

ਬਜ਼ਾਰ ਵਿਚੋਂ ਲੰਘਦਿਆਂ ਅਸੀਂ ਆਸ-ਪਾਸ ਦੀਆਂ ਦੁਕਾਨਾਂ ਵਲ ਨਜ਼ਰ ਘੁਮਾਉਂਦੇ ਰਹਿਣਾ। ਇੱਕ ਹਲਵਾਈ ਦੀ ਦੁਕਾਨ ਦੇ ਅੱਗਿਓਂ ਲੰਘਣ ਲੱਗਿਆਂ ਸੜਦੇ ਤੇਲ ਦੀ ਮਹਿਕ ਨੇ ਨੱਕ ਵਿਚ ਜਲੂਣ ਛੇੜ ਦੇਣੀ। ਰੁਕ ਕੇ ਦੇਖਣਾ, ਗੋਰੇ ਰੰਗ ਦਾ ਬਾਬਾ ਪੈਰਾਂ ਭਾਰ ਬੈਠਾ ਪਕੌੜੇ ਤਲ਼ ਰਿਹਾ ਹੁੰਦਾ। ਇੱਕ ਪਾਸੇ ਛੋਟੇ ਕੰਢਿਆਂ ਵਾਲੇ ਵੱਡੇ ਥਾਲ ਵਿਚ ਥੋੜ੍ਹੇ ਜਿਹੇ ਛੋਟੇ-ਛੋਟੇ ਪਕੌੜੇ ਪਏ ਹੁੰਦੇ ਅਤੇ ਦੂਸਰੇ ਸਿਰੇ ਟਿੱਕੀਆਂ ਟਿਕਾ ਕੇ ਰੱਖੀਆਂ ਹੁੰਦੀਆਂ। ਸਾਡਾ ਉੱਥੋਂ ਲੰਘਣਾ ਮੁਸ਼ਕਲ ਹੋ ਜਾਂਦਾ ਪਰ ਪਿੱਛੇ ਨੂੰ ਦੇਖਦੇ-ਦੇਖਦੇ ਪੈਰ ਘਸੀਟਦੇ ਅੱਗੇ ਤੁਰ ਜਾਂਦੇ।

ਮੇਰੀ ਭੈਣ ਨੇ ਘਰ ਆ ਕੇ ਮਾਂ ਨੂੰ ਪਕੌੜਿਆਂ ਦੀ ਮਹਿਕ ਬਾਰੇ ਦੱਸਿਆ। ਬੇਸ਼ੱਕ ਮਾਂ ਥੋੜੇ-ਥੋੜੇ ਦਿਨਾਂ ਬਾਦ ਘਰ ਪਕੌੜੇ, ਮੱਠੀਆਂ, ਮਟਰੀ ਬਣਾ ਕੇ ਖੁਆਉਂਦੀ ਰਹਿੰਦੀ ਪਰ ਉਸਨੂੰ ਲੱਗਾ ਕਿ ਸਾਡੀ ਬਜ਼ਾਰ ਦੇ ਪਕੌੜੇ ਖਾਣ ਦੀ ਇੱਛਾ ਹੈ। ਅਗਲੀ ਵਾਰ ਜਦੋਂ ਅਸੀਂ ਸਕੂਲ ਦਾ ਸਮਾਨ ਲੈਣ ਗਏ ਤਾਂ ਮਾਂ ਨੇ ਰੁਮਾਲ ਵਿਚ ਇੱਕ ਚੁਆਨੀ ਵਾਧੂ ਬੰਨ੍ਹ ਦਿੱਤੀ ਅਤੇ ਕਿਹਾ ਕਿ ਅਸੀਂ ਬਾਬੇ ਦੀ ਦੁਕਾਨ ਤੋਂ ਉਸ ਚੁਆਨੀ ਦੇ ਪਕੌੜੇ ਲੈ ਲਈਏ। ਅਸੀਂ ਕਾਹਲੀ-ਕਾਹਲੀ ਜਾ ਕੇ ਸਕੂਲ ਦਾ ਸਮਾਨ ਲੈ ਕੇ ਮੁੜੇ ਅਤੇ ਪਕੌੜਿਆਂ ਵਾਲੀ ਦੁਕਾਨ ਅੱਗੇ ਆ ਕੇ ਖੜ੍ਹ ਗਏ। ਦੋ ਸਿੱਧ-ਪੱਧਰੇ ਜਿਹੇ ਆਦਮੀਆਂ ਨੇ ਦੁਕਾਨਦਾਰ ਨੂੰ ਕਿਹਾ 'ਲਾਲ ਜੀ, ਦਿਉ ਤਾਂ ਦੋ-ਦੋ ਟਿੱਕੀਆਂ, ਜਰਾ ਕੰਡੇ 'ਚ ਹੋਈਏ'। ਪੱਤਲਾਂ ਉੱਪਰ ਰਖਵਾ ਕੇ ਉਹ ਸਾਹਮਣੇ ਡੱਠੇ ਬੈਂਚ 'ਤੇ ਬੈਠ ਕੇ ਖਾਣ ਲੱਗ ਪਏ। ਲਾਲ ਬਾਬੇ ਦੀ ਨਜ਼ਰ ਸਾਡੇ 'ਤੇ ਪਈ ਤਾਂ ਉਸਨੇ ਪੁੱਛਿਆ 'ਬੱਚਿਓ, ਕੀ ਲੈਣਾ'? ਮੈਂ ਪਕੌੜਿਆਂ ਵਲ ਇਸ਼ਾਰਾ ਕੀਤਾ। ਲਾਲ ਬਾਬੇ ਨੇ ਪੁੱਛਿਆ, 'ਤੁਸੀਂ ਕੀਹਦੇ ਬੱਚੇ ਓ'। ਮੈਂ ਦੱਸਿਆ 'ਜੀ ਮਹੰਤਾਂ ਦੇ ਸੇਵਾ ਸਿੰਘ ਦੇ'। ਅਸੀਂ ਚੁਆਨੀ ਅਤੇ ਖੱਦਰ ਦਾ ਪੋਣਾ ਫੜਾ ਦਿੱਤਾ ਤਾਂ ਬਾਬੇ ਨੇ ਡੂੰਨੇ ਵਿਚ ਪਕੌੜੇ ਪਾ ਕੇ ਉੱਪਰ ਹੋਰ ਡੂੰਨਾਂ ਲਾ ਕੇ ਪੋਣੇ ਵਿਚ ਬੰਨ੍ਹ ਕੇ ਸਾਨੂੰ ਫੜਾ ਦਿੱਤੇ ਅਤੇ ਬਰਫੀ ਦਾ ਅੱਧਾ-ਅੱਧਾ ਟੁਕੜਾ ਸਾਨੂੰ ਦੇ ਕੇ ਕਹਿਣ ਲੱਗਾ 'ਤੁਸੀਂ ਮੇਰੇ ਮਿੱਤਰ ਦੇ ਬੱਚੇ ਓਂ, ਮੂੰਹ ਮਿੱਠਾ ਕਰਦੇ ਜਾਓ'। ਘਰ ਪਹੁੰਚ ਕੇ ਅਸੀਂ ਮਾਂ ਅਤੇ ਬਾਪੂ ਨਾਲ ਵੰਡ ਕੇ ਮੂੰਹ ਸਲੂਣਾ ਕੀਤਾ।

ਅਗਲੀ ਵਾਰ ਗਏ ਤਾਂ ਮਾਂ ਨੇ ਫੇਰ ਪਕੌੜਿਆਂ ਲਈ ਚੁਆਨੀ ਵਾਧੂ ਦਿੱਤੀ। ਇਸ ਵਾਰ ਮੁੜਦੇ ਹੋਏ ਅਸੀਂ ਲਾਲ ਬਾਬੇ ਨੂੰ ਚੁਆਨੀ ਦੇ ਕੇ ਟਿੱਕੀਆਂ ਦੇਣ ਲਈ ਕਿਹਾ ਤਾਂ ਬਾਬਾ ਕਹਿੰਦਾ, 'ਪੁੱਤਰ ਜੀ ਇਹਦੇ ਵਿਚ ਮਿਰਚਾਂ ਬਹੁਤ ਨੇ, ਤੁਹਾਥੋਂ ਖਾਧੀਆਂ ਨਹੀਂ ਜਾਣੀਆਂ, ਮੂੰਹ ਸੜ ਜਾਊ, ਤੁਹਾਨੂੰ ਇਹ ਨਹੀਂ ਦੇਣੀਆਂ'। ਉਸਨੇ ਪਕੌੜੇ ਬੰਨ੍ਹ ਦਿੱਤੇ ਅਤੇ ਅਸੀਂ ਜੋਟੀ ਪਾ ਕੇ ਚੱਲ ਪਏ। ਘਰ ਆ ਕੇ ਬਾਪੂ ਨੂੰ ਦੱਸਿਆ ਕਿ ਸਾਡਾ ਮਨ ਟਿੱਕੀਆਂ ਖਾਣ ਨੂੰ ਕਰਦਾ ਸੀ ਪਰ ਲਾਲ ਬਾਬੇ ਨੇ ਸਾਨੂੰ ਟਿੱਕੀਆਂ ਨਹੀਂ ਦਿੱਤੀਆਂ। ਜਦੋਂ ਬਾਪੂ ਨੇ ਦੱਸਿਆ ਕਿ ਉਹ ਟਿੱਕੀਆਂ ਭੰਗ ਦੀਆਂ ਬਣੀਆਂ ਹੁੰਦੀਆਂ ਹਨ, ਬੱਚੇ ਨਹੀਂ ਖਾਂਦੇ ਤਾਂ ਮੇਰੇ ਮੂੰਹੋਂ ਨਿਕਲਿਆ 'ਲਾਲ ਬਾਬਾ ਚੰਗਾ'!

ਸਮਾਂ ਬੀਤਿਆ,ਵੱਡੇ ਹੋਏ। ਭੈਣ ਵਿਆਹੀ ਗਈ। ਦੋ ਸਾਲ ਬਾਦ ਮੇਰਾ ਵੀ ਵਿਆਹ ਹੋ ਗਿਆ। ਬੱਚਿਆਂ ਵਾਲੇ ਹੋ ਗਏ। ਬੱਚਿਆਂ ਨੂੰ ਛੁੱਟੀਆਂ ਹੋਣ ਤੋਂ ਪਹਿਲਾਂ ਭੈਣ ਦਾ ਖਤ ਆ ਜਾਣਾ ਕਿ ਉਹ ਬੱਚਿਆਂ ਸਮੇਤ ਛੁੱਟੀਆਂ ਕੱਟਣ ਆ ਰਹੀ ਹੈ। ਮਿੱਥੇ ਦਿਨ ਮੈਂ ਸਾਈਕਲ ਲੈ ਕੇ ਉਨ੍ਹਾਂ ਦਾ ਬੈਗ ਚੁੱਕਣ ਲਈ ਬੱਸ ਅੱਡੇ ਜਾ ਬਹਿਣਾ। ਉਨ੍ਹਾਂ ਨੂੰ ਘਰ ਪਹੁੰਚਾ ਕੇ ਉਨ੍ਹਾਂ ਨੂੰ ਕਾਲ਼ੇ ਹਲਵਾਈ ਦੀਆਂ ਗਰਮ-ਗਰਮ ਟਿੱਕੀਆ ਲਿਜਾ ਕੇ ਖਵਾਉਣੀਆਂ। ਲਾਲ ਬਾਬਾ ਨਹੀਂ ਰਿਹਾ ਸੀ। ਉਸ ਤੋਂ ਬਾਦ ਕਾਲ਼ੇ ਹਲਵਾਈ ਦੀਆਂ ਟਿੱਕੀਆਂ ਬਹੁਤ ਮਸ਼ਹੂਰ ਸਨ। ਕਾਲ਼ਾ ਦਿੱਖ ਵਜੋਂ ਹਲਵਾਈ ਨਹੀਂ ਕਸਾਈ ਲੱਗਦਾ ਸੀ। ਭਾਰਾ-ਮਧਰਾ ਸਰੀਰ, ਕਾਲ਼ਾ ਰੰਗ, ਕਲੀਨ-ਸ਼ੇਵਡ ਪਰ ਵੱਡੀਆਂ ਮੁੱਛਾਂ, ਖਰ੍ਹਵੀਂ ਅਵਾਜ਼। ਉਹ ਦੁਕਾਨ ਦੇ ਬਾਹਰ ਬੈਠ ਆਲੂਆਂ ਨੂੰ ਬਰੀਕ-ਬਰੀਕ ਕੁਤਰਦਾ, ਵੇਸਣ ਵਿਚ ਰਲਾ ਕੇ ਅਤੇ ਮਸਾਲੇ ਪਾ ਕੇ ਮਿੱਟੀ ਦੀ ਪਰਾਤੜੀ ਵਿਚ ਭਿਉਂ ਕੇ ਰੱਖ ਦਿੰਦਾ। ਦੁਪਹਿਰ ਨੂੰ ਉਸਦੇ ਗੋਲ਼ੇ ਬਣਾ ਕੇ ਅੱਧ-ਕੱਚੇ ਤਲ਼ ਕੇ ਲੱਕੜ ਦੇ ਗੁੱਲੇ ਨਾਲ ਫੇਂਹ ਕੇ ਅਧ-ਕੱਚੀਆਂ ਟਿੱਕੀਆਂ ਬਣਾ ਕੇ ਰੱਖ ਲੈਂਦਾ। ਜਦੋਂ ਕੋਈ ਗਾਹਕ ਆਉਂਦਾ ਤਾਂ ਰਾੜ੍ਹ ਕੇ ਦੇ ਦਿੰਦਾ। ਨਾਲ ਕੋਈ ਖਾਸ ਚੀਜ਼ ਪਾ ਕੇ ਇਮਲੀ ਦੀ ਚਟਣੀ ਬਣਾਉਂਦਾ ਜਿਸ ਕਰਕੇ ਖਾਣ ਵਾਲਾ ਉਂਗਲੀਆਂ ਚੱਟਦਾ ਰਹਿ ਜਾਂਦਾ।

ਭੈਣ ਦੀ ਹਦਾਇਤ ਸੀ ਕਿ ਉਨ੍ਹਾਂ ਦੇ ਆਉਣ ਤੇ ਕਾਲ਼ੇ ਦੇ ਪਕੌੜੇ ਜ਼ਰੂਰ ਮੰਗਵਾਈਏ। ਮੇਰੀ ਭਾਣਜੀ ਅੱਠ ਅਤੇ ਭਾਣਜਾ ਛੇ ਕੁ ਸਾਲਾਂ ਦਾ ਸੀ। ਇਸ ਵਾਰ ਜਦੋਂ ਮੈਂ ਉਨ੍ਹਾਂ ਨੂੰ ਬੱਸ ਅੱਡੇ ਤੋਂ ਲੈ ਕੇ ਤੁਰਿਆ ਤਾਂ ਕਾਲ਼ੇ ਪਕੌੜਿਆਂ ਵਾਲੇ ਦੀ ਦੁਕਾਨ ਅੱਗੇ ਰੁਕ ਗਏ। ਸਾਡਾ ਘਰ ਉੱਥੋਂ ਨੇੜੇ ਹੀ ਸੀ, ਬੱਚਿਆਂ ਨੂੰ ਰਸਤੇ ਦਾ ਪਤਾ ਸੀ। ਮੈਂ ਕਾਲ਼ੇ ਨੂੰ ਟਿੱਕੀਆਂ ਗਰਮ ਕਰਨ ਲਈ ਕਿਹਾ ਅਤੇ ਅਸੀਂ ਬੈਂਚ ਉੱਪਰ ਬੈਠ ਗਏ। ਕਾਲ਼ੇ ਦੀ ਭੱਠੀ ਦਾ ਸੇਕ ਮੱਠਾ ਸੀ, ਇਸ ਲਈ ਉਸ ਨੇ ਤੇਲ ਵਾਲੀ ਕੜਾਹੀ ਚੁੱਕ ਕੇ ਲੱਕੜ ਦੇ ਦੋ-ਤਿੰਨ ਗੁੱਲੇ ਸੁੱਟ ਦਿੱਤੇ। ਉਹ ਹੇਠੋਂ ਦੀ ਫੂਕਾਂ ਮਾਰਨ ਲੱਗ ਪਿਆ। ਅੱਗ ਤਾਂ ਨਾ ਜਲੀ ਪਰ ਧੂੰਆਂ ਹੋ ਗਿਆ। ਔਖੇ-ਸੌਖੇ ਫੂਕਾਂ ਮਾਰ-ਮਾਰ ਕੇ ਭਾਂਬੜ ਬਾ਼ਲ ਲਿਆ। ਮੈਂ ਅਤੇ ਭੈਣ ਗੱਲੀਂ ਰੁੱਝੇ ਹੋਏ ਸਾਂ, ਅਸੀਂ ਕਾਲ਼ੇ ਵਲ ਬਹੁਤਾ ਧਿਆਨ ਨਾ ਦਿੱਤਾ। ਧੂੰਆਂ ਹਟਿਆ ਤਾਂ ਅਸੀਂ ਕਾਲ਼ੇ ਨੂੰ ਪਕੌੜੇ ਤਲਦੇ ਦੇਖਿਆ। ਬੱਚਿਆਂ ਨੂੰ ਦੇਖਿਆ ਤਾਂ ਉਹ ਉੱਥੇ ਨਹੀਂ ਸਨ। ਨਿਗਾਹ ਘੁਮਾਈ ਤਾਂ ਦੇਖਿਆ ਉਹ ਤੇਜ ਕਦਮੀਂ ਘਰ ਵਲ ਨੂੰ ਜਾ ਰਹੇ ਸਨ। ਉਹ ਘਰ ਵਲ ਨੂੰ ਮੁੜਦੀ ਗਲੀ ਮੁੜ ਗਏ ਤਾਂ ਸਾਡਾ ਫਿਕਰ ਮੁੱਕ ਗਿਆ। ਕਾਲ਼ੇ ਨੇ ਟਿੱਕੀਆਂ ਤਿਆਰ ਕਰਕੇ ਲਿਫਾਫੇ ਵਿਚ ਪਾ ਕੇ ਦੇ ਦਿੱਤੀਆਂ ਤਾਂ ਅਸੀਂ ਘਰ ਚਲੇ ਗਏ।

ਘਰ ਪਹੁੰਚ ਕੇ ਭੈਣ ਨੇ ਬੱਚਿਆਂ ਨੂੰ ਟਿੱਕੀਆਂ ਪਲੇਟ ਵਿਚ ਰੱਖ ਕੇ ਦਿੱਤੀਆਂ ਤਾਂ ਉਹ ਪਲੇਟ ਵਲ ਨੂੰ ਮੂੰਹ ਵੀ ਨਾ ਕਰਨ। ਪੁੱਛਿਆ ਤਾਂ ਭਾਣਜੀ ਕਹਿੰਦੀ 'ਮੈਂ ਨਹੀਂ ਖਾਣੇ ਕਾਲ਼ੇ ਦੇ ਗੰਦੇ ਪਕੌੜੇ'। ਮੈਂ ਪਿਆਰ ਨਾਲ ਪੁਚਕਾਰ ਕੇ ਕਿਹਾ 'ਬੇਟੇ ਗੰਦੇ ਨਹੀਂ, ਦੇਖੋ ਤਾਂ ਸਹੀ ਖਾ ਕੇ ਕਿੰਨੇ ਸੁਆਦ ਆ'।ਭਾਣਜੀ ਨੇੜੇ ਆ ਕੇ ਬੈਠ ਗਈ ਅਤੇ ਦੱਸਣ ਲੱਗੀ 'ਮਾਮਾ ਜੀ, ਤੁਹਾਨੂੰ ਨਹੀਂ ਪਤਾ ਕਾਲ਼ਾ ਕਿੰਨਾ ਗੰਦਾ ਆ। ਜਦੋਂ ਉਹ ਭੱਠੀ ਵਿਚ ਫੂਕਾਂ ਮਾਰਦਾ ਸੀ, ਧੂੰਏਂ ਨਾਲ ਉਹਦਾ ਨੱਕ ਵਗਣ ਲੱਗ ਪਿਆ ਸੀ। ਉਹਨੇ ਸੱਜੇ ਹੱਥ ਨਾਲ ਨੱਕ ਸੁਣਕਿਆ, ਹੱਥ ਆਪਣੇ ਕੱਛੇ ਨਾਲ ਪੂੰਝਿਆ ਅਤੇ ਬਿਨਾਂ ਹੱਥ ਧੋਤਿਆਂ ਪਕੌੜੇ ਬਣਾਉਣ ਲੱਗ ਪਿਆ। ਅਸੀਂ ਦੋਵੇਂ ਦੇਖ ਕੇ ਤੁਹਾਨੂੰ ਬਿਨਾਂ ਦੱਸਿਆਂ ਘਰ ਨੂੰ ਦੌੜ ਆਏ। ਅਸੀਂ ਨਹੀਂ ਖਾਣੇ ਗੰਦੇ ਕਾਲ਼ੇ ਦੇ ਗੰਦੇ ਪਕੌੜੇ'।

# ਬਦਲਾਅ ਦੇ ਭਰੋਸੇ ਪੰਜਾਬ

# (ਮੁਫ਼ਤਖ਼ੋਰੀ ਦੀ ਰਾਜਨੀਤੀ ਬਨਾਮ ਪੰਜਾਬ ਦੀ ਵਿੱਤੀ ਖ਼ੁਦਮੁਖ਼ਤਿਆਰੀ)



**ਹਰਜੀਤ ਸਿੰਘ ਗਿੱਲ**
ਫੋਨ:647-542-0007 (ਕਨੇਡਾ)
+9198889-45127 (ਭਾਰਤ)

ਕਿਹਾ ਜਾਂਦਾ ਹੈ ਅੰਨਾ ਅੰਦੋਲਨ ਦਾ ਮੁੱਖ ਏਜੰਡਾ ਭ੍ਰਿਸ਼ਟਾਚਾਰ ਦੀ ਆੜ ਵਿਚ ਮਨਮੋਹਨ ਸਿੰਘ ਦੀ ਸਰਕਾਰ ਨੂੰ ਡੇਗਣਾ ਸੀ, ਜਿਸ ਪਿੱਛੇ ਭਾਜਪਾ ਅਤੇ ਆਰ.ਐੱਸ.ਐੱਸ. ਦਾ ਹੱਥ ਸੀ। ਇਸ ਲਹਿਰ ਨੂੰ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਸਮੇਤ ਕਾਂਗਰਸ ਵਿਰੋਧੀ ਤਾਕਤਾਂ ਤੋਂ ਮਿਲੇ ਸਮਰਥਨ ਅਤੇ ਇਸ ਦੇ ਰਾਜਨੀਤਕ ਪ੍ਰਭਾਵ ਬਾਰੇ ਉਸ ਸਮੇਂ ਤੋਂ ਹੀ ਸਵਾਲ ਉੱਠਦੇ ਰਹੇ ਹਨ। ਅੰਦੋਲਨ ਦਾ ਜਨਤਕ ਅਤੇ ਘੋਸ਼ਿਤ ਏਜੰਡਾ ਜਨ ਲੋਕਪਾਲ, ਭ੍ਰਿਸ਼ਟਾਚਾਰ ਦਾ ਵਿਰੋਧ ਅਤੇ ਸਰਕਾਰੀ ਜਵਾਬਦੇਹੀ ਦਾ ਸੀ। ਪਰ ਆਰ.ਐੱਸ.ਐੱਸ. ਨੇ 15 ਅਗਸਤ 2011 ਦੇ ਆਪਣੇ ਬਿਆਨ ਵਿਚ ਖੁੱਲ੍ਹ ਕੇ ਅੰਨਾ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਨੂੰ ਸਮਰਥਨ ਦਿੱਤਾ ਅਤੇ ਕੇਂਦਰ ਸਰਕਾਰ ਦੇ ਰਵੱਈਏ ਦੀ ਨਿੰਦਾ ਕੀਤੀ। ਉਸੇ ਸਮੇਂ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੇ ਕਿਹਾ ਸੀ ਕਿ ਆਰ.ਐੱਸ.ਐੱਸ. ਦਾ ਇਸ ਅੰਦੋਲਨ ਨਾਲ ਅਧਿਕਾਰਤ ਲਿੰਕ ਨਹੀਂ ਸੀ, ਹਾਲਾਂ ਕਿ ਆਰ.ਐੱਸ.ਐੱਸ. ਮੈਂਬਰਾਂ ਨੂੰ ਨਿੱਜੀ ਤੌਰ 'ਤੇ ਇਸ ਵਿਚ ਸ਼ਾਮਲ ਹੋਣ ਤੋਂ ਨਹੀਂ ਰੋਕਿਆ ਗਿਆ। 2023 ਵਿਚ ਭ੍ਰਿਸ਼ਟਾਚਾਰ ਵਿਰੁੱਧ ਭਾਰਤ ਦੇ ਸਾਬਕਾ ਰਾਸ਼ਟਰੀ ਕਮੇਟੀ ਮੈਂਬਰ ਚੰਦਰ ਮੋਹਨ ਨੇ ਇੱਕ ਇੰਟਰਵਿਊ ਵਿਚ ਦਾਅਵਾ ਕੀਤਾ ਕਿ ਅੰਦੋਲਨ ਦੇ ਪਿੱਛੇ ਭਾਜਪਾ ਅਤੇ ਆਰ.ਐੱਸ.ਐੱਸ. ਦੀ ਸੰਗਠਿਤ ਭੂਮਿਕਾ ਸੀ ਅਤੇ ਅੰਦੋਲਨ ਨੂੰ ਬਹੁਤ ਬਾਰੀਕੀ ਨਾਲ ਨਿਯੰਤਰਿਤ ਕੀਤਾ ਗਿਆ ਸੀ। ਇਹ ਦਾਅਵਾ 'ਦ ਨਿਊਜ਼ ਮਿੰਟ' ਨੇ ਉਨ੍ਹਾਂ ਦੇ ਇੰਟਰਵਿਊ ਦੇ ਆਧਾਰ 'ਤੇ ਰਿਪੋਰਟ ਕੀਤਾ। ਭਾਵੇਂ ਅੰਦੋਲਨ ਦਾ ਘੋਸ਼ਿਤ ਟੀਚਾ ਸਰਕਾਰ ਡੇਗਣਾ ਨਾ ਵੀ ਹੋਵੇ, ਇਸ ਦਾ ਸਭ ਤੋਂ ਵੱਡਾ ਰਾਜਨੀਤਕ ਪ੍ਰਭਾਵ ਯੂ.ਪੀ.ਏ.ਅਤੇ ਖ਼ਾਸ ਕਰਕੇ ਕਾਂਗਰਸ ਦੀ ਭਰੋਸੇਯੋਗਤਾ ਨੂੰ ਭਾਰੀ ਨੁਕਸਾਨ ਪਹੁੰਚਾਉਣਾ ਸੀ। ਅੰਦੋਲਨ ਨੇ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੀ ਭਰੋਸੇਯੋਗਤਾ ਨੂੰ ਭਾਰੀ ਝਟਕਾ ਦਿੱਤਾ ਅਤੇ 2014 ਵਿਚ ਭਾਜਪਾ ਲਈ ਬਣੇ ਰਾਜਨੀਤਕ ਮਾਹੌਲ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਹ ਨਤੀਜਾ ਨਕਾਰਿਆ ਨਹੀਂ ਜਾ ਸਕਦਾ ਕਿ ਭਾਜਪਾ ਨੂੰ ਅੰਦੋਲਨ ਤੋਂ ਰਾਜਨੀਤਕ ਲਾਭ ਮਿਲਿਆ।

2011 ਦਾ ਅੰਨਾ ਅੰਦੋਲਨ ਬਾਅਦ ਵਿਚ ਦੋ ਵੱਖਰੀਆਂ ਰਾਜਨੀਤਕ ਧਾਰਾਵਾਂ ਵਿਚ ਵੰਡਿਆ ਗਿਆ। ਕਿਹਾ ਇਹ ਹੀ ਜਾਂਦਾ ਰਿਹਾ ਕਿ ਇਹ ਭ੍ਰਿਸ਼ਟਾਚਾਰ ਵਿਰੋਧੀ ਜਨ ਅੰਦੋਲਨ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਸਰਗਰਮ ਪਾਰਟੀ ਰਾਜਨੀਤੀ ਤੋਂ ਦੂਰ ਹੈ। ਅਰਵਿੰਦ ਕੇਜਰੀਵਾਲ ਨੇ ਨਵੀਂ ਲਾਈਨ ਦਿੰਦਿਆਂ ਆਖਿਆ ਕਿ ਜੇ ਸਿਸਟਮ ਹੀ ਖ਼ਰਾਬ ਹੈ ਤਾਂ ਸਿਸਟਮ ਦੇ ਅੰਦਰ ਜਾ ਕੇ ਉਸ ਨੂੰ ਬਦਲਣਾ ਪਵੇਗਾ। ਲੋਕਾਂ ਨੂੰ ਦਿੱਤੇ ਇਸ ਭਰੋਸੇ ਸਦਕਾ ਕੇਜਰੀਵਾਲ ਟੀਮ ਤਿੰਨ ਵਾਰ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਜੇਤੂ ਰਹੇ। ਪੰਜਾਬ ਨੂੰ ਨਵੇਂ ਵਿਚਾਰ ਅਪਣਾਉਣ ਅਤੇ ਹਰ ਨਵੀਂ ਪਹਿਲ ਨੂੰ ਜੀ ਆਇਆਂ ਕਹਿਣ ਵਾਲਾ ਪ੍ਰਦੇਸ਼ ਕਿਹਾ ਜਾਂਦਾ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਦਾ 2014 ਤੋਂ 2022 ਤੱਕ ਦਾ ਸਫ਼ਰ ਭਾਰਤੀ ਚੋਣ ਰਾਜਨੀਤੀ ਦੇ ਸਭ ਤੋਂ ਦਿਲਚਸਪ ਬਦਲਾਵਾਂ ਵਿਚੋਂ ਇੱਕ ਹੈ। ਇਹ ਸਿਰਫ਼ ਇੱਕ ਨਵੀਂ ਪਾਰਟੀ ਦੇ ਜਿੱਤਣ ਦੀ ਕਹਾਣੀ ਨਹੀਂ, ਸਗੋਂ ਪੰਜਾਬ ਦੀ ਰਵਾਇਤੀ ਦੋ-ਧਿਰੀ ਰਾਜਨੀਤੀ ਅਕਾਲੀ ਦਲ ਬਨਾਮ ਕਾਂਗਰਸ ਭਰਮ ਦੇ ਟੁੱਟਣ ਦੀ ਕਹਾਣੀ ਵੀ ਹੈ। 2014 ਵਿਚ ਆਮ ਆਦਮੀ ਪਾਰਟੀ ਨੇ 13 ਵਿਚੋਂ 4 ਲੋਕ ਸਭਾ ਸੀਟਾਂ ਜਿੱਤ ਕੇ ਤੀਜੀ ਤਾਕਤ ਵਜੋਂ ਪੰਜਾਬ ਵਿਚ ਦਾਖਲਾ ਕੀਤਾ। 2014 ਵਿਚ ਆਮ ਆਦਮੀ ਪਾਰਟੀ ਦਾ ਵੋਟ ਕੇਵਲ ਕੇਜਰੀਵਾਲ ਦੇ ਹੱਕ ਵਿਚ ਵੋਟ ਨਹੀਂ ਸੀ, ਇਹ ਰਵਾਇਤੀ ਸਿਆਸਤ ਦੇ ਵਿਰੁੱਧ ਵੋਟ ਵੀ ਸੀ। 2014 ਦੀ ਸਫਲਤਾ ਤੋਂ ਬਾਅਦ ਆਮ ਆਦਮੀ ਪਾਰਟੀ ਕੋਲ ਪੰਜਾਬ ਵਿਚ ਕਈ ਲੋਕ ਪ੍ਰਿਅ ਚਿਹਰੇ ਆਏ ਜਿਨ੍ਹਾਂ ਵਿਚ ਭਗਵੰਤ ਮਾਨ, ਐੱਚ.ਐੱਸ.ਫੂਲਕਾ, ਡਾ. ਧਰਮਵੀਰ ਗਾਂਧੀ, ਸੁਖਪਾਲ ਸਿੰਘ ਖਹਿਰਾ ਆਦਿ ਸ਼ਾਮਲ ਸਨ। ਪਰ ਇੱਥੋਂ ਪਾਰਟੀ ਦੀ ਸਭ ਤੋਂ ਵੱਡੀ ਸਮੱਸਿਆ ਵੀ ਸ਼ੁਰੂ ਹੋਈ। ਦਿੱਲੀ ਦੀ ਕੇਂਦਰੀ ਲੀਡਰਸ਼ਿਪ ਅਤੇ ਪੰਜਾਬ ਦੀ ਸਥਾਨਕ ਲੀਡਰਸ਼ਿਪ ਵਿਚਕਾਰ ਟਕਰਾਅ ਵਧਿਆ। ਇਹ ਇਲਜ਼ਾਮ ਲੱਗੇ ਕਿ ਪੰਜਾਬ ਦੀ ਇਕਾਈ ਨੂੰ ਦਿੱਲੀ ਤੋਂ ਚਲਾਇਆ ਜਾ ਰਿਹਾ ਹੈ ਅਤੇ ਸਥਾਨਕ ਨੇਤਾਵਾਂ ਨੂੰ ਪੂਰੀ ਖ਼ੁਦਮੁਖ਼ਤਿਆਰੀ ਨਹੀਂ ਮਿਲ ਰਹੀ। ਇਸ ਕਾਰਨ ਬਾਅਦ ਵਿਚ ਕਈ ਪ੍ਰਮੁੱਖ ਆਗੂ ਪਾਰਟੀ ਤੋਂ ਵੱਖ ਹੋਏ। ਪਰ 2017 ਤੋਂ ਬਾਅਦ ਫਿਰ ਅੰਦਰੂਨੀ ਵਿਵਾਦ, ਧੜੇਬੰਦੀ ਅਤੇ ਵਿਧਾਇਕਾਂ ਦੇ ਟੁੱਟਣ ਨਾਲ ਪਾਰਟੀ ਕਮਜ਼ੋਰ ਹੋਈ। ਇੱਕ ਸਮੇਂ 20 ਜਿੱਤੇ ਵਿਧਾਇਕਾਂ ਵਿਚੋਂ ਕਈ ਪਾਰਟੀ ਤੋਂ ਵੱਖ ਹੋ ਗਏ। ਐੱਚ.ਐੱਸ. ਫੂਲਕਾ, ਡਾ. ਧਰਮਵੀਰ ਗਾਂਧੀ, ਕੰਵਰ ਸੰਧੂ, ਸੁਖਪਾਲ ਖਹਿਰਾ ਵਰਗੇ ਬਹੁਤ ਸਾਰੇ ਪ੍ਰਸਿੱਧ ਚਿਹਰਿਆਂ ਨੇ ਆਮ ਆਦਮੀ ਪਾਰਟੀ ਨਾਲੋਂ ਸਬੰਧ ਤੋੜ ਲਏ ਅਤੇ ਇਸ ਦੇ ਰਾਸ਼ਟਰੀ ਸੰਯੋਜਕ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਦਿੱਲੀ ਤੋਂ ਪਾਰਟੀ ਦੀ ਪੰਜਾਬ ਯੂਨਿਟ ਨੂੰ ਨਿਯੰਤਰਿਤ ਕਰਨ ਦਾ ਦੋਸ਼ ਲਗਾਇਆ, ਜਿਸ ਨਾਲ ਪਾਰਟੀ ਇੱਕ ਵਨ ਮੈਨ ਸ਼ੋਅ ਬਣ ਕੇ ਰਹਿ ਗਈ। ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ 20 ਸੀਟਾਂ ਜਿੱਤ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਹਾਲਾਂਕਿ, ਚਾਰ ਸਾਲਾਂ ਵਿਚ ਇਸ ਦੇ ਵਿਧਾਇਕਾਂ ਦੀ ਗਿਣਤੀ ਸਿਰਫ਼ ਨੌਂ ਤੱਕ ਘਟਣ ਤੋਂ ਬਾਅਦ ਇਸ ਨੂੰ ਇੱਕ ਵੱਡੇ ਸੰਕਟ ਦਾ ਸਾਹਮਣਾ ਕਰਨਾ ਪਿਆ ਸੀ। ਅੰਦਰੂਨੀ ਅਸਹਿਮਤੀ, ਦਲ ਬਦਲਣ ਅਤੇ ਹਾਈ ਕਮਾਂਡ ਸੱਭਿਆਚਾਰ ਕਾਰਨ ਆਮ ਆਦਮੀ ਪਾਰਟੀ ਨੇ ਵਿਸ਼ਵਾਸ ਯੋਗਤਾ ਵੀ ਗੁਆ ਦਿੱਤੀ ਸੀ।



2019 ਦੀ ਲੋਕ ਸਭਾ ਚੋਣ ਵਿਚ ਆਮ ਆਦਮੀ ਪਾਰਟੀ ਸਿਰਫ਼ ਇੱਕ ਸੀਟ ਸੰਗਰੂਰ ਬਚਾ ਸਕੀ ਸੀ। ਇਹ 2014 ਦੀਆਂ 4 ਸੀਟਾਂ ਦੇ ਮੁਕਾਬਲੇ ਇੱਕ ਵੱਡੀ ਵੋਟ ਗਿਰਾਵਟ ਸੀ। ਇੱਥੇ ਇਹ ਵੀ ਦਿਖਾਈ ਦਿੱਤਾ ਕਿ 2014 ਦਾ ਆਮ ਆਦਮੀ ਪਾਰਟੀ ਵੋਟਰ ਪੂਰੀ ਤਰ੍ਹਾਂ ਸਥਾਈ ਆਮ ਆਦਮੀ ਪਾਰਟੀ ਦਾ ਵੋਟਰ ਨਹੀਂ ਸੀ ਬਣਿਆ। ਕਈ ਵੋਟਰਾਂ ਨੇ 2019 ਵਿਚ ਕਾਂਗਰਸ ਜਾਂ ਹੋਰ ਵਿਕਲਪਾਂ ਵੱਲ ਰੁਖ ਕੀਤਾ। ਇਸ ਦੌਰ ਵਿਚ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਅੰਦਰੂਨੀ ਖਿੱਚੋਤਾਣ ਨਾਲ ਵੀ ਜੂਝ ਰਹੀ ਸੀ। ਪਰ ਇੱਕ ਚੀਜ਼ ਪਾਰਟੀ ਕੋਲ ਬਚੀ ਰਹੀ ਉਹ ਸੀ ਭਗਵੰਤ ਮਾਨ ਦਾ ਚਿਹਰਾ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਨੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਗਵੰਤ ਮਾਨ ਨੂੰ ਆਪਣਾ ਮੁੱਖ ਮੰਤਰੀ ਉਮੀਦਵਾਰ ਨਾਮਜ਼ਦ ਕਰਨ ਤੋਂ ਪਹਿਲਾਂ ਲੀਡਰਸ਼ਿਪ ਸਰਵੇ ਦਾ ਇੱਕ ਵਿਸਤ੍ਰਿਤ ਢੌਂਗ ਦਾ ਸਹਾਰਾ ਲਿਆ ਸੀ। ਪਰ ਅਸਲੀਅਤ ਇਹ ਹੈ ਕਿ ਉਸ ਕੋਲ ਜ਼ਿਆਦਾ ਬਦਲ ਹੀ ਨਹੀਂ ਸਨ। ਭਗਵੰਤ ਮਾਨ ਸੰਗਰੂਰ ਤੋਂ ਲਗਾਤਾਰ ਆਪਣਾ ਆਧਾਰ ਕਾਇਮ ਰੱਖਣ ਵਿਚ ਸਫਲ ਰਹੇ ਸਨ। ਇਹੀ ਚੀਜ਼ 2022 ਵਿਚ ਮਹੱਤਵਪੂਰਨ ਬਣੀ। ਕੇਂਦਰ ਦੇ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਤੋਂ ਉੱਠਿਆ ਕਿਸਾਨ ਅੰਦੋਲਨ ਆਮ ਆਦਮੀ ਪਾਰਟੀ ਦੇ 2022 ਵਾਲੇ ਉਭਾਰ ਲਈ ਇੱਕ ਮਹੱਤਵਪੂਰਨ ਪਿਛੋਕੜ ਬਣਿਆ। ਪੰਜਾਬ ਵਿਚ ਕੇਂਦਰ ਦੀ ਭਾਜਪਾ ਸਰਕਾਰ ਅਤੇ ਰਵਾਇਤੀ ਰਾਜਨੀਤਕ ਪਾਰਟੀਆਂ ਪ੍ਰਤੀ ਗ਼ੁੱਸਾ ਵਧਿਆ। ਆਮ ਆਦਮੀ ਪਾਰਟੀ ਨੇ ਕਿਸਾਨ ਅੰਦੋਲਨ ਨਾਲ ਹਮਦਰਦੀ ਵਾਲੀ ਸਥਿਤੀ ਬਣਾਈ ਰੱਖੀ ਅਤੇ ਭਾਰਤੀ ਜਨਤਾ ਪਾਰਟੀ ਤੋਂ ਦੂਰੀ ਬਣਾ ਕੇ ਰੱਖੀ। 2022 ਦੀ ਆਮ ਆਦਮੀ ਪਾਰਟੀ ਦੀ ਜਿੱਤ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਨ ਵਾਲੀਆਂ ਖੋਜਾਂ ਵੀ ਕਿਸਾਨ ਅੰਦੋਲਨ ਨੂੰ ਮਹੱਤਵਪੂਰਨ ਕਾਰਕਾਂ ਵਿਚ ਗਿਣਦੀਆਂ ਹਨ।

1966 ਵਿਚ ਰਾਜ ਦੇ ਪੁਨਰਗਠਨ ਤੋਂ ਬਾਅਦ ਪੰਜਾਬ ਵਿਚ ਚੋਣ ਮੁਕਾਬਲੇ ਦਾ ਵੋਟ ਪੋਲ ਦਾ ਸੁਭਾਅ ਦੋ ਧਰੁਵੀ ਸੀ। ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਭਾਵ ਸ਼੍ਰੋਮਣੀ ਅਕਾਲੀ ਦਲ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਵਿਚਕਾਰ ਹਮੇਸ਼ਾ ਸਿੱਧਾ ਮੁਕਾਬਲਾ ਹੁੰਦਾ ਰਿਹਾ ਹੈ। ਇਹ ਦੋਵੇਂ ਪਾਰਟੀਆਂ ਬਦਲ-ਬਦਲ ਕੇ ਸੂਬੇ 'ਤੇ ਰਾਜ ਕਰਦੀਆਂ ਸਨ। ਇਸ ਦੋ-ਧਰੁਵੀ ਪਾਰਟੀ ਦੀ ਰਾਜਨੀਤੀ ਨੂੰ 2014 ਦੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੁਆਰਾ ਚੁਣੌਤੀ ਦਿੱਤੀ ਗਈ, ਜਿਸ ਵਿਚ ਆਮ ਆਦਮੀ ਪਾਰਟੀ 13 ਸੀਟਾਂ ਵਿਚੋਂ 4 ਸੀਟਾਂ ਹਾਸਲ ਕਰਕੇ ਤੀਜੀ ਪਾਰਟੀ ਵਜੋਂ ਉੱਭਰੀ । ਇਸ ਤੋਂ ਇਲਾਵਾ 2017 ਦੀਆਂ ਵਿਧਾਨ ਸਭਾ ਚੋਣਾਂ ਨੇ ਆਮ ਆਦਮੀ ਪਾਰਟੀ ਦੀ ਸਥਿਤੀ ਨੂੰ ਹੋਰ ਵੀ ਮਜ਼ਬੂਤ ਕੀਤਾ। ਕਿਉਂਕਿ ਇਨ੍ਹਾਂ ਚੋਣਾਂ ਵਿਚ ਪਾਰਟੀ 20 ਸੀਟਾਂ ਜਿੱਤ ਕੇ ਵਿਧਾਨਸਭਾ ਵਿਚ ਮੁੱਖ ਵਿਰੋਧੀ ਪਾਰਟੀ ਬਣ ਗਈ। ਪਰ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੇ ਰਾਜ ਦੇ ਸਿਆਸੀ ਲੈਂਡਸਕੇਪ ਵਿਚ ਇੱਕ ਬਦਲਾਅ ਵਾਲੇ ਪਲ ਦਾ ਸੰਕੇਤ ਦਿੱਤਾ ਜਿਸ ਵਿਚ ਆਮ ਆਦਮੀ ਪਾਰਟੀ ਨੇ ਇੱਕ ਬੇਮਿਸਾਲ ਜਿੱਤ ਹਾਸਲ ਕੀਤੀ। ਇਹ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਵਿਚ ਇੱਕ ਨਵਾਂ ਮੀਲ ਪੱਥਰ ਸੀ, ਕਿਉਂਕਿ ਪਾਰਟੀ ਨੇ ਰਾਜ ਵਿਚ 92 ਵਿਧਾਨ ਸਭਾ ਸੀਟਾਂ ਜਿੱਤ ਕੇ ਸਰਕਾਰ ਬਣਾਈ। ਨਤੀਜੇ ਵਜੋਂ, ਪੰਜਾਬ ਵਿਚ ਚੋਣ ਮੁਕਾਬਲੇ ਦੀ ਪ੍ਰਵਿਰਤੀ ਦੋ-ਧਰੁਵੀ ਤੋਂ ਬਹੁ-ਧਰੁਵੀ ਵਿਚ ਬਦਲ ਗਈ ਹੈ। ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਦੇ ਮੁੱਖ ਕਾਰਨ ਮੌਜੂਦਾ ਸਿਆਸੀ ਪਾਰਟੀਆਂ ਵਿਰੁੱਧ ਵੋਟਰਾਂ ਦਾ ਗ਼ੁੱਸਾ, ਆਮ ਆਦਮੀ ਪਾਰਟੀ ਦਾ ਦਿੱਲੀ ਗਵਰਨੈਂਸ ਮਾਡਲ, ਭਗਵੰਤ ਮਾਨ ਦੀ ਲੀਡਰਸ਼ਿਪ, ਨੌਜਵਾਨਾਂ ਅਤੇ ਔਰਤਾਂ ਦਾ ਸਮਰਥਨ, ਕਿਸਾਨਾਂ ਦਾ ਅੰਦੋਲਨ, ਕਾਂਗਰਸ ਅਤੇ ਅਕਾਲੀ ਦਲ ਵਿਚ ਅੰਦਰੂਨੀ ਧੜੇਬਾਜ਼ੀ, ਪ੍ਰਭਾਵਸ਼ਾਲੀ ਚੋਣ ਮੁਹਿੰਮ ਦੀ ਰਣਨੀਤੀ ਅਤੇ ਤਬਦੀਲੀ ਲਈ ਲੋਕਾਂ ਦਾ ਫ਼ਤਵਾ ਸੀ।

ਪੰਜਾਬ ਦੀ ਰਾਜਨੀਤੀ ਵਿਚ ਆਮ ਆਦਮੀ ਪਾਰਟੀ ਦਾ ਉਭਾਰ ਇੱਕ ਅਜਿਹੇ ਸਮੇਂ ਹੋਇਆ ਜਦੋਂ ਲੋਕ ਲੰਮੇ ਸਮੇਂ ਤੋਂ ਕਾਂਗਰਸ ਅਤੇ ਅਕਾਲੀ ਦਲ ਦੀ ਰਵਾਇਤੀ ਰਾਜਨੀਤੀ ਤੋਂ ਨਿਰਾਸ਼ ਹੋ ਚੁੱਕੇ ਸਨ। ਅਕਾਲੀ ਦਲ ਅਤੇ ਕਾਂਗਰਸ ਵਾਰੀ-ਵਾਰੀ ਸੱਤਾ ਵਿਚ ਆਉਂਦੇ ਰਹੇ, ਪਰ ਬੇਰੁਜ਼ਗਾਰੀ, ਨਸ਼ਿਆਂ, ਕਿਸਾਨੀ ਸੰਕਟ, ਭ੍ਰਿਸ਼ਟਾਚਾਰ, ਮਾਫ਼ੀਆ-ਰਾਜ ਅਤੇ ਸਰਕਾਰੀ ਸੇਵਾਵਾਂ ਦੀ ਮਾੜੀ ਹਾਲਤ ਵਰਗੇ ਮੁੱਦੇ ਲਗਾਤਾਰ ਬਣੇ ਰਹੇ। ਇਸ ਕਾਰਨ ਪੰਜਾਬ ਦੇ ਇੱਕ ਵੱਡੇ ਵਰਗ ਵਿਚ ਇਹ ਭਾਵਨਾ ਪੈਦਾ ਹੋ ਗਈ ਕਿ ਰਵਾਇਤੀ ਸਿਆਸੀ ਪਾਰਟੀਆਂ ਕੋਲ ਸਮੱਸਿਆਵਾਂ ਦਾ ਕੋਈ ਨਵਾਂ ਹੱਲ ਨਹੀਂ। ਇਸੇ ਰਾਜਨੀਤਕ ਖ਼ਾਲੀਪਣ ਵਿਚ ਆਮ ਆਦਮੀ ਪਾਰਟੀ ਨੇ ਬਦਲਾਅ ਦਾ ਨਾਅਰਾ ਲਾ ਕੇ ਪੰਜਾਬ ਦੇ ਲੋਕਾਂ ਸਾਹਮਣੇ ਆਪਣੇ ਆਪ ਨੂੰ ਇੱਕ ਨਵੇਂ ਅਤੇ ਸਾਫ਼-ਸੁਥਰੇ ਰਾਜਨੀਤਕ ਬਦਲ ਵਜੋਂ ਪੇਸ਼ ਕੀਤਾ। ਦਿੱਲੀ ਦੇ ਕਥਿਤ ਮਾਡਲ ਨੂੰ ਪੰਜਾਬ ਵਿਚ ਲਾਗੂ ਕਰਨ ਦੇ ਵਾਅਦੇ ਕੀਤੇ ਗਏ ਅਤੇ ਬਿਜਲੀ, ਸਿੱਖਿਆ, ਸਿਹਤ, ਰੁਜ਼ਗਾਰ, ਕਿਸਾਨੀ, ਔਰਤਾਂ ਨੂੰ ਸਹੂਲਤਾਂ ਅਤੇ ਭ੍ਰਿਸ਼ਟਾਚਾਰ ਖ਼ਤਮ ਕਰਨ ਨਾਲ ਸਬੰਧਿਤ ਵੱਡੇ ਵਾਅਦੇ ਲੋਕਾਂ ਸਾਹਮਣੇ ਰੱਖੇ ਗਏ।

ਇਨ੍ਹਾਂ ਵਾਅਦਿਆਂ ਨੇ ਖ਼ਾਸ ਕਰਕੇ ਨੌਜਵਾਨਾਂ, ਮੱਧ ਵਰਗ, ਸਰਕਾਰੀ ਸੇਵਾਵਾਂ ਤੋਂ ਨਿਰਾਸ਼ ਲੋਕਾਂ ਅਤੇ ਰਵਾਇਤੀ ਪਾਰਟੀਆਂ ਤੋਂ ਮੋਹ-ਭੰਗ ਹੋਏ ਵੋਟਰਾਂ ਨੂੰ ਪ੍ਰਭਾਵਿਤ ਕੀਤਾ। ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਅੱਗੇ ਕਰਨਾ ਵੀ ਪਾਰਟੀ ਲਈ ਮਹੱਤਵਪੂਰਨ ਸਾਬਤ ਹੋਇਆ। ਇਸ ਨਾਲ ਦਿੱਲੀ ਤੋਂ ਚੱਲਣ ਵਾਲੀ ਪਾਰਟੀ ਵਾਲੀ ਧਾਰਨਾ ਨੂੰ ਕੁਝ ਹੱਦ ਤੱਕ ਪਿੱਛੇ ਛੱਡ ਕੇ ਭਗਵੰਤ ਮਾਨ ਦੇ ਰੂਪ ਵਿਚ ਇੱਕ ਪੰਜਾਬੀ ਚਿਹਰਾ ਲੋਕਾਂ ਸਾਹਮਣੇ ਆ ਗਿਆ। 2022 ਦੀ ਚੋਣ ਵਿਚ ਇਸ ਲਈ ਆਮ ਆਦਮੀ ਪਾਰਟੀ ਨੂੰ ਮਿਲੀ ਜਿੱਤ ਨੂੰ ਸਿਰਫ਼ ਉਸ ਦੇ ਚੋਣ ਵਾਅਦਿਆਂ ਦਾ ਨਤੀਜਾ ਮੰਨਣਾ ਵੀ ਅਧੂਰਾ ਹੋਵੇਗਾ। ਇਹ ਜਿੱਤ ਰਵਾਇਤੀ ਪਾਰਟੀਆਂ ਵਿਰੁੱਧ ਪੈਦਾ ਹੋਏ ਵਿਆਪਕ ਜਨ-ਅਸੰਤੋਸ਼, ਕਾਂਗਰਸ ਦੀ ਅੰਦਰੂਨੀ ਫੁੱਟ, ਅਕਾਲੀ ਦਲ ਦੀ ਗਿਰਾਵਟ ਅਤੇ ਨਵੇਂ ਰਾਜਨੀਤਕ ਵਿਕਲਪ ਦੀ ਲੋਕਾਂ ਵਿਚ ਪੈਦਾ ਹੋਈ ਲੋੜ ਦਾ ਵੀ ਨਤੀਜਾ ਸੀ।

ਪਰ ਦੂਜੇ ਪਾਸੇ, ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਕਈ ਵੱਡੇ ਵਾਅਦਿਆਂ ਨੇ ਲੋਕਾਂ ਵਿਚ ਉਮੀਦਾਂ ਦਾ ਇੱਕ ਬਹੁਤ ਉੱਚਾ ਪੱਧਰ ਵੀ ਪੈਦਾ ਕੀਤਾ। ਜੇ ਇਨ੍ਹਾਂ ਉਮੀਦਾਂ ਨੂੰ ਪੂਰਾ ਕਰਨ ਦੀ ਸਮਰੱਥਾ ਸਰਕਾਰ ਕੋਲ ਨਾ ਹੋਵੇ, ਤਾਂ ਬਦਲਾਅ ਦਾ ਨਾਅਰਾ ਸਮੇਂ ਦੇ ਨਾਲ ਸਵਾਲਾਂ ਦੇ ਘੇਰੇ ਵਿਚ ਆਉਣਾ ਸੁਭਾਵਿਕ ਹੈ। ਇਸ ਲਈ 2022 ਦੀ ਆਮ ਆਦਮੀ ਪਾਰਟੀ ਜਿੱਤ ਨੂੰ ਲੋਕਾਂ ਨੇ ਨਵੀਂ ਆਸ ਨਾਲ ਵੋਟ ਦਿੱਤੀ ਅਤੇ ਨਾਲ ਹੀ ਪੁਰਾਣੀਆਂ ਪਾਰਟੀਆਂ ਪ੍ਰਤੀ ਨਾਰਾਜ਼ਗੀ ਨੂੰ ਵੋਟ ਵਿਚ ਬਦਲਿਆ। ਅਸਲ ਸਵਾਲ ਇਹ ਨਹੀਂ ਕਿ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਬਦਲਾਅ ਦਾ ਸੁਪਨਾ ਦਿਖਾਇਆ ਜਾਂ ਨਹੀਂ, ਸਵਾਲ ਇਹ ਹੈ ਕਿ ਜਿਸ 'ਬਦਲਾਅ' ਦੀ ਉਮੀਦ ਜਗਾ ਕੇ ਸੱਤਾ ਹਾਸਲ ਕੀਤੀ ਗਈ, ਉਸ ਵਿਚੋਂ ਕਿੰਨਾ ਬਦਲਾਅ ਅਮਲ ਵਿਚ ਆਇਆ ਅਤੇ ਕਿੰਨਾ ਸਿਰਫ਼ ਚੋਣਾ ਦਾ ਵਾਅਦਾ ਬਣ ਕੇ ਰਹਿ ਗਿਆ। ਇਹੀ 2022 ਤੋਂ ਬਾਅਦ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦਾ ਅਸਲ ਮੁਲਾਂਕਣ ਬਣਦਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਬੇਮਿਸਾਲ ਬਹੁਮਤ ਦੇ ਕੇ ਸੱਤਾ ਸੌਂਪੀ ਸੀ। ਇਸ ਜਿੱਤ ਦੇ ਪਿੱਛੇ ਬਦਲਾਅ ਦੀ ਇੱਕ ਵੱਡੀ ਉਮੀਦ ਸੀ। ਲੋਕਾਂ ਨੂੰ ਉਮੀਦ ਸੀ ਕਿ ਰਵਾਇਤੀ ਪਾਰਟੀਆਂ ਤੋਂ ਵੱਖਰੀ ਦੱਸੀ ਜਾਣ ਵਾਲੀ ਆਮ ਆਦਮੀ ਪਾਰਟੀ ਸਰਕਾਰ ਪੰਜਾਬ ਦੀ ਰਾਜਨੀਤੀ ਅਤੇ ਪ੍ਰਸ਼ਾਸਨ ਦੋਵਾਂ ਵਿਚ ਨਵਾਂ ਰਾਹ ਖੋਲ੍ਹੇਗੀ।

ਪਰ ਸਰਕਾਰ ਦੇ ਕਾਰਜਕਾਲ ਦੌਰਾਨ ਇੱਕ ਵਰਗ ਵਿਚ ਇਹ ਧਾਰਨਾ ਵੀ ਬਣੀ ਕਿ 2022 ਵਿਚ ਦਿਖਾਏ ਗਏ ਵੱਡੇ ਸੁਪਨਿਆਂ ਅਤੇ ਜ਼ਮੀਨੀ ਹਕੀਕਤ ਵਿਚਕਾਰ ਕਾਫ਼ੀ ਫ਼ਰਕ ਹੈ। ਬੇਰੁਜ਼ਗਾਰੀ, ਨਸ਼ਿਆਂ, ਕਿਸਾਨੀ ਸੰਕਟ, ਪੰਜਾਬ ਦੇ ਕਰਜ਼ੇ, ਉਦਯੋਗ ਦੇ ਪਲਾਇਨ, ਰੇਤ-ਬਜਰੀ ਅਤੇ ਹੋਰ ਮਾਫ਼ੀਆਵਾਦੀ ਗਤੀਵਿਧੀਆਂ ਵਰਗੇ ਮੁੱਦੇ ਅਜੇ ਵੀ ਲੋਕਾਂ ਦੀ ਚਿੰਤਾ ਦਾ ਕੇਂਦਰ ਹਨ। ਇਸ ਦੇ ਨਾਲ ਹੀ ਸਰਕਾਰ ਦੀ ਕੇਂਦਰੀ ਕ੍ਰਿਤ ਕਾਰਜਸ਼ੈਲੀ ਅਤੇ ਪੰਜਾਬ ਦੇ ਮੁੱਦਿਆਂ ਉੱਤੇ ਦਿੱਲੀ ਦੀ ਲੀਡਰਸ਼ਿਪ ਦੇ ਪ੍ਰਭਾਵ ਬਾਰੇ ਵੀ ਸਵਾਲ ਉੱਠਦੇ ਰਹੇ ਹਨ। ਦੂਜੇ ਪਾਸੇ ਆਮ ਆਦਮੀ ਪਾਰਟੀ ਸਰਕਾਰ ਆਪਣੀ ਕਾਰਗੁਜ਼ਾਰੀ ਨੂੰ ਪੇਸ਼ ਕਰਦਿਆਂ ਦਾਅਵਾ ਕਰਦੀ ਹੈ ਕਿ ਉਸ ਨੇ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਸੁਧਾਰ, ਸਰਕਾਰੀ ਸਕੂਲਾਂ ਦੀ ਬਿਹਤਰੀ, ਆਮ ਆਦਮੀ ਕਲੀਨਿਕਾਂ ਦੀ ਸਥਾਪਨਾ, ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ, ਬਿਜਲੀ ਸਬਸਿਡੀ ਅਤੇ ਘਰਾਂ ਨੂੰ ਮੁਫ਼ਤ ਬਿਜਲੀ, ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਅਤੇ ਉਦਯੋਗਿਕ ਨਿਵੇਸ਼ ਨੂੰ ਉਤਸ਼ਾਹਿਤ ਕਰਨ ਵਰਗੇ ਕਈ ਕਦਮ ਚੁੱਕੇ ਹਨ। ਸਰਕਾਰ ਦਾ ਤਰਕ ਹੈ ਕਿ ਉਸ ਨੇ ਪੁਰਾਣੀਆਂ ਸਰਕਾਰਾਂ ਦੇ ਮੁਕਾਬਲੇ ਕੰਮ ਕਰਨ ਦੀ ਨਵੀਂ ਰਾਜਨੀਤਕ ਪਹੁੰਚ ਪੇਸ਼ ਕੀਤੀ ਹੈ।

ਇਸ ਲਈ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਦੋ ਬਿਲਕੁਲ ਵੱਖਰੇ ਨਜ਼ਰੀਆ ਤੋਂ ਹੋ ਰਿਹਾ ਹੈ। ਸਰਕਾਰ ਆਪਣੇ ਕੀਤੇ ਕੰਮਾਂ ਅਤੇ ਅੰਕੜਿਆਂ ਨੂੰ ਆਪਣੀ ਸਫਲਤਾ ਦਾ ਸਬੂਤ ਮੰਨਦੀ ਹੈ, ਜਦਕਿ ਵਿਰੋਧੀ ਧਿਰਾਂ ਅਤੇ ਨਿਰਾਸ਼ ਹੋਏ ਵੋਟਰ ਪੁੱਛਦੇ ਹਨ ਕਿ ਕੀ ਇਹ ਕੰਮ ਪੰਜਾਬ ਦੀਆਂ ਡੂੰਘੀਆਂ ਸਮੱਸਿਆਵਾਂ ਨੂੰ ਬਦਲਣ ਲਈ ਕਾਫ਼ੀ ਹਨ। ਅਸਲ ਵਿਚ ਸਰਕਾਰ ਵੱਲੋਂ ਕੋਈ ਕੰਮ ਕਰਨਾ ਅਤੇ ਉਸ ਕੰਮ ਨਾਲ ਲੋਕਾਂ ਦੀਆਂ ਉਮੀਦਾਂ ਪੂਰੀਆਂ ਹੋ ਜਾਣਾ ਦੋ ਵੱਖਰੀਆਂ ਗੱਲਾਂ ਹਨ। 2022 ਵਿਚ ਆਮ ਆਦਮੀ ਪਾਰਟੀ ਨੂੰ ਮਿਲਿਆ ਭਾਰੀ ਬਹੁਮਤ ਆਮ ਸਰਕਾਰ ਚਲਾਉਣ ਲਈ ਨਹੀਂ, ਸਗੋਂ ਵੱਡਾ ਬਦਲਾਅ ਲਿਆਉਣ ਦੀ ਉਮੀਦ ਨਾਲ ਮਿਲਿਆ ਸੀ। ਇਸ ਲਈ ਲੋਕ ਸਰਕਾਰ ਨੂੰ ਸਿਰਫ਼ ਇਹ ਪੁੱਛ ਕੇ ਨਹੀਂ ਪਰਖਣਗੇ ਕਿ ਕੀ ਕੰਮ ਹੋਇਆ? ਬਲਕਿ ਇਹ ਵੀ ਪੁੱਛਣਗੇ ਕਿ ਜਿੰਨਾ ਬਦਲਾਅ ਵਾਅਦਾ ਕੀਤਾ ਗਿਆ ਸੀ, ਉਸ ਵਿਚੋਂ ਕਿੰਨਾ ਹੋਇਆ?

ਇੱਥੇ ਹੀ ਆਮ ਆਦਮੀ ਪਾਰਟੀ ਸਰਕਾਰ ਦੇ ਦਾਅਵੇ ਅਤੇ ਪੰਜਾਬ ਦੇ ਇੱਕ ਹਿੱਸੇ ਵਿਚ ਪੈਦਾ ਹੋਈ ਨਿਰਾਸ਼ਾ ਆਪਸ ਵਿਚ ਟਕਰਾਉਂਦੇ ਹਨ। ਸਰਕਾਰ ਕਹਿੰਦੀ ਹੈ ਅਸੀਂ ਕੰਮ ਕਰਕੇ ਵਿਖਾਇਆ ਹੈ। ਪਰ ਨਿਰਾਸ਼ ਵੋਟਰ ਦਾ ਸਵਾਲ ਹੈ ਕੀ ਇਹ ਉਹੀ ਬਦਲਾਅ ਹੈ ਜਿਸ ਦਾ ਸੁਪਨਾ ਸਾਨੂੰ 2022 ਵਿਚ ਦਿਖਾਇਆ ਗਿਆ ਸੀ? ਆਮ ਆਦਮੀ ਪਾਰਟੀ 2022 ਵਿਚ ਸਿਰਫ਼ ਸਕੂਲਾਂ ਵਿਚ ਡੈਸਕ ਜਾਂ ਕਲੀਨਿਕ ਬਣਾਉਣ ਦਾ ਵਾਅਦਾ ਕਰਕੇ ਸੱਤਾ ਵਿਚ ਨਹੀਂ ਆਈ ਸੀ। ਉਸ ਨੇ ਪੰਜਾਬ ਨੂੰ ਨਸ਼ੇ, ਬੇਰੁਜ਼ਗਾਰੀ, ਮਾਫ਼ੀਆ, ਭ੍ਰਿਸ਼ਟਾਚਾਰ, ਕਰਜ਼ੇ ਅਤੇ ਰਵਾਇਤੀ ਰਾਜਨੀਤੀ ਤੋਂ ਮੁਕਤ ਕਰਕੇ ਇੱਕ ਨਵਾਂ ਪੰਜਾਬ ਬਣਾਉਣ ਦਾ ਵਾਅਦਾ ਕੀਤਾ ਸੀ। ਕੀ ਪੰਜਾਬ ਦੀਆਂ ਬੁਨਿਆਦੀ ਸਮੱਸਿਆਵਾਂ ਬਦਲੀਆਂ ਹਨ? ਨਸ਼ਾ ਅਜੇ ਵੀ ਵੱਡੀ ਸਮੱਸਿਆ ਹੈ, ਬੇਰੁਜ਼ਗਾਰੀ ਪਹਿਲਾਂ ਦੀ ਤਰ੍ਹਾਂ ਕਾਇਮ ਹੈ। ਪੰਜਾਬ ਸਿਰ ਕਰਜ਼ਾ ਲਗਾਤਾਰ ਵਧ ਰਿਹਾ ਹੈ ਕਿਸੇ ਕਿਸਮ ਦੇ ਉਦਯੋਗ ਦੀ ਵੱਡੀ ਵਾਪਸੀ ਨਹੀਂ ਹੋਈ। ਕਾਨੂੰਨ-ਵਿਵਸਥਾ 'ਤੇ ਵੱਡੇ ਸਵਾਲ ਖੜ੍ਹੇ ਹਨ, ਬੇਅਦਬੀ ਮਾਮਲਿਆਂ ਵਿਚ ਨਿਆਂ ਨਹੀਂ ਮਿਲਿਆ। ਮਾਫ਼ੀਆ ਰਾਜ ਖ਼ਤਮ ਨਹੀਂ ਹੋਇਆ ਸਗੋਂ ਗੈਂਗਸਟਰ ਕਲਚਰ ਨੂੰ ਆਪ ਪਾਰਟੀ ਦੇ ਥਾਪੜੇ ਦੇ ਦੋਸ਼ ਲਗਦੇ ਹਨ। ਇੱਕ ਚੇਤਨ ਵਰਗ ਪੰਜਾਬ ਸਿਰ ਵਧਦੇ ਕਰਜ਼ੇ ਫ਼ਾਲਤੂ ਸਰਕਾਰੀ ਖ਼ਰਚਿਆਂ ਅਤੇ ਮੁਫ਼ਤਖ਼ੋਰੀ ਵਾਲੀਆਂ ਨੀਤੀਆਂ ਤੋਂ ਪ੍ਰੇਸ਼ਾਨ ਹੈ। ਇਸ ਵਰਗ ਦੀ ਮੁੱਖ ਚਿੰਤਾ ਇਹ ਹੈ ਕਿ ਪੰਜਾਬ ਦੀ ਸਰਕਾਰ ਲੋਕਪ੍ਰਿਆ ਬਣਨ ਲਈ ਲਗਾਤਾਰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਵਧਾ ਰਹੀ ਹੈ। ਜਦਕਿ ਪੰਜਾਬ ਦੀ ਆਮਦਨ ਉਸੇ ਅਨੁਪਾਤ ਵਿਚ ਨਹੀਂ ਵਧ ਰਹੀ। ਸੂਝਵਾਨ ਲੋਕ ਸਵਾਲ ਪੁੱਛਦੇ ਹਨ। ਪੰਜਾਬ ਦਾ ਕਰਜ਼ਾ ਲਗਾਤਾਰ ਕਿਉਂ ਵਧ ਰਿਹਾ ਹੈ? ਸਰਕਾਰੀ ਪੈਸਾ ਉਤਪਾਦਕ ਖੇਤਰਾਂ ਦੀ ਬਜਾਏ ਮੁਫ਼ਤ ਸਕੀਮਾਂ ਵਿਚ ਕਿੰਨਾ ਜਾ ਰਿਹਾ ਹੈ? ਕੀ ਹਰ ਚੋਣ ਤੋਂ ਪਹਿਲਾਂ ਨਵੀਂ ਮੁਫ਼ਤ ਸਹੂਲਤ ਦੇਣਾ ਹੀ ਅਸਲ ਵਿਚ ਲੋਕ ਭਲਾਈ ਨੀਤੀ ਹੈ? ਸਰਕਾਰੀ ਖ਼ਰਚੇ ਨੂੰ ਘਟਾਉਣ ਅਤੇ ਕੁਸ਼ਲਤਾ ਵਧਾਉਣ ਲਈ ਕੀ ਕੀਤਾ ਜਾ ਰਿਹਾ ਹੈ? ਉਦਯੋਗ, ਨਿਵੇਸ਼ ਅਤੇ ਰੁਜ਼ਗਾਰ ਪੈਦਾ ਕਰਕੇ ਆਮਦਨ ਵਧਾਉਣ ਦੀ ਥਾਂ ਸਰਕਾਰ ਮੁਫ਼ਤਖ਼ੋਰੀ ਵਾਲੀ ਰਾਜਨੀਤੀ 'ਤੇ ਜ਼ਿਆਦਾ ਨਿਰਭਰ ਹੋ ਰਹੀ ਹੈ? ਅੱਜ ਦੀ ਮੁਫ਼ਤ ਸਹੂਲਤ ਦੀ ਕੀਮਤ ਆਉਣ ਵਾਲੀ ਪੀੜ੍ਹੀ ਕਰਜ਼ੇ ਅਤੇ ਟੈਕਸਾਂ ਰਾਹੀਂ ਦੇਵੇਗੀ? ਇਹ ਚਿੰਤਾਵਾਂ ਇੱਕ ਅਜਿਹੇ ਵਰਗ ਨੂੰ ਆਮ ਆਦਮੀ ਪਾਰਟੀ ਤੋਂ ਦੂਰ ਕਰ ਸਕਦੀਆਂ ਹਨ ਜੋ ਪੁੱਛਦਾ ਹੈ ਪੰਜਾਬ ਨੂੰ ਅਗਲੇ ਪੰਜ-ਦਸ ਸਾਲਾਂ ਲਈ ਮਜ਼ਬੂਤ ਕਿਵੇਂ ਬਣਾਇਆ ਜਾਵੇਗਾ?

ਮੁਲਾਜ਼ਮਾਂ ਦੇ DA ਦਾ ਮੁੱਦਾ ਪੰਜਾਬ ਦੀਆਂ 2027 ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਲਈ ਮਹੱਤਵਪੂਰਨ ਚੋਣ ਫੈਕਟਰ ਬਣ ਸਕਦਾ ਹੈ, ਇਹ ਸਿਰਫ਼ ਤਨਖ਼ਾਹ ਦਾ ਨਹੀਂ, ਸਨਮਾਨ ਅਤੇ ਭਰੋਸੇ ਦਾ ਮੁੱਦਾ ਬਣ ਚੁੱਕਾ ਹੈ। ਖ਼ਾਸ ਕਰਕੇ ਇਸ ਲਈ ਕਿ ਸਰਕਾਰੀ ਮੁਲਾਜ਼ਮ ਸਿਰਫ਼ ਆਪਣੀ ਵੋਟ ਨਾਲ ਨਹੀਂ, ਸਗੋਂ ਆਪਣੇ ਪਰਿਵਾਰਾਂ ਅਤੇ ਸਮਾਜਕ ਸੰਪਰਕਾਂ ਰਾਹੀਂ ਵੀ ਰਾਜਨੀਤਕ ਪ੍ਰਭਾਵ ਰੱਖਦੇ ਹਨ। ਇਹ ਮੁੱਦਾ ਆਮ ਆਦਮੀ ਪਾਰਟੀ ਲਈ ਗੰਭੀਰ ਬਣ ਸਕਦਾ ਹੈ, ਖ਼ਾਸ ਕਰਕੇ ਜੇ ਮੁਲਾਜ਼ਮਾਂ ਦੀ DA ਵਾਲੀ ਨਾਰਾਜ਼ਗੀ, ਮੱਧ ਵਰਗ ਦੀ ਟੈਕਸ ਅਤੇ ਮਹਿੰਗਾਈ ਵਾਲੀ ਚਿੰਤਾ ਅਤੇ ਪੰਜਾਬ ਦੇ ਕਰਜ਼ੇ ਦੀ ਚਿੰਤਾ ਇੱਕ ਦੂਜੇ

(ਬਾਕੀ ਅਗਲੇ ਸਫੇ 'ਤੇ)

# ਜੱਸੀ ਦਾ ਜੋਬਨ

ਇਸ ਕੁੜੀ ਨੂੰ ਪਹਿਲਾਂ ਬਹੁਤ ਸਮਝਾਇਆ ਸੀ ਕਿ ਤੂੰ ਜ਼ਿੱਦ ਨਾ ਕਰ, ਅਸੀਂ ਤੇਰੇ ਮਾਪੇ ਹਾਂ, ਤੇਰਾ ਚੰਗਾ ਹੀ ਸੋਚਾਂਗੇ ਪਰ ਨਹੀਂ, ਇਸ ਦੇ ਸਿਰ ਤਾਂ ਇਸ਼ਕ ਦਾ ਭੂਤ ਸਵਾਰ ਸੀ। ਮਾਮਿਆਂ ਤੇ ਦੋਵੇਂ ਫੁੱਫੜਾਂ ਨੇ ਵੀ ਜ਼ੋਰ ਲਾ ਲਿਆ ਸੀ ਪਰ ਇਹ ਪਿਉ ਦੀ ਧੀ ਨਾ ਮੰਨੀ। ਆਪਣੀ ਮਰਜ਼ੀ ਨਾਲ ਵਿਆਹ ਕਰਵਾ ਕੇ ਹਟੀ ਸੀ। ਹੁਣ ਭੁਗਤ ਨਤੀਜੇ ਲਵ ਮੈਰਿਜ ਦੇ, ਮਾਂ ਨੇ ਧੀ ਦੇ ਲੱਛਣਾਂ ਦੀ ਕਹਾਣੀ ਦੁੱਖੀ ਹੋ ਕੇ ਸੁਣਾਉਂਦਿਆਂ ਕਿਹਾ।

ਕਰਮ ਸਿੰਘ ਨੇ ਸਿਟੀਜਨ ਹੁੰਦਿਆਂ ਹੀ ਆਪਣੇ ਦੋਵੇਂ ਭਰਾਵਾਂ ਤੇ ਦੋਵੇਂ ਭੈਣਾਂ ਦੇ ਕਾਗਜ਼ ਭਰ ਦਿੱਤੇ। ਦਸਾਂ ਕੁ ਸਾਲਾਂ ਵਿਚ ਕਾਗਜ਼ਾਂ ਦੀ ਕਾਰਵਾਈ ਸ਼ੁਰੂ ਹੋਈ ਪਾਸਪੋਰਟਾਂ 'ਤੇ ਅਮਰੀਕਾ ਦੇ ਵੀਜ਼ੇ ਲੱਗ ਗਏ। ਗੁਰਦੁਆਰਾ ਸਾਹਿਬ ਦੇਗਾਂ ਕਰਵਾਈਆਂ ਗਈਆਂ। ਵਾਹਿਗੁਰੂ ਦਾ ਸ਼ੁਕਰਾਨਾ ਕੀਤਾ



**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916 273 2856**

ਗਿਆ। ਪੂਰੇ ਅਠਾਰਾਂ ਜੀਅ ਇੰਡੀਆ ਏਅਰਲਾਈਨ ਦੇ ਜਹਾਜ਼ ਵਿਚ ਚੜ੍ਹ ਕੇ ਅਮਰੀਕਾ ਪਹੁੰਚ ਗਏ।

ਕਰਮ ਸਿੰਘ ਦਾ ਖੁੱਲ੍ਹਾ ਘਰ-ਬਾਰ ਸੀ। ਉਸਨੇ ਉਨ੍ਹਾਂ ਦੇ ਆਉਣ ਤੋ ਪਹਿਲਾਂ ਸਾਰੇ ਪ੍ਰਬੰਧ ਕਰ ਲਏ ਸਨ ਕਿ ਕਿਸੇ ਨੂੰ ਕੋਈ ਮੁਸ਼ਕਲ ਨਾ ਆਵੇ। ਜਿਵੇਂ-ਜਿਵੇਂ ਕਾਗਜ਼ ਪੱਤਰ ਬਣਦੇ ਗਏ ਉਵੇਂ ਹੀ ਸਾਰਿਆਂ ਨੂੰ ਕੰਮ 'ਤੇ ਲਵਾ ਦਿੱਤਾ। ਛੇ ਮਹੀਨਿਆਂ ਦੇ ਵਿਚ ਹੀ ਸਾਰੇ ਕਰਾਏ ਦੇ ਮਕਾਨਾਂ ਵਿਚ ਚਲੇ ਗਏ। ਹੌਲੀ-ਹੌਲੀ ਜ਼ਿੰਦਗੀ ਦੀ ਗੱਡੀ ਲੀਹ ਤੇ ਚੜ ਗਈ ਤੇ ਤਰੱਕੀ ਤੱਕ ਪਹੁੰਚਣ ਲਈ ਸਖ਼ਤ ਮਿਹਨਤ ਕਰਨ ਲੱਗ ਪਏ। ਕਰਮ ਸਿੰਘ ਨੇ ਆਪਣਾ ਫਰਜ਼ ਬੜੀ ਇਮਾਨਦਾਰੀ ਨਾਲ ਨਿਭਾਇਆ ਸੀ। ਇਸ ਵਿਚ ਉਸ ਦੀ ਪਤਨੀ ਸੁਖਵੀਰ ਨੇ ਪੂਰਾ ਸਾਥ ਦਿੱਤਾ ਸੀ। ਉਹ ਰੱਬ ਦੀ ਰਜ਼ਾ ਵਿਚ ਰਹਿਣ ਵਾਲੀ ਸੀ ਤੇ ਗੁਰਬਾਣੀ ਦਾ ਨਿੱਤਨੇਮ ਕਰਨ ਵਾਲੀ ਬੀਬੀ ਸੀ। ਕਰਮ ਸਿੰਘ ਦੇ ਦੋ ਮੁੰਡੇ ਤੇ ਇੱਕ ਧੀ ਸੀ, ਜੋ ਵਧੀਆ ਪੜ੍ਹਾਈ ਕਰ ਰਹੇ ਸਨ।

ਹੱਸਦਿਆਂ-ਖੇਡਦਿਆਂ ਸਮਾਂ ਲੰਘਦਾ ਗਿਆ। ਵੀਕਐਂਡ ਤੇ ਸਾਰੇ ਜੀਅ ਕਰਮ ਸਿੰਘ ਦੇ ਘਰ ਇਕੱਠੇ ਹੋ ਜਾਂਦੇ ਤੇ ਦੁੱਖ-ਸੁੱਖ ਸਾਂਝਾ ਕਰ ਲੈਂਦੇ। ਬੱਚਿਆਂ ਦੇ ਭਵਿੱਖ ਦੇ ਸੁਪਨੇ ਪੂਰੇ ਕਰਨ ਦੇ ਵਿਚਾਰ-ਚਰਚੇ ਕਰ ਲੈਦੇ। ਕਰਮ ਸਿੰਘ ਤੋਂ ਛੋਟੇ ਭਰਾ ਧਰਮ ਸਿੰਘ ਦੇ ਇੱਕ ਮੁੰਡਾ ਤੇ ਇੱਕ ਕੁੜੀ ਸੀ। ਦੋਵੇਂ ਭੈਣ-ਭਰਾ ਪੜ੍ਹਨ ਵਿਚ ਹੁਸ਼ਿਆਰ ਸਨ। ਮੁੰਡੇ ਰਾਜੂ ਨੇ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਸ਼ੁਰੂ ਕਰ ਲਈ ਤੇ ਕੁੜੀ ਜੱਸੀ ਨੇ ਨਰਸਿੰਗ ਦੀ ਪੜ੍ਹਾਈ ਸ਼ੁਰੂ ਕੀਤੀ ਸੀ। ਕਰਮ ਸਿੰਘ ਦੇ ਬਾਕੀ ਭੈਣ ਭਰਾਵਾਂ ਦੇ ਬੱਚੇ ਵਧੀਆ ਪੜ੍ਹ-ਲਿਖ ਰਹੇ ਸਨ। ਇੱਥੇ ਧਰਮ ਸਿੰਘ ਦੀ ਧੀ ਜੱਸੀ ਦੀ ਕਹਾਣੀ ਸਾਂਝੀ ਕਰਨ ਲੱਗਾ ਹਾਂ।

ਦੱਸ ਕੁ ਸਾਲ ਦੀ ਸੀ ਜੱਸੀ ਜਦੋਂ ਅਮਰੀਕਾ ਆਈ ਸੀ। ਪੜ੍ਹਨ ਨੂੰ ਹੁਸ਼ਿਆਰ ਤੇ ਸਿਆਣੀ ਧੀ ਸੀ। ਘਰ ਦਾ ਕੰਮ ਵੀ ਮਾਂ ਨਾਲ ਕਰਵਾਉਂਦੀ ਸੀ। ਸਕੂਲ ਤੱਕ ਤਾ ਵਧੀਆ ਰਹੀ ਪਰ ਜਦੋਂ ਯੂਨੀਵਰਸਿਟੀ ਵਿਚ ਪੈਰ ਰੱਖਿਆ ਤਾਂ ਸ਼ੌਕੀਨੀ ਵੀ ਪੂਰੀ ਲਾਉਣ ਲੱਗ ਗਈ ਸੀ। ਮਾਂ ਸਭ ਤੋਂ ਪਹਿਲਾਂ ਧੀ ਦੇ ਬਦਲਦੇ ਲੱਛਣਾਂ ਨੂੰ ਪਛਾਣ ਲੈਂਦੀ ਹੈ। ਜੱਸੀ ਦੀ ਮਾਂ ਨੇ ਵੀ ਧੀ ਦੇ ਬਦਲਦੇ ਲੱਛਣ ਦੇਖੇ ਤੇ ਸਮਝਾਇਆ ਕਿ ਦੇਖੀ ਕੋਈ ਅਜਿਹੀ ਗੱਲ ਨਾ ਕਰ ਬੈਠੀ ਕਿ ਸਾਰੇ ਖ਼ਾਨਦਾਨ ਦਾ ਨਾਮ ਮਿੱਟੀ ਵਿਚ ਮਿਲ ਜਾਵੇ, ਪਰ ਜੱਸੀ ਪੈਰ 'ਤੇ ਪਾਣੀ ਨਾ ਪੈਣ ਦਿੰਦੀ। ਸਮਾਂ ਬੀਤਦਾ ਗਿਆ। ਜੱਸੀ ਵੱਲੋਂ ਕੋਈ ਅਜਿਹੀ ਗੱਲ ਨਾ ਮਿਲੀ, ਜਿਸ ਨਾਲ ਪਿਉ ਦੀ ਪੱਗ ਨੀਵੀਂ ਹੁੰਦੀ।

ਹੁਣ ਜੱਸੀ ਆਰ.ਐਨ. ਬਣ ਗਈ ਸੀ। ਸਾਰੇ ਜੱਸੀ ਦੀ ਮਿਹਨਤ ਤੇ ਲਗਨ ਦੇ ਸੋਹਲੇ ਗਾਉਂਦੇ। ਜਿਸ ਤਰੱਕੀ ਦੇ ਰਾਹ 'ਤੇ ਜੱਸੀ ਤੁਰੀ ਸੀ ਉਸ ਰਾਹ 'ਤੇ ਆਪਣੇ ਬੱਚਿਆਂ ਨੂੰ ਤੁਰਨ ਦੀ ਸਲਾਹ ਦਿੱਤੀ ਜਾਣ ਲੱਗੀ। ਕਿਸੇ ਨੇ ਵੀ ਕੋਈ ਪੜ੍ਹਾਈ-ਲਿਖਾਈ ਦੀ ਗੱਲ ਪੁੱਛਣੀ ਹੁੰਦੀ ਤਾਂ ਜੱਸੀ ਨੂੰ ਹੀ ਫੋਨ ਕੀਤਾ ਜਾਂਦਾ। ਚਾਰੇ ਪਾਸੇ ਜੱਸੀ ਦਾ ਜੱਸ ਗਾਇਆ ਜਾਂਦਾ। ਸਾਰੇ ਪਰਿਵਾਰਾਂ ਦੇ ਬੱਚਿਆਂ ਵਿੱਚੋਂ ਵੀ ਜੱਸੀ ਹੀ ਵੱਡੀ ਸੀ। ਜਦੋਂ ਉਸ ਦੀ ਜ਼ਿੰਦਗੀ ਦੀ ਮੰਜ਼ਿਲ ਦਾ ਰਾਹ ਵਧੀਆ ਬਣ ਗਿਆ ਤੇ ਬਾਕੀ ਬੱਚਿਆਂ ਦਾ ਵੀ ਹੌਸ਼ਲਾ ਵੱਧ ਗਿਆ।

ਸਿਆਣੇ ਕਹਿੰਦੇ ਨੇ ਬੁਰਾ ਵਕਤ ਪੁੱਛ ਕੇ ਨਹੀਂ ਆਉਂਦਾ। ਇਸੇ ਤਰ੍ਹਾਂ ਹੀ ਬੁਰਾ ਵਕਤ ਧਰਮ ਸਿੰਘ ਦੇ ਘਰ ਵੱਲ ਨੂੰ ਸਿੱਧਾ ਆ ਰਿਹਾ ਸੀ।

ਜੱਸੀ ਜਿਸ ਹਸਪਤਾਲ ਵਿਚ ਕੰਮ ਕਰਦੀ ਸੀ ਉਸ ਹਸਪਤਾਲ ਵਿਚ ਇੱਕ ਪੰਜਾਬੀ ਮੁੰਡਾ ਜੋਬਨ ਦਵਾਈ ਲੈਣ ਆਇਆ ਸੀ। ਉਸ ਨੇ ਜੱਸੀ ਤੋਂ ਕੁੱਝ ਪੁੱਛਣ ਦੇ ਬਹਾਨੇ ਗੱਲ ਤੋਰ ਲਈ। ਗੱਲਾਂ ਕਰਦਿਆਂ ਜੱਸੀ ਨੇ ਜੋਬਨ ਦੇ ਚਿਹਰੇ ਨੂੰ ਨਿਖਾਰਦਿਆਂ ਕੋਈ ਅੰਦਰੋ ਖਿੱਚ ਜਿਹੀ ਪੈਣੀ ਮਹਿਸੂਸ ਕੀਤੀ। ਇਹੀ ਹਾਲ ਜੋਬਨ ਦਾ ਵੀ ਹੋਇਆ।

ਜਿਸ ਦਿਨ ਦਾ ਜੋਬਨ ਨੂੰ ਦੇਖਿਆ, ਉਸ ਦਾ ਕੰਮ ਵਿਚ ਦਿਲ ਲੱਗਣੋਂ ਹੱਟ ਗਿਆ ਸੀ। ਉਹ ਸੋਚਦੀ ਸੀ ਕਿ ਮੈਂ ਉਸ ਦਾ ਫੋਨ ਨੰਬਰ ਮੰਗ ਲੈਂਦੀ। ਫਿਰ ਸੋਚਦੀ ਕਿ ਜੇ ਮੈਂ ਫੋਨ ਨੰਬਰ ਮੰਗਦੀ ਤਾਂ ਜੋਬਨ ਕੀ ਸੋਚਦਾ। ਜੱਸੀ ਆਪਣੇ ਮਨ ਨਾਲ ਹੀ ਪਿਆਰ ਦੀ ਬੁਣਤੀ ਪਾਉਂਦੀ ਤੇ ਫਿਰ ਆਪੇ ਹੀ ਉਦੇੜ ਦਿੰਦੀ। ਕਈ ਦਿਨ ਤੜਫਦੀ ਨੂੰ ਲੰਘੇ ਪਰ ਜੋਬਨ ਦਾ ਦੀਦਾਰ ਨਾ ਹੋਇਆ। ਦੋ ਕੁ ਹਫਤਿਆਂ ਬਾਅਦ ਜੋਬਨ ਫਿਰ ਉਸ ਹਸਪਤਾਲ ਵਿਚ ਦਵਾਈ ਲੈਣ ਨਹੀਂ, ਸਗੋਂ ਜੱਸੀ ਨੂੰ ਮਿਲਣ ਦੀ ਚਾਹਤ ਨਾਲ ਆਇਆ। ਜਿਸ ਥਾਂ ਜੱਸੀ ਪਹਿਲਾਂ ਮਿਲੀ ਸੀ, ਉਥੇ ਕੁਰਸੀ 'ਤੇ ਬੈਠ ਕੇ ਇੰਤਜ਼ਾਰ ਕਰਨ ਲੱਗ ਗਿਆ। ਲੰਚ ਟਾਈਮ ਹੋਇਆ ਤਾਂ ਜੱਸੀ ਕੰਮ ਵਾਲੀਆਂ ਕੁੜੀਆਂ ਨਾਲ ਤੁਰੀ ਆਉਂਦੀ ਨਜ਼ਰ ਪਈ ਤੇ ਜੋਬਨ ਝੱਟ-ਪੱਟ ਖੜਾ ਹੋ ਗਿਆ।

ਸਤਿ ਸ੍ਰੀ ਅਕਾਲ ਜੀ! ਜੋਬਨ ਨੇ ਜੱਸੀ ਦੇ ਨੇੜੇ ਹੁੰਦਿਆਂ ਫਤਹਿ ਬੁਲਾਈ॥



ਓਹ! ਤੁਸੀਂ! ਅੱਜ ਕਿਵੇਂ ਆਏ ਹੋ? ਜੱਸੀ ਨੇ ਫਤਹਿ ਦਾ ਜਵਾਬ ਦੇਣ ਤੋਂ ਬਾਅਦ ਪੁੱਛਿਆ।

ਤੁਹਾਨੂੰ ਮਿਲਣ ਆਇਆ ਹਾਂ! ਜੋਬਨ ਨੇ ਬੇ-ਝਿਜਕ ਉੱਤਰ ਦਿੱਤਾ।

ਹਾਂ ਜੀ! ਦੱਸੋ ਕਿਵੇਂ ਮਿਲਣਾ ਹੈ। ਜੱਸੀ ਨੇ ਨਾਲ ਦੀਆਂ ਕੁੜੀਆਂ ਨੂੰ ਜਾਣ ਲਈ ਕਹਿੰਦਿਆਂ ਜੋਬਨ ਨੂੰ ਪੁੱਛਿਆ॥

ਆਪਾਂ ਬੈਠ ਕੇ ਗੱਲ ਕਰ ਸਕਦੇ ਹਾਂ! ਜੋਬਨ ਨੇ ਜੱਸੀ ਤੋਂ ਮਨਜ਼ੂਰੀ ਮੰਗਦਿਆਂ ਪੁੱਛਿਆ॥

ਚੱਲੋ ਥੱਲੇ ਕੌਫ਼ੀ ਸੌਪ 'ਤੇ ਚੱਲਦੇ ਹਾਂ। ਜੋਬਨ ਨੇ ਜੱਸੀ ਦੇ ਜਵਾਬ ਤੋਂ ਪਹਿਲਾਂ ਹੀ ਵਿਉਂਤ ਘੜਦਿਆਂ ਕਿਹਾ।

ਦੋਵੇਂ ਥੱਲੇ ਕੌਫ਼ੀ ਸੌਪ 'ਤੇ ਬੈਠ ਗਏ। ਕੌਫ਼ੀ ਦਾ ਆਡਰ ਜੋਬਨ ਨੇ ਦੇ ਦਿੱਤਾ ਤੇ ਜੱਸੀ ਨੂੰ ਆਪਣੇ ਬਾਰੇ ਦੱਸਣ ਲੱਗਾ।

ਮੇਰਾ ਨਾਮ ਜੋਬਨਪ੍ਰੀਤ ਸਿੰਘ ਬਰਾੜ ਹੈ ਤੇ ਮੋਗੇ ਸ਼ਹਿਰ ਦੇ ਲਾਗੇ ਮੇਰਾ ਪਿੰਡ ਹੈ। ਦੋ ਭਰਾ ਹਾਂ ਤੇ ਇੱਕ ਭੈਣ ਹੈ ਜੋ ਅਮਰੀਕਾ ਵਿਚ ਵਿਆਹ ਕਰਵਾ ਕੇ ਆਈ ਸੀ। ਮੈਂ ਉਨ੍ਹਾਂ ਕੋਲ ਹੀ ਰਹਿੰਦਾ ਹਾਂ। ਬਾਰਡਰ ਟੱਪ ਕੇ ਆਇਆ ਸੀ। ਚਾਰ ਸਾਲ ਹੋ ਗਏ ਨੇ ਵਰਕ ਪਰਮਿਟ 'ਤੇ ਟਰੱਕ ਚਲਾਉਂਦਾ ਹਾਂ। ਵਧੀਆ ਡਾਲਰ ਬਣਦੇ ਹਨ। ਕੇਸ ਲਾਇਆ ਹੋਇਆ ਹੈ। ਬਾਬਾ ਮੇਹਰ ਕਰੇ ਕੇਸ ਪਾਸ ਹੋ ਗਿਆ ਤਾ ਛੇਤੀ ਗਰੀਨ ਕਾਰਡ ਵੀ ਮਿਲ ਜਾਊਗਾ। ਜੋਬਨ ਨੇ ਸਭ ਸੱਚ ਸੁਣਾ ਦਿੱਤਾ।

ਇਹ ਸਭ ਕੁਝ ਮੈਨੂੰ ਕਿਉਂ ਦੱਸ ਰਿਹਾ ਹੈਂ? ਜੱਸੀ ਨੇ ਬੇ-ਸਮਝ ਬਣਦਿਆਂ ਪੁੱਛਿਆ।

ਮੈਂ ਤੁਹਾਨੂੰ ਪਸੰਦ ਕਰਦਾ ਹਾਂ ਤੇ ਤੁਹਾਡੇ ਨਾਲ ਵਿਆਹ ਕਰਵਾਉਣਾ ਚਾਹੁੰਦਾ ਹਾਂ। ਜੋਬਨ ਨੇ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ।

ਪਹਿਲੀ ਮੁਲਾਕਾਤ ਵਿਚ ਤੁਸੀਂ ਕੁਝ ਜ਼ਿਆਦਾ ਹੀ ਬਿਆਨ ਕਰ ਰਹੇ ਹੋ। ਜੱਸੀ ਨੇ ਕੌਫ਼ੀ ਦੀ ਪਹਿਲੀ ਘੁੱਟ ਭਰਦਿਆਂ ਕਿਹਾ।

ਮੈਂ ਬਹੁਤੇ ਚੱਕਰਾਂ ਵਿਚ ਨਹੀਂ ਪੈਣਾ ਚਾਹੁੰਦਾ ਤੇ ਨਾ ਹੀ ਤੁਹਾਨੂੰ ਕਿਸੇ ਵਹਿਮ ਵਿਚ ਰੱਖਣਾ ਚਾਹੁੰਦਾ ਹਾਂ। ਜੋਬਨ ਨੇ ਹੱਥ ਦਾ ਕੰਘਾ ਬਣਾਉਂਦਿਆਂ ਵਾਲ ਸਵਾਰਦਿਆਂ ਕਿਹਾ।

ਚੱਲੋ ਠੀਕ! ਮੇਰੀ ਬਰੇਕ ਖਤਮ ਹੋ ਗਈ। ਮੈਂ ਚੱਲਦੀ ਹਾਂ। ਮੈਨੂੰ ਆਪਣਾ ਫੋਨ ਨੰਬਰ ਦੇ ਦਿਓ ਕਾਲ ਕਰ ਲਵਾਂਗੀ। ਇਹ ਕਹਿ ਕੇ ਜੱਸੀ ਤੁਰ ਗਈ।

ਫੋਨ ਨੰਬਰ ਦੇ ਬਦਲਦੇ ਹੀ ਦੋਵਾਂ ਦੀਆਂ ਗੱਲਾਂ ਬਾਤਾਂ ਹੋਣ ਲੱਗੀਆਂ ਫਿਰ ਮੁਲਾਕਾਤਾਂ ਸ਼ੁਰੂ ਹੋ ਗਈਆਂ। ਜੱਫੀਆਂ ਤੋਂ ਬਾਅਦ ਸਬੰਧ ਅਗਾਂਹ ਵੱਧ ਗਏ। ਜੱਸੀ ਪੂਰੀ ਤਰ੍ਹਾਂ ਜੋਬਨ ਦੇ ਪਿਆਰ ਵਿਚ ਕੈਦ ਹੋ ਚੁੱਕੀ ਸੀ। ਦੋਵਾਂ ਨੂੰ ਦੋ ਸਾਲ ਹੋ ਗਏ ਸਨ ਪਿਆਰ ਦੀ ਪੀਂਘ ਝੂਟਦਿਆਂ ਨੂੰ, ਹੁਣ ਜੱਸੀ ਨੇ ਜੋਬਨ ਬਾਰੇ ਮਾਂ ਨਾਲ ਗੱਲ ਸਾਂਝੀ ਕੀਤੀ ਤੇ ਮਾਂ ਭੜਕ ਗਈ। ਤੈਂ ਆ ਕੀ ਕੀਤਾ, ਰਿਸ਼ਤੇਦਾਰ ਕੀ ਕਹਿਣਗੇ। ਤੂੰ ਜੰਮਦੀ ਕਿਉਂ ਨਾ ਮਰ ਗਈ। ਮੇਰੇ ਸਿਰ ਸੁਆਹ ਪਾਉਣ ਲੱਗ ਗਈ। ਮਾਂ ਨੇ ਧਾਹਾਂ ਮਾਰ ਕੇ ਧੀ ਦਾ ਸਿਆਪਾ ਕਰਦਿਆਂ ਬੋਲ-ਕਬੋਲ ਬੋਲੇ ਸੀ।

ਮਾਂ ਇਹ ਅਮਰੀਕਾ ਹੈ ਇੱਥੇ ਸਭ ਨੂੰ ਆਪਣੀ ਆਜ਼ਾਦੀ ਨਾਲ ਜ਼ਿੰਦਗੀ ਜਿਊਣ ਦਾ ਹੱਕ ਹੈ। ਮੇਰਾ ਵੀ ਹੱਕ ਹੈ ਮਰਜ਼ੀ ਨਾਲ ਜਿਉਣ ਦਾ। ਮੈਂ ਕੀ ਗੁਨਾਹ ਕੀਤਾ ਕਿ ਆਪਣਾ ਜੀਵਨ ਸਾਥੀ ਆਪ ਚੁਣ ਲਿਆ। ਜੋਬਨ ਵਧੀਆ ਮੁੰਡਾ ਹੈ। ਮੇਰੇ ਲਈ ਬਿਲਕੁਲ ਸਹੀ ਹੈ। ਜੱਸੀ ਦੇ ਬੋਲਾਂ ਵਿਚ ਬਗਾਵਤੀ ਸ਼ਬਦ ਪ੍ਰਧਾਨ ਬਣ ਚੁੱਕੇ ਸਨ।

ਸਾਰੇ ਪਰਿਵਾਰਾਂ ਦੇ ਬੱਚੇ ਤੇਰੇ ਪੂਰਨਿਆਂ 'ਤੇ ਚੱਲਦੇ ਸੀ, ਆਹ ਜਿਹੜੇ ਨਵੇਂ ਪੂਰਨੇ ਪਾ ਰਹੀ ਹੈਂ ਤੂੰ, ਇਹ ਸਾਰੇ ਖ਼ਾਨਦਾਨ ਨੂੰ ਬਰਬਾਦ ਕਰਕੇ ਰੱਖ ਦੇਣਗੇ। ਮਾਂ ਨੇ ਅੱਥਰੂ ਪੂੰਝਦਿਆਂ ਕਿਹਾ ਸੀ।

ਹੋਲੀ-ਹੋਲੀ ਗੱਲ ਕੰਨੋਂ-ਕੰਨੀ ਹੁੰਦੀ ਹੋਈ ਸਾਰੇ ਲਾਣੇ ਵਿਚ ਫੈਲ ਗਈ। ਇੰਡੀਆ ਤੋਂ ਮਾਮਿਆਂ ਨੇ ਵੀ ਤੇ ਇੱਥੇ ਰਹਿੰਦੇ ਦੋਵਾਂ ਫੁੱਫੜਾਂ ਨੇ ਵੀ ਜੱਸੀ ਨੂੰ ਬੜਾ ਸਮਝਾਇਆ।

ਜੱਸੀ ਪੁੱਤ! ਧਿਆਨ ਨਾਲ ਗੱਲ ਸੁਣ, ਪਹਿਲੀ ਗੱਲ ਮੁੰਡੇ ਕੋਲ ਕੋਈ ਪੱਕਾ ਪੇਪਰ ਨਹੀਂ ਹੈ, ਨਾ ਕੋਈ ਘਰ-ਬਾਰ ਹੈ। ਪਿੱਛੇ ਦੋ ਕਿੱਲੇ ਜ਼ਮੀਨ ਹੈ। ਗਰੀਨ ਕਾਰਡ ਲੈ ਕੇ ਤੈਨੂੰ ਧੋਖਾ ਦੇ ਗਿਆ ਫਿਰ ਕੀ ਕਰੇਂਗੀ। ਅਸੀਂ ਤੇਰੇ ਲਈ ਇੱਥੇ ਹੀ ਵਰ ਲੱਭਾਂਗੇ ਜਿਸ ਕੋਲ ਸਭ ਕੁਝ ਹੋਵੇਗਾ। ਤੈਨੂੰ ਜ਼ਿੰਦਗੀ ਵਿਚ ਸੰਘਰਸ਼ ਨਹੀਂ ਕਰਨਾ ਪਵੇਗਾ। ਜੋਬਨ ਨਾਲ ਵਿਆਹ ਕਰਵਾ ਕੇ ਕੰਮ ਕਰਦੀ ਮਰ ਜਾਵੇਂਗੀ। ਜੇ ਤੈਂ ਆਪਣੀ ਮਰਜ਼ੀ ਹੀ ਕਰਨੀ ਹੈ ਤਾਂ ਸਾਡੇ ਵੱਲੋਂ ਤੂੰ ਅੱਜ ਮਰ ਗਈ ਤੇ ਤੇਰੇ ਵੱਲੋਂ ਅਸੀਂ ਮਰ ਗਏ। ਵੱਡੇ ਫੁੱਫੜ ਨੇ ਇਹ ਗੱਲ ਕਹਿ ਕੇ ਗੱਲ ਖਤਮ ਹੀ ਕਰ ਦਿੱਤੀ ਸੀ।

ਪਰ ਜੱਸੀ ਦੇ ਕੰਨ ਜੂੰ ਨਾ ਸਰਕੀ। ਪੰਜਾਬ ਤੋਂ ਚੰਗੇ ਖ਼ਾਨਦਾਨੀ ਘਰਾਂ ਦੇ ਡਾਕਟਰ ਮੁੰਡਿਆਂ ਦਾ ਰਿਸ਼ਤਾ ਠੁਕਰਾਉਂਦੀ ਹੋਈ ਜੋਬਨ ਨੂੰ ਪਤੀ ਮੰਨ ਬੈਠੀ ਸੀ। ਸਰੀਰਾਂ ਦੀ ਖੇਡ ਖੇਡਦੀ ਗਰਭਵਤੀ ਹੋ ਗਈ ਸੀ। ਮਾਂ ਨੂੰ ਜਦੋਂ ਪਤਾ ਲੱਗਿਆ ਤਾਂ ਦੱਸ ਦਿਨਾਂ ਦੇ ਅੰਦਰ ਪੰਜ ਬੰਦੇ ਸੱਦ ਕੇ ਗੁਰਦੁਆਰੇ ਅਨੰਦ ਕਾਰਜ ਕਰਵਾ ਕੇ ਜੱਸੀ ਦਾ ਰੱਸਾ ਵੱਢ ਦਿੱਤਾ। ਸਾਰੇ ਪਰਿਵਾਰਾਂ ਨੂੰ ਤਾਅਨਿਆਂ ਦੀ ਚੱਕੀ ਵਿਚ ਸੁੱਟ ਕੇ ਜੱਸੀ ਜੋਬਨ ਦੀ ਡੋਲੀ ਬੈਠ ਗਈ ਸੀ।

ਦੋ ਮਹੀਨੇ ਚੰਗੇ ਨਿਕਲ ਗਏ। ਇਸ਼ਕ ਦੀ ਕਾਟੋ ਫੁੱਲਾਂ ਤੇ ਖੇਡਦੀ ਸੀ, ਪਰ ਹੌਲੀ-ਹੌਲੀ ਇਸ਼ਕ ਦਾ ਚੜ੍ਹਿਆ ਭੂਤ ਜਦੋਂ ਉਤਰਿਆ ਤਾਂ ਜੱਸੀ ਨੇ ਵਿਆਹ ਤੋਂ ਬਾਅਦ ਸੱਤਵੇਂ ਮਹੀਨੇ ਹੀ ਧੀ ਨੂੰ ਜਨਮ ਦੇ ਦਿੱਤਾ। ਪੇਕਿਆਂ ਵੱਲੋਂ ਤਾਂ ਮਰੀ ਐਲਾਨੀ ਗਈ ਸੀ, ਕਿਸ ਨੇ ਪਤਾ ਲੈਣ ਆਉਣਾ ਸੀ। ਨਣਦ ਦੇ ਤਾਅਨੇ ਵੱਜਣੇ ਸ਼ੁਰੂ ਹੋ ਗਏ ਸਨ। ਮਾੜੀ ਕਿਸਮਤ ਜੋਬਨ ਦਾ ਲਾਈਸੈਂਸ ਖਤਮ ਹੋ ਗਿਆ ਜੋ ਦੁਬਾਰਾ ਨਵਾਂ ਨਾ ਬਣ ਸਕਿਆ। ਟਰੱਕ ਦਾ ਕੰਮ ਛੱਡ ਕੇ ਸਟੋਰ 'ਤੇ ਲਗਿਆ ਹੀ ਸੀ ਕਿ ਵਰਕ ਪਰਮਿਟ ਖਤਮ ਹੋ ਗਿਆ ਤੇ ਕੇਸ ਵੀ ਖਾਰਜ ਹੋ ਗਿਆ। ਜੋਬਨ ਲਈ ਅਮਰੀਕਾ ਰਹਿਣਾ ਮੁਸ਼ਕਲ ਹੋਣ ਲੱਗਾ। ਵਿਆਹ ਦੇ ਕੇਸ ਨਾਲ ਗਰੀਨ ਕਾਰਡ ਬਣਾਉਣ ਲਈ ਵਕੀਲ ਨਾਲ ਗੱਲ ਕੀਤੀ ਤਾਂ ਉਹ ਕਹਿੰਦਾ ਕਿ ਤੈਨੂੰ ਕੰਟਰੀ ਆਊਟ ਕਰਨੀ ਪਵੇਗੀ। ਆਪਣੇ ਦੇਸ਼ ਜਾ ਕੇ ਫਿਰ ਵੀਜ਼ਾ ਲੈ ਕੇ ਦਾਖਲ ਹੋ ਸਕਦਾ ਹੈ। ਪੱਕਾ ਨਹੀਂ ਕਿ ਵੀਜ਼ਾ ਦੇਣ ਜਾਂ ਨਾ ਦੇਣ।

ਹੁਣ ਜੱਸੀ ਬੁਰੀ ਤਰ੍ਹਾਂ ਟੁੱਟ ਗਈ। ਜਿੰਨੀ ਛੇਤੀ ਉਸ ਨੇ ਪਿਆਰ ਦੀ ਪੀਂਘ ਝੂਟੀ ਸੀ, ਉਨ੍ਹੀ ਜਲਦੀ ਹੀ ਪੀਂਘ ਦਾ ਮੁਹੱਬਤੀ ਰੱਸਾ ਟੁੱਟ ਗਿਆ ਸੀ। ਜੋਬਨ ਦਾ ਚਾਅ ਵੀ ਲੱਥ ਗਿਆ। ਉਹ ਜੱਸੀ ਨੂੰ ਕੋਸਦਾ ਰਹਿੰਦਾ ਕਿ ਤੇਰੇ ਨਾਲ ਵਿਆਹ ਕਰਵਾਉਣ ਤੋਂ ਬਾਅਦ ਹੀ ਮੇਰੇ ਮਾੜੇ ਦਿਨ ਸੁਰੂ ਹੋ ਗਏ ਸਨ।

ਜੋਬਨ ਵੀ ਆਪਣੀ ਭੈਣ ਦੇ ਬੋਲਾਂ ਵਿਚ ਹੁੰਗਾਰੇ ਭਰਨ ਲੱਗ ਗਿਆ ਸੀ। ਔਰਤ ਸਭ ਕੁੱਝ ਜਰ ਸਕਦੀ ਹੈ, ਜੱਦ ਤੱਕ ਉਸ ਦਾ ਪਤੀ ਉਸ ਨਾਲ ਖੜਾ ਰਹਿੰਦਾ ਹੈ, ਪਰ ਜੇ ਪਤੀ ਹੀ ਬਦਲ ਜਾਵੇ ਤਾ ਔਰਤ ਟੁੱਟ ਜਾਂਦੀ ਹੈ ਇਸ ਤਰ੍ਹਾਂ ਹੀ ਜੱਸੀ ਨਾਲ ਹੋਇਆ ਤੇ ਉਹ ਆਪਣੀ ਧੀ ਚੁੱਕ ਕੇ ਪੇਕੇ ਆ ਗਈ। ਮਾਂ ਨੇ ਅੱਜ ਵੀ ਰੋ ਰੋ ਕੇ ਬੁਰਾ ਹਾਲ ਕਰ ਲਿਆ ਸੀ, ਮਾਂ ਉਸ ਦਿਨ ਵੀ ਰੋਈ ਸੀ ਧੀ ਨੂੰ ਸਮਝਾਉਣ ਦੇ ਲਈ ਤੇ ਅੱਜ ਮਾਂ ਰੋ ਰਹੀ ਸੀ ਧੀ ਦੇ ਕਰਮਾਂ ਨੂੰ, ਜੋ ਉਸ ਨੇ ਖੁਦ ਸਹੇੜੇ ਸਨ। ਜੇ ਸਮੇਂ ਦੇ ਨਾ਼ਲ ਜੱਸੀ ਅੱਖਾਂ ਅੱਗੋ ਪਿਆਰ ਦੀ ਪੱਟੀ ਲਾਹ ਕੇ ਦੇਖਦੀ ਤੇ ਸੁਣਦੀ ਤਾ ਅੱਜ ਜੱਸੀ ਚੰਗੇ ਘਰ ਦੀ ਨੂੰਹ ਹੁੰਦੀ ਤੇ ਮਾਪਿਆਂ ਨੇ ਚਾਈਂ-ਚਾਈਂ ਧੀ ਜਵਾਈ ਨੂੰ ਘਰ ਵਾੜਿਆ ਕਰਨਾ ਸੀ, ਪਰ ਹੁਣ ਜੱਸੀ ਤਲਾਕ ਲੈਣ ਲਈ ਕਾਹਲੀ ਹੋਈ ਫਿਰਦੀ ਸੀ। ਰੱਬ ਰਾਖਾ।

---

*(ਪਿਛਲੇ ਸਫੇ ਦਾ ਬਾਕੀ)*

ਨਾਲ ਜੁੜ ਜਾਂਦੇ ਹਨ। ਇਸ ਹਾਲਤ ਵਿਚ ਐਂਟੀ-ਇਨਕੰਬੈਂਸੀ ਆਮ ਆਦਮੀ ਪਾਰਟੀ ਦੇ ਵਿਰੁੱਧ ਜਾ ਸਕਦੀ ਹੈ।

ਆਮ ਆਦਮੀ ਪਾਰਟੀ ਪ੍ਰਤੀ ਨਿਰਾਸ਼ਾ ਦੀ ਗੱਲ ਹੋਣ ਦੇ ਬਾਵਜੂਦ, ਇਹ ਨਹੀਂ ਕਿਹਾ ਜਾ ਸਕਦਾ ਕਿ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਛੱਡ ਹੀ ਦਿੱਤਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਅਜੇ ਵੀ ਸਭ ਤੋਂ ਮਜ਼ਬੂਤ ਸਥਿਤੀ ਵਿਚ ਹੈ। ਪਰ 2022 ਵਾਲੀ ਸਥਿਤੀ ਦੁਬਾਰਾ ਬਣਨੀ ਮੁਸ਼ਕਲ ਹੈ। 2022 ਵਿਚ ਆਮ ਆਦਮੀ ਪਾਰਟੀ ਨੂੰ 92 ਸੀਟਾਂ ਮਿਲੀਆਂ ਸਨ। ਉਸ ਵੇਲੇ ਕਾਂਗਰਸ ਬਹੁਤ ਕਮਜ਼ੋਰ ਹੋ ਚੁੱਕੀ ਸੀ। ਅਕਾਲੀ ਦਲ ਆਪਣੇ ਲੰਮੇ ਸ਼ਾਸਨ ਵਿਚ ਇਤਿਹਾਸਕ ਗ਼ਲਤੀਆਂ ਕਰ ਚੁੱਕਾ ਸੀ। ਆਮ ਆਦਮੀ ਪਾਰਟੀ ਨਵੀਂ ਉਮੀਦ ਵੱਜੋ ਉੱਭਰੀ ਸੀ, ਭਗਵੰਤ ਮਾਨ ਇੱਕ ਨਵਾਂ ਪੰਜਾਬੀ ਚਿਹਰਾ ਸੀ ਅਤੇ 'ਬਦਲਾਅ' ਦੀ ਭਾਰੀ ਲਹਿਰ ਸੀ। 2026 ਤਕ ਪਹੁੰਚਦਿਆਂ ਆਮ ਆਦਮੀ ਪਾਰਟੀ ਸੱਤਾ ਹੰਢਾ ਚੁੱਕੀ ਪਾਰਟੀ ਹੈ। ਹੁਣ ਵੋਟਰ ਉਸ ਨੂੰ ਵਾਅਦਿਆਂ ਨਾਲ ਨਹੀਂ, ਚਾਰ ਸਾਲਾਂ ਦੇ ਕੰਮ ਨਾਲ ਪਰਖੇਗਾ। ਇਸ ਵੇਲੇ ਆਮ ਆਦਮੀ ਪਾਰਟੀ ਨੂੰ ਹਰਾਉਣਾ ਸੰਭਵ ਹੈ, ਪਰ ਉਸ ਲਈ ਵਿਰੋਧੀ ਧਿਰ ਨੂੰ ਕਾਫ਼ੀ ਹੱਦ ਤੱਕ ਇਕੱਠਾ ਅਤੇ ਭਰੋਸੇਯੋਗ ਬਦਲ ਬਣਨਾ ਪਵੇਗਾ। ਕਾਂਗਰਸ ਮੁੱਖ ਵਿਰੋਧੀ ਧਿਰ ਹੈ, ਪਰ ਉਸ ਵਿਚ ਵੀ ਅੰਦਰੂਨੀ ਧੜੇਬੰਦੀ ਕਰਕੇ ਭਾਰੀ ਖਿੱਚੋਤਾਣ ਹੈ। ਅਕਾਲੀ ਦਲ ਦੀ ਸਥਿਤੀ ਵੀ ਅਜੇ ਤਕ ਵੀ ਪੂਰੀ ਤਰ੍ਹਾਂ ਨਹੀਂ ਸੰਭਲੀ, ਕਿਸਾਨੀ ਅਤੇ ਪੰਥਕ ਵੋਟ ਅਜੇ ਵੀ ਨਰਾਜ਼ ਹੈ। ਪੰਜਾਬੀ ਵੋਟਰ ਸਾਹਮਣੇ ਅਜੇ ਤੱਕ ਇਹ ਸਪਸ਼ਟ ਨਹੀਂ ਕਿ ਆਮ ਆਦਮੀ ਪਾਰਟੀ ਨੂੰ ਹਟਾ ਕੇ ਕਿਸ ਨੂੰ ਲਿਆਈਏ? ਬੱਸ ਇਹੀ ਇਕ ਸਵਾਲ ਆਮ ਆਦਮੀ ਪਾਰਟੀ ਲਈ ਫ਼ਾਇਦੇਮੰਦ ਹੈ।

ਰਾਜਨੀਤੀ ਵਿਚ ਸ਼ਾਰਟਕੱਟ, ਝੂਠ ਅਤੇ ਧੋਖਾਧੜੀ ਲਈ ਕੋਈ ਥਾਂ ਨਹੀਂ ਹੁੰਦੀ। ਦਿੱਲੀ ਦੇ ਲੋਕਾਂ ਨੇ ਸ਼ਾਰਟਕੱਟ ਵਾਲੀ ਰਾਜਨੀਤੀ ਦਾ ਰਾਹ ਬੰਦ ਕਰਨ ਲਈ ਲੋਕਤੰਤਰ ਦੇ ਅਧਿਕਾਰ ਤਹਿਤ ਵੋਟਾਂ ਨਾਲ ਉਸ ਦੀ ਝੂਠ ਦੀ ਬੁਨਿਆਦ ਤੇ ਖੜ੍ਹੀ ਰਾਜਨੀਤੀ ਨੂੰ ਰੱਦ ਕਰ ਦਿੱਤਾ। ਸੱਤਾ ਵਿਚ ਇੱਕ ਦਹਾਕਾ ਬਿਤਾਉਣ ਤੋਂ ਬਾਅਦ, ਆਮ ਆਦਮੀ ਪਾਰਟੀ ਨੂੰ ਜਨਤਕ ਸਮਰਥਨ ਵਿਚ ਭਾਰੀ ਗਿਰਾਵਟ ਦਾ ਸਾਹਮਣਾ ਕਰਨਾ ਪਿਆ, ਜਿਸ ਦੌਰਾਨ ਪਾਰਟੀ ਦੀ ਲੀਡਰਸ਼ਿਪ ਦੀ ਭਰੋਸੇਯੋਗਤਾ ਵਿਚ ਵੀ ਸਪਸ਼ਟ ਕਮੀ ਆਈ। ਆਪ ਵਿਧਾਇਕਾਂ ਪ੍ਰਤੀ ਗ਼ੁੱਸਾ ਅਤੇ ਸਰਕਾਰ ਦੇ ਕੰਮਕਾਜ ਤੋਂ ਅਸੰਤੁਸ਼ਟੀ ਸੀ। ਆਮ ਆਦਮੀ ਪਾਰਟੀ ਦਾ ਆਗੂ ਕੇਜਰੀਵਾਲ ਇੱਕ ਅਜਿਹਾ ਵਿਅਕਤੀ ਜਿਸ ਨੇ ਆਪਣੀ ਸਿਆਸੀ ਪਛਾਣ ਸਾਦਗੀ ਅਤੇ ਭ੍ਰਿਸ਼ਟਾਚਾਰ-ਵਿਰੋਧੀ ਰੁਖ਼ ਨੂੰ ਅਪਣਾ ਕੇ ਬਣਾਈ ਸੀ। ਉਸ ਨੇ ਖ਼ੁਦ ਤਾਕਤ ਵਿਚ ਆਉਣ ਬਾਅਦ ਟੈਕਸ ਭਰਨ ਵਾਲਿਆਂ ਦੇ ਕਰੋੜਾਂ ਰੁਪਏ ਸਿਵਲ ਲਾਈਨਜ਼ ਸਥਿਤ ਸਰਕਾਰੀ ਬੰਗਲੇ 6 ਫਲੈਗ ਸਟਾਫ਼ ਰੋਡ ਦੇ ਵਿਆਪਕ ਨਵੀਨੀਕਰਨ 'ਤੇ ਖ਼ਰਚ ਕੀਤੇ। ਮੁੱਖ ਵਿਰੋਧੀ ਪਾਰਟੀ ਨੇ ਉਸ ਦੇ ਘਰ ਨੂੰ ਸ਼ੀਸ਼ ਮਹਿਲ ਕਿਹਾ ਜੋ ਦਿੱਲੀ ਦੀ ਜਨਤਾ ਨੂੰ ਇਹ ਸੁਨੇਹਾ ਦੇਣ ਵਿਚ ਸਫਲ ਹੋਏ ਕਿ ਇਸ ਵਿਅਕਤੀ ਦੀ ਕਹਿਣੀ ਅਤੇ ਕਰਨੀ ਵਿਚ ਵੱਡਾ ਅੰਤਰ ਹੈ। ਭਾਵੇਂ ਕਿ ਸ਼ਰਾਬ ਨੀਤੀ ਵਿਚ ਭ੍ਰਿਸ਼ਟਾਚਾਰ ਅਦਾਲਤ ਵਿਚ ਸਾਬਤ ਨਹੀਂ ਹੋਇਆ ਪਰ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਸ਼ਰਾਬ ਨੀਤੀ ਵੀ ਹਾਰ ਦਾ ਕਾਰਨ ਬਣੀ। ਇਹ ਇੱਕ ਅਜਿਹਾ ਮਾਮਲਾ ਸੀ ਜਿਸ ਵਿਚ ਬਾਅਦ ਵਿਚ ਟ੍ਰਾਇਲ ਕੋਰਟ ਨੇ ਉਨ੍ਹਾਂ ਸਾਰਿਆਂ ਨੂੰ ਦੋਸ਼-ਮੁਕਤ ਕਰ ਦਿੱਤਾ ਸੀ। ਲੋਕ ਨੀਤੀ -CS DS ਦੇ ਚੋਣ-ਉਪਰੰਤ ਸਰਵੇਖਣ ਵਿਚ ਲਗਭਗ ਦੋ-ਤਿਹਾਈ ਦਿੱਲੀ ਵੋਟਰਾਂ ਨੇ ਆਮ ਆਦਮੀ ਪਾਰਟੀ ਸਰਕਾਰ ਨੂੰ ਭ੍ਰਿਸ਼ਟ ਮੰਨਿਆ। ਇਸ ਧਾਰਨਾ ਨਾਲ ਸ਼ਰਾਬ ਨੀਤੀ ਦੇ ਦੋਸ਼ ਅਤੇ ਸ਼ੀਸ਼ ਮਹਿਲ ਦੋਵੇਂ ਜੁੜੇ ਹੋਏ ਸਨ। ਜਿਨ੍ਹਾਂ ਵੋਟਰਾਂ ਨੇ ਆਮ ਆਦਮੀ ਪਾਰਟੀ ਨੂੰ ਬਹੁਤ ਭ੍ਰਿਸ਼ਟ ਮੰਨਿਆ, ਉਨ੍ਹਾਂ ਵਿਚੋਂ 85% ਨੇ ਭਾਰਤੀ ਜਨਤਾ ਪਾਰਟੀ ਨੂੰ ਵੋਟ ਦਿੱਤਾ।

ਪੰਜਾਬ ਦੇ ਮੁੱਦੇ ਭਾਵੇਂ ਦਿੱਲੀ ਨਾਲੋਂ ਵੱਖਰੇ ਅਤੇ ਗੰਭੀਰ ਹਨ ਪਰ ਭਗਵੰਤ ਮਾਨ ਦਾ ਮਾਸਟਰ ਦੇ ਮੁੰਡੇ ਵਾਲਾ ਬਿੰਬ ਧੁੰਦਲਾ ਪਿਆ ਹੈ। ਇੰਡੀਅਨ ਐਕਸਪ੍ਰੈੱਸ ਨੇ ਜੂਨ 2026 ਵਿਚ ਰਿਪੋਰਟ ਕੀਤਾ ਕਿ 2022 ਦੇ ਮੁਕਾਬਲੇ ਹੁਣ ਪਾਰਟੀ ਪੰਜਾਬ ਵਿਚ ਭਗਵੰਤ ਮਾਨ ਨੂੰ ਮੁੱਖ ਚਿਹਰਾ ਬਣਾਉਣ 'ਤੇ ਵੱਧ ਨਿਰਭਰ ਕਰ ਰਹੀ ਹੈ। ਉਸ ਵੇਲੇ 2022 ਵਿਚ ਭਗਵੰਤ ਮਾਨ ਸਿਰਫ਼ ਇੱਕ ਮੁੱਖ ਮੰਤਰੀ ਦਾ ਉਮੀਦਵਾਰ ਹੀ ਨਹੀਂ ਸੀ। ਉਹ ਪੁਰਾਣੀ ਸਿਆਸਤ ਦੇ ਵਿਰੁੱਧ ਹਰ ਇੱਕ ਪੰਜਾਬੀ ਵਾਸਤੇ ਆਮ ਆਦਮੀ ਦਾ ਪ੍ਰਤੀਕ ਬਣ ਗਿਆ ਸੀ। ਉਸ ਦੀ ਕਹਾਣੀ ਬਹੁਤ ਸਧਾਰਨ ਸੀ ਉਸ ਸਮੇਂ ਉਹ ਪਿੰਡ ਦਾ ਮੁੰਡਾ ਸੀ, ਸਰਕਾਰੀ ਅਧਿਆਪਕ ਦਾ ਪੁੱਤਰ ਇੱਕ ਕਲਾਕਾਰ, ਸੰਸਦ ਵਿਚ ਲੋਕਾਂ ਦੀ ਆਵਾਜ਼ ਦਾ ਸਾਧਨ ਬਣਿਆ ਸੀ। ਇਹ ਕਹਾਣੀ ਉਸ ਵੇਲੇ ਕਾਂਗਰਸ ਅਤੇ ਅਕਾਲੀ ਦਲ ਦੇ ਲੰਮੇ ਰਾਜ ਤੋਂ ਅੱਕੇ ਅਤੇ ਥੱਕੇ ਹੋਏ ਵੋਟਰ ਨੂੰ ਬਹੁਤ ਪ੍ਰਭਾਵਿਤ ਕਰਦੀ ਸੀ। ਪਰ ਪੰਜ ਸਾਲ ਸਰਕਾਰ ਚਲਾਉਣ ਤੋਂ ਬਾਅਦ ਵੋਟਰ ਹੁਣ ਉਸ ਦੀ ਕਹਾਣੀ ਨਹੀਂ, ਕੰਮ ਦੀ ਪਰਖ ਕਰਨਗੇ। ਇਸ ਵਾਰ ਇਕੱਲੇ ਭਗਵੰਤ ਮਾਨ ਨੂੰ ਚਿਹਰਾ ਬਣਾ ਕੇ ਚੋਣਾਂ ਜਿੱਤ ਜਾਣਾ ਸੰਭਵ ਨਹੀਂ ਹੈ। ਪੰਜਾਬ ਦੇ ਲੋਕ ਜਾਣਨਾ ਚਾਹੁੰਣਗੇ ਕਿ ਭਗਵੰਤ ਮਾਨ ਨੂੰ ਦੁਬਾਰਾ ਮੌਕਾ ਕਿਉਂ ਦਿੱਤਾ ਜਾਵੇ? ਭਗਵੰਤ ਮਾਨ ਦੀ ਨਿੱਜੀ ਅਕਸ ਨੂੰ ਲੱਗੇ ਖ਼ੋਰੇ ਦਾ ਸਾਰੀ ਪਾਰਟੀ ਨੁਕਸਾਨ ਭੁਗਤੇਗੀ। ਦੂਸਰਾ ਪੰਜਾਬੀ ਵੋਟਰ ਲਈ ਇਹ ਸਵਾਲ ਵੱਧ ਮਹੱਤਵਪੂਰਨ ਹੁੰਦਾ ਜਾ ਰਿਹਾ ਹੈ ਕਿ ਪੰਜਾਬ ਦੀ ਸਰਕਾਰ ਕੌਣ ਚਲਾ ਰਿਹਾ ਹੈ ਭਗਵੰਤ ਮਾਨ ਜਾਂ ਦਿੱਲੀ ਦੀ ਆਪ ਦੀ ਲੀਡਰਸ਼ਿਪ? ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਮਾਲਵਾ ਖੇਤਰ ਵਿਚ ਅੱਜ ਵੀ ਭਗਵੰਤ ਮਾਨ ਲੋਕਪ੍ਰਿਆ ਆਗੂ ਹੈ ਪਰ ਕੀ ਭਗਵੰਤ ਮਾਨ ਦੀ ਨਿੱਜੀ ਲੋਕਪ੍ਰਿਯਤਾ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਗ਼ਲਤੀਆਂ ਅਤੇ ਕਮਜ਼ੋਰੀਆਂ ਨੂੰ ਢੱਕ ਸਕੇਗੀ? ਜੇ 2027 ਦੀਆਂ ਆਉਣ ਵਾਲੀਆਂ ਚੋਣਾਂ ਤਕ ਆਮ ਆਦਮੀ ਪਾਰਟੀ ਵੀ ਲੋਕਾਂ ਨੂੰ ਦੂਸਰੀਆਂ ਪਾਰਟੀਆਂ ਦੇ ਨਿਆਈ ਇੱਕ ਹੋਰ ਰਵਾਇਤੀ ਸੱਤਾਧਾਰੀ ਪਾਰਟੀ ਹੀ ਲੱਗਣ ਲੱਗ ਪਈ, ਤਾਂ ਉਸ ਦੇ ਕੁਝ ਨੌਜਵਾਨ ਵੋਟਰ ਦੁਬਾਰਾ ਕਿਸੇ ਨਵੇਂ ਬਦਲ ਦੀ ਭਾਲ ਕਰ ਸਕਦੇ ਹਨ। ਦਿਲਚਸਪ ਗੱਲ ਇਹ ਕਿ ਜੇਕਰ ਕਾਂਗਰਸ ਅਤੇ ਅਕਾਲੀ ਦਲ ਕਿਸੇ ਤਰੀਕੇ ਨਾਲ ਆਪ ਵਿਰੋਧੀ ਵੋਟ ਨੂੰ ਵੰਡਣ ਦੀ ਬਜਾਏ ਇੱਕ ਦੂਜੇ ਨੂੰ ਪ੍ਰਭਾਵਿਤ ਕੀਤੇ ਬਿਨਾਂ ਆਪਣਾ-ਆਪਣਾ ਸਮਾਜਿਕ ਆਧਾਰ ਵਾਪਸ ਪ੍ਰਾਪਤ ਕਰ ਲੈਂਦੇ ਹਨ, ਤਾਂ ਆਪ ਲਈ 2022 ਵਾਲੀ 92 ਸੀਟਾਂ ਦੀ ਥਾਂ 40-50 ਸੀਟਾਂ ਦੇ ਆਲ਼ੇ-ਦੁਆਲੇ ਆ ਜਾਣਾ ਵੀ ਸੰਭਵ ਹੋ ਸਕਦਾ ਹੈ ਭਾਵੇਂ ਉਹ ਸਭ ਤੋਂ ਵੱਡੀ ਪਾਰਟੀ ਰਹੇ। ਅਜਿਹੇ ਹਾਲਤ ਵਿਚ ਭਾਰਤੀ ਜਨਤਾ ਪਾਰਟੀ ਦੀ ਘੁੱਸ-ਪੈਂਠ ਦਾ ਅਜ਼ਮਾਇਆ ਹੋਇਆ ਫ਼ਾਰਮੂਲਾ ਹੋਂਦ ਵਿਚ ਆਉਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਣਗੀਆਂ।

# ਲੋਕਤੰਤਰ, ਸੰਵਿਧਾਨ ਦਾ ਅੰਮ੍ਰਿਤਕਾਲ ਵਿਚ ਦਾਖਲਾ – ਇੱਕ ਗੰਭੀਰ ਖਦਸ਼ਾ

ਆਮ ਬੋਲਚਾਲ ਵਿਚ 'ਸਾਜ਼ਿਸ਼' ਤੋਂ ਭਾਵ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵੱਲੋਂ ਕਿਸੇ ਵਿਰੋਧੀ—ਚਾਹੇ ਉਹ ਕੋਈ ਵਿਅਕਤੀ, ਸਮੂਹ, ਪਾਰਟੀ, ਦੇਸ਼ ਜਾਂ ਸਰਕਾਰ ਹੋਵੇ—ਦਾ ਨੁਕਸਾਨ ਕਰਨ ਲਈ ਬਣਾਈ ਗਈ ਸਾਂਝੀ ਯੋਜਨਾ ਤੋਂ ਹੈ। ਸਾਜ਼ਿਸ਼ ਹਮੇਸ਼ਾ ਬੁਰੇ ਇਰਾਦੇ ਨਾਲ ਹੀ ਕੀਤੀ ਜਾਂਦੀ ਹੈ, ਪਰ ਜਦੋਂ ਇਹ ਮਾਨਵੀ ਕਦਰਾਂ-ਕੀਮਤਾਂ ਨੂੰ ਹੀ ਤਬਾਹ ਕਰਨ ਤੱਕ ਅੱਗੇ ਵਧ ਜਾਵੇ, ਤਾਂ ਇਹ ਬਹੁਤ ਗੰਭੀਰ ਚਿੰਤਾ ਦਾ ਦਾਅਵਾ ਬਣ ਜਾਂਦੀ ਹੈ। ਆਰ.ਐਸ.ਐਸ. ਦੀ ਲੀਡਰਸ਼ਿਪ, (ਆਮ ਵਰਕਰ ਨਹੀਂ, ਜੋ ਅਕਸਰ ਸੱਚੇ ਅਰਥਾਂ ਵਿਚ ਧਾਰਮਿਕ ਅਤੇ ਦੇਸ਼ ਭਗਤ ਹੁੰਦੇ ਹਨ), ਪਿਛਲੇ ਕੁਝ ਸਮੇਂ ਤੋਂ ਭਰਮਾਊ ਸੁਪਨੇ ਦਿਖਾ ਕੇ ਅਜਿਹੀਆਂ ਯੋਜਨਾਵਾਂ ਘੜਦੀ ਰਹੀ ਹੈ, ਜੋ ਮਾਨਵੀ ਮੂਲਾਂ ਦਾ ਘਾਣ ਕਰਦੀਆਂ ਰਹੀਆਂ ਹਨ। ਅੱਗੇ ਦਰਜ ਘਟਨਾਵਾਂ ਦੇ ਮੱਦੇਨਜ਼ਰ, ਮੈਨੂੰ 'ਆਜ਼ਾਦੀ ਦੇ ਅੰਮ੍ਰਿਤ ਕਾਲ' ਵਿਚ ਸ਼ਾਮਲ ਹੋਣ ਦੇ ਐਲਾਨ ਪਿੱਛੇ ਵੀ ਕਿਸੇ ਅਜੇਹੀ ਯੋਜਨਾ ਦੇ ਖਦਸ਼ੇ ਦੀ ਝਲਕ ਦਿਸਦੀ ਹੈ।

15 ਅਗਸਤ 2022 ਨੂੰ ਭਾਰਤ ਨੇ ਆਜ਼ਾਦੀ ਦੇ 75 ਸਾਲ ਪੂਰੇ ਕੀਤੇ। ਇਸ ਮੌਕੇ 'ਤੇ ਸਰਕਾਰ ਵੱਲੋਂ ਦੇਸ਼ ਨੂੰ

ਨੰਦ ਸਿੰਘ ਬਰਾੜ

'ਅੰਮ੍ਰਿਤਕਾਲ' ਵਿਚ ਦਾਖਲ ਹੋਣ ਦੀ ਗੱਲ ਕਹੀ ਗਈ ਅਤੇ ਵਿਕਾਸ ਤੇ ਲੋਕ-ਭਲਾਈ ਨਾਲ ਜੁੜੀਆਂ ਕਈ ਯੋਜਨਾਵਾਂ ਦਾ ਐਲਾਨ ਕੀਤਾ ਗਿਆ। ਉਸ ਸਮੇਂ ਮੇਰੇ ਮਨ ਵਿਚ ਵੀ ਇੱਕ ਉਮੀਦ ਜਾਗੀ ਕਿ ਆਉਣ ਵਾਲੇ ਸਮੇਂ ਵਿਚ ਦੇਸ਼ ਦੇ ਆਮ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਵੱਡੇ ਕਦਮ ਚੁੱਕੇ ਜਾਣਗੇ।

ਕੁਝ ਸਮੇਂ ਬਾਅਦ, ਪੱਤਰਕਾਰਾਂ ਦੇ ਇੱਕ ਸਵਾਲ ਦੇ ਜਵਾਬ ਵਿਚ ਕੇਂਦਰ ਸਰਕਾਰ ਦੀ ਸੀਨੀਅਰ ਮੰਤਰੀ ਅਤੇ ਜੇ.ਐਨ.ਯੂ. ਤੋਂ ਪੜ੍ਹੀ ਹੋਈ ਵਿਦਵਾਨ ਸ਼੍ਰੀਮਤੀ ਨਿਰਮਲਾ ਸੀਤਾਰਮਨ ਜੀ ਨੇ 'ਅੰਮ੍ਰਿਤਕਾਲ' ਸ਼ਬਦ ਦੀ ਇੱਕ ਸੱਭਿਆਚਾਰਕ ਵਿਆਖਿਆ ਪੇਸ਼ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਸਨਾਤਨੀ ਪਰੰਪਰਾ ਅਨੁਸਾਰ ਜਦੋਂ ਕੋਈ ਵਿਅਕਤੀ 75 ਸਾਲ ਦੀ ਉਮਰ ਪੂਰੀ ਕਰ ਲੈਂਦਾ ਹੈ, ਤਾਂ ਉਹ 'ਅੰਮ੍ਰਿਤਕਾਲ' ਵਿਚ ਦਾਖਲ ਹੋ ਜਾਂਦਾ ਹੈ। ਇਸ ਪੜਾਅ ਵਿਚ ਮਨੁੱਖ ਨੂੰ ਰੋਜ਼ਾਨਾ ਦੀਆਂ ਜ਼ਿੰਮੇਵਾਰੀਆਂ ਦੇ ਭਾਰ ਤੋਂ ਮੁਕਤ ਕਰਕੇ ਆਰਾਮ ਅਤੇ ਆਤਮ-ਚਿੰਤਨ ਦਾ ਮੌਕਾ ਦਿੱਤਾ ਜਾਂਦਾ ਹੈ।

ਬੀਬੀ ਜੀ ਨੇ ਭਾਵੇਂ ਇਹ ਵਿਆਖਿਆ 'ਅੰਮ੍ਰਿਤਕਾਲ' ਦੀ ਸਿਫ਼ਤ ਵਿਚ ਕੀਤੀ ਸੀ, ਪਰ ਇਸ ਨੇ ਮੈਨੂੰ ਧੁਰ ਅੰਦਰ ਤੱਕ ਹਲੂਣ ਕੇ ਰੱਖ ਦਿੱਤਾ। ਮੇਰੇ ਮਨ ਵਿਚ ਇਹ ਖ਼ੌਫ਼ ਪੈਦਾ ਹੋ ਗਿਆ ਕਿ ਕੀ ਅਸੀਂ ਕਿਸੇ ਇਨਸਾਨ ਦੀ ਜ਼ਿੰਦਗੀ ਦੇ ਆਖ਼ਰੀ ਪੜਾਅ ਵਾਂਗ ਆਪਣੀ ਆਜ਼ਾਦੀ ਦੇ ਵੀ ਅੰਤਲੇ ਸਮੇਂ ਵੱਲ ਵਧ ਰਹੇ ਹਾਂ? ਹਰ ਕੋਈ ਜਾਣਦਾ ਹੈ ਕਿ ਅੰਮ੍ਰਿਤਕਾਲ ਵਿਚ ਪਹੁੰਚੇ ਹਰੇਕ ਮਨੁੱਖ ਦਾ ਅੰਤ ਨਿਸ਼ਚਿਤ ਹੁੰਦਾ ਹੈ, ਤਾਂ ਕੀ ਸਾਡੀ ਆਜ਼ਾਦੀ, ਸਾਡੇ ਲੋਕਤੰਤਰ ਅਤੇ ਸੰਵਿਧਾਨ ਦਾ ਵੀ ਖ਼ਾਤਮਾ ਤੈਅ ਹੈ?

ਮੈਂ ਆਪਣਾ ਇਹ ਖ਼ਦਸ਼ਾ ਆਪਣੇ ਦੋਸਤਾਂ-ਮਿੱਤਰਾਂ ਨਾਲ ਵੀ ਸਾਂਝਾ ਕੀਤਾ, ਪਰ ਲਗਭਗ ਸਾਰਿਆਂ ਦਾ ਮੰਨਣਾ ਸੀ ਕਿ ਡਰਨ ਦੀ ਲੋੜ ਨਹੀਂ; ਇਹ ਸਭ ਆਉਣ ਵਾਲੀਆਂ ਚੋਣਾਂ ਜਿੱਤਣ ਅਤੇ ਲੋਕਾਂ ਨੂੰ ਭਰਮਾਉਣ ਲਈ ਕੀਤਾ ਜਾ ਰਿਹਾ ਹੈ, ਉਹ ਇੰਨਾ ਵੱਡਾ ਕਦਮ ਨਹੀਂ ਚੁੱਕ ਸਕਦੇ। ਆਰ.ਐਸ.ਐਸ. ਅਤੇ ਬੀ.ਜੇ.ਪੀ. ਦੇ ਚੋਟੀ ਦੇ ਆਗੂਆਂ ਦੀ ਕਾਰਜਸ਼ੈਲੀ ਨੂੰ ਦੇਖਦਿਆਂ ਮੈਨੂੰ ਪੂਰਾ ਭਰੋਸਾ ਤਾਂ ਨਹੀਂ ਸੀ ਆ ਰਿਹਾ—ਹਾਲਾਂਕਿ ਮੈਂ ਵੀ ਦਿਲੋਂ ਚਾਹੁੰਦਾ ਸੀ ਕਿ ਮੇਰਾ ਇਹ ਡਰ ਕਦੇ ਸੱਚ ਨਾ ਹੋਵੇ—ਪਰ ਉਨ੍ਹਾਂ ਨੇ 'ਅੰਮ੍ਰਿਤਕਾਲ' ਦੇ ਪਹਿਲੇ ਸਾਲ ਵਿਚ ਹੀ ਮੇਰੇ ਇਸ ਡਰ ਨੂੰ ਹੋਰ ਪੱਕਾ ਕਰ ਦਿੱਤਾ।

ਸਾਲ 2023 ਦੇ ਆਜ਼ਾਦੀ ਦਿਹਾੜੇ ਤੋਂ ਕੁਝ ਸਮਾਂ ਪਹਿਲਾਂ, ਨਵੇਂ ਸੰਸਦ ਭਵਨ ਦੇ ਉਦਘਾਟਨ ਮੌਕੇ ਸੰਵਿਧਾਨ ਅਤੇ ਲੋਕ-ਭਲਾਈ ਦੇ ਪ੍ਰਤੀਕਾਂ ਦੀ ਥਾਂ 'ਰਾਜਦੰਡ' ਸਥਾਪਤ ਕਰ ਦਿੱਤਾ ਗਿਆ। ਇੰਨਾ ਹੀ ਨਹੀਂ, ਉਸੇ ਦੌਰਾਨ ਆਪਣੇ ਨਾਲ ਹੋਏ ਧੱਕੇ ਦੇ ਵਿਰੋਧ ਵਿਚ ਸ਼ਾਂਤਮਈ ਤੇ ਲੋਕਤੰਤਰਿਕ ਤਰੀਕੇ ਨਾਲ ਪ੍ਰਦਰਸ਼ਨ ਕਰ ਰਹੀਆਂ ਮਹਿਲਾ ਖਿਡਾਰਨਾਂ 'ਤੇ ਡੰਡੇ ਦੇ ਜ਼ੋਰ ਨਾਲ ਜ਼ੁਲਮ ਢਾਹ ਕੇ ਪ੍ਰਦਰਸ਼ਨ ਖ਼ਤਮ ਕਰਵਾਇਆ ਗਿਆ। ਇਸ ਘਟਨਾ ਨੇ ਸਮੁੱਚੇ ਦੇਸ਼-ਵਾਸੀਆਂ ਨੂੰ ਇਹ ਸਾਫ਼ ਦਿਖਾ ਦਿੱਤਾ ਕਿ ਅੱਗੇ ਤੋਂ ਦੇਸ਼ 'ਤੇ ਰਾਜ ਸੰਵਿਧਾਨਕ ਕਾਨੂੰਨ ਨਾਲ ਨਹੀਂ, ਸਗੋਂ ਡੰਡੇ ਦੇ ਜ਼ੋਰ 'ਤੇ ਕੀਤਾ ਜਾਵੇਗਾ।

ਮੇਰਾ ਇਹ ਖਦਸ਼ਾ ਕਿਸੇ ਸਿਆਸੀ ਪਾਰਟੀ, ਸਰਕਾਰ, ਸੰਸਥਾ ਜਾਂ ਹਾਕਮਾਂ ਪ੍ਰਤੀ ਨਿੱਜੀ ਵਿਰੋਧ 'ਚੋਂ ਨਹੀਂ ਉਪਜਿਆ; ਬਲਕਿ ਕਿਸੇ ਵੀ ਵਲੋਂ ਨਾਗਰਿਕਾਂ ਦੇ ਆਪਸੀ ਪਿਆਰ, ਭਾਈਚਾਰੇ ਅਤੇ ਵਿਸ਼ਵਾਸ ਨੂੰ ਠੇਸ ਪਹੁੰਚਾ ਕੇ ਅਨਿਸ਼ਚਿਤਤਾ ਤੇ ਉਦਾਸੀਨਤਾ ਦਾ ਮਾਹੌਲ ਸਿਰਜੇ ਜਾਣ ਦੇ ਡਰ 'ਚੋਂ ਨਿਕਲਿਆ ਹੈ। ਇਸੇ ਕਾਰਨ, ਅੰਮ੍ਰਿਤਕਾਲ ਦੇ ਐਲਾਨ ਤੋਂ ਬਾਅਦ ਜਿੱਥੇ-ਜਿੱਥੇ ਮੈਨੂੰ ਸੰਵਿਧਾਨ ਦੀ ਆਤਮਾ, ਲੋਕਤੰਤਰੀ ਪਰੰਪਰਾਵਾਂ ਜਾਂ ਨਾਗਰਿਕ ਅਧਿਕਾਰਾਂ ਦੇ ਕਮਜ਼ੋਰ ਹੋਣ ਦੇ ਸੰਕੇਤ ਦਿਖਾਈ ਦਿੱਤੇ, ਉੱਥੇ-ਉੱਥੇ ਮੇਰਾ ਖਦਸ਼ਾ ਵਧਦਾ ਗਿਆ। ਮੇਰੀ ਇਸ ਲਿਖਤ ਦਾ ਮੁੱਖ ਮਨੋਰਥ ਵੀ ਨਾਗਰਿਕਾਂ ਵਿਰੁੱਧ ਬੁਣੇ ਜਾ ਰਹੇ ਨਾਪਾਕ ਇਰਾਦੇ ਵਾਲਿਆਂ ਦਾ ਪਰਦਾਫਾਸ਼ ਕਰਕੇ ਨਾਗਰਿਕਾਂ ਨੂੰ ਸੁਚੇਤ ਕਰਨਾ ਹੈ।

ਉੱਪਰ ਮੈਂ ਆਰ.ਐਸ.ਐਸ. ਅਤੇ ਭਾਜਪਾ ਦੀ ਚੋਟੀ ਦੀ ਲੀਡਰਸ਼ਿਪ ਦੀ ਕਾਰਜ-ਸ਼ੈਲੀ ਦਾ ਜ਼ਿਕਰ ਕੀਤਾ ਹੈ। ਇਸ ਵਰਤਾਰੇ ਨੂੰ ਸਮਝਣ ਲਈ ਉਸ ਵਿਚਾਰਧਾਰਕ ਪਿਛੋਕੜ ਨੂੰ ਸਮਝਣਾ ਜ਼ਰੂਰੀ ਹੈ, ਜਿਸ ਦਾ ਹਵਾਲਾ ਇਹ ਸੰਸਥਾਵਾਂ ਅਤੇ ਇਨ੍ਹਾਂ ਦੇ ਵਿਚਾਰਕ ਅਕਸਰ ਦਿੰਦੇ ਰਹਿੰਦੇ ਹਨ। ਇਸੇ ਸੰਦਰਭ ਵਿਚ, ਮਨੁਸਮ੍ਰਿਤੀ ਨੂੰ 'ਮਾਨਵ ਧਰਮ ਸ਼ਾਸਤਰ' ਅਤੇ ਹਿੰਦੂ ਕਾਨੂੰਨ ਦਾ ਮੂਲ ਗ੍ਰੰਥ ਮੰਨ ਕੇ ਪੇਸ਼ ਕੀਤਾ ਜਾਂਦਾ ਹੈ, ਜਦੋਂ ਕਿ ਇਹ ਗ੍ਰੰਥ ਮਨੁੱਖਤਾ-ਵਿਰੋਧੀ ਧਾਰਨਾਵਾਂ ਅਤੇ ਆਪਾ-ਵਿਰੋਧੀ ਸ਼ਲੋਕਾਂ ਨਾਲ ਭਰਿਆ ਹੋਇਆ ਹੈ। ਇੱਥੋਂ ਤੱਕ ਕਿ ਹਿੰਦੂਤਵ ਦੇ ਪ੍ਰਮੁੱਖ ਵਿਚਾਰਕ ਵੀਡੀ ਸਾਵਰਕਰ ਨੇ ਵੀ ਆਪਣੀ ਪੁਸਤਕ 'ਪ੍ਰਾਚੀਨ ਅਰਵਾਚੀਨ ਮਹਿਲਾ' ਵਿਚ ਲਿਖਿਆ ਹੈ ਕਿ ਭਾਵੇਂ ਮਨੁਸਮ੍ਰਿਤੀ ਵਿਚ ਕੁਝ ਸਿੱਖਿਆਦਾਇਕ ਅਤੇ ਸਮਾਜ-ਪੱਖੀ ਗੱਲਾਂ ਹਨ, ਪਰ ਇਸ ਵਿਚ ਮੌਜੂਦ ਬਹੁਤ ਸਾਰੇ ਆਪਾ-ਵਿਰੋਧੀ ਸ਼ਲੋਕਾਂ ਕਾਰਨ ਇਸ ਨੂੰ ਹਿੰਦੂ ਕਾਨੂੰਨ ਦਾ ਪ੍ਰਮਾਣਿਕ ਗ੍ਰੰਥ ਨਹੀਂ ਮੰਨਿਆ ਜਾ ਸਕਦਾ।

ਇਸ ਵਿਚਾਰਧਾਰਾ ਦੇ ਪੈਰੋਕਾਰਾਂ ਨੇ ਭਾਵੇਂ ਇਸ ਗ੍ਰੰਥ ਦੇ ਸਕਾਰਾਤਮਕ ਅਤੇ ਸਮਾਜ-ਸੁਧਾਰਕ ਸ਼ਲੋਕਾਂ ਤੋਂ ਕੁਝ ਨਾ ਸਿੱਖਿਆ ਹੋਵੇ, ਪਰ ਇਸ ਵਿਚਲੀਆਂ ਸਾਜਿਸ਼ੀ ਅਤੇ ਆਪਾ-ਵਿਰੋਧੀ ਗੱਲਾਂ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੈ। ਜੇਕਰ ਇਨ੍ਹਾਂ ਦਾ ਅਸਲ ਮਕਸਦ ਔਰਤਾਂ ਨੂੰ ਮਨੂਸਮ੍ਰਿਤੀ ਦੇ ਨਿਯਮਾਂ ਅਨੁਸਾਰ ਗੁਲਾਮ ਬਣਾਉਣਾ ਸੀ, ਤਾਂ ਇਨ੍ਹਾਂ ਨੇ ਬੜੀ ਚਲਾਕੀ ਨਾਲ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਦੇ ਦਿੱਤਾ। ਪਰ ਧੀਆਂ ਅਤੇ ਵਿਦਿਆਰਥਣਾਂ ਨਾਲ ਜੋ ਸਲੂਕ ਹੋਇਆ, ਉਹ ਕਿਸੇ ਤੋਂ ਲੁਕਿਆ ਨਹੀਂ ਹੈ। ਗਾਰਗੀ ਕਾਲਜ ਵਰਗੀਆਂ ਘਿਨਾਉਣੀਆਂ ਘਟਨਾਵਾਂ ਦੇ ਬਾਵਜੂਦ, ਜਦੋਂ ਦੇਸ਼ ਦੇ ਚੇਤੰਨ ਲੋਕਾਂ ਨੇ ਆਪਣੀਆਂ ਧੀਆਂ ਦੀ ਆਜ਼ਾਦੀ 'ਤੇ ਰੋਕ ਨਹੀਂ ਲਾਈ, ਤਾਂ ਇਨ੍ਹਾਂ ਨੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਸਾਡੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਮਹਿਲਾ ਪਹਿਲਵਾਨਾਂ—ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ ਆਪਣੀਆਂ 'ਮੂੰਹ-ਬੋਲੀਆਂ ਧੀਆਂ' ਕਿਹਾ ਸੀ—ਨਾਲ ਜੋ ਵਿਵਹਾਰ ਕੀਤਾ ਗਿਆ, ਉਸ ਨੇ ਪੂਰੇ ਦੇਸ਼ ਦਾ ਸਿਰ ਸ਼ਰਮ ਨਾਲ ਝੁਕਾ ਦਿੱਤਾ। ਪਰ ਸੱਤਾਧਾਰੀਆਂ 'ਤੇ ਇਸ ਦਾ ਕੋਈ ਅਸਰ ਨਹੀਂ ਹੋਇਆ, ਕਿਉਂਕਿ ਉਨ੍ਹਾਂ ਦੀ ਮਾਨਸਿਕਤਾ ਦੀ ਘਾੜਤ ਮਨੂਸਮ੍ਰਿਤੀ ਦੀ ਸਿੱਖਿਆ ਅਨੁਸਾਰ ਹੀ ਹੋਈ ਹੈ।

ਇਸੇ ਸਾਜਿਸ਼ੀ ਸੋਚ ਤਹਿਤ ਦੇਸ਼ ਦੀ 60 ਫੀਸਦੀ ਤੋਂ ਵੱਧ ਉਸ ਆਬਾਦੀ ਨੂੰ—ਜੋ ਆਪਣੀ ਹੱਡ-ਭੰਨਵੀਂ ਮਿਹਨਤ ਸਦਕਾ ਸਵੈ-ਅਭਿਮਾਨ ਨਾਲ ਗੁਜ਼ਾਰਾ ਕਰ ਰਹੀ ਸੀ—ਮਜ਼ਦੂਰ ਅਤੇ ਮੁਥਾਜ ਬਣਾਉਣ ਦੀ ਤਿਆਰੀ ਕੀਤੀ ਗਈ। 2019 ਦੀਆਂ ਚੋਣਾਂ ਤੋਂ ਪਹਿਲਾਂ ਐਲਾਨ ਕੀਤਾ ਗਿਆ ਕਿ 2022 ਤੱਕ ਕਿਸਾਨਾਂ ਦੀ ਆਮਦਨ ਦੁਗਣੀ ਕਰ ਦਿੱਤੀ ਜਾਵੇਗੀ, ਪਰ ਸੱਤਾ ਹਾਸਲ ਕਰਦਿਆਂ ਹੀ ਇਸ ਦੇ ਬਿਲਕੁਲ ਉਲਟ ਕਿਸਾਨ-ਵਿਰੋਧੀ 'ਕਾਲੇ ਕਾਨੂੰਨ' ਥੋਪ ਦਿੱਤੇ ਗਏ। ਦੇਸ਼ ਦੇ ਜਾਗਰੂਕ ਕਿਸਾਨਾਂ ਨੇ ਸਾਲ ਤੋਂ ਵੱਧ ਸਮਾਂ ਪੂਰੀ ਤਰ੍ਹਾਂ ਸ਼ਾਂਤਮਈ ਢੰਗ ਨਾਲ ਅੰਦੋਲਨ ਕਰਕੇ ਇਨ੍ਹਾਂ ਕਾਨੂੰਨਾਂ ਦਾ ਡਟਵਾਂ ਵਿਰੋਧ ਕੀਤਾ। ਇਸ ਇਤਿਹਾਸਕ ਅੰਦੋਲਨ ਨੂੰ ਫੇਲ੍ਹ ਕਰਨ ਲਈ ਕਈ ਕੋਝੀਆਂ ਸਾਜਿਸ਼ਾਂ ਰਚੀਆਂ ਗਈਆਂ। ਜਦੋਂ ਕਿਸਾਨ ਆਪਣੀਆਂ ਮੰਗਾਂ ਤੋਂ ਪਿੱਛੇ ਨਾ ਹਟੇ, ਤਾਂ ਪ੍ਰਧਾਨ ਮੰਤਰੀ ਨੇ ਇਕਪਾਸੜ ਤੌਰ 'ਤੇ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਅਤੇ ਬਾਅਦ ਵਿਚ ਕਾਨੂੰਨੀ ਪ੍ਰਕਿਰਿਆ ਰਾਹੀਂ ਇਨ੍ਹਾਂ ਨੂੰ ਰੱਦ ਕਰਕੇ ਅੰਦੋਲਨ ਖ਼ਤਮ ਕਰਵਾਇਆ। ਪਰ ਇਸ ਸਭ ਦੇ ਬਾਵਜੂਦ, ਉਨ੍ਹਾਂ ਨੇ ਆਪਣੀ ਮੂਲ ਮਨੂਸਮ੍ਰਿਤੀ ਵਾਲੀ ਸੋਚ ਅਤੇ ਸਾਜਿਸ਼ੀ ਰੁਖ਼ ਨੂੰ ਨਹੀਂ ਤਿਆਗਿਆ—ਯਾਨੀ ਸਭ ਕੁਝ ਬਦਲ ਕੇ ਵੀ 'ਪਰਨਾਲਾ ਉੱਥੇ ਦਾ ਉੱਥੇ ਹੀ ਰੱਖਿਆ'।

ਇੰਨਾ ਹੀ ਨਹੀਂ, ਮਨੂਸਮ੍ਰਿਤੀ ਦੇ ਆਪਾ-ਵਿਰੋਧੀ ਸੁਭਾਅ ਨੂੰ ਅੱਜ ਦੇ ਆਗੂਆਂ ਨੇ ਬਾਖ਼ੂਬੀ ਅਪਣਾਇਆ ਹੋਇਆ ਹੈ। ਜਿਹੜਾ ਲੀਡਰ ਜਿੰਨਾ ਵੱਡਾ ਹੈ, ਉਹ ਇਸ ਕਲਾ ਵਿਚ ਉਨਾ ਹੀ ਮਾਹਰ ਹੈ। ਇੱਕ ਪਲ ਕੋਈ ਬਿਆਨ ਦੇਣਾ ਅਤੇ ਕੁਝ ਸਮੇਂ ਬਾਅਦ ਇਸ ਤਰ੍ਹਾਂ ਮੁੱਕਰ ਜਾਣਾ, ਇਨ੍ਹਾਂ ਦੀ ਆਦਤ ਬਣ ਚੁੱਕੀ ਹੈ। ਕਈ ਵਾਰ ਤਾਂ ਮਨੂਸਮ੍ਰਿਤੀ ਦੇ ਸ਼ਲੋਕਾਂ ਵਾਂਗ ਆਪਣੇ ਹੀ ਬਿਆਨ ਦੇ ਬਿਲਕੁਲ ਉਲਟ ਗੱਲ ਕਹਿ ਦਿੱਤੀ ਜਾਂਦੀ ਹੈ। ਅਜਿਹੇ ਕੋਰੇ ਝੂਠ ਬੋਲੇ ਜਾਂਦੇ ਹਨ ਜਿਨ੍ਹਾਂ ਨੂੰ ਇੱਕ ਆਮ ਇਨਸਾਨ ਵੀ ਸਹਿਜੇ ਹੀ ਫੜ ਸਕਦਾ ਹੈ। ਅਸਲ ਵਿਚ, ਇਹ ਸਭ ਕੁਝ ਕਿਸੇ ਭੁਲੇਖੇ ਵੱਸ ਨਹੀਂ, ਸਗੋਂ ਬਹੁਤ ਸੋਚੀ-ਸਮਝੀ ਰਣਨੀਤੀ ਤਹਿਤ ਕੀਤਾ ਜਾਂਦਾ ਹੈ। ਸਗੋਂ ਇਹ ਤਾਨਾਸ਼ਾਹੀ ਦਾ ਆਪਣੇ ਨੇੜਲਿਆਂ ਦੀ ਚਮਚਾਗੀਰੀ ਪਰਖਣ ਦਾ ਢੰਗ ਵੀ ਹੁੰਦਾ ਹੈ। ਇਸਦੇ ਨਾਲ ਹੀ ਇਸ ਨਾਲ ਜਨਤਾ ਨੂੰ ਭੰਬਲਭੂਸੇ ਵਿਚ ਪਾ ਕੇ ਆਪਣੀਆਂ ਸਾਜਿਸ਼ਾਂ ਨੂੰ ਸਿਰੇ ਚਾੜ੍ਹ ਲਿਆ ਜਾਂਦਾ ਹੈ।

ਸ਼੍ਰੀ ਸਾਵਰਕਰ ਜੀ ਦੀਆਂ ਲਿਖਤਾਂ ਉਨ੍ਹਾਂ ਦੀ ਵਿਗਿਆਨਕ ਸੋਚ, ਤਰਕਸ਼ੀਲਤਾ ਅਤੇ ਸਮਾਨਤਾਵਾਦੀ ਦ੍ਰਿਸ਼ਟੀਕੋਣ ਦੀ ਗਵਾਹੀ ਦਿੰਦੀਆਂ ਹਨ। ਪਰ ਇਤਿਹਾਸ ਦਰਸਾਉਂਦਾ ਹੈ ਕਿ ਧਾਰਮਿਕ ਪੁਜਾਰੀ ਵਰਗ ਅਜਿਹੇ ਅਗਾਂਹਵਧੂ ਵਿਚਾਰਾਂ ਨੂੰ ਹਮੇਸ਼ਾ ਖ਼ਤਰਾ ਮੰਨਦਾ ਆਇਆ ਹੈ। ਆਮ ਲੋਕ ਅਕਸਰ ਧਾਰਮਿਕ ਆਗੂਆਂ ਦੇ ਬੋਲਾਂ ਨੂੰ ਅੱਖਾਂ ਮੀਟ ਕੇ ਸੱਚ ਮੰਨ ਲੈਂਦੇ ਹਨ, ਅਤੇ ਜਦੋਂ ਰਾਜ-ਸੱਤਾ ਵੀ ਪੁਜਾਰੀਵਾਦ ਦੀ ਭਾਈਵਾਲ ਬਣ ਜਾਵੇ, ਤਾਂ ਤਰਕ ਲਈ ਥਾਂ ਹੋਰ ਘਟ ਜਾਂਦੀ ਹੈ। ਅੰਧ-ਵਿਸ਼ਵਾਸਾਂ ਵਿਰੁੱਧ ਲੜਨਾ ਅਤੇ ਵਿਗਿਆਨਕ ਸੋਚ ਫੈਲਾਉਣਾ ਸਦਾ ਹੀ ਇੱਕ ਮੁਸ਼ਕਲ ਕਾਰਜ ਰਿਹਾ ਹੈ, ਜਿਸ ਲਈ ਬੁੱਧੀ ਦੇ ਨਾਲ-ਨਾਲ ਅਥਾਹ ਹੌਸਲੇ ਅਤੇ ਨੈਤਿਕ ਦ੍ਰਿੜਤਾ ਦੀ ਲੋੜ ਹੁੰਦੀ ਹੈ। ਭਗਤ ਨਾਮਦੇਵ ਜੀ, ਭਗਤ ਕਬੀਰ ਜੀ ਅਤੇ ਗੁਰੂ ਨਾਨਕ ਦੇਵ ਜੀ ਵਰਗੇ ਮਹਾਂਪੁਰਖਾਂ ਨੇ ਜਦੋਂ ਵੀ ਰੂੜ੍ਹੀਵਾਦ ਨੂੰ ਵੰਗਾਰਿਆ, ਤਾਂ ਉਨ੍ਹਾਂ ਨੂੰ ਭਾਰੀ ਵਿਰੋਧ ਅਤੇ ਜ਼ੁਲਮ ਸਹਿਣੇ ਪਏ, ਪਰ ਉਨ੍ਹਾਂ ਨੇ ਸੱਚ ਅਤੇ ਸਮਾਨਤਾ ਦਾ ਪੱਲਾ ਨਹੀਂ ਛੱਡਿਆ।

ਸ਼੍ਰੀ ਸਾਵਰਕਰ ਜੀ ਵੀ ਇੱਕ ਦ੍ਰਿੜ ਇਰਾਦੇ ਵਾਲੇ ਆਗੂ ਸਨ, ਪਰ ਆਪਣੇ ਸਮੇਂ ਦੇ ਹਾਲਤਾਂ ਕਾਰਨ ਸ਼ਾਇਦ ਉਨ੍ਹਾਂ ਨੂੰ ਵੀ ਕੁਝ ਸਮਝੌਤੇ ਕਰਨੇ ਪਏ। ਆਲੋਚਕਾਂ ਨੇ ਉਨ੍ਹਾਂ ਦੀਆਂ ਇਨ੍ਹਾਂ ਮਜਬੂਰੀਆਂ ਨੂੰ ਵਰਤ ਕੇ ਉਨ੍ਹਾਂ 'ਤੇ 'ਗ਼ਦਾਰੀ' ਦਾ ਠੱਪਾ ਲਾਉਣ ਦੀ ਕੋਸ਼ਿਸ਼ ਕੀਤੀ, ਜਦਕਿ ਦੂਜੇ ਪਾਸੇ ਸਿਆਸੀ ਲਾਹਾ ਲੈਂਦਿਆਂ ਕੁਝ ਲੋਕਾਂ ਨੇ ਇਨ੍ਹਾਂ ਨੂੰ 'ਚਲਾਕ ਯੁੱਧ-ਨੀਤੀ' ਦਾ ਨਾਂ ਦਿੱਤਾ। ਦੁਖਾਂਤ ਇਹ ਰਿਹਾ ਕਿ ਉਨ੍ਹਾਂ ਦੀ ਸਮੁੱਚੀ ਸ਼ਖ਼ਸੀਅਤ ਦਾ ਕਦੇ ਵੀ ਨਿਰਪੱਖਤਾ ਨਾਲ ਅਧਿਐਨ ਨਹੀਂ ਕੀਤਾ ਗਿਆ।

ਸ਼੍ਰੀ ਸਾਵਰਕਰ ਜੀ ਭਾਰਤੀ ਸਮਾਜ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਦਾ ਸੰਚਾਰ ਕਰਕੇ ਲੋਕਤੰਤਰਿਕ ਲੀਹਾਂ 'ਤੇ ਅੱਗੇ



ਵਧਾਉਣ ਦੇ ਸਮਰਥਕ ਸਨ। ਉਨ੍ਹਾਂ ਦੀ ਇਹ ਅਗਾਂਹਵਧੂ ਸੋਚ ਉਨ੍ਹਾਂ ਦੇ ਪ੍ਰਸਿੱਧ ਲੇਖ 'ਦੋ ਸ਼ਬਦਾਂ ਵਿਚ ਦੋ ਸੰਸਕ੍ਰਿਤੀਆਂ' ਵਿਚੋਂ ਸਾਫ਼ ਝਲਕਦੀ ਹੈ। ਇਸ ਲੇਖ ਵਿਚ ਉਹ ਜ਼ਿਕਰ ਕਰਦੇ ਹਨ ਕਿ ਲਗਭਗ ਚਾਰ ਸਦੀਆਂ ਪਹਿਲਾਂ ਯੂਰਪੀ ਦੇਸ਼ ਸਾਡੇ ਨਾਲੋਂ ਕਾਫ਼ੀ ਪਛੜੇ ਹੋਏ ਸਨ, ਕਿਉਂਕਿ ਉਦੋਂ ਉੱਥੋਂ ਦਾ ਸਮਾਜ ਕੱਟੜ ਧਾਰਮਿਕ ਗਲਬੇ (ਬਾਈਬਲ) ਹੇਠ ਜਿਊ ਰਿਹਾ ਸੀ। ਪਰ ਜਦੋਂ ਹੀ ਉਨ੍ਹਾਂ ਨੇ ਧਾਰਮਿਕ ਕੱਟੜਤਾ ਨੂੰ ਪਾਸੇ ਕਰਕੇ ਵਿਗਿਆਨਕ ਸੋਚ ਨੂੰ ਅਪਣਾਇਆ, ਤਾਂ ਉਹ ਅਪਾਰ ਤਰੱਕੀ ਕਰਦੇ ਹੋਏ ਅੱਜ ਸਾਡੇ ਨਾਲੋਂ ਹਜ਼ਾਰਾਂ ਸਾਲ ਅੱਗੇ ਲੰਘ ਗਏ। ਇਸੇ ਲਈ ਸਾਵਰਕਰ ਜੀ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਰਾਸ਼ਟਰ ਨੂੰ ਮਜ਼ਬੂਤ ਅਤੇ ਆਧੁਨਿਕ ਬਣਾਉਣ ਲਈ ਧਾਰਮਿਕ ਗ੍ਰੰਥਾਂ ਨੂੰ ਸਤਿਕਾਰ ਪੂਰਵਕ ਲਾਇਬ੍ਰੇਰੀਆਂ ਜਾਂ ਅਜਾਇਬ ਘਰਾਂ ਦਾ ਸ਼ਿੰਗਾਰ ਬਣਾਇਆ ਜਾਵੇ, ਜਦਕਿ ਰਾਜ-ਪ੍ਰਬੰਧ ਅਤੇ ਸਮਾਜਿਕ ਨੀਤੀਆਂ ਦਾ ਆਧਾਰ ਕੇਵਲ ਤਰਕ, ਅਨੁਭਵ ਅਤੇ ਵਿਗਿਆਨਕ ਸੋਚ ਹੋਣੀ ਚਾਹੀਦੀ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਵਿਗਿਆਨ ਹੀ ਮਨੁੱਖੀ ਪ੍ਰਗਤੀ ਦਾ ਇੱਕੋ-ਇੱਕ ਸਰਬੋਤਮ ਅਤੇ ਸਦੀਵੀ ਰਸਤਾ ਹੈ।

ਇਸ ਦੇ ਉਲਟ, ਉਨ੍ਹਾਂ ਨੂੰ ਆਪਣੇ ਸਿਆਸੀ ਗੁਰੂ ਕਹਿਣ ਦਾ ਢਕੌਂਜ ਕਰਨ ਵਾਲੇ, ਹਿੰਦੂਤਵੀ ਸੰਗਠਨ ਅਜੇ ਵੀ ਮਨੂਸਮ੍ਰਿਤੀ ਦੇ ਨਿਯਮਾਂ ਅਨੁਸਾਰ ਪੁਰਾਤਨ ਰਾਜਾਸ਼ਾਹੀ ਵਾਲਾ 'ਹਿੰਦੂ ਰਾਸ਼ਟਰ' ਸਿਰਜਣ ਲਈ ਯਤਨਸ਼ੀਲ ਹਨ, ਜਿੱਥੇ ਸਮਾਨਤਾ ਦਾ ਕੋਈ ਵਜੂਦ ਨਹੀਂ। ਮਨੂਸਮ੍ਰਿਤੀ ਅਨੁਸਾਰ ਸਮਾਜ ਦੇ ਕੁਝ ਗਿਣੇ-ਚੁਣੇ 'ਉੱਤਮ' ਜਾਂ ਸ੍ਰੇਸ਼ਟ ਲੋਕਾਂ ਕੋਲ ਸਾਰੇ ਅਧਿਕਾਰ ਸੁਰੱਖਿਅਤ ਹੁੰਦੇ ਸਨ, ਜਦਕਿ ਉਨ੍ਹਾਂ ਦੇ ਫ਼ਰਜ਼ ਉਨ੍ਹਾਂ ਦੀ ਆਪਣੀ ਮਰਜ਼ੀ 'ਤੇ ਨਿਰਭਰ ਕਰਦੇ ਸਨ। ਜੇਕਰ ਇਸ ਵਰਗ ਤੋਂ ਕੋਈ ਗੁਨਾਹ ਵੀ ਹੋ ਜਾਵੇ, ਤਾਂ ਉਨ੍ਹਾਂ ਨੂੰ ਨਾਮਾਤਰ ਸਜ਼ਾ ਮਿਲਦੀ ਸੀ ਜਾਂ ਬਿਲਕੁਲ ਮੁਆਫ਼ ਕਰ ਦਿੱਤਾ ਜਾਂਦਾ ਸੀ। ਬਾਕੀ ਸਾਰੇ ਆਮ ਲੋਕਾਂ ਨੂੰ ਹੇਠਲੇ ਦਰਜੇ ਦਾ ਮੰਨਿਆ ਜਾਂਦਾ ਸੀ, ਜਿਨ੍ਹਾਂ ਦੇ ਅਧਿਕਾਰ ਨਾ ਦੇ ਬਰਾਬਰ ਹੁੰਦੇ ਸਨ ਪਰ ਉਨ੍ਹਾਂ ਸਿਰ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਦਾ ਪੂਰਾ ਬੋਝ ਪਾ ਦਿੱਤਾ ਜਾਂਦਾ ਸੀ। ਇਨ੍ਹਾਂ ਦੇ ਛੋਟੇ ਜਿਹੇ ਗੁਨਾਹ ਲਈ ਵੀ ਬੇਹੱਦ ਸਖ਼ਤ ਸਜ਼ਾ ਹੁੰਦੀ ਸੀ ਅਤੇ ਕਿਸੇ ਵੱਡੇ ਅਪਰਾਧ ਦੀ ਸੂਰਤ ਵਿਚ ਮੌਤ ਦੀ ਸਜ਼ਾ ਦੇਣਾ ਇੱਕ ਆਮ ਗੱਲ ਮੰਨੀ ਜਾਂਦੀ ਸੀ। ਮਨੂਸਮ੍ਰਿਤੀ 'ਤੇ ਅਧਾਰਿਤ ਰਾਜ-ਪ੍ਰਬੰਧ, ਮਨੁੱਖਤਾ ਦੀ ਅੱਧੀ ਆਬਾਦੀ (ਔਰਤਾਂ) ਲਈ ਤਾਂ ਹੋਰ ਵੀ ਅਪਮਾਨਜਨਕ ਅਤੇ ਜ਼ਾਲਮਾਨਾ ਸੀ। ਇਸ ਅਨੁਸਾਰ ਸਾਰੀਆਂ ਔਰਤਾਂ ਨੂੰ ਸ਼ੂਦਰ ਅਤੇ ਗੁਲਾਮ ਦਾ ਦਰਜਾ ਦਿੱਤਾ ਗਿਆ ਸੀ। ਉਨ੍ਹਾਂ ਨੂੰ ਨਾ ਤਾਂ ਵਿੱਦਿਆ ਹਾਸਲ ਕਰਨ ਦਾ ਹੱਕ ਸੀ ਅਤੇ ਨਾ ਹੀ ਮੰਤਰ ਉਚਾਰਨ ਦੀ ਇਜਾਜ਼ਤ। ਸੰਖੇਪ ਵਿਚ, ਉਨ੍ਹਾਂ ਦੀ ਨਿੱਜੀ ਆਜ਼ਾਦੀ ਨੂੰ ਪੂਰੀ ਤਰ੍ਹਾਂ ਕੁਚਲ ਦਿੱਤਾ ਗਿਆ ਸੀ।

ਅੰਗਰੇਜ਼ੀ ਹਕੂਮਤ ਦੇ ਦੌਰ ਤੋਂ ਹੀ ਹਿੰਦੂਤਵੀ ਧਿਰਾਂ ਵਲੋਂ ਭਾਰਤ ਨੂੰ 'ਮਨੂਸਮ੍ਰਿਤੀ' ਦੇ ਨਿਯਮਾਂ ਅਧਾਰਿਤ 'ਹਿੰਦੂ ਰਾਸ਼ਟਰ' ਵਜੋਂ ਸਥਾਪਿਤ ਕਰਨ ਦੀ ਬਿਆਨਬਾਜ਼ੀ ਕੀਤੀ ਜਾਂਦੀ ਰਹੀ ਹੈ। ਹਾਲਾਂਕਿ, ਇਹ ਇੱਕ ਪ੍ਰਮਾਣਿਤ ਇਤਿਹਾਸਕ ਤੱਥ ਹੈ ਕਿ 'ਹਿੰਦੂ ਰਾਸ਼ਟਰ' ਦੇ ਸੰਕਲਪ ਨੂੰ ਕਦੇ ਵੀ ਸਰਵ-ਸੰਮਤੀ ਹਾਸਲ ਨਹੀਂ ਹੋਈ। ਇਸ ਵਿਚਾਰਧਾਰਾ ਦਾ ਵਿਰੋਧ ਸਿਰਫ਼ ਘੱਟ-ਗਿਣਤੀਆਂ ਤੱਕ ਸੀਮਤ ਨਹੀਂ ਸੀ, ਸਗੋਂ ਬਹੁਗਿਣਤੀ ਹਿੰਦੂ ਸਮਾਜ ਨੇ ਵੀ ਇਸ ਨੂੰ ਰੱਦ ਕੀਤਾ। ਇਸ ਦੀ ਵਜ੍ਹਾ ਇਹ ਹੈ ਕਿ ਭਾਰਤੀ ਜਨ-ਮਾਨਸ ਉੱਤੇ ਸ਼ੰਕਰਾਚਾਰੀਆ, ਮਹਾਤਮਾ ਬੁੱਧ, ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਜਗਤ ਗੁਰੂ ਬਾਬਾ ਨਾਨਕ ਜੀ—ਦੇ ਮਾਨਵਵਾਦੀ ਫ਼ਲਸਫ਼ੇ ਦੀ ਡੂੰਘੀ ਛਾਪ ਰਹੀ ਹੈ। ਇਸੇ ਕਰਕੇ ਇੱਥੋਂ ਦੇ ਲੋਕ ਸੁਭਾਵਿਕ ਤੌਰ 'ਤੇ ਤਰਕਸ਼ੀਲ, ਵਿਵੇਕਸ਼ੀਲ ਅਤੇ ਆਪਸੀ ਸਹਿ-ਹੋਂਦ (ਭਾਈਚਾਰੇ) ਦੇ ਹਮਾਇਤੀ ਰਹੇ ਹਨ, ਜੋ ਮਨੂਸਮ੍ਰਿਤੀ ਦੀ ਮਨੁੱਖਤਾ-ਵਿਰੋਧੀ ਅਸਲੀਅਤ ਨੂੰ ਚੰਗੀ ਤਰ੍ਹਾਂ ਸਮਝਦੇ ਸਨ।

ਆਜ਼ਾਦੀ ਦਾ ਇਤਿਹਾਸ ਇਸ ਸੱਚਾਈ ਦੀ ਪ੍ਰੌੜ੍ਹਤਾ ਕਰਦਾ ਹੈ। ਅਸੀਂ ਵੇਖਦੇ ਹਾਂ ਕਿ ਮਨੂਸਮ੍ਰਿਤੀ ਦੇ ਹਮਾਇਤੀਆਂ ਵੱਲੋਂ ਅੰਗਰੇਜ਼ਾਂ ਤੋਂ ਲੋਕਤੰਤਰੀ ਢੰਗ ਨਾਲ ਆਜ਼ਾਦੀ ਲੈਣ ਦੇ ਰਾਹ ਵਿਚ ਡਾਹੇ ਗਏ ਤਮਾਮ ਅੜਿੱਕੇ ਅਤੇ ਦੇਸ਼ਭਗਤਾਂ ਵਿਰੁੱਧ ਰਚੀਆਂ ਗਈਆਂ ਕੋਝੀਆਂ ਸਾਜ਼ਿਸ਼ਾਂ ਬੁਰੀ ਤਰ੍ਹਾਂ ਨਾਕਾਮ ਸਿੱਧ ਹੋਈਆਂ। ਪਹਿਲਾਂ ਮੈਨੂੰ ਕਦੇ ਇਹ ਮਹਿਸੂਸ ਨਹੀਂ ਸੀ ਹੋਇਆ ਕਿ ਇਨ੍ਹਾਂ ਲੋਕਾਂ ਨੇ ਆਜ਼ਾਦੀ ਦੀ ਲੜਾਈ ਨੂੰ ਫ਼ੇਲ੍ਹ ਕਰਨ ਲਈ ਵੀ ਕੋਈ ਸਾਜ਼ਿਸ਼ਾਂ ਘੜੀਆਂ ਹੋਣਗੀਆਂ, ਪ੍ਰੰਤੂ ਹਾਲੀਆ ਕਿਸਾਨ ਅੰਦੋਲਨ ਦੌਰਾਨ ਇਨ੍ਹਾਂ ਦੇ ਕਿਰਦਾਰ ਅਤੇ ਹਰਕਤਾਂ ਨੂੰ ਵੇਖ ਕੇ ਇਹ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ ਕਿ ਇਨ੍ਹਾਂ ਨੇ ਆਜ਼ਾਦੀ ਦੇ ਸੰਘਰਸ਼ ਦੌਰਾਨ ਵੀ ਅਜਿਹਾ ਹੀ ਦੇਸ਼-ਵਿਰੋਧੀ ਰੋਲ ਨਿਭਾਇਆ ਹੋਵੇਗਾ।

ਸ਼ਾਇਦ ਇਹੀ ਕਾਰਨ ਹੈ ਕਿ ਦੇਸ਼ ਦੀ ਜਨਤਾ ਨੇ ਆਜ਼ਾਦੀ ਤੋਂ ਬਾਅਦ ਲਗਭਗ 50 ਸਾਲਾਂ ਤੱਕ ਇਨ੍ਹਾਂ ਨੂੰ ਸੱਤਾ ਦੇ ਨੇੜੇ-ਤੇੜੇ ਵੀ ਨਹੀਂ ਢੁਕਣ ਦਿੱਤਾ। ਜੇਕਰ ਇਹ ਪਹਿਲਾਂ ਦੋ ਵਾਰ ਸੱਤਾ ਵਿਚ ਆਏ ਵੀ, ਤਾਂ ਉਦੋਂ ਵੀ ਹਿੰਦੂਤਵ ਦੇ ਨਾਮ 'ਤੇ ਇਨ੍ਹਾਂ ਨੂੰ ਬਹੁਮਤ ਨਹੀਂ ਸੀ ਮਿਲਿਆ। ਜੇ ਮੌਜੂਦਾ ਸਰਕਾਰ ਦੀ ਗੱਲ ਕਰੀਏ, ਤਾਂ ਜਦੋਂ ਇਨ੍ਹਾਂ ਦਾ 'ਹਿੰਦੂਤਵੀ ਜੁਮਲਾ' ਸਿੱਧਾ ਕੰਮ ਨਾ ਆਇਆ, ਤਾਂ ਇੱਕ ਡੂੰਘੀ ਰਣਨੀਤੀ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਤੇ ਗੋਦੀ ਮੀਡੀਆ ਦੀ ਮਿਲੀਭੁਗਤ ਨਾਲ ਲੋਕ ਸਭਾ ਚੋਣਾਂ ਵਿਚ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਪਰਦੇ ਪਿੱਛੇ ਲੁਕਾ ਦਿੱਤਾ ਗਿਆ। ਇਸ ਦੀ ਥਾਂ 'ਗੁਜਰਾਤ ਮਾਡਲ' ਦੇ ਨਾਂ 'ਤੇ ਵਿਕਾਸ, ਭ੍ਰਿਸ਼ਟਾਚਾਰ ਦੇ ਖ਼ਾਤਮੇ, ਹਰ ਸਾਲ ਦੋ ਕਰੋੜ ਨੌਕਰੀਆਂ ਦੇਣ, ਕਿਸਾਨਾਂ ਲਈ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਹੂ-ਬ-ਹੂ ਲਾਗੂ ਕਰਨ ਅਤੇ ਵਿਦੇਸ਼ਾਂ ਵਿਚੋਂ ਕਾਲਾ ਧਨ ਵਾਪਸ ਲਿਆ ਕੇ ਜਨਤਾ ਵਿਚ ਵੰਡਣ ਵਰਗੇ ਅਨੇਕਾਂ ਲੋਕ-ਲੁਭਾਊ ਸਬਜ਼ਬਾਗ਼ ਦਿਖਾ ਕੇ ਜਿੱਤ ਹਾਸਲ ਕੀਤੀ ਗਈ। ਇਹ ਬਿਲਕੁਲ ਸਪਸ਼ਟ ਹੈ ਕਿ ਇਨ੍ਹਾਂ ਦੀ ਇਹ ਜਿੱਤ ਕਿਸੇ ਵੀ ਤਰ੍ਹਾਂ 'ਹਿੰਦੂਤਵ' ਜਾਂ ਹਿੰਦੂ ਰਾਸ਼ਟਰ ਦੇ ਮੁੱਦੇ 'ਤੇ ਨਹੀਂ, ਬਲਕਿ ਲੋਕ-ਲੁਭਾਊ ਸਬਜ਼ਬਾਗ਼ ਅਤੇ ਵਿਕਾਸ ਦੇ ਝੂਠੇ ਵਾਅਦਿਆਂ ਸਿਰ ਹੋਈ ਸੀ।

ਚੋਣਾਂ ਜਿੱਤ ਕੇ ਸੱਤਾ 'ਤੇ ਕਾਬਜ਼ ਹੁੰਦਿਆਂ ਹੀ ਇਨ੍ਹਾਂ ਨੇ ਆਪਣੇ ਸਾਰੇ ਲੋਕ-ਲੁਭਾਊ ਚੋਣ ਵਾਅਦਿਆਂ ਨੂੰ ਛਿੱਕੇ ਟੰਗ ਦਿੱਤਾ। ਕਈ ਵੱਡੇ ਵਾਅਦਿਆਂ ਨੂੰ ਤਾਂ ਸਿਰਫ਼ 'ਚੋਣ ਜੁਮਲੇ' ਗਰਦਾਨ ਕੇ ਜਨਤਾ ਨੂੰ ਸ਼ਰੇਆਮ ਨਿਰਾਸ਼ ਤਾਂ ਕੀਤਾ ਹੀ, ਸਗੋਂ ਇੱਕ ਤਰ੍ਹਾਂ ਨਾਲ ਕੱਚੇ ਹੀ ਕਰ ਦਿੱਤਾ। ਇੱਥੇ ਹੀ ਬਸ ਨਹੀਂ, ਚੋਣ ਵਾਅਦਿਆਂ ਦੀ ਜਗ੍ਹਾ ਉਨ੍ਹਾਂ ਨੇ ਆਪਣਾ ਅਸਲੀ 'ਗੁਜਰਾਤ ਮਾਡਲ' ਦੇਸ਼ ਭਰ ਵਿਚ ਲਾਗੂ ਕਰਨਾ ਸ਼ੁਰੂ ਕਰ ਦਿੱਤਾ।

ਇਹ 'ਗੁਜਰਾਤ ਮਾਡਲ' ਸੀ ਕੀ? ਉਸ ਵੇਲੇ ਗੁਜਰਾਤ ਅਤੇ ਕੇਂਦਰ ਵਿਚ ਆਰ.ਐਸ.ਐਸ.ਦੀ ਸਿਆਸੀ ਇਕਾਈ ਬੀ.ਜੇ.ਪੀ.ਦੀ 'ਡਬਲ ਇੰਜਣ' ਸਰਕਾਰ ਸੀ। ਸੰਘ ਨੇ ਆਪਣੀ ਸੱਤਾ ਨੂੰ ਹਮੇਸ਼ਾ ਲਈ ਸੁਰੱਖਿਅਤ ਕਰਨ ਅਤੇ ਮਨੂਸਮ੍ਰਿਤੀ ਦੇ ਨਕਸ਼ੇ-ਕਦਮਾਂ 'ਤੇ ਤਾਨਾਸ਼ਾਹੀ ਸਥਾਪਤ ਕਰਨ ਲਈ ਗੁਜਰਾਤ ਨੂੰ ਇੱਕ ਪ੍ਰਯੋਗਸ਼ਾਲਾ ਵਜੋਂ ਵਰਤਿਆ। ਇਸ ਪ੍ਰਯੋਗ ਦੇ ਮੁੱਖ ਤੌਰ 'ਤੇ ਚਾਰ ਨੁਕਤੇ ਮਿਥੇ ਗਏ ਸਨ:

**ਪਹਿਲਾ ਨੁਕਤਾ:** ਅਫ਼ਸਰਸ਼ਾਹੀ 'ਤੇ ਪੂਰਨ ਕੰਟਰੋਲ ਕਰਨਾ। ਇਸ ਤਹਿਤ ਭ੍ਰਿਸ਼ਟ, ਸੰਵੇਦਨਹੀਣ ਅਤੇ ਧੱਕੜ ਅਫ਼ਸਰਾਂ ਨੂੰ ਅਹਿਮ ਅਤੇ ਮਹੱਤਵਪੂਰਨ ਅਹੁਦਿਆਂ 'ਤੇ ਤਾਇਨਾਤ ਕੀਤਾ ਗਿਆ, ਜਦਕਿ ਇਮਾਨਦਾਰੀ ਤੇ ਤਨਦੇਹੀ ਨਾਲ ਡਿਊਟੀ ਕਰਨ ਵਾਲੇ ਅਫ਼ਸਰਾਂ ਨੂੰ ਖੂੰਜੇ ਲਾਇਆ ਗਿਆ। ਇਹ ਇੱਕ ਮੰਨੀ-ਪ੍ਰਮੰਨੀ ਸੱਚਾਈ ਹੈ ਕਿ ਭ੍ਰਿਸ਼ਟ ਅਫ਼ਸਰ ਹੀ ਹਾਕਮਾਂ ਦੀ ਅੰਨ੍ਹੀ ਗੁਲਾਮੀ ਕਰਨ ਲਈ ਸਭ ਤੋਂ ਢੁਕਵੇਂ ਹੁੰਦੇ ਹਨ।

**ਦੂਸਰਾ ਨੁਕਤਾ:** ਮੀਡੀਆ ਨੂੰ ਪੂਰੀ ਤਰ੍ਹਾਂ ਕੰਟਰੋਲ ਹੇਠ ਕਰਨਾ। ਮੀਡੀਆ ਨੂੰ ਸਰਕਾਰ ਦੀ ਹਰ ਗੱਲ 'ਤੇ ਵਾਹ-ਵਾਹ ਕਰਨ ਅਤੇ ਵਿਰੋਧੀ ਧਿਰਾਂ ਦੀ ਹਰ ਤਰਕਸੰਗਤ ਆਵਾਜ਼ ਨੂੰ ਨਜ਼ਰਅੰਦਾਜ਼ ਕਰਨ ਲਈ ਮਜਬੂਰ ਕੀਤਾ ਗਿਆ।

**ਤੀਸਰਾ ਨੁਕਤਾ:** ਸਿਆਸੀ ਤਾਕਤ ਦਾ ਰੂਪਾਂਤਰਨ। ਆਪਣੇ ਪੱਖ ਦੇ ਭ੍ਰਿਸ਼ਟ, ਸੰਵੇਦਨਹੀਣ ਅਤੇ ਗ਼ੈਰ-ਕਾਨੂੰਨੀ ਕੰਮਾਂ ਨੂੰ ਬਿਨਾਂ ਝਿਜਕ ਅੰਜਾਮ ਦੇਣ ਵਾਲੇ ਧੱਕੜ ਸਿਆਸਤਦਾਨਾਂ ਨੂੰ ਪ੍ਰਮੁੱਖ ਮੰਤਰਾਲਿਆਂ ਦੇ ਕਰਤਾ-ਧਰਤਾ ਬਣਾਇਆ ਗਿਆ, ਜਦਕਿ ਸ਼ਰੀਫ਼ ਤੇ ਇਮਾਨਦਾਰ ਆਗੂਆਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ।

**ਚੌਥਾ ਨੁਕਤਾ:** ਘੱਟ-ਗਿਣਤੀ ਭਾਈਚਾਰਿਆਂ ਨੂੰ ਸਮਾਜਿਕ ਤੌਰ 'ਤੇ ਬਿਲਕੁਲ ਖੂੰਝੇ ਲਾ ਕੇ ਅਤੇ ਬਹੁਗਿਣਤੀ ਭਾਈਚਾਰੇ ਦੇ ਵਾਰਸ ਤੇ ਰਖਿਅਕ ਬਣਨ ਦਾ ਢੌਂਗ ਸਥਾਪਤ ਕਰਨਾ।

ਇਨ੍ਹਾਂ ਪ੍ਰਯੋਗਾਂ ਰਾਹੀਂ ਉਹ ਰਾਜ-ਸੱਤਾ ਨੂੰ ਪੂਰੀ ਤਰ੍ਹਾਂ ਕੁਝ ਗਿਣੇ-ਚੁਣੇ ਵਿਅਕਤੀਆਂ ਦੇ ਹੱਥਾਂ ਵਿਚ ਕੇਂਦਰਿਤ ਕਰਨਾ ਚਾਹੁੰਦੇ ਸਨ। ਇਸ ਨੀਤੀ ਨੂੰ ਸਫ਼ਲ ਬਣਾਉਣ ਲਈ ਹੱਥ-ਬੱਧੀ ਅਫ਼ਸਰਸ਼ਾਹੀ ਅਤੇ ਗੋਦੀ ਮੀਡੀਆ ਨੇ ਆਪਣਾ ਪੂਰਾ ਯੋਗਦਾਨ ਪਾਇਆ। ਮੁਸਲਮਾਨਾਂ ਵਿਰੁੱਧ ਹੋਏ ਦੰਗਿਆਂ ਕਾਰਨ ਭਾਵੇਂ ਅਮਰੀਕਾ ਵਰਗੇ ਮੁਲਕਾਂ ਨੇ ਤਤਕਾਲੀ ਮੁੱਖ ਮੰਤਰੀ ਦੇ ਵੀਜ਼ੇ 'ਤੇ ਪੱਕੀ ਰੋਕ ਲਗਾ ਦਿੱਤੀ ਸੀ, ਪਰ ਸੱਤਾ ਨੂੰ ਸਦੀਵੀ ਕਰਨ ਦਾ ਇਨ੍ਹਾਂ ਦਾ ਇਹ ਫ਼ਿਰਕੂ ਤਜ਼ਰਬਾ ਸਿਆਸੀ ਤੌਰ 'ਤੇ ਬਹੁਤ ਕਾਮਯਾਬ ਰਿਹਾ।

ਇਸੇ ਸਫ਼ਲਤਾ ਤੋਂ ਉਤਸ਼ਾਹਿਤ ਹੋ ਕੇ, ਕੇਂਦਰ ਦੀ ਸੱਤਾ ਸੰਭਾਲਦਿਆਂ ਹੀ ਉਨ੍ਹਾਂ ਨੇ ਇਸ 'ਗੁਜਰਾਤ ਮਾਡਲ' ਨੂੰ ਪੂਰੇ ਦੇਸ਼ ਵਿਚ ਲਾਗੂ ਕਰ ਦਿੱਤਾ। ਪਿਛਲੇ ਦਸ ਸਾਲਾਂ ਦੇ ਸ਼ਾਸਨ ਦੌਰਾਨ ਮੀਡੀਆ ਨੂੰ ਕੰਟਰੋਲ ਕਰਕੇ ਅਤੇ ਅਫ਼ਸਰਸ਼ਾਹੀ ਨੂੰ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦਾ ਬਾਕੀ)*

ਕਠਪੁਤਲੀ ਬਣਾ ਕੇ, ਉਨ੍ਹਾਂ ਨੇ ਆਪਣੇ ਦੁਆਲੇ ਭ੍ਰਿਸ਼ਟ, ਸੰਵੇਦਨਹੀਣ ਅਤੇ ਧੱਕੜ ਸਿਆਸਤਦਾਨਾਂ ਦਾ ਇੱਕ ਘੇਰਾ ਤਿਆਰ ਕਰ ਲਿਆ ਹੈ—ਭਾਵੇਂ ਇਸ ਲਈ ਉਨ੍ਹਾਂ ਨੂੰ ਦੂਜੀਆਂ ਪਾਰਟੀਆਂ ਦੇ ਭ੍ਰਿਸ਼ਟ ਆਗੂ ਹੀ ਕਿਉਂ ਨਾ ਤੋੜਨੇ ਪਏ ਹੋਣ। ਲਗਦਾ ਹੈ ਕਿ ਉਨ੍ਹਾਂ ਨੇ ਆਪਣਾ ਚੋਣ ਨਿਸ਼ਾਨ 'ਕਮਲ' ਵੀ ਇਸੇ ਯੋਜਨਾ ਤਹਿਤ ਚੁਣਿਆ ਹੈ। ਕਮਲ ਦੇਖਣ ਨੂੰ ਭਾਵੇਂ ਸੋਹਣਾ ਲਗਦਾ ਹੈ, ਉਹ ਮਨੁੱਖ ਦੇ ਕਿਸੇ ਖ਼ਾਸ ਕੰਮ ਵੀ ਨਹੀਂ ਆਉਂਦਾ, ਪਰ ਇਸ ਦੇ ਵਧਣ-ਫੁੱਲਣ ਲਈ ਆਲੇ-ਦੁਆਲੇ ਗੰਦਗੀ (ਚਿੱਕੜ) ਦਾ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਉਹ ਗੰਦਗੀ ਸਾਫ਼ ਕਰ ਦਿੱਤੀ ਜਾਵੇ, ਤਾਂ ਕਮਲ ਆਪਣੇ ਆਪ ਸੁੱਕ ਕੇ ਖ਼ਤਮ ਹੋ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ, ਇਸ ਸਰਕਾਰ ਦੇ ਹੁਕਮਰਾਨ ਵੀ ਸਿਆਸਤ ਵਿਚ ਖ਼ੁਦ ਨੂੰ ਕਾਇਮ ਰੱਖਣ ਅਤੇ ਵਧਣ-ਫੁੱਲਣ ਲਈ ਆਪਣੇ ਦੁਆਲੇ ਭ੍ਰਿਸ਼ਟ, ਸੰਵੇਦਨਹੀਣ ਅਤੇ ਜ਼ੋਰ-ਜ਼ਬਰਦਸਤੀ ਕਰਨ ਵਾਲੇ ਲੋਕਾਂ ਦਾ ਜਾਲ਼ ਬੁਣ ਰਹੇ ਹਨ। ਇਸ ਤੋਂ ਵੀ ਅੱਗੇ ਇਹ ਘੱਟ-ਗਿਣਤੀ ਮੁਸਲਿਮ ਭਾਈਚਾਰੇ ਨੂੰ ਹਾਸ਼ੀਏ 'ਤੇ ਧੱਕਣ ਵਿਚ ਤਾਂ ਲਗਭਗ ਕਾਮਯਾਬ ਹੋ ਹੀ ਚੁੱਕੇ ਹਨ, ਅਤੇ ਹੁਣ ਤਾਂ ਦੇਸ਼ ਦੀਆਂ ਬਾਕੀ ਘੱਟ-ਗਿਣਤੀਆਂ ਵੀ ਇਨ੍ਹਾਂ ਦੇ ਨਿਸ਼ਾਨੇ 'ਤੇ ਹਨ।

ਸਾਨੂੰ ਇਹ ਚੰਗੀ ਤਰ੍ਹਾਂ ਹੀ ਯਾਦ ਹੋਵੇਗਾ ਕਿ ਇਨ੍ਹਾਂ ਦੀ ਪਹਿਲੀ ਪੰਜ ਸਾਲਾਂ ਦੀ ਕਾਰਗੁਜ਼ਾਰੀ ਤੋਂ ਜਨਤਾ ਇਸ ਕਦਰ ਅੱਕ ਚੁੱਕੀ ਸੀ ਕਿ 2019 ਦੀਆਂ ਚੋਣਾਂ ਵਿਚ ਇਨ੍ਹਾਂ ਦੀ ਹਾਰ ਬਿਲਕੁਲ ਤੈਅ ਨਜ਼ਰ ਆ ਰਹੀ ਸੀ। ਪਰ 'ਪੁਲਵਾਮਾ ਕਾਂਡ' ਵਾਪਰ ਗਿਆ। ਉਸ ਦੇ ਪ੍ਰਤੀਕਰਮ ਵਜੋਂ ਕੀਤੀ ਗਈ ਸਰਜੀਕਲ ਸਟ੍ਰਾਈਕ ਨੂੰ ਚੋਣ ਹਥਿਆਰ ਵਜੋਂ ਵਰਤ ਕੇ, ਇਹ ਡੁੱਬਦੀ ਬੇੜੀ ਨੂੰ ਪਾਰ ਹੀ ਨਹੀਂ ਲੰਘਾ ਗਏ, ਸਗੋਂ ਪਹਿਲਾਂ ਨਾਲੋਂ ਵੀ ਵੱਡੇ ਬਹੁਮਤ ਨਾਲ ਜਿੱਤ ਹਾਸਲ ਕਰ ਗਏ।

ਇਸ ਸਭ ਦੇ ਬਾਵਜੂਦ, ਉਨ੍ਹਾਂ ਨੂੰ ਇੱਕ ਗੱਲ ਪੂਰੀ ਤਰ੍ਹਾਂ ਸਾਫ਼ ਹੋ ਗਈ ਸੀ ਕਿ 'ਹਿੰਦੂਤਵ' ਜਾਂ 'ਹਿੰਦੂ ਰਾਸ਼ਟਰ' ਦੇ ਮੁੱਖ ਮੁੱਦੇ 'ਤੇ ਉਹ ਨਾ ਕਦੇ ਪਹਿਲਾਂ ਜਿੱਤੇ ਹਨ ਅਤੇ ਨਾ ਹੀ ਭਵਿੱਖ ਵਿਚ ਜਿੱਤ ਸਕਦੇ ਹਨ। ਜੇਕਰ ਉਹ ਕਿਸੇ ਭੁਲੇਖੇ ਦਾ ਸ਼ਿਕਾਰ ਹੋ ਕੇ ਸਿਰਫ਼ ਇਸੇ ਏਜੰਡੇ ਦੇ ਸਿਰ 'ਤੇ ਚੋਣ ਮੈਦਾਨ ਵਿਚ ਉਤਰਦੇ ਹਨ, ਤਾਂ ਮੈਨੂੰ ਪੂਰਾ ਯਕੀਨ ਹੈ ਕਿ ਦੇਸ਼ ਦੀ ਜਨਤਾ ਇਨ੍ਹਾਂ ਦੇ 50 ਤੋਂ 60 ਫ਼ੀਸਦੀ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਵਾ ਦੇਵੇਗੀ। ਹਾਂ, ਇਹ ਵੱਖਰੀ ਗੱਲ ਹੈ ਕਿ ਇਸ ਹਿੰਦੂ ਰਾਸ਼ਟਰ ਵਾਲੇ ਜੁਮਲੇ ਨਾਲ ਉਹ ਲੋਕਾਂ ਨੂੰ ਆਪਸ ਵਿਚ ਲੜਾਉਣ (ਖੱਖੜੀਆਂ-ਕਰੇਲੇ ਕਰਨ) ਦਾ ਆਪਣਾ ਮਕਸਦ ਜ਼ਰੂਰ ਪੂਰਾ ਕਰਦੇ ਰਹੇ ਹਨ।

ਜਨਤਾ ਨੂੰ ਗੁੰਮਰਾਹ ਕਰਨ ਅਤੇ ਸਾਜ਼ਿਸ਼ੀ ਖੇਡਾਂ ਖੇਡਣ ਲਈ ਇਨ੍ਹਾਂ ਕੋਲ ਬਹੁਤ ਕੁਝ ਹੈ, ਪਰ ਹਰ ਇੱਕ ਗੱਲ ਦਾ ਵੇਰਵਾ ਦੇਣਾ ਇਸ ਲੇਖ ਦੇ ਦਾਇਰੇ ਵਿਚ ਨਹੀਂ ਹੈ। ਇਸ ਲਈ, ਮੈਂ ਆਪਣੇ ਅਸਲ ਵਿਸ਼ੇ—ਆਜ਼ਾਦੀ ਦੇ ਅੰਮ੍ਰਿਤਕਾਲ ਭਾਵ ਅਜਾਦੀ ਅਤੇ ਲੋਕਤੰਤਰ ਦੇ ਘਾਣ ਦਾ ਖਦਸ਼ਾ—ਵੱਲ ਵਾਪਸ ਮੁੜਦਾ ਹਾਂ। 2024 ਦੀਆਂ ਚੋਣਾਂ ਦੇ ਐਲਾਨ ਤੋਂ ਪਹਿਲਾਂ ਮੇਰਾ ਡਰ ਉਦੋਂ ਫੇਰ ਸੱਚ ਸਾਬਤ ਹੁੰਦਾ ਦਿਖਾਈ ਦਿੱਤਾ, ਜਦੋਂ ਇਨ੍ਹਾਂ ਇਜ਼ਰਾਈਲ ਦੇ ਨੇਤਨਯਾਹੂ ਦੀ ਤਰ੍ਹਾਂ ਵਿਰੋਧੀ ਪਾਰਟੀਆਂ ਦੇ ਐਮ.ਪੀਜ਼ (ਸੰਸਦ ਮੈਂਬਰਾਂ) ਨੂੰ ਥੋਕ ਦੇ ਭਾਅ ਮੁਅੱਤਲ ਕਰਨਾ ਸ਼ੁਰੂ ਕਰ ਦਿੱਤਾ। ਇਰਾਦਾ ਸਾਫ਼ ਸੀ—ਵਿਰੋਧੀ ਧਿਰ ਨੂੰ ਪੂਰੀ ਤਰ੍ਹਾਂ ਬਾਹਰ ਕਰਕੇ ਮਨਮਰਜ਼ੀ ਦੇ ਕਾਨੂੰਨ ਪਾਸ ਕੀਤੇ ਜਾ ਸਕਣ, ਪਰ ਸ਼ਾਇਦ ਨੇਤਨਯਾਹੂ ਦਾ ਉਸਦੇ ਆਪਣੇ ਦੇਸ ਵਿਚ ਹਸ਼ਰ ਦੇਖ ਕੇ ਇਨ੍ਹਾਂ ਨੇ ਆਪਣਾ ਫੈਸਲਾ ਬਦਲ ਲਿਆ।

ਫੈਸਲਾ ਬਦਲਣ ਦਾ ਕਾਰਨ ਇਹ ਨਹੀਂ ਸੀ ਕਿ ਉਨ੍ਹਾਂ ਨੂੰ ਆਪਣੀਆਂ ਲੋਕ-ਵਿਰੋਧੀ ਨੀਤੀਆਂ ਦਾ ਅਹਿਸਾਸ ਹੋ ਗਿਆ ਹੋਵੇ। ਅਸਲ ਵਿਚ, ਉਹ ਅਜਿਹੀ ਮਾਨਸਿਕਤਾ ਦੇ ਮਾਲਕ ਹਨ ਜੋ ਜਨਤਾ ਨੂੰ ਗੁਲਾਮ ਅਤੇ ਮੁਹਤਾਜ ਬਣਾ ਕੇ ਰੱਖਣਾ ਚਾਹੁੰਦੀ ਹੈ। ਜਦੋਂ ਉਨ੍ਹਾਂ ਨੂੰ ਆਪਣਾ ਪੁਰਾਣਾ ਤਰੀਕਾ ਖ਼ਤਰੇ ਵਿਚ ਜਾਪਿਆ, ਤਾਂ ਉਨ੍ਹਾਂ ਨੇ ਆਪਣੇ ਅਸਲੀ ਇਰਾਦਿਆਂ ਨੂੰ ਹੋਰ ਮਜ਼ਬੂਤ ਕਰਨ ਦੀ ਨਵੀਂ ਵਿਉਂਤਬੰਦੀ ਕੀਤੀ। ਚੋਣ ਕਮਿਸ਼ਨ ਦੀ ਨਿਯੁਕਤੀ ਤਾਂ ਪਹਿਲਾਂ ਹੀ ਪ੍ਰਧਾਨ ਮੰਤਰੀ ਦੀ ਮਰਜ਼ੀ ਮੁਤਾਬਕ ਹੁੰਦੀ ਸੀ, ਪਰ ਇਨ੍ਹਾਂ ਨੇ ਇਸ ਨੂੰ ਕਾਨੂੰਨ ਤੋਂ ਵੀ ਉੱਪਰ ਕਰ ਦਿੱਤਾ, ਤਾਂ ਜੋ ਕਮਿਸ਼ਨ ਦੀ ਕਿਸੇ ਵੀ ਮਨਮਾਨੀ ਜਾਂ ਗਲਤੀ ਨੂੰ ਅਦਾਲਤ ਵਿਚ ਚੁਣੌਤੀ ਨਾ ਦਿੱਤੀ ਜਾ ਸਕੇ।

ਆਪਣੇ ਹੱਥੀਂ ਨਿਯੁਕਤ ਕੀਤੇ ਚੋਣ ਕਮਿਸ਼ਨ ਨੂੰ ਇੰਨਾ ਸ਼ਕਤੀਸ਼ਾਲੀ ਬਣਾ ਕੇ ਉਨ੍ਹਾਂ ਨੂੰ ਪੂਰਾ ਭਰੋਸਾ ਹੋ ਗਿਆ ਸੀ ਕਿ ਹੁਣ ਸਭ ਕੁਝ ਉਨ੍ਹਾਂ ਦੀ ਮਰਜ਼ੀ ਮੁਤਾਬਕ ਹੀ ਹੋਵੇਗਾ, ਕਿਉਂਕਿ ED, CBI, ਇਨਕਮ ਟੈਕਸ ਅਤੇ CRPF ਵਰਗੀਆਂ ਕੇਂਦਰੀ ਏਜੰਸੀਆਂ 'ਤੇ ਤਾਂ ਉਨ੍ਹਾਂ ਦਾ ਪਹਿਲਾਂ ਹੀ ਪੂਰਾ ਕੰਟਰੋਲ ਸੀ। ਇਸੇ ਹੰਕਾਰ ਵਿਚ ਉਨ੍ਹਾਂ ਨੇ 2024 ਦੀਆਂ ਚੋਣਾਂ ਦੌਰਾਨ ਤਿੰਨ-ਚੌਥਾਈ ਤੋਂ ਵੱਧ ਬਹੁਮਤ (400 ਪਾਰ) ਆਉਣ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰ ਦਿੱਤਾ। ਪਰ ਦੇਸ਼ ਦੇ ਲੋਕ ਇਨ੍ਹਾਂ ਦੇ ਜੁਮਲਿਆਂ ਅਤੇ ਸਾਜ਼ਿਸ਼ਾਂ ਤੋਂ ਅੱਕ ਚੁੱਕੇ ਸਨ। ਜਦੋਂ ਚੋਣਾਂ ਦੌਰਾਨ ਜਨਤਾ ਦੇ ਰੁਝਾਨ ਨੇ ਉਨ੍ਹਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ, ਤਾਂ ਵੋਟਾਂ ਦੀ ਗਿਣਤੀ ਵਿਚ ਹੇਰਾ-ਫੇਰੀ ਕਰਕੇ ਉਹ ਡਿੱਗਦੇ-ਢਹਿੰਦੇ 240 ਸੀਟਾਂ ਤੱਕ ਪਹੁੰਚ ਸਕੇ ਅਤੇ ਹੋਰਨਾਂ ਪਾਰਟੀਆਂ ਦੀ ਮਦਦ ਨਾਲ ਹੀ ਸਰਕਾਰ ਬਣਾਉਣ ਵਿਚ ਸਫਲ ਹੋਏ।

ਇਸ ਚੋਣ ਨਤੀਜੇ ਨੇ ਉਨ੍ਹਾਂ ਨੂੰ ਸ਼ੀਸ਼ਾ ਦਿਖਾ ਤਾਂ ਦਿੱਤਾ ਕਿ ਜਨਤਾ ਨੂੰ ਹਮੇਸ਼ਾ ਲਈ ਮੂਰਖ ਨਹੀਂ ਬਣਾਇਆ ਜਾ ਸਕਦਾ। ਪਰ ਹੁਣ ਉਨ੍ਹਾਂ ਨੇ ਢੀਠਤਾਈ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਇੱਕ ਨਵਾਂ ਹੱਥਕੰਡਾ ਅਪਣਾ ਲਿਆ ਹੈ। ਜਿਨ੍ਹਾਂ ਲੋਕਾਂ ਜਾਂ ਖੇਤਰਾਂ ਤੋਂ ਉਨ੍ਹਾਂ ਨੂੰ ਵੋਟਾਂ ਮਿਲਣ ਦੀ ਕੋਈ ਉਮੀਦ ਨਹੀਂ ਹੈ, ਉਨ੍ਹਾਂ ਦੇ ਨਾਂ ਸਿੱਧੇ ਤੌਰ 'ਤੇ ਵੋਟਰ ਲਿਸਟ ਵਿਚੋਂ ਹੀ ਗਾਇਬ ਕੀਤੇ ਜਾ ਰਹੇ ਹਨ। ਇਸ ਧੱਕੇਸ਼ਾਹੀ ਦਾ ਵਿਰੋਧ ਹੋਣਾ ਲਾਜ਼ਮੀ ਸੀ ਅਤੇ ਹੋ ਵੀ ਰਿਹਾ ਹੈ, ਪਰ ਸੱਤਾ ਦੇ ਨਸ਼ੇ ਵਿਚ ਉਹ ਸਰਕਾਰੀ ਮਸ਼ੀਨਰੀ ਅਤੇ ਸੰਸਥਾਵਾਂ 'ਤੇ ਇਸ ਕਦਰ ਕਾਬਜ਼ ਹਨ ਕਿ ਕਿਸੇ ਦੀ ਕੋਈ ਸੁਣਵਾਈ ਨਹੀਂ ਹੋਣ ਦਿੱਤੀ ਜਾ ਰਹੀ।

ਇੱਕ ਅਹਿਮ ਸਵਾਲ ਮਨ ਵਿਚ ਉੱਠਦਾ ਹੈ ਕਿ ਜਿਸ ਜਨਤਾ ਨੇ ਸਰਕਾਰ ਦੇ ਜੁਮਲਿਆਂ ਅਤੇ ਸਾਜ਼ਿਸ਼ਾਂ ਤੋਂ ਅੱਕ ਕੇ 2024 ਦੀਆਂ ਚੋਣਾਂ ਵਿਚ ਉਸ ਨੂੰ ਸ਼ੀਸ਼ਾ ਦਿਖਾਉਣ ਦੀ ਜੁਰਅਤ ਕੀਤੀ, ਉਹੀ ਜਨਤਾ ਅੱਜ ਧਰਨਿਆਂ ਅਤੇ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਣ ਤੋਂ ਕਿਉਂ ਕਤਰਾ ਰਹੀ ਹੈ? ਉਦਾਹਰਨ ਵਜੋਂ, ਜਿਵੇਂ ਅਸੀਂ ਦੇਖਿਆ ਕਿ 'ਕਾਕਰੋਚ ਜਨਤਾ ਪਾਰਟੀ' ਦੇ ਫਾਲੋਅਰਜ਼ ਦੀ ਗਿਣਤੀ ਤਾਂ ਕੁਝ ਹੀ ਸਮੇਂ ਵਿਚ ਕਰੋੜਾਂ ਤੋਂ ਪਾਰ ਹੋ ਗਈ, ਪਰ ਜਦੋਂ ਜੰਤਰ-ਮੰਤਰ 'ਤੇ ਇਕੱਠ ਦਾ ਸੱਦਾ ਦਿੱਤਾ ਗਿਆ, ਤਾਂ ਉੱਥੇ ਸਿਰਫ਼ ਕੁਝ ਹਜ਼ਾਰ ਲੋਕ ਹੀ ਪਹੁੰਚੇ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਅੱਜ ਸਭ ਤੋਂ ਵੱਡਾ ਖ਼ਤਰਾ ਲੋਕਾਂ ਦੀ ਨਾਸਮਝੀ ਨਹੀਂ, ਬਲਕਿ ਸਮਾਜ ਵਿਚ ਵਧ ਰਹੀ 'ਉਦਾਸੀਨਤਾ' ਹੈ। ਲੋਕ ਇਹ ਮੰਨ ਬੈਠੇ ਹਨ ਕਿ 'ਸਭ ਇੰਝ ਹੀ ਚੱਲੇਗਾ'—ਅਤੇ ਇਹੀ ਉਹ ਨਾਜ਼ੁਕ ਮੋੜ ਹੁੰਦਾ ਹੈ ਜਿੱਥੇ ਲੋਕਤੰਤਰ ਸਭ ਤੋਂ ਵੱਧ ਕਮਜ਼ੋਰ ਹੁੰਦਾ ਹੈ। ਇਸ ਉਦਾਸੀਨਤਾ ਦੀ ਜੜ੍ਹ ਆਪਸੀ ਵਿਸ਼ਵਾਸ ਦੇ ਟੁੱਟਣ (ਬੇਵਿਸ਼ਵਾਸੀ) ਵਿਚ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਬੇਵਿਸ਼ਵਾਸੀ ਖ਼ੁਦ-ਬ-ਖ਼ੁਦ ਪੈਦਾ ਨਹੀਂ ਹੋਈ, ਬਲਕਿ ਇੱਕ ਡੂੰਘੀ ਸਾਜਿਸ਼ ਤਹਿਤ ਸਮਾਜ ਵਿਚ ਇੱਕ 'ਬਿਮਾਰੀ' ਵਾਂਗ ਫੈਲਾਈ ਗਈ ਹੈ।

ਤੁਹਾਨੂੰ ਵੀ ਯਾਦ ਹੋਵੇਗਾ ਕਿ ਲਗਭਗ 10-11 ਸਾਲ ਪਹਿਲਾਂ ਭਾਜਪਾ ਸਰਕਾਰ ਦੇ ਇੱਕ ਉੱਚ-ਅਹੁਦੇਦਾਰ ਅਤੇ ਪ੍ਰਭਾਵਸ਼ਾਲੀ ਨੇਤਾ ਨੇ ਬਿਆਨ ਦਿੱਤਾ ਸੀ ਕਿ ਅਸੀਂ ਭਾਰਤੀ ਜਨਤਾ ਦੇ ਮਾਨਸਿਕ ਤਾਣੇ-ਬਾਣੇ ਨੂੰ ਇਸ ਤਰ੍ਹਾਂ ਬਦਲ ਦੇਵਾਂਗੇ ਕਿ ਸਮਾਜ ਖੁਦ ਹੀ 'ਦੇਸ਼-ਧ੍ਰੋਹੀਆਂ' ਦੀ ਸੂਚਨਾ ਸਰਕਾਰ ਤੱਕ ਪਹੁੰਚਾਉਣ ਲੱਗ ਪਵੇਗਾ। ਉਨ੍ਹਾਂ ਦਾ ਦਾਅਵਾ ਸੀ ਕਿ ਇਹ ਮੁਹਿੰਮ ਸਿਰਫ਼ ਸਮਾਜ ਤੱਕ ਸੀਮਤ ਨਹੀਂ ਰਹੇਗੀ, ਬਲਕਿ ਹਰ ਪਰਿਵਾਰ ਦੇ ਅੰਦਰ ਤੱਕ ਪਹੁੰਚੇਗੀ—ਯਾਨੀ ਜੇਕਰ ਪਰਿਵਾਰ ਦਾ ਕੋਈ ਮੈਂਬਰ ਵੀ ਅਖੌਤੀ ਦੇਸ਼-ਵਿਰੋਧੀ ਗਤੀਵਿਧੀ ਵਿਚ ਸ਼ਾਮਲ ਹੋਵੇਗਾ, ਤਾਂ ਉਸ ਦੇ ਆਪਣੇ ਹੀ ਉਸ ਦੀ ਮੁਖ਼ਬਰੀ ਕਰਨਗੇ।

ਉਨ੍ਹਾਂ ਨੂੰ ਆਪਣੀ ਇਸ ਰਣਨੀਤੀ 'ਤੇ ਪੂਰਾ ਭਰੋਸਾ ਸੀ ਕਿ ਉਹ ਸਮਾਜ ਵਿਚੋਂ ਆਪਸੀ ਵਿਸ਼ਵਾਸ ਨੂੰ ਇਸ ਹੱਦ ਤੱਕ ਖ਼ਤਮ ਕਰ ਦੇਣਗੇ ਕਿ ਹਰ ਵਿਅਕਤੀ ਦੂਜੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖੇਗਾ। ਨਤੀਜਾ ਇਹ ਹੋਵੇਗਾ ਕਿ ਕੋਈ ਵੀ ਸਰਕਾਰ ਵਿਰੁੱਧ ਬੋਲਣ ਤੋਂ ਪਹਿਲਾਂ ਆਪਣੇ ਨਜ਼ਦੀਕੀਆਂ ਤੋਂ ਵੀ ਡਰੇਗਾ। ਜਨਤਾ ਦੇ ਮਾਨਸਿਕ ਤਾਣੇ-ਬਾਣੇ ਨੂੰ ਬਦਲਣ ਵਾਸਤੇ ਉਨ੍ਹਾਂ ਸਿਰਫ ਉਪਰੋਕਤ ਦੋ ਵਰਤਾਰਿਆਂ ਦਾ ਜਿਕਰ ਕੀਤਾ ਸੀ, ਪਰ ਇੱਕ ਤੀਸਰੇ ਵਰਤਾਰੇ ਦਾ ਜਿਕਰ ਸ਼ਾਇਦ ਉਨ੍ਹਾਂ ਜਾਣ ਬੁੱਝ ਕੇ ਨਹੀਂ ਸੀ ਕੀਤਾ। ਉਨ੍ਹਾਂ ਨੂੰ ਇਹ ਪਤਾ ਹੀ ਹੋਣੈ ਕਿ ਉਪਰਲੇ ਦੋਨਾਂ ਵਰਤਾਰਿਆਂ ਕਾਰਨ ਹਰ ਮਨੁੱਖ ਆਪਣੇ-ਆਪ ਨੂੰ ਇੱਕਲਾ-ਇੱਕਲਾ ਮਹਿਸੂਸ ਕਰੇਗਾ ਅਤੇ ਉਸਦਾ ਆਤਮਵਿਸ਼ਵਾਸ ਵੀ ਡਾਵਾਂ-ਡੋਲ ਹੋ ਜਾਵੇਗਾ ਜਿਸ ਨਾਲ ਸਮਾਜ ਵਿਚ ਉਦਾਸੀਨਤਾ ਪੱਕੇ ਤੌਰ ਤੇ ਫੈਲ ਜਾਵੇਗੀ। ਆਲੇ-ਦੁਆਲੇ ਨਜ਼ਰ ਮਾਰੀਏ, ਤਾਂ ਉਹ ਆਪਣੀ ਸਾਜ਼ਿਸ਼ ਵਿਚ ਹੱਦੋਂ-ਵੱਧ ਕਾਮਯਾਬ ਹੁੰਦੇ ਦਿਖਾਈ ਦੇ ਰਹੇ ਹਨ।

ਬਹੁਤ ਸਾਰੇ ਬੁੱਧੀਜੀਵੀਆਂ ਅਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਮੌਜੂਦਾ ਸੱਤਾ ਨੇ ਸਮਾਜ ਨੂੰ ਧਰਮ, ਜਾਤ, ਖੇਤਰ ਅਤੇ ਸਿਆਸੀ ਵਿਚਾਰਧਾਰਾ ਦੇ ਨਾਂ 'ਤੇ ਵੰਡ ਦਿੱਤਾ ਹੈ। ਇਸ ਕਾਰਨ ਲੋਕ ਇੱਕ-ਦੂਜੇ ਨੂੰ ਗੁਆਂਢੀ ਜਾਂ ਭਰਾ ਸਮਝਣ ਦੀ ਬਜਾਏ 'ਦੁਸ਼ਮਣ' ਜਾਂ 'ਵਿਰੋਧੀ ਧਿਰ' ਵਜੋਂ ਦੇਖਣ ਲੱਗੇ ਹਨ। ਵਿਦਵਾਨਾਂ ਦਾ ਇਹ ਤਰਕ ਬਿਲਕੁਲ ਸਹੀ ਹੈ, ਪਰ ਮੇਰੀ ਨਜ਼ਰ ਵਿਚ ਅਸਲੀ ਸਾਜ਼ਿਸ਼ ਇਸ ਤੋਂ ਵੀ ਕਿਤੇ ਵਧੇਰੇ ਡੂੰਘੀ ਅਤੇ ਗੰਭੀਰ ਹੈ। ਇਨ੍ਹਾਂ ਸਿਆਸੀ ਸ਼ਕਤੀਆਂ ਨੇ ਮਿਥਿਹਾਸਕ ਕਥਾਵਾਂ ਨੂੰ ਇਤਿਹਾਸਕ ਸੱਚਾਈਆਂ ਬਣਾ ਕੇ ਮੀਡੀਆ ਅਤੇ ਟੀ.ਵੀ. ਚੈਨਲਾਂ ਰਾਹੀਂ ਇੰਨੇ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਹੈ ਕਿ ਆਮ ਜਨਤਾ ਇਨ੍ਹਾਂ ਨੂੰ ਅਸਲ ਇਤਿਹਾਸ ਮੰਨਣ ਲੱਗ ਪਈ ਹੈ ਜਿਸ ਨਾਲ ਇਨ੍ਹਾਂ ਕਥਾਵਾਂ ਦਾ ਬੜਾ ਮਾੜਾ ਪ੍ਰਭਾਵ ਪੈ ਰਿਹਾ ਹੈ।

ਜਿਵੇਂ, ਜਦੋਂ ਇੱਕ ਆਮ ਮਨੁੱਖ ਰਾਮਾਇਣ ਦੀ ਕਥਾ ਵਿਚ ਸੁਣਦਾ ਹੈ ਕਿ ਭਗਵਾਨ ਰਾਮ ਦੇ ਆਪਣੇ ਮਹਿਲਾਂ ਵਿਚ 'ਕੈਕੇਈ' ਜਾਂ 'ਮੰਥਰਾ' ਵਰਗੇ ਪਾਤਰ ਸਾਜ਼ਿਸ਼ਾਂ ਰਚ ਸਕਦੇ ਹਨ, ਤਾਂ ਉਸ ਦੇ ਮਨ ਵਿਚ ਇਹ ਖ਼ੌਫ਼ ਘਰ ਕਰ ਜਾਂਦਾ ਹੈ ਕਿ 'ਜੇਕਰ ਰੱਬ ਦੇ ਘਰ ਵਿਚ ਅਜਿਹਾ ਧੋਖਾ ਹੋ ਸਕਦਾ ਹੈ, ਤਾਂ ਕੋਈ ਸਧਾਰਨ ਇਨਸਾਨ ਕਿਵੇਂ ਬਚ ਸਕਦਾ ਹੈ। ਇਹ ਸੋਚ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਵਿਚ ਇੱਕ ਲਾ-ਇਲਾਜ ਅਵਿਸ਼ਵਾਸ ਪੈਦਾ ਕਰਦੀ ਹੈ।

ਇਸੇ ਤਰ੍ਹਾਂ, ਮਹਾਂਭਾਰਤ ਵਿਚ ਸ਼੍ਰੀ ਕ੍ਰਿਸ਼ਨ ਦੀਆਂ ਚਾਲਾਂ ਨੂੰ 'ਧਰਮ ਦੀ ਸਥਾਪਨਾ' ਲਈ 'ਕੂਟਨੀਤੀ' ਕਹਿ ਕੇ ਵਡਿਆਇਆ ਜਾਂਦਾ ਹੈ। ਪਰ ਇੱਕ ਸਧਾਰਨ ਮਨੁੱਖ ਦੇ ਮਨ 'ਤੇ ਇਸ ਦਾ ਉਲਟ ਅਸਰ ਹੁੰਦਾ ਹੈ; ਉਹ ਸੋਚਦਾ ਹੈ ਕਿ 'ਜੇ ਮਕਸਦ ਸਹੀ ਹੋਵੇ, ਤਾਂ ਧੋਖਾਧੜੀ ਅਤੇ ਛਲ-ਕਪਟ ਦਾ ਰਸਤਾ ਅਖਤਿਆਰ ਕਰਨਾ ਜਾਇਜ਼ ਹੈ।'

ਜਦੋਂ ਇਨ੍ਹਾਂ ਕਥਾਵਾਂ ਰਾਹੀਂ ਚਮਤਕਾਰਾਂ ਅਤੇ ਅੰਧਵਿਸ਼ਵਾਸ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ, ਤਾਂ ਮਨੁੱਖ ਦੀ ਤਰਕ ਕਰਨ ਦੀ ਸ਼ਕਤੀ (Critical Thinking) ਦਮ ਤੋੜ ਦਿੰਦੀ ਹੈ। ਇਹ ਮਿਥਿਹਾਸਕ ਕਹਾਣੀਆਂ ਸਾਡੇ ਅਚੇਤ ਮਨ ਵਿਚ ਇਹ ਗੱਲ ਪੱਕੀ ਤਰ੍ਹਾਂ ਬਿਠਾ ਦਿੰਦੀਆਂ ਹਨ ਕਿ ਹਰ ਦੂਜਾ ਵਿਅਕਤੀ ਸਾਡੇ ਖ਼ਿਲਾਫ਼ ਕੋਈ ਨਾ ਕੋਈ ਚਾਲ ਚੱਲ ਰਿਹਾ ਹੈ।

ਸਮਾਜ ਨੂੰ ਮਾਨਸਿਕ ਤੌਰ 'ਤੇ ਖੇਰੂੰ-ਖੇਰੂੰ ਅਤੇ ਉਦਾਸੀਨ ਬਣਾਉਣ ਲਈ ਉਹ ਆਪਣੀ ਗੁਪਤ ਸਾਜ਼ਿਸ਼ 'ਤੇ ਪੂਰੀ ਤਰ੍ਹਾਂ ਨਿਰਭਰ ਸਨ। ਨਾਲ ਹੀ ਲੋਕਾਂ ਵਿਚਕਾਰ ਸਰੀਰਕ ਦੂਰੀਆਂ ਵਧਾਉਣ ਲਈ ਉਨ੍ਹਾਂ ਨੇ 'ਪੰਨਾ ਪ੍ਰਮੁੱਖ' ਵਰਗੀ ਨਵੀਂ ਚਾਲ ਨੂੰ ਉਚੇਚੇ ਤੌਰ 'ਤੇ ਉਭਾਰਿਆ। ਅਤੀਤ ਵਿਚ, ਚੋਣਾਂ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਆਪਣੀ ਵਿਚਾਰਧਾਰਾ ਦੇ ਸਮਰਥਕਾਂ ਨੂੰ ਪੋਲਿੰਗ ਏਜੰਟ ਨਿਯੁਕਤ ਕਰਦੀਆਂ ਸਨ। ਇਹ ਏਜੰਟ ਚੋਣ ਪ੍ਰਕਿਰਿਆ ਖ਼ਤਮ ਹੁੰਦਿਆਂ ਹੀ ਮੁੜ ਆਪਸੀ ਸਮਾਜਿਕ ਤਾਣੇ-ਬਾਣੇ ਵਿਚ ਲੀਨ ਹੋ ਜਾਂਦੇ ਸਨ। ਪਿੰਡ-ਗਰਾਂ ਦੇ ਸਿਆਣੇ ਬਜ਼ੁਰਗ ਵੀ ਇਹੀ ਸਿੱਖਿਆ ਦਿੰਦੇ ਸਨ ਕਿ ਵੋਟਾਂ ਵੇਲੇ ਪ੍ਰਚਾਰ ਭਾਵੇਂ ਆਪੋ-ਆਪਣੀ ਪਾਰਟੀ ਦਾ ਕਰੋ, ਪਰ ਚੋਣਾਂ ਪਿੱਛੋਂ ਆਪਸੀ ਭਾਈਚਾਰੇ ਵਿਚ ਤਰੇੜ ਨਾ ਆਉਣ ਦਿਓ। ਪਹਿਲਾਂ ਜਿਹੜੀ ਸਮਾਜਿਕ ਸਾਂਝ ਸਿਰਫ਼ ਚੋਣਾਂ ਤੱਕ ਹੀ ਖ਼ਤਰੇ ਵਿਚ ਰਹਿੰਦੀ ਸੀ, ਮੌਜੂਦਾ ਸਰਕਾਰ ਨੇ 'ਪੰਨਾ ਪ੍ਰਮੁੱਖ' ਦਾ ਜਾਲ ਵਿਛਾ ਕੇ ਉਸ ਸਾਂਝ ਨੂੰ ਪੱਕੇ ਤੌਰ 'ਤੇ ਨਸ਼ਟ ਕਰਨ ਦਾ ਕੋਝਾ ਯਤਨ ਕੀਤਾ ਹੈ। ਮੁਸ਼ਕਿਲਾਂ ਅਤੇ ਵਿਵਾਦਾਂ ਨਾਲ ਜੁੜੀ SIR ਦੀ ਪ੍ਰਕਿਰਿਆ ਵਿਚ, ਇਨ੍ਹਾਂ ਦੀ ਸ਼ਮੂਲੀਅਤ ਨੇ ਹੁਣ ਹੋਰ ਵੀ ਵੱਡੇ ਸਵਾਲ ਅਤੇ ਸ਼ੱਕ ਖੜ੍ਹੇ ਕਰ ਦਿੱਤੇ ਹਨ।

ਮੌਜੂਦਾ ਸਰਕਾਰ ਨੇ ਆਪਣੇ ਤਾਨਾਸ਼ਾਹੀ ਰਵੱਈਏ ਨਾਲ ਜਨਤਾ ਨੂੰ ਬੇਵੱਸੀ ਦੇ ਆਲਮ ਵਿਚ ਧੱਕ ਦਿੱਤਾ ਹੈ। ਸਿਆਸਤ ਦਾ ਇਹ ਮੁੱਢਲਾ ਨਿਯਮ ਹੈ ਕਿ ਇੱਕ ਸਿਆਣਾ ਦੁਸ਼ਮਣ ਵੀ ਆਪਣੇ ਵਿਰੋਧੀ ਨੂੰ ਹੱਦੋਂ ਵੱਧ ਮਜਬੂਰ ਨਹੀਂ ਕਰਦਾ। ਪਰ 'ਆਫ਼ਤ ਨੂੰ ਅਵਸਰ ਵਿਚ ਬਦਲਣ' ਦਾ ਦਾਅਵਾ ਕਰਨ ਵਾਲੀ ਇਹ ਹਕੂਮਤ, ਇਸ ਨਾਜ਼ੁਕ ਸਥਿਤੀ ਨੂੰ ਵੀ ਆਪਣੇ ਲਈ ਸੁਨਹਿਰੀ ਮੌਕੇ ਵਜੋਂ ਦੇਖ ਰਹੀ ਹੈ। ਇਹ ਸਰਕਾਰ ਕਿਸੇ ਨੈਤਿਕ ਦੁਸ਼ਮਣ ਵਾਂਗ ਵਿਹਾਰ ਨਹੀਂ ਕਰਦੀ, ਜਿਸ ਬਾਰੇ ਸਿਆਣੇ ਕਹਿੰਦੇ ਹਨ ਕਿ,'ਦੁਸ਼ਮਣੀ ਇਸ ਤਰ੍ਹਾਂ ਕਰੋ ਕਿ ਜੇ ਕੱਲ੍ਹ ਨੂੰ ਸਮਝੌਤਾ ਕਰਨਾ ਪਵੇ, ਤਾਂ ਅੱਖਾਂ ਮਿਲਾਉਣ ਲੱਗਿਆਂ ਸ਼ਰਮਿੰਦਗੀ ਨਾ ਹੋਵੇ।' ਇਸ ਦੇ ਉਲਟ, ਇਹ ਸਰਕਾਰ 'ਦੁਸ਼ਮਣ ਬਾਤ ਕਰੇ ਅਣਹੋਣੀ' ਵਾਲੀ ਕਹਾਵਤ ਨੂੰ ਹੀ ਸੱਚ ਸਾਬਤ ਕਰਦੀ ਰਹੀ ਹੈ।

ਇਸ ਦੀਆਂ ਮਿਸਾਲਾਂ ਇੰਨੀਆਂ ਜ਼ਿਆਦਾ ਹਨ ਕਿ ਜੇਕਰ ਵਿਸਥਾਰ ਵਿਚ ਜਾਈਏ ਤਾਂ ਲਿਖਤ ਆਪਣੇ ਅਸਲ ਵਿਸ਼ੇ ਤੋਂ ਭਟਕ ਸਕਦੀ ਹੈ। ਪਰ ਇਹ ਅਜਿਹਾ ਰੁਝਾਨ ਹੈ ਜੋ ਦੇਸ਼ ਦੇ ਲੋਕਤੰਤਰ ਅਤੇ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਲਈ ਇੱਕ ਗੰਭੀਰ ਖ਼ਤਰਾ ਬਣਿਆ ਹੈ। ਇਹੀ ਖਤਰਾ ਇਨ੍ਹਾਂ ਵਾਸਤੇ 'ਆਪਦਾ ਵਿਚ ਅਵਸਰ' ਹੈ ਜਿਸਦੀ ਵਰਤੋਂ ਨਾਲ ਇਨ੍ਹਾਂ ਨੇ ਲੋਕਾਂ ਦੀ ਅਜਾਦੀ ਅਤੇ ਲੋਕਤੰਤਰੀ ਵਿਵੱਸਤਾ ਪੂਰੀ ਤਰ੍ਹਾਂ ਖਤਮ ਕਰ ਦਿੱਤੀ ਹੈ ਜੋ ਇਨ੍ਹਾਂ ਦੇ ਅਜਾਦੀ ਨੂੰ ਭੁਲੇਖਾ ਪਾਊ ਨਾਂ, 'ਅੰਮ੍ਰਿਤਕਾਲ ਵਿਚ ਦਾਖਲ ਕਰਨ' ਦਾ ਅਸਲ ਮੰਤਵ ਸੀ। ਇਹ ਕੰਮ ਇਨ੍ਹਾਂ ਮਹੱਤਵਪੂਰਨ ਸਰਕਾਰੀ ਏਜੰਸੀਆਂ ਤੇ ਕੰਟਰੋਲ ਨਾਲ ਲੋਕਾਂ ਵਿਚ ਸਹਿਮ ਦਾ ਮਹੌਲ ਪੈਦਾ ਕਰਕੇ, ਅਣਐਲਾਨੀ ਐਮਰਜੈਂਸੀ ਵਾਂਗ ਹੀ, ਬਿਨ੍ਹਾਂ ਕੋਈ ਨਵਾਂ ਕਨੂੰਨ ਬਣਾਇਆਂ ਪੂਰਾ ਕਰ ਲਿਆ ਹੈ।

ਲੋਕਤੰਤਰ ਅਤੇ ਨਾਗਰਿਕ ਆਜ਼ਾਦੀਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਇੱਕ ਨਵੀਂ ਅਤੇ ਖ਼ਤਰਨਾਕ ਰਣਨੀਤੀ 'ਤੇ ਕੰਮ ਕੀਤਾ ਜਾ ਰਿਹਾ ਹੈ। ਸਾਰੇ ਨੈਤਿਕ ਅਸੂਲ ਛਿੱਕੇ ਟੰਗ ਕੇ, ਜਨਤਾ ਦੀ ਆਵਾਜ਼ ਬਣਨ ਵਾਲੇ ਲੋਕ ਸਭਾ ਅਤੇ ਰਾਜ ਸਭਾ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ED, CBI ਅਤੇ ਇਨਕਮ ਟੈਕਸ ਵਰਗੀਆਂ ਕੇਂਦਰੀ ਏਜੰਸੀਆਂ ਦੀ ਸ਼ਰੇਆਮ ਦੁਰਵਰਤੋਂ ਕਰਕੇ ਵਿਰੋਧੀ ਆਗੂਆਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ ਅਤੇ ਥੋਕ ਦੇ ਭਾਅ ਸੱਤਾਧਾਰੀ ਧਿਰ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ।

ਇਸ ਪੂਰੀ ਕਵਾਇਦ ਪਿੱਛੇ ਦੋ ਮੁੱਖ ਮਕਸਦ ਸਾਫ਼ ਨਜ਼ਰ ਆਉਂਦੇ ਹਨ, ਪਹਿਲਾ ਪ੍ਰਤੱਖ ਮਕਸਦ ਸੰਸਦ ਵਿਚ ਭਾਰੀ ਬਹੁਮਤ ਹਾਸਲ ਕਰਨਾ, ਤਾਂ ਜੋ ਮਨਮਰਜ਼ੀ ਦੇ ਕਾਨੂੰਨ ਪਾਸ ਕਰਕੇ ਲੋਕਾਂ ਦੀ ਹਰ ਤਰ੍ਹਾਂ ਦੀ ਆਜ਼ਾਦੀ 'ਤੇ ਪੱਕੇ ਤੌਰ 'ਤੇ ਕੁੰਡੀ ਲਗਾਈ ਜਾ ਸਕੇ। ਦੂਸਰਾ ਗੁਪਤ ਮਕਸਦ ਆਮ ਲੋਕਾਂ ਦੇ ਮਨਾਂ ਵਿਚ ਲੋਕਤੰਤਰ ਪ੍ਰਤੀ ਨਿਰਾਸ਼ਾ ਪੈਦਾ ਕਰਨਾ। ਜਨਤਾ ਵਿਚ ਇਹ ਭੁਲੇਖਾ ਖੜ੍ਹਾ ਕੀਤਾ ਜਾ ਰਿਹਾ ਹੈ ਕਿ ਉਹ ਭਾਵੇਂ ਕਿਸੇ ਵੀ ਆਗੂ ਨੂੰ ਚੁਣ ਲੈਣ, ਉਹ ਨੇਤਾ ਆਪਣੇ ਨਿੱਜੀ ਹਿੱਤਾਂ ਜਾਂ ਸਜ਼ਾ ਦੇ ਡਰੋਂ ਕਿਸੇ ਵੀ ਵੇਲੇ ਸਰਕਾਰ ਅੱਗੇ ਗੋਡੇ ਟੇਕ ਸਕਦਾ ਹੈ।

ਸੱਤਾ ਦੇ ਨਸ਼ੇ ਵਿਚ ਅੰਨ੍ਹੇ ਹੋਏ ਇਹ ਲੋਕ ਇਹ ਨਹੀਂ ਸਮਝ ਰਹੇ ਕਿ ਅਜਿਹਾ ਕਰਕੇ ਉਹ ਆਪਣੇ ਪੈਰੀਂ ਕੁਹਾੜਾ ਹੀ ਨਹੀਂ ਮਾਰ ਰਹੇ, ਸਗੋਂ ਖ਼ੁਦ ਕੁਹਾੜੇ ਉੱਪਰ ਪੈਰ ਮਾਰ ਰਹੇ ਹਨ। ਕਿਉਂਕਿ ਇਸ ਤਾਨਾਸ਼ਾਹੀ ਰਵੱਈਏ ਨੇ ਦੇਸ਼ ਦੇ ਲੋਕਾਂ ਨੂੰ ਇੱਕ ਵਾਰ ਫਿਰ ਝੰਜੋੜ ਕੇ ਰੱਖ ਦਿੱਤਾ ਹੈ। ਲੋਕਤੰਤਰ ਅਤੇ ਆਜ਼ਾਦੀ ਕਿਸੇ ਸਰਕਾਰ ਜਾਂ ਨੇਤਾ ਵੱਲੋਂ ਦਿੱਤੀ ਖ਼ੈਰਾਤ ਨਹੀਂ ਹੁੰਦੀ, ਸਗੋਂ ਇਹ ਨਾਗਰਿਕਾਂ ਦੀ ਆਪਣੀ ਚੇਤਨਤਾ, ਜਾਗਰੂਕਤਾ ਅਤੇ ਸੰਘਰਸ਼ 'ਤੇ ਨਿਰਭਰ ਕਰਦੀ ਹੈ।

ਇਤਿਹਾਸ ਵੀ ਇਸ ਸਚਾਈ ਦੀ ਗਵਾਹੀ ਦਿੰਦਾ ਹੈ। ਜਦੋਂ ਇੱਕ ਸ਼ਖਸ (ਸਿਕੰਦਰ) ਸਾਰੀ ਦੁਨੀਆ ਨੂੰ ਜਿੱਤਣ ਦਾ ਸੁਪਨਾ ਲੈ ਕੇ ਨਿਕਲਿਆ ਸੀ, ਅਤੇ ਰਾਹ ਵਿਚ ਆਉਣ ਵਾਲੇ ਬਹੁਤੇ ਰਾਜੇ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਗੋਡੇ ਟੇਕ ਦਿੰਦੇ ਸਨ। ਕੁਝ ਨੇ ਥੋੜ੍ਹਾ-ਬਹੁਤ ਪ੍ਰਤੀਰੋਧ ਕੀਤਾ ਵੀ ਪਰ ਆਖਰਕਾਰ ਅਧੀਨਗੀ ਕਬੂਲ ਕਰ ਲਈ। ਉਸ ਦੀ ਇਸ ਨਾਪਾਕ ਮੁਹਿੰਮ ਨੂੰ ਕਿਸੇ ਵੱਡੇ ਰਾਜੇ ਨੇ ਨਹੀਂ, ਸਗੋਂ ਇਸ ਧਰਤੀ ਦੇ ਆਮ ਲੋਕਾਂ ਨੇ ਠੱਲ੍ਹ ਪਾਈ, ਜਿਨ੍ਹਾਂ ਨੇ ਉਸ ਨੂੰ ਬਿਆਸ ਦਰਿਆ ਪਾਰ ਨਹੀਂ ਸੀ ਕਰਨ ਦਿੱਤਾ। ਉਸਨੇ ਵਾਪਸੀ ਦੇ ਚਾਲੇ ਪਾ ਦਿੱਤੇ ਅਤੇ ਸੁਣਿਐ ਉਹ ਆਪਣੇ ਦੇਸ ਵੀ ਨਹੀਂ ਸੀ ਪਹੁੰਚ ਸਕਿਆ ਤੇ ਰਾਹ ਵਿਚ ਹੀ ਪੇਂਡੂਆਂ ਦੇ ਦਿੱਤੇ ਜਖਮਾਂ ਨਾਲ ਦਮ ਤੋੜ ਗਿਆ ਸੀ।

ਹੈਰਾਨੀ ਦੀ ਗੱਲ ਹੈ ਕਿ ਸਾਡੀ ਹਾਕਮ ਜੋੜੀ ਇਤਿਹਾਸ ਦੇ ਇਸ ਸਾਫ਼ ਇਸ਼ਾਰੇ ਤੋਂ ਕੋਈ ਸਬਕ ਨਹੀਂ ਲੈਂਦੀ। ਸ਼ਾਇਦ ਉਹ ਇਸ ਭੁਲੇਖੇ ਵਿਚ ਹਨ ਕਿ ਭਾਰਤ ਦੀ ਆਵਾਮ ਸਿਰਫ਼ ਅੰਧ-ਭਗਤ ਅਤੇ ਚੁੱਪਚਾਪ ਰਹਿ ਕੇ ਸਹਿਣ ਵਾਲੀ ਹੈ। ਉਹ ਇਸ ਸੱਚਾਈ ਤੋਂ ਅੱਖਾਂ ਮੀਟ ਰਹੇ ਹਨ ਕਿ ਇੱਥੋਂ ਦੇ ਲੋਕ ਜਿੰਨੇ ਸਬਰ ਅਤੇ ਸੰਤੋਖ ਵਾਲੇ ਹਨ, ਉੰਨੇ ਹੀ ਸੂਝਵਾਨ ਵੀ ਹਨ। ਇਤਿਹਾਸ ਗਵਾਹ ਹੈ ਕਿ ਜਦੋਂ ਰਾਜਿਆਂ ਨੂੰ ਰੱਬ ਦਾ ਦਰਜਾ ਹਾਸਲ ਸੀ, ਉਦੋਂ ਵੀ ਜੇਕਰ ਕਿਸੇ ਹਾਕਮ ਨੇ ਜਨਤਾ ਦੇ ਸਬਰ ਨੂੰ ਕਮਜ਼ੋਰੀ ਸਮਝ ਕੇ ਉਨ੍ਹਾਂ ਨੂੰ ਕੰਧ ਨਾਲ ਲਾਉਣ ਦੀ ਕੋਸ਼ਿਸ਼ ਕੀਤੀ, ਤਾਂ ਲੋਕਾਂ ਨੇ ਉਸ ਨੂੰ 'ਕੀੜੀ ਦਾ ਭੌਣ' ਦਿਖਾਉਣ ਵਿਚ ਦੇਰ ਨਹੀਂ ਸੀ ਲਾਈ। ਅਜਿਹੇ ਹੰਕਾਰੀ ਹਾਕਮਾਂ ਨੂੰ ਫਿਰ ਸਭ ਕੁਝ ਛੱਡ-ਛਡਾ ਕੇ ਗੁਮਨਾਮੀ ਭਰੀ ਜਿੰਦਗੀ ਵਾਸਤੇ ਜੰਗਲਾਂ ਵਿਚ ਰੂਪੋਸ਼ ਹੋਣਾ ਪਿਆ ਸੀ।

ਸਾਡੀ ਹਾਕਮ ਜੋੜੀ ਉਨ੍ਹਾਂ ਵਿਅਕਤੀਆਂ ਦੇ ਸੁਭਾਅ ਵਾਲੀ ਹੈ ਜਿਨ੍ਹਾਂ ਦੀ ਮਾਨਸਿਕਤਾ ਬਹੁਤ ਅਜੀਬ ਹੁੰਦੀ ਹੈ। ਵੈਰ-ਵਿਰੋਧ ਅਤੇ ਦੁਸ਼ਮਣੀ ਤਾਂ ਜਿਵੇਂ ਉਨ੍ਹਾਂ ਦੀ ਰੂਹ ਵਿਚ ਸਮਾਈ ਹੁੰਦੀ ਹੈ। ਕਈ ਵਾਰ ਅੰਨ੍ਹੀ ਸਫਲਤਾ ਮਿਲਣ 'ਤੇ ਅਜਿਹਾ ਹੰਕਾਰ ਆ ਜਾਂਦਾ ਹੈ ਕਿ ਉਹ ਹਰ ਕਿਸੇ ਨੂੰ ਆਪਣੇ ਤੋਂ ਛੋਟਾ ਅਤੇ ਅਧੀਨ ਸਮਝਣ ਲੱਗ ਪੈਂਦੇ ਹਨ। ਅਜਿਹੇ ਵੇਲੇ ਉਨ੍ਹਾਂ ਨੂੰ ਆਪਣੇ ਨਜ਼ਦੀਕੀ ਸਾਥੀਆਂ ਦੀਆਂ ਪੁਰਾਣੀਆਂ ਗੱਲਾਂ ਚੇਤੇ ਆਉਣ ਲੱਗਦੀਆਂ ਹਨ—ਉਹ ਗੱਲਾਂ ਜੋ ਉਸ ਸਮੇਂ ਭਾਵੇਂ ਉਨ੍ਹਾਂ ਨੂੰ ਪਸੰਦ ਨਹੀਂ ਸਨ ਆਈਆਂ, ਪਰ ਮਜਬੂਰੀ ਵੱਸ ਉਹ ਵਿਰੋਧ ਨਹੀਂ ਸਨ ਕਰ ਸਕਦੇ। ਹੱਦ ਤਾਂ ਇਹ ਹੈ ਕਿ ਜਿਨ੍ਹਾਂ ਲੋਕਾਂ ਦਾ ਆਸਰਾ ਲੈ ਕੇ ਉਹ ਬੁਲੰਦੀਆਂ 'ਤੇ ਪਹੁੰਚੇ ਹੁੰਦੇ ਹਨ, ਅਤੇ ਜਿਨ੍ਹਾਂ ਦੇ ਚਰਨ ਛੂਹਣਾ ਕਦੇ ਉਹ ਆਪਣੀ ਖ਼ੁਸ਼ਕਿਸਮਤੀ ਸਮਝਦੇ ਸਨ, ਹੁਣ ਉਨ੍ਹਾਂ ਨੂੰ ਉਸੇ ਪੁਰਾਣੀ ਅਧੀਨਗੀ ਦੀ ਹੀਣ ਭਾਵਨਾ ਚੁੱਭਣ ਲੱਗ ਪੈਂਦੀ ਹੈ। ਨਤੀਜੇ ਵਜੋਂ, ਉਹ ਸ਼ੁਭਚਿੰਤਕ ਨੂੰ ਦੁਸ਼ਮਣ ਵਾਂਗ ਸਮਝਣ ਲੱਗ ਪੈਂਦੇ ਹਨ ਅਤੇ ਫੇਰ ਇਹ ਉਨ੍ਹਾਂ ਨੂੰ ਨੀਵਾਂ ਦਿਖਾਉਣ ਵਿਚ ਕੋਈ ਕਸਰ ਨਹੀਂ ਛੱਡਦੇ। ਕਈ ਵਾਰ ਤਾਂ ਉਹ ਉਨ੍ਹਾਂ ਦਾ ਪੂਰੀ ਤਰ੍ਹਾਂ ਵਿਨਾਸ਼ ਕਰਕੇ, ਕਈ ਵਾਰ ਜਾਨੋਂ ਮਾਰਨ ਤੱਕ ਜਾ ਕੇ ਹੀ ਸੁੱਖ ਦਾ ਸਾਹ ਲੈਂਦੇ ਹਨ।

ਖ਼ੈਰ, ਮੌਜੂਦਾ ਹਾਲਾਤਾਂ ਵੱਲ ਆਉਂਦਾ ਹਾਂ। ਹਾਕਮਾਂ ਨੇ ਪੂਰੇ ਦੇਸ਼ ਨੂੰ ਖ਼ੌਫ਼ ਦੇ ਸਾਏ ਹੇਠ ਲਿਆ ਕੇ ਅਤੇ ਹਰ ਨਾਗਰਿਕ ਨੂੰ ਆਪਣੀ ਆਵਾਜ਼ ਸਮੇਟਣ ਲਈ ਮਜਬੂਰ ਕਰਕੇ ਪੂਰੇ ਸਮਾਜ ਵਿਚ ਨਿਰਾਸ਼ਾ ਭਰ ਦਿੱਤੀ ਸੀ। ਉਹ ਅਜੇ ਨਵਾਂ ਦੁਸ਼ਮਣ ਤਲਾਸ਼ ਹੀ ਰਹੇ ਸਨ ਕਿ ਨੇਪਾਲ ਵਿਚ Gen-Z ਦਾ ਹਿੰਸਕ ਅੰਦੋਲਨ ਭੜਕ ਉੱਠਿਆ। ਭਾਰਤ ਦੇ ਨਿਰਾਸ਼ਾਜਨਕ ਮਾਹੌਲ ਵਿਚ ਵੀ ਲੋਕਾਂ ਵਿਚ ਇਹ ਉਮੀਦ ਜਗਣ ਲੱਗੀ ਕਿ ਇੱਥੇ ਵੀ Gen-Z ਹੀ ਅੱਗੇ ਆ ਕੇ ਹਾਲਾਤ ਬਦਲੇਗੀ। ਦੂਜੇ ਪਾਸੇ, ਦੇਸ਼ ਦੇ ਬੁੱਧੀਜੀਵੀਆਂ ਦਾ ਮੰਨਣਾ ਸੀ ਕਿ ਭਾਰਤ ਦੀ ਜਵਾਨੀ ਲੋਕਤੰਤਰੀ ਮੁੱਲਾਂ ਵਿਚ ਵੱਡੀ ਹੋਈ ਹੈ, ਇਸ ਲਈ ਉਹ ਨੇਪਾਲ ਵਾਂਗ ਹਿੰਸਕ ਰਾਹ ਨਹੀਂ ਚੁਣੇਗੀ, ਕਿਉਂਕਿ ਉਸ ਨੇ ਸ਼ਾਂਤਮਈ ਅੰਦੋਲਨਾਂ ਦੀ ਤਾਕਤ ਦੇਖੀ ਹੈ। ਪਰ ਸਾਡੀ ਹਾਕਮ ਜੋੜੀ ਨੂੰ ਤਾਂ 'ਆਫ਼ਤ ਵਿਚੋਂ ਅਵਸਰ' ਤਲਾਸ਼ਣ ਦੀ ਪੁਰਾਣੀ ਆਦਤ ਹੈ।

ਇਸ ਮਕਸਦ ਲਈ ਉਨ੍ਹਾਂ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਨੂੰ ਚੁਣਿਆ। ਪਹਿਲਾਂ ਆਪਣੀ ਵਿਚਾਰਧਾਰਾ ਦੇ ਇੱਕ ਹਮਦਰਦ ਵਿਅਕਤੀ ਤੋਂ ਲੱਦਾਖ ਦੀਆਂ ਮੰਗਾਂ ਨੂੰ ਲੈ ਕੇ ਅਣਮਿੱਥੇ ਸਮੇਂ ਦੀ ਭੁੱਖ-ਹੜਤਾਲ ਸ਼ੁਰੂ ਕਰਵਾਈ। ਹੜਤਾਲ ਦੇ ਦੂਜੇ ਹਫ਼ਤੇ, ਆਪਣੀ ਪੂਰੀ ਯੋਜਨਾ ਤਹਿਤ, ਇਸ ਅੰਦੋਲਨ ਵਿਚ ਸ਼ਰਾਰਤੀ ਅਨਸਰ ਵਾੜ ਕੇ ਹਿੰਸਾ ਭੜਕਾਈ। ਚਾਰਾਂ ਦੀ ਜਾਨ ਲੈ ਕੇ ਅਤੇ ਅਨੇਕਾਂ ਜ਼ਖ਼ਮੀ ਕਰਕੇ ਦੇਸ਼ ਦੀ ਜਵਾਨੀ ਨੂੰ ਸਪੱਸ਼ਟ ਸੁਨੇਹਾ ਦਿੱਤਾ ਗਿਆ ਕਿ 'Gen-Z ਨਾਲ ਅਜਿਹਾ ਹਸ਼ਰ ਵੀ ਕੀਤਾ ਜਾ ਸਕਦਾ ਹੈ।

ਅੰਦੋਲਨ ਨੂੰ ਲੀਹੋਂ ਲਾਹੁਣ ਅਤੇ ਦੇਸ਼ ਦਾ ਧਿਆਨ ਭਟਕਾਉਣ ਲਈ, ਭੁੱਖ-ਹੜਤਾਲ 'ਤੇ ਬੈਠੇ ਵਿਅਕਤੀ 'ਤੇ NSA (ਰਾਸ਼ਟਰੀ ਸੁਰੱਖਿਆ ਕਾਨੂੰਨ) ਠੋਕ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ—ਭਾਵੇਂ ਉਸ ਦਾ ਇਸ ਹਿੰਸਾ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਪਰ ਖੇਡ ਇੱਥੇ ਹੀ ਖ਼ਤਮ ਨਹੀਂ ਹੋਈ; ਕਿਸੇ ਹੋਰ ਭਵਿੱਖੀ ਸਿਆਸੀ ਸਮੀਕਰਨ ਤਹਿਤ, ਕੁਝ ਮਹੀਨਿਆਂ ਬਾਅਦ ਹੀ NSA ਹਟਾ ਕੇ ਉਸ ਨੂੰ ਰਿਹਾਅ ਵੀ ਕਰ ਦਿੱਤਾ ਗਿਆ।


ਅਗਲੇ ਕੁਝ ਸਮੇਂ ਵਿਚ ਕਈ ਘਟਨਾਵਾਂ ਤੇਜ਼ੀ ਨਾਲ ਵਾਪਰੀਆਂ—ਜਿਵੇਂ NEET ਪੇਪਰ ਲੀਕ, ਪ੍ਰੀਖਿਆਰਥੀਆਂ ਵੱਲੋਂ ਖ਼ੁਦਕੁਸ਼ੀਆਂ, ਰਾਹੁਲ ਗਾਂਧੀ ਵੱਲੋਂ ਅੰਦੋਲਨ ਦਾ ਐਲਾਨ, ਕਾਕਰੋਚ ਜਨਤਾ ਪਾਰਟੀ ਦਾ ਗਠਨ, ਜੰਤਰ-ਮੰਤਰ 'ਤੇ ਧਰਨਾ, ਅਤੇ ਸ਼੍ਰੀ ਸੋਨਮ ਵਾਂਗਚੁਕ ਦੀ ਭੁੱਖ-ਹੜਤਾਲ ਆਦਿ।

ਇਨ੍ਹਾਂ ਸਾਰੀਆਂ ਗੱਲਾਂ ਦੇ ਵੇਰਵੇ ਵਿਚ ਜਾਣ ਦੀ ਬਜਾਏ, ਮੈਂ ਸਿੱਧਾ 'ਕਾਕਰੋਚ ਜਨਤਾ ਪਾਰਟੀ' ਅਤੇ 'Gen-Z' ਵੱਲੋਂ 20 ਜੁਲਾਈ ਨੂੰ ਸੰਸਦ ਵੱਲ ਕੱਢੇ ਸ਼ਾਂਤੀਪੂਰਨ ਮਾਰਚ 'ਤੇ ਆਉਂਦਾ ਹਾਂ, ਜਿੱਥੇ ਫ਼ਿਰ ਤੋਂ ਕੋਈ ਅਣਹੋਣੀ ਵਰਤਾਉਣ ਦੀ ਸਾਜ਼ਿਸ਼ ਰਚੀ ਗਈ ਸੀ। ਪੁਲਿਸ ਨੇ 20 ਜੁਲਾਈ ਦੀ ਸ਼ਾਮ ਨੂੰ ਆਪ ਮੰਨਿਆ ਕਿ 19 ਜੁਲਾਈ ਤੱਕ ਜੰਤਰ-ਮੰਤਰ ਦੇ ਧਰਨੇ ਵਿਚ 2,873 ਅਪਰਾਧੀ ਪਹੁੰਚ ਚੁੱਕੇ ਸਨ। ਸ਼ਾਂਤੀਪੂਰਨ ਮਾਰਚ ਕਰਨ ਵਾਲੇ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੁੰਦੇ ਹਨ ਕਿ ਜੇਕਰ ਮਾਰਚ ਥੋੜ੍ਹਾ ਵੀ ਹਿੰਸਕ ਹੋ ਗਿਆ, ਤਾਂ ਉਹ ਅਸਫ਼ਲ ਹੋ ਜਾਵੇਗਾ। ਇਸ ਲਈ ਪ੍ਰਬੰਧਕ ਕਦੇ ਵੀ ਹਿੰਸਕ ਅੰਸਰਾਂ ਨੂੰ ਨਾਲ ਨਹੀਂ ਲਿਆਉਂਦੇ। ਸੋ ਯੋਜਨਾ ਬਿਲਕੁਲ ਸਪਸ਼ਟ ਹੈ—ਜਿਸ ਪੁਲਿਸ ਨੇ ਪੱਥਰਾਂ ਨਾਲ ਭਰਿਆ ਟਰੱਕ ਅਤੇ ਟੁੱਟੀ ਕਾਰ ਰੋਸ-ਮਾਰਚ

*(ਬਾਕੀ ਅਗਲੇ ਸਫੇ 'ਤੇ)*

# ਜਦੋਂ ਮਨ ਆਪਣੇ ਆਪ ਨੂੰ ਦੇਖਦਾ ਹੈ...

***ਸ਼ਾਇਦ ਕ੍ਰਿਸ਼ਨਮੂਰਤੀ ਦੀ ਸਭ ਤੋਂ ਵੱਡੀ ਦੇਣ ਇਹੀ ਹੈ ਕਿ ਉਹ ਸਾਨੂੰ ਆਪਣੇ ਮਨ ਤੋਂ ਭੱਜਣ ਦੀ ਬਜਾਏ ਉਸਦੇ ਸਾਹਮਣੇ ਖੜ੍ਹਾ ਹੋਣਾ ਸਿਖਾਉਂਦੇ ਹਨ। ਅਸਲ ਆਜ਼ਾਦੀ ਸ਼ਾਇਦ ਇਹ ਨਹੀਂ ਕਿ ਮਨ ਜੋ ਚਾਹੇ ਉਹ ਕਰੇ; ਅਸਲ ਆਜ਼ਾਦੀ ਇਹ ਸਮਝਣਾ ਹੈ ਕਿ ਮਨ ਜੋ ਕਰ ਰਿਹਾ ਹੈ, ਉਹ ਕਿਉਂ ਕਰ ਰਿਹਾ ਹੈ ਅਤੇ ਜਦੋਂ ਦੇਖਣ ਵਿਚ ਕੋਈ ਪੂਰਵ-ਨਿਰਧਾਰਿਤ ਫ਼ੈਸਲਾ ਨਹੀਂ ਰਹਿੰਦਾ, ਤਾਂ ਸ਼ਾਇਦ ਪਹਿਲੀ ਵਾਰ ਮਨੁੱਖ ਆਪਣੇ ਆਪ ਨੂੰ ਉਸ ਰੂਪ ਵਿਚ ਦੇਖਣਾ ਸ਼ੁਰੂ ਕਰਦਾ ਹੈ ਜੋ ਉਹ ਅਸਲ ਵਿਚ ਹੈ।***




ਜੇ. ਕ੍ਰਿਸ਼ਨਮੂਰਤੀ ਦੀ ਪ੍ਰਸਿੱਧ ਪੁਸਤਕ 'Freedom from the Known' ਨੂੰ ਸਿਰਫ਼ ਇੱਕ ਆਤਮ-ਵਿਕਾਸ ਦੀ ਕਿਤਾਬ ਸਮਝਣਾ ਇਸਦੀ ਅਸਲ ਗਹਿਰਾਈ ਨਾਲ ਇਨਸਾਫ਼ ਨਹੀਂ ਹੋਵੇਗਾ। ਇਹ ਪੁਸਤਕ ਮਨੁੱਖੀ ਚੇਤਨਾ, ਵਿਚਾਰ, ਡਰ, ਯਾਦ, ਕੰਡੀਸ਼ਨਿੰਗ ਅਤੇ ਆਜ਼ਾਦੀ ਦੇ ਉਸ ਖੇਤਰ ਵਿਚ ਦਾਖ਼ਲ ਹੁੰਦੀ ਹੈ, ਜਿੱਥੇ ਮਨੁੱਖ ਦਾ ਸਭ ਤੋਂ ਵੱਡਾ ਪ੍ਰਸ਼ਨ ਆਪਣੇ ਆਪ ਨਾਲ ਜੁੜ ਜਾਂਦਾ ਹੈ; ਕੀ ਮੈਂ ਸੱਚਮੁੱਚ ਆਜ਼ਾਦ ਹਾਂ? ਅਸੀਂ ਆਮ ਤੌਰ 'ਤੇ ਆਜ਼ਾਦੀ ਨੂੰ ਬਾਹਰੀ ਪਾਬੰਦੀਆਂ ਤੋਂ ਮੁਕਤੀ ਦੇ ਰੂਪ ਵਿਚ ਸਮਝਦੇ ਹਾਂ ਪਰ ਕ੍ਰਿਸ਼ਨਮੂਰਤੀ ਦੀ ਦ੍ਰਿਸ਼ਟੀ ਇਸ ਤੋਂ ਕਿਤੇ ਅੱਗੇ ਜਾਂਦੀ ਹੈ। ਉਨ੍ਹਾਂ ਲਈ ਮਨੁੱਖ ਦੀ ਸਭ ਤੋਂ ਡੂੰਘੀ ਕੈਦ ਬਾਹਰ ਨਹੀਂ, ਉਸਦੇ ਆਪਣੇ ਮਨ ਦੇ ਅੰਦਰ ਹੈ।



ਮਨੁੱਖ ਜਨਮ ਤੋਂ ਹੀ ਇੱਕ ਮਨੋਵਿਗਿਆਨਕ ਸੰਸਾਰ ਵਿਚ ਦਾਖ਼ਲ ਹੁੰਦਾ ਹੈ। ਪਰਿਵਾਰ, ਸਮਾਜ, ਧਰਮ, ਸਿੱਖਿਆ, ਸਭਿਆਚਾਰ, ਭਾਸ਼ਾ, ਰਿਵਾਜ

**ਗੁਰਤੇਜ ਸਿੰਘ ਕੱਟੂ**
**ਫੋਨ: 98155-94197**

ਅਤੇ ਨਿੱਜੀ ਤਜਰਬੇ ਉਸਦੀ ਸੋਚ ਨੂੰ ਹੌਲੀ-ਹੌਲੀ ਇੱਕ ਖ਼ਾਸ ਰੂਪ ਦੇਣ ਲੱਗਦੇ ਹਨ। ਬਚਪਨ ਤੋਂ ਸਾਨੂੰ ਦੱਸਿਆ ਜਾਂਦਾ ਹੈ ਕਿ ਕੀ ਚੰਗਾ ਹੈ ਅਤੇ ਕੀ ਮਾੜਾ, ਕੌਣ ਆਪਣਾ ਹੈ ਅਤੇ ਕੌਣ ਪਰਾਇਆ, ਸਫਲਤਾ ਕੀ ਹੈ ਅਤੇ ਅਸਫਲਤਾ ਕੀ ਹੈ। ਇਹ ਸਾਰੀਆਂ ਧਾਰਨਾਵਾਂ ਸਾਡੇ ਮਨ ਵਿਚ ਇੰਨੀ ਡੂੰਘਾਈ ਨਾਲ ਵੱਸ ਜਾਂਦੀਆਂ ਹਨ ਕਿ ਇੱਕ ਸਮੇਂ ਬਾਅਦ ਅਸੀਂ ਉਨ੍ਹਾਂ ਨੂੰ ਕੰਡੀਸ਼ਨਿੰਗ ਨਹੀਂ ਸਗੋਂ ਆਪਣੀ 'ਆਪਣੀ ਸੋਚ' ਸਮਝਣ ਲੱਗ ਪੈਂਦੇ ਹਾਂ। ਕ੍ਰਿਸ਼ਨਮੂਰਤੀ ਦੀ ਚੁਣੌਤੀ ਇੱਥੇ ਸ਼ੁਰੂ ਹੁੰਦੀ ਹੈ। ਉਹ ਪੁੱਛਦੇ ਹਨ ਕਿ ਜੇ ਸਾਡੀ ਸੋਚ ਦਾ ਵੱਡਾ ਹਿੱਸਾ ਭੂਤਕਾਲ ਦੁਆਰਾ ਬਣਿਆ ਹੈ ਤਾਂ ਉਸ ਵਿਚ ਅਸਲ ਆਜ਼ਾਦੀ ਕਿੰਨੀ ਹੈ?

Freedom from the Known ਵਿਚ 'known' ਸਿਰਫ਼ ਜਾਣਕਾਰੀ ਜਾਂ ਗਿਆਨ ਨਹੀਂ ਹੈ। ਇਹ ਸਾਡੀਆਂ ਯਾਦਾਂ, ਪੁਰਾਣੇ ਤਜਰਬਿਆਂ, ਡਰਾਂ, ਇੱਛਾਵਾਂ, ਧਾਰਨਾਵਾਂ ਅਤੇ ਮਨੋਵਿਗਿਆਨਕ ਪਹਿਚਾਣਾਂ ਦਾ ਪੂਰਾ ਸੰਸਾਰ ਹੈ। ਅਸੀਂ ਅਕਸਰ ਵਰਤਮਾਨ ਨੂੰ ਸਿੱਧਾ ਨਹੀਂ ਦੇਖਦੇ; ਅਸੀਂ ਉਸਨੂੰ ਆਪਣੇ ਭੂਤਕਾਲ ਦੇ ਚਸ਼ਮੇ ਰਾਹੀਂ ਦੇਖਦੇ ਹਾਂ। ਕਿਸੇ ਵਿਅਕਤੀ ਨਾਲ ਸਾਡਾ ਪੁਰਾਣਾ ਤਜਰਬਾ ਉਸ ਵਿਅਕਤੀ ਬਾਰੇ ਅੱਜ ਦੀ ਸਾਡੀ ਰਾਏ ਨੂੰ ਪ੍ਰਭਾਵਿਤ ਕਰਦਾ ਹੈ। ਕਿਸੇ ਅਸਫਲਤਾ ਦੀ ਯਾਦ ਭਵਿੱਖ ਦੀ ਕੋਸ਼ਿਸ਼ ਤੋਂ ਪਹਿਲਾਂ ਹੀ ਡਰ ਪੈਦਾ ਕਰ ਦਿੰਦੀ ਹੈ। ਇਸ ਤਰ੍ਹਾਂ ਭੂਤਕਾਲ ਵਰਤਮਾਨ ਦੇ ਅਨੁਭਵ ਵਿਚ ਦਖ਼ਲ ਦਿੰਦਾ ਰਹਿੰਦਾ ਹੈ।

ਇੱਥੇ ਕ੍ਰਿਸ਼ਨਮੂਰਤੀ ਦਾ ਡਰ ਬਾਰੇ ਵਿਸ਼ਲੇਸ਼ਣ ਵਿਸ਼ੇਸ਼ ਧਿਆਨਯੋਗ ਹੈ। ਡਰ ਹਮੇਸ਼ਾ ਕਿਸੇ ਮੌਜੂਦਾ ਖ਼ਤਰੇ ਦਾ ਨਤੀਜਾ ਨਹੀਂ ਹੁੰਦਾ। ਕਈ ਵਾਰ ਮਨ ਭਵਿੱਖ ਦੀ ਇੱਕ ਤਸਵੀਰ ਬਣਾਉਂਦਾ ਹੈ ਅਤੇ ਉਸ ਤਸਵੀਰ ਤੋਂ ਡਰਨਾ ਸ਼ੁਰੂ ਕਰ ਦਿੰਦਾ ਹੈ। 'ਜੇ ਮੈਂ ਅਸਫਲ ਹੋ ਗਿਆ ਤਾਂ?', 'ਜੇ ਲੋਕ ਮੈਨੂੰ ਛੱਡ ਗਏ ਤਾਂ?', 'ਜੇ ਮੇਰੇ ਨਾਲ ਦੁਬਾਰਾ ਉਹੀ ਹੋਇਆ ਤਾਂ?' ਇਹ ਸਾਰੇ ਪ੍ਰਸ਼ਨ ਮਨ ਵਿਚ ਇੱਕ ਅਜਿਹਾ ਭਵਿੱਖ ਬਣਾਉਂਦੇ ਹਨ ਜੋ ਅਜੇ ਵਾਪਰਿਆ ਹੀ ਨਹੀਂ। ਕ੍ਰਿਸ਼ਨਮੂਰਤੀ ਦਾ ਰੁਖ ਇਹ ਨਹੀਂ ਕਿ ਡਰ ਨੂੰ ਦਬਾਇਆ ਜਾਵੇ ਜਾਂ ਆਪਣੇ ਆਪ ਨੂੰ ਇਹ ਸਮਝਾਇਆ ਜਾਵੇ ਕਿ ਡਰਨਾ ਨਹੀਂ ਚਾਹੀਦਾ। ਉਹ ਕਹਿੰਦੇ ਹਨ ਕਿ ਡਰ ਨੂੰ ਜਿਵੇਂ ਉਹ ਹੈ, ਉਸੇ ਤਰ੍ਹਾਂ ਦੇਖਿਆ ਜਾਵੇ। ਬਿਨਾਂ ਉਸਨੂੰ ਮਾੜਾ ਕਹੇ, ਬਿਨਾਂ ਉਸ ਤੋਂ ਭੱਜੇ ਅਤੇ ਬਿਨਾਂ ਉਸਨੂੰ ਤੁਰੰਤ ਬਦਲਣ ਦੀ ਕੋਸ਼ਿਸ਼ ਕੀਤੇ।

ਇਹੀ ਗੱਲ ਉਨ੍ਹਾਂ ਦੀ observation ਦੀ ਧਾਰਨਾ ਨੂੰ ਮਹੱਤਵਪੂਰਨ ਬਣਾਉਂਦੀ ਹੈ। ਆਪਣੇ ਮਨ ਨੂੰ ਦੇਖਣਾ ਕ੍ਰਿਸ਼ਨਮੂਰਤੀ ਲਈ ਕੋਈ ਬੌਧਿਕ ਕਸਰਤ ਨਹੀਂ। ਜਦੋਂ ਗੁੱਸਾ ਆ ਰਿਹਾ ਹੋਵੇ, ਉਸ ਵੇਲੇ ਗੁੱਸੇ ਨੂੰ ਦੇਖਣਾ; ਜਦੋਂ ਈਰਖਾ ਪੈਦਾ ਹੋ ਰਹੀ ਹੋਵੇ, ਉਸ ਵੇਲੇ ਈਰਖਾ ਨੂੰ ਦੇਖਣਾ; ਜਦੋਂ ਡਰ ਉੱਠ ਰਿਹਾ ਹੋਵੇ, ਉਸ ਵੇਲੇ ਡਰ ਦੀ ਪੂਰੀ ਗਤੀ ਨੂੰ ਦੇਖਣਾ; ਇਹ ਜਾਗਰੂਕਤਾ ਦਾ ਅਭਿਆਸ ਹੈ। ਆਮ ਤੌਰ 'ਤੇ ਅਸੀਂ ਆਪਣੇ ਮਨ ਨਾਲ ਲੜਦੇ ਹਾਂ। ਸਾਨੂੰ ਗੁੱਸਾ ਆਉਂਦਾ ਹੈ ਤਾਂ ਅਸੀਂ ਕਹਿੰਦੇ ਹਾਂ, 'ਮੈਨੂੰ ਗੁੱਸਾ ਨਹੀਂ ਕਰਨਾ ਚਾਹੀਦਾ।' ਸਾਨੂੰ ਡਰ ਲੱਗਦਾ ਹੈ ਤਾਂ ਅਸੀਂ ਉਸਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਾਂ ਪਰ ਕ੍ਰਿਸ਼ਨਮੂਰਤੀ ਦਾ ਪ੍ਰਸ਼ਨ ਹੈ ਕਿ ਕੀ ਅਸੀਂ ਬਿਨਾਂ ਕਿਸੇ ਫ਼ੈਸਲੇ ਦੇ ਸਿਰਫ਼ ਦੇਖ ਸਕਦੇ ਹਾਂ?

ਇਹ ਗੱਲ ਸਾਨੂੰ ਮਨੁੱਖੀ ਚੇਤਨਾ ਦੇ ਇੱਕ ਹੋਰ ਡੂੰਘੇ ਪ੍ਰਸ਼ਨ ਤੱਕ ਲੈ ਜਾਂਦੀ ਹੈ, ਕੀ ਦੇਖਣ ਵਾਲਾ ਅਤੇ ਜਿਸਨੂੰ ਦੇਖਿਆ ਜਾ ਰਿਹਾ ਹੈ, ਅਸਲ ਵਿਚ ਵੱਖਰੇ ਹਨ? ਜਦੋਂ ਮੈਂ ਕਹਿੰਦਾ ਹਾਂ, 'ਮੈਂ ਗੁੱਸੇ ਵਿਚ ਹਾਂ,' ਤਾਂ ਕੀ ਮੇਰਾ 'ਮੈਂ' ਗੁੱਸੇ ਤੋਂ ਪੂਰੀ ਤਰ੍ਹਾਂ ਵੱਖਰਾ ਹੈ? ਜਾਂ ਕੀ 'ਮੈਂ' ਵੀ ਉਸੇ ਮਨੋਵਿਗਿਆਨਕ ਪ੍ਰਕਿਰਿਆ ਦਾ ਹਿੱਸਾ ਹਾਂ? ਕ੍ਰਿਸ਼ਨਮੂਰਤੀ ਦੀ ਸੋਚ ਇੱਥੇ ਰਵਾਇਤੀ ਆਤਮ ਵਿਕਾਸ ਤੋਂ ਵੱਖਰੀ ਹੋ ਜਾਂਦੀ ਹੈ। ਉਹ ਮਨੁੱਖ ਨੂੰ ਆਪਣੇ ਆਪ ਨੂੰ ਸੁਧਾਰਨ ਦੀ ਮਸ਼ੀਨ ਨਹੀਂ ਬਣਾਉਂਦੇ; ਉਹ ਉਸਨੂੰ ਆਪਣੇ ਮਨ ਦੀ ਬਣਤਰ ਨੂੰ ਸਮਝਣ ਵਾਲਾ ਦਰਸ਼ਕ ਬਣਾਉਂਦੇ ਹਨ।

ਇਸ ਪੁਸਤਕ ਦਾ ਕੇਂਦਰੀ ਸੰਦੇਸ਼ ਇਹ ਨਹੀਂ ਕਿ ਮਨੁੱਖ ਨੂੰ ਇੱਕ ਨਵਾਂ ਵਿਸ਼ਵਾਸ ਅਪਣਾ ਲੈਣਾ ਚਾਹੀਦਾ ਹੈ। ਇਸਦੇ ਉਲਟ, ਕ੍ਰਿਸ਼ਨਮੂਰਤੀ ਹਰ ਤਰ੍ਹਾਂ ਦੀ ਮਨੋਵਿਗਿਆਨਕ ਨਿਰਭਰਤਾ ਉੱਤੇ ਸਵਾਲ ਖੜ੍ਹਾ ਕਰਦੇ ਹਨ। ਉਹ ਕਹਿੰਦੇ ਹਨ ਕਿ ਜੇ ਅਸੀਂ ਕਿਸੇ ਹੋਰ ਦੇ ਦੱਸੇ ਰਸਤੇ ਨੂੰ ਬਿਨਾਂ ਜਾਂਚੇ ਮੰਨ ਲੈਂਦੇ ਹਾਂ ਤਾਂ ਅਸੀਂ ਸ਼ਾਇਦ ਇੱਕ ਕੰਡੀਸ਼ਨਿੰਗ ਨੂੰ ਦੂਜੀ ਕੰਡੀਸ਼ਨਿੰਗ ਨਾਲ ਬਦਲ ਰਹੇ ਹੁੰਦੇ ਹਾਂ। ਇਸ ਲਈ ਆਜ਼ਾਦੀ ਕਿਸੇ ਨਵੇਂ ਵਿਚਾਰ ਨੂੰ ਫੜਨ ਵਿਚ ਨਹੀਂ ਸਗੋਂ ਵਿਚਾਰਾਂ ਨੂੰ ਪੈਦਾ ਕਰਨ ਵਾਲੀ ਪੂਰੀ ਪ੍ਰਕਿਰਿਆ ਨੂੰ ਦੇਖਣ ਵਿਚ ਹੈ।

ਇਸ ਦ੍ਰਿਸ਼ਟੀ ਤੋਂ Freedom from the Known ਸਿਰਫ਼ ਇੱਕ ਵਿਅਕਤੀ ਦੀ ਅੰਦਰੂਨੀ ਯਾਤਰਾ ਦੀ ਕਿਤਾਬ ਨਹੀਂ ਰਹਿੰਦੀ। ਇਹ ਸਿੱਖਿਆ, ਪਰਿਵਾਰ, ਸਮਾਜ ਅਤੇ ਜਨਤਕ ਜੀਵਨ ਲਈ ਵੀ ਇੱਕ ਗੰਭੀਰ ਸਵਾਲ ਖੜ੍ਹਾ ਕਰਦੀ ਹੈ। ਜੇ ਅਸੀਂ ਆਪਣੇ ਬੱਚਿਆਂ ਨੂੰ ਸਿਰਫ਼ ਜਾਣਕਾਰੀ ਦੇ ਰਹੇ ਹਾਂ ਪਰ ਉਨ੍ਹਾਂ ਨੂੰ ਆਪਣੇ ਵਿਚਾਰਾਂ ਅਤੇ ਕੰਡੀਸ਼ਨਿੰਗ ਨੂੰ ਦੇਖਣਾ ਨਹੀਂ ਸਿਖਾ ਰਹੇ, ਤਾਂ ਕੀ ਸਾਡੀ ਸਿੱਖਿਆ ਅਧੂਰੀ ਨਹੀਂ? ਜੇ ਸਮਾਜ ਆਪਣੇ ਡਰ, ਪੂਰਵ-ਧਾਰਨਾਵਾਂ ਅਤੇ ਸਮੂਹਕ ਪਹਿਚਾਣਾਂ ਦੇ ਆਧਾਰ 'ਤੇ ਫ਼ੈਸਲੇ ਕਰਦਾ ਹੈ, ਤਾਂ ਕੀ ਸਿਰਫ਼ ਬਾਹਰੀ ਤਰੱਕੀ ਉਸਨੂੰ ਅਸਲ ਅਰਥਾਂ ਵਿਚ ਬਦਲ ਸਕਦੀ ਹੈ?

# ਹਿੰਦੂ ਅੰਨ੍ਹਾ ਤੁਰਕੂ ਕਾਣਾ

ਮੈਂ ਨਿੱਜੀ ਤੌਰ ਉਤੇ ਕਿਸੇ ਕਾਰਨ ਨੇਤਰਹੀਣ ਹੋਏ ਇਨਸਾਨ ਨੂੰ ਅੰਨ੍ਹਾ ਨਹੀਂ ਮੰਨਦਾ। ਅੱਖਾਂ ਦੀ ਰੋਸ਼ਨੀ ਚਲੇ ਜਾਣਾ ਬਹੁਤ ਮੰਦਭਾਗਾ ਤੇ ਦਰਦਨਾਕ ਹੈ ਫਿਰ ਵੀ ਦੁਨੀਆਂ ਭਰ ਵਿਚ ਨੇਤਰਹੀਣ ਸੱਜਣਾਂ ਤੇ ਸੱਜਣੀਆਂ ਨੇ ਬਹੁਤ ਕਮਾਲ ਦੇ ਕੰਮ ਕੀਤੇ ਹਨ। ਕਿਹਾ ਜਾਂਦਾ ਕਿ ਅਸਲ ਵਿਚ ਅੰਨ੍ਹਾ ਉਹ ਹੈ ਜੋ ਬੁੱਧ-ਬਿਬੇਕ ਨਹੀਂ ਵਰਤਦਾ, ਬੁੱਧੀ ਦੇ ਹੁੰਦਿਆਂ ਹੋਇਆਂ ਕੁਰਾਹੇ ਪੈ ਜਾਵੇ, ਪਤਾ ਹੁੰਦਿਆਂ ਹੋਇਆਂ ਲੋਕਾਂ ਨੂੰ ਗੁੰਮਰਾਹ ਕਰੇ ਜਾਂ ਆਪਣੇ ਮੁਫਾਦਾਂ ਲਈ ਲੋਕਾਂ ਨੂੰ ਕੁਰਾਹੇ ਪਾਵੇ ਵਗੈਰਾ-ਵਗੈਰਾ।

ਇਸ ਵਿਚਾਰ ਮੁਤਾਬਿਕ ਗੁਰੂ ਗ੍ਰੰਥ ਸਾਹਿਬ ਵਿਚ (ਸੰਤ)

**ਹਰਜਿੰਦਰ ਦੋਸਾਂਝ**

ਭਗਤ ਨਾਮਦੇਵ ਜੀ ਦਾ ਰਾਗ ਬਿਲਾਵਲ ਗੌਂਡ ਵਿਚ ਅੰਗ 875 'ਤੇ ਸ਼ਬਦ ਦਰਜ ਹੈ

ਹਿੰਦੂ ਅੰਨ੍ਹਾ ਤੁਰਕੂ ਕਾਣਾ॥
ਦੁਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥

ਭਗਤ ਨਾਮਦੇਵ ਜੀ ਫਰਮਾਉਂਦੇ ਹਨ ਕਿ ਖੁੱਦ ਨੂੰ ਹਿੰਦੂ ਕਹਾਉਣ ਵਾਲੇ ਜੋ ਕੁਦਰਤ ਦੀ ਅਰਾਧਨਾ ਕਰਨ ਵਾਲੇ ਸਨ, ਹੁਣ ਦਲੀਲ, ਤਰਕ ਅਤੇ ਗਿਆਨ ਦਾ ਰਾਹ ਛੱਡ ਕੇ ਕਈ ਦੇਵੀਆਂ-ਦੇਵਤੇ ਸਿਰਜ ਬੈਠੇ ਹਨ ਤੇ ਉਨ੍ਹਾਂ ਦੀਆਂ ਮੰਦਰਾਂ ਵਿਚ ਮੂਰਤੀਆਂ ਸਥਾਪਿਤ ਕਰਕੇ ਅਰਾਧਨਾ ਕਰਨ ਲੱਗ ਪਏ ਹਨ। ਇਸ ਨੂੰ ਹੀ ਸੱਚ ਮੰਨੀ ਬੈਠੇ ਹਨ। ਅਸਲ ਵਿਚ ਇਹ ਲੋਕ ਅਕਲ ਤੋਂ ਅੰਨ੍ਹੇ ਹੋਏ ਬੈਠੇ ਹਨ। ਦੂਜੇ ਪਾਸੇ ਖੁੱਦ ਨੂੰ ਤਾਲਿਬ ਕਹਾਉਣ ਵਾਲੇ ਤੁਰਕ ਇੱਕ ਪਰਮ ਸ਼ਕਤੀ ਵਿਚ ਵਿਸ਼ਵਾਸ ਕਰਦੇ ਹਨ। ਉਨ੍ਹਾਂ ਲਈ ਉਹ ਅੱਲ੍ਹਾ ਹੈ ਅਤੇ ਕਿੱਧਰੇ ਦੂਰ ਵੱਸਦਾ ਹੈ। ਉਹ ਇੱਕ ਰੱਬ, ਬ੍ਰਹਮਾਂ, ਬ੍ਰਹਮ, ਪੂਰਨਬ੍ਰਹਮ, ਪਾਰਬ੍ਰਹਮ, ਪਰਮੇਸਰ ਨੂੰ ਬਿਆਨ ਨਹੀਂ ਕਰ ਸਕਦਾ ਅਤੇ ਇਸ ਨੂੰ ਆਪਣੀ ਇਬਾਦਤ ਗਾਹ ਤੱਕ ਹੀ ਸੀਮਤ ਕਰਕੇ ਦੇਖਦੇ ਹਨ, ਇਸ ਕਾਰਨ ਇੱਕ ਅੱਖ ਵਾਲਾ ਹੈ। ਸੋ ਹਿੰਦੂ ਅੰਨ੍ਹਾ- ਜਿਸ ਕੋਲ ਨਿਰਾਕਾਰ ਦਾ ਗਿਆਨ ਨਹੀਂ, ਤੁਰਕੂ ਕਾਣਾ- ਜਿਸ ਕੋਲ ਪੂਰਾ ਗਿਆਨ ਨਹੀਂ।

ਭਗਤ ਜੀ ਫ਼ੁਰਮਾਉਂਦੇ ਹਨ ਕਿ ਗਿਆਨਵਾਨ ਮਨੁੱਖ ਹੀ ਸੁਜਾਖਾ ਤੇ ਸੁਥਰਾ ਹੈ ਜਿਹੜਾ ਹਰ ਗੱਲ ਤਰਕ, ਦਲੀਲ ਅਤੇ ਗਿਆਨ ਦੀ ਕਸਵੱਟੀ ਉਤੇ ਪਰਖ ਕੇ ਆਪਣਾ ਤੇ ਸਮਾਜ ਦਾ ਰਾਹ ਪੱਧਰਾ ਕਰਦਾ ਹੈ। ਗਿਆਨਵਾਨ ਹੀ ਸਮਝਦਾ ਹੈ ਕਿ ਪਰਮ ਪ੍ਰਮੇਸ਼ਰ ਕਿੱਧਰੇ ਨਹੀਂ ਆਪਣੀ ਕਲਾ ਅਤੇ ਕਿਰਤ ਵਿਚ ਹੀ ਵੱਸਦਾ ਹੈ ਅਤੇ ਸਪੱਸ਼ਟ ਤੌਰ ਉੱਤੇ ਸਭ ਏਕੇ ਦਾ ਹੀ ਪਾਸਾਰਾ ਹੈ। ਨਾਮਾਂ ਭਾਵ ਭਗਤ ਜੀ ਫ਼ੁਰਮਾਉਂਦੇ ਹਨ ਕਿ ਉਹ ਗਿਆਨ ਨੂੰ ਪੂਜਦੇ ਹਨ ਜੋ ਸੱਚ ਵੀ ਹੈ, ਕਰਤੇ ਦੀ ਕਿਰਤ ਨੂੰ ਜਿੱਥੇ ਮੰਦਰ -ਦੇਹੁਰਾ ਜਾਂ ਮਸੀਤ ਦੀ ਕੋਈ ਥਾਂ ਨਹੀਂ ਸੋ ਗਿਆਨ ਦੇ ਦਲੀਲ ਵਾਲਾ ਮਨੁੱਖ ਹੀ ਸੁਜਾਖਾ ਹੈ ਬਾਕੀ ਸਭ ਅੰਨ੍ਹੇ-ਕਾਣੇ ਹੀ ਹਨ।

ਭਗਤ ਨਾਮਦੇਵ ਦੇਵ ਜੀ ਦਾ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੋਣ ਕਰਕੇ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਸਮਝਦੇ ਹਨ ਕਿ ਗਿਆਨੀ ਸ਼ਬਦ ਉਨ੍ਹਾਂ ਲਈ ਹੀ ਵਰਤਿਆ ਗਿਆ ਹੈ। ਪਰ ਇਹ ਸਚਾਈ ਨਹੀਂ, ਭਗਤ ਜੀ ਦਾ ਜੀਵਨ ਕਾਲ ਗੁਰੂ ਨਾਨਕ ਦੇਵ ਜੀ ਤੋਂ ਕਾਫੀ ਸਮਾਂ ਪਹਿਲਾਂ ਦਾ ਹੈ। ਇਹ ਸ਼ਬਦ ਕਿਸੇ ਵੀ ਗਿਆਨਵਾਨ ਅਤੇ ਗਿਆਨ ਦੇ ਉਪਾਸ਼ਕਾਂ ਲਈ ਹੈ। ਜੇਕਰ ਗੁਰੂ ਨਾਨਕ ਦੇਵ ਜੀ ਦੇ ਅਨੁਯਾਈ ਕਹਾਉਣ ਵਾਲੇ ਗਿਆਨ ਅਤੇ ਦਲੀਲ ਦਾ ਰਾਹ ਛੱਡਦੇ ਹਨ ਤਾਂ ਅਸੀ ਵੀ ਅੰਨ੍ਹਿਆਂ-ਕਾਣਿਆਂ ਦੀ ਸ਼੍ਰੇਣੀ ਵਿਚ ਹੀ ਆਵਾਂਗੇ।

ਪਿਛਲੇ ਦਿਨੀਂ ਸਨਾਤਨ ਮੱਤ (ਹਿੰਦੂ) ਦੇ ਨੇਤਰਹੀਣ ਧਾਰਮਿਕ ਆਗੂ ਜਗਦ ਗੁਰੂ ਰਾਮਭੱਦਰ ਅਚਾਰੀਆ ਨੇ ਕਿਹਾ ਕਿ ਸਨਾਤਨ ਮੱਤ ਵਿਚ ਪਾਏ ਜਾਂਦੇ ਜਨੇਊ ਵਿਚ ਤੇਤੀ ਕਰੋੜ ਦੇਵੀ ਦੇਵਤੇ ਵੱਸਦੇ ਹਨ ਜਿਨ੍ਹਾਂ ਦੀ ਸ਼ਕਤੀ ਕਾਰਣ ਜਨੇਊ ਧਾਰੀ ਦੇ ਕਰੰਟ ਨਹੀਂ ਲੱਗਦਾ। ਸੋਚਣ ਵਿਚਾਰਨ ਵਾਲੀ ਗੱਲ ਹੈ ਕਿ ਕਿਵੇਂ ਸੰਭਵ ਹੋ ਸਕਦਾ? ਇਹ ਨੇਤਰਹੀਣ ਜਗਦ ਗੁਰੂ ਅੰਨ੍ਹਾ ਹੈ

ਅਕਸਰ ਪਹਿਲਾਂ ਵੀ ਵੱਖੋ ਵੱਖਰੇ ਮਜ਼੍ਹਬਾਂ ਦੇ ਵੱਡੇ ਧਾਰਮਿਕ ਆਗੂ ਆਪੋ-ਆਪਣੇ ਮਜ਼੍ਹਬੀ ਭਾਈਚਾਰਿਆਂ ਨੂੰ ਆਪਣੀ ਗਿਣਤੀ ਵਧਾਉਣ ਲਈ ਵੱਧ ਬੱਚੇ ਪੈਦਾ ਕਰਨ ਦੀਆਂ ਦਲੀਲਾਂ ਵੀ ਦੇ ਰਹੇ ਅਤੇ ਫੁਰਮਾਨ ਵੀ ਜਾਰੀ ਕਰ ਰਹੇ ਹਨ ਤਾਂ ਕਿ ਭਾਈਚਾਰੇ ਦੀ ਗਿਣਤੀ ਵੱਧ ਸਕੇ ...। ਪੰਜਾਬ ਦੇ ਇੱਕ ਵੱਡੇ ਸਿੱਖ ਧਾਰਮਿਕ ਆਗੂ ਨੇ ਵੀ ਸਿੱਖ ਭਾਈਚਾਰੇ ਨੂੰ ਵੱਧ ਬੱਚੇ ਪੈਦਾ ਕਰਨ ਦੀ ਸਲਾਹ ਦਿੱਤੀ ਹੈ। ਸੋਚਣ ਵਿਚਾਰਨ ਵਾਲੀ ਗੱਲ ਹੈ ਕਿ ਹਰ ਮਜ਼੍ਹਬ ਮਨੁੱਖਾਂ ਨੂੰ ਅਸਲ ਧਰਮੀ ਬਣਾਉਣ ਦੀ ਗੱਲ ਕਰਦਾ ...। ਮਾਮਲਾ ਕੁਆਲਟੀ ਦਾ ਹੈ ਨਾ ਕਿ ਕੁਆਂਟਿਟੀ ਦਾ। ਮਸਲਾ ਗੁਣਵਾਨ ਪੈਦਾ ਕਰਨ ਦਾ ਹੈ, ਨਾ ਕਿ ਗਿਣਾਤਮਿਕਤਾ ਦਾ। ਪਰਿਵਾਰਕ ਮਸਲੇ ਨਿੱਜੀ ਹੁੰਦੇ ਹਨ। ਤਾਂ ਕੀ ਮਜ਼੍ਹਬ ( ਧਰਮ), ਸ਼ਰਧਾ ਅਤੇ ਆਸਥਾ ਦੇ ਨਾਂ ਅਜਿਹੀਆਂ ਗੱਲਾਂ ਭਗਤ ਨਾਮਦੇਵ ਜੀ ਦੇ ਸ਼ਬਦ ਮੁਤਾਬਿਕ ਅੰਨ੍ਹਿਆਂ ਤੇ ਕਾਣਿਆਂ ਦੀ ਸ਼੍ਰੇਣੀ ਵਿਚ ਹੀ ਨਹੀਂ ਆ ਜਾਂਦੇ?

***ਨੋਟ: ਸ਼ਬਦ ਦੇ ਅਰਥ ਮੈਂ ਆਪਣੇ ਪੜਦਾਦੇ ਜੋ ਅਜ਼ਾਦੀ ਘੁਲਾਟੀਏ ਅਤੇ ਪਹਿਲੀ ਸੰਸਾਰ ਜੰਗ ਦੀ ਜੂਨੀਅਰ ਫੌਜੀ ਅਧਿਕਾਰੀ ਸਨ ਤੋਂ ਸੁਣੇ ਸਨ।***

## ਲੋਕਤੰਤਰ, ਸੰਵਿਧਾਨ ਦਾ ਅੰਮ੍ਰਿਤਕਾਲ ਵਿਚ ਦਾਖਲਾ...

***(ਪਿਛਲੇ ਸਫੇ ਦਾ ਬਾਕੀ)***

ਦੇ ਰਸਤੇ ਵਿਚ ਖੜ੍ਹੀ ਕੀਤੀ, ਉਸੇ ਨੇ ਹੀ ਇਸ ਮਾਰਚ ਨੂੰ ਹਿੰਸਕ ਬਣਾਉਣ ਲਈ ਅਪਰਾਧੀਆਂ ਨੂੰ ਬੁਲਾਇਆ ਸੀ, ਤਾਂ ਜੋ ਇਸੇ ਬਹਾਨੇ ਬੇਅੰਤ ਨੌਜਵਾਨਾਂ 'ਤੇ ਗੋਲੀਆਂ ਚਲਾ ਕੇ ਭਵਿੱਖ ਵਿਚ ਕਿਸੇ ਵੀ ਅੰਦੋਲਨ ਵਿਚ ਹਿੱਸਾ ਨਾ ਲੈਣ ਦਾ ਖ਼ੌਫ਼ ਪੈਦਾ ਕੀਤਾ ਜਾ ਸਕੇ।

ਕਾਕਰੋਚ ਜਨਤਾ ਪਾਰਟੀ ਅਤੇ Gen-Z ਦੇ ਨੌਜਵਾਨ ਵਿਸ਼ੇਸ਼ ਸ਼ਾਬਾਸ਼ੀ ਦੇ ਹੱਕਦਾਰ ਹਨ, ਜਿਨ੍ਹਾਂ ਨੇ ਸ਼ਾਹੀਨ ਬਾਗ ਅਤੇ ਕਿਸਾਨ ਅੰਦੋਲਨ ਵਰਗੇ ਪਿਛਲੇ ਸ਼ਾਂਤਮਈ ਪ੍ਰਦਰਸ਼ਨਾਂ ਤੋਂ ਵੱਡਾ ਸਬਕ ਲਿਆ। ਉਨ੍ਹਾਂ ਨੇ ਨਾ ਸਿਰਫ਼ ਇਸ ਪ੍ਰਦਰਸ਼ਨ ਨੂੰ ਪੂਰੀ ਤਰ੍ਹਾਂ ਸ਼ਾਂਤਮਈ ਰੱਖਿਆ, ਸਗੋਂ ਪੱਥਰਾਂ ਨਾਲ ਭਰੇ ਟਰੱਕ ਅਤੇ ਟੁੱਟੀ ਕਾਰ ਵਰਗੀ ਇੱਕ ਵੱਡੀ ਸਾਜ਼ਿਸ਼ ਦਾ ਸਮੇਂ ਸਿਰ ਪਰਦਾਫਾਸ਼ ਕਰਕੇ ਆਪਣੇ ਸਾਥੀਆਂ ਨੂੰ ਪਹਿਲਾਂ ਹੀ ਸੁਚੇਤ ਕਰ ਦਿੱਤਾ। ਉਨ੍ਹਾਂ ਦੀ ਇਸ ਹੁਸ਼ਿਆਰੀ ਨੇ ਇੱਕ ਭਿਆਨਕ ਅਤੇ ਦਰਦਨਾਕ ਹਾਦਸਾ ਵਾਪਰਨ ਤੋਂ ਬਚਾ ਲਿਆ।

ਇੰਨੇ ਸਬਰ ਅਤੇ ਉੱਚ-ਪੱਧਰੀ ਅਨੁਸ਼ਾਸਨ ਦੇ ਬਾਵਜੂਦ, ਪ੍ਰਦਰਸ਼ਨਕਾਰੀਆਂ 'ਤੇ ਅੰਨ੍ਹੇਵਾਹ ਅੱਥਰੂ ਗੈਸ, ਲਾਠੀਚਾਰਜ ਅਤੇ ਪੈਲਟ ਗਨ ਦੀ ਬੇਦਰਦੀ ਨਾਲ ਵਰਤੋਂ ਕੀਤੀ। ਹੱਦ ਤਾਂ ਉਦੋਂ ਹੋ ਗਈ ਜਦੋਂ ਦੇਸ਼ ਦੀਆਂ ਧੀਆਂ—ਜਿਨ੍ਹਾਂ ਵਿਚ ਕਈ ਨਾਬਾਲਗ ਲੜਕੀਆਂ ਵੀ ਸ਼ਾਮਲ ਸਨ—ਨਾਲ ਬੇਸ਼ਰਮੀ ਭਰਿਆ ਵਤੀਰਾ ਕੀਤਾ ਗਿਆ, ਜੋ ਰੂਹ ਕੰਬਾਊ ਸੀ। ਇਸ ਸਭ ਜ਼ੁਲਮ ਦੇ ਬਾਵਜੂਦ, ਨੌਜਵਾਨਾਂ ਨੇ ਮਿਸਾਲੀ ਸਬਰ ਦਾ ਸਬੂਤ ਦਿੰਦਿਆਂ ਇਸ ਮਾਰਚ ਨੂੰ ਪੂਰੀ ਤਰ੍ਹਾਂ ਸਫ਼ਲ ਬਣਾਇਆ।

ਇਸ ਅੰਦੋਲਨ ਦੀ ਸਫਲਤਾ ਇਨ੍ਹਾਂ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ। ਇਹ ਅਖ਼ੀਰ ਤੱਕ ਸੰਸਦ ਵਿਚ ਜਾਣ ਤੋਂ ਡਰਦੇ ਰਹੇ, ਪਰ ਅੰਦਰੋਂ-ਅੰਦਰ ਬੁਲਬੁਲਾਉਂਦੇ ਵੀ ਰਹੇ ਕਿ ਹੁਣ ਕੋਈ ਅਣਹੋਣੀ ਵਰਤਾਉਣ ਲਈ ਕੀ ਕੀਤਾ ਜਾਵੇ। ਹਿੰਦੂ-ਮੁਸਲਿਮ ਦੇ ਨਾਂ 'ਤੇ ਲੋਕਾਂ ਨੂੰ ਵੰਡਣ ਅਤੇ ਭੜਕਾਉਣ ਵਾਲਾ ਦਾਅ ਤਾਂ ਲਗਭਗ ਫੇਲ੍ਹ ਹੋ ਚੁੱਕਾ ਸੀ। ਇਸ ਲਈ ਹੁਣ ਹਰੇਕ ਨਾਗਰਿਕ ਵਿਚ ਪਾੜਾ ਪਾਉਣ ਲਈ—ਜਿਸ ਵਿਚ ਭਾਵੇਂ ਬਹੁ-ਗਿਣਤੀ ਹਿੰਦੂ ਹੀ ਸ਼ਾਮਲ ਹੋਣ—ਇੱਕ ਨਵੀਂ ਪਰਿਭਾਸ਼ਾ 'ਦਿਮਾਗੀ ਨਕਸਲ' ਦੀ ਘੜ ਲਈ ਗਈ। ਨਾਲ ਹੀ ਇਨ੍ਹਾਂ ਦੀ ਪਛਾਣ ਕਰਕੇ ਅਲੱਗ-ਥਲੱਗ ਕਰਨ ਵਾਸਤੇ ਪੰਨਾ ਪ੍ਰਮੁੱਖ ਦੀ ਤਰਜ਼ 'ਤੇ 'ਸਿਵਲ ਡਿਫੈਂਸ' ਦੀ ਯੋਜਨਾ ਵੀ ਪੇਸ਼ ਕਰ ਦਿੱਤੀ।

ਮੈਂ ਪਹਿਲਾਂ ਵੀ ਲਿਖਿਆ ਸੀ, 'ਓਹ ਆਪਣੇ ਪੈਰੀਂ ਕੁਹਾੜਾ ਹੀ ਨਹੀਂ ਮਾਰ ਰਹੇ, ਸਗੋਂ ਆਪ ਕੁਹਾੜੇ 'ਤੇ ਪੈਰ ਧਰ ਰਹੇ ਹਨ।' ਹੁਣ ਮੈਂ ਕੀ ਆਖਾਂ? ਪਰ ਇਹ ਜ਼ਰੂਰ ਕਹਿ ਸਕਦਾ ਹਾਂ ਕਿ ਇਹ ਨਵੀਂ ਯੋਜਨਾ ਇਨ੍ਹਾਂ ਵਾਸਤੇ ਪੂਰੀ ਤਰ੍ਹਾਂ ਆਤਮਘਾਤੀ ਸਾਬਤ ਹੋਵੇਗੀ। ਇਨ੍ਹਾਂ ਨੂੰ ਇਹ ਕਿਉਂ ਸਮਝ ਨਹੀਂ ਆਉਂਦਾ ਕਿ ਲੋਕ ਆਪਣੇ ਹੱਕਾਂ ਤੇ ਫ਼ਰਜ਼ਾਂ ਪ੍ਰਤੀ ਜਾਗਰੂਕ 'ਨਾਗਰਿਕ' ਬਣ ਚੁੱਕੇ ਹਨ? ਉਹ ਇਨ੍ਹਾਂ ਦੀਆਂ ਸਾਰੀਆਂ ਚਾਲਾਂ ਅਤੇ ਸਾਜ਼ਿਸ਼ਾਂ ਨੂੰ ਸਮਝਦੇ ਹਨ। ਚੰਗਾ ਇਹੋ ਹੈ ਕਿ ਆਪਣਾ ਬਚਾਅ ਕਰਦੇ ਹੋਏ ਲਾਂਭੇ ਹੋ ਜਾਣ। ਹਾਲਾਂਕਿ ਇਹ ਵੀ ਅਸੰਭਵ ਜਾਪਦਾ ਹੈ, ਕਿਉਂਕਿ ਇਨ੍ਹਾਂ ਦੇ ਕਾਰਨਾਮਿਆਂ ਨੇ ਹਾਲਾਤ 'ਤਖ਼ਤ ਜਾਂ ਤਖ਼ਤਾ' ਵਰਗੇ ਬਣਾ ਦਿੱਤੇ ਹਨ।

ਮੈਂ ਇਹ ਲਿਖਤ ਬਹੁਤ ਪਹਿਲਾਂ ਸ਼ੁਰੂ ਕੀਤੀ ਸੀ—ਉਦੋਂ, ਜਦੋਂ ਸਾਡੀ ਮਾਨਯੋਗ ਵਿੱਤ ਮੰਤਰੀ ਜੀ ਨੇ 'ਅੰਮ੍ਰਿਤਕਾਲ' ਦੀ ਵਿਆਖਿਆ ਕੀਤੀ ਸੀ। ਇਸ ਤੋਂ ਬਾਅਦ ਜਦੋਂ ਅੰਤਰਰਾਸ਼ਟਰੀ ਮਹਿਲਾ ਖਿਡਾਰਨਾਂ ਦਾ ਅੰਦੋਲਨ ਸਮਾਪਤ ਕਰਵਾਇਆ ਗਿਆ, ਅਤੇ ਫਿਰ ਹੋਰ ਵੀ ਕਈ ਘਟਨਾਵਾਂ ਵਾਪਰੀਆਂ, ਤਾਂ ਮੈਂ ਵਾਰ-ਵਾਰ ਲਿਖਣ ਦੀ ਕੋਸ਼ਿਸ਼ ਕੀਤੀ। ਮੈਂ ਆਪਣੇ ਵੱਲੋਂ ਲੋਕਾਂ ਨੂੰ ਇਹ ਸਮਝਾਉਣਾ ਚਾਹੁੰਦਾ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਪਰਿਵਾਰਾਂ, ਗੁਆਂਢ, ਗਲੀ-ਮੁਹੱਲਿਆਂ, ਪਿੰਡਾਂ ਅਤੇ ਸ਼ਹਿਰਾਂ ਵਿਚ ਆਪਸੀ ਵਿਸ਼ਵਾਸ ਨੂੰ ਤੋੜਿਆ ਜਾ ਰਿਹਾ ਹੈ। ਮੈਨੂੰ ਲੱਗਦਾ ਸੀ ਕਿ ਸ਼ਾਇਦ ਲੋਕਾਂ ਨੂੰ ਇਸ ਖ਼ਤਰੇ ਦਾ ਅੰਦਾਜ਼ਾ ਨਹੀਂ ਹੈ। ਇਹ ਲਿਖਤ ਇੱਕ ਆਮ ਨਾਗਰਿਕ ਦੀ ਉਸ ਡੂੰਘੀ ਚਿੰਤਾ ਵਿਚੋਂ ਉਪਜੀ ਹੈ, ਜੋ ਆਪਣੇ ਦੇਸ਼ ਦੇ ਲੋਕਤੰਤਰ, ਸੰਵਿਧਾਨ ਅਤੇ ਨਾਗਰਿਕ ਆਜ਼ਾਦੀਆਂ ਨੂੰ ਹੌਲੀ-ਹੌਲੀ ਕਮਜ਼ੋਰ ਹੁੰਦਿਆਂ ਦੇਖ ਰਿਹਾ ਸੀ। ਪਰ 20 ਜੁਲਾਈ ਦੇ ਅੰਦੋਲਨ ਨੇ ਮੇਰੀ ਇਹ ਧਾਰਨਾ ਬਦਲ ਦਿੱਤੀ। ਮੈਨੂੰ ਅਹਿਸਾਸ ਹੋਇਆ ਕਿ ਲੋਕ ਹੁਣ ਪੂਰੀ ਤਰ੍ਹਾਂ ਜਾਗਰੂਕ ਹੋ ਚੁੱਕੇ ਹਨ ਅਤੇ ਲੋਕਤੰਤਰ ਦੀ ਰਾਖੀ ਲਈ ਹਰ ਕੁਰਬਾਨੀ ਦੇਣ ਲਈ ਵੀ ਤਿਆਰ ਹਨ।

ਸਮੁੱਚਾ ਦੇਸ਼ ਜਾਣਦਾ ਹੈ ਅਤੇ ਇਤਿਹਾਸ ਗਵਾਹ ਹੈ—ਜਦੋਂ-ਜਦੋਂ ਵੀ ਮਨੂਸਮ੍ਰਿਤੀ ਦੇ ਨਿਯਮਾਂ ਅਨੁਸਾਰ ਸ਼ਾਸਨ ਚਲਾਇਆ ਗਿਆ, ਉਦੋਂ-ਉਦੋਂ ਹੀ ਇਸ 'ਸੋਨੇ ਦੀ ਚਿੜੀ' ਕਹਾਉਣ ਵਾਲੇ ਦੇਸ਼ ਦੇ ਵਾਸੀ ਬਾਹਰੀ ਲੁਟੇਰਿਆਂ ਦਾ ਸ਼ਿਕਾਰ ਬਣੇ। ਫ਼ਰਕ ਸਿਰਫ਼ ਇੰਨਾ ਹੈ ਕਿ ਪਹਿਲਾਂ ਵਾਲੇ ਲੁਟੇਰੇ ਹਥਿਆਰਾਂ ਦੀ ਛਾਂ ਹੇਠ ਮਾਰ-ਧਾੜ ਕਰਕੇ ਲੁੱਟਦੇ ਸਨ, ਜਦਕਿ ਅੱਜ ਵਪਾਰ ਅਤੇ ਨੀਤੀਆਂ ਦੇ ਬੁਰਕੇ ਹੇਠ ਲੁੱਟ ਮਚਾਈ ਜਾ ਰਹੀ ਹੈ। ਇੰਨਾ ਹੀ ਨਹੀਂ, ਇਨ੍ਹਾਂ ਮਨੂਸਮ੍ਰਿਤੀ ਦੇ ਪੈਰੋਕਾਰਾਂ ਨੇ ਦੇਸ਼ ਨੂੰ ਸਿਰਫ਼ ਗੁਲਾਮੀ ਵੱਲ ਹੀ ਨਹੀਂ ਧੱਕਿਆ, ਸਗੋਂ ਉਸ ਗੁਲਾਮੀ ਨੂੰ ਬਰਕਰਾਰ ਰੱਖਣ ਵਿਚ ਵੀ ਪੂਰਾ ਯੋਗਦਾਨ ਪਾਇਆ। ਅੱਜ ਦੇਸ਼ ਨੂੰ ਅਜਿਹੀਆਂ ਸੋਚਾਂ ਤੋਂ ਬਚਾਉਣਾ ਅਤਿਅੰਤ ਜ਼ਰੂਰੀ ਹੋ ਗਿਆ ਹੈ।

ਅੱਜ ਲੋੜ ਕਿਸੇ ਨਵੇਂ ਨਾਇਕ ਦੀ ਨਹੀਂ, ਸਗੋਂ ਕਰੋੜਾਂ ਜਾਗਦੇ ਹੋਏ ਨਾਗਰਿਕਾਂ ਦੀ ਹੈ। ਕਿਉਂਕਿ ਆਜ਼ਾਦੀ ਦੀ ਰੱਖਿਆ ਕਿਸੇ ਇੱਕ ਮਹਾਂਪੁਰਖ ਦਾ ਨਹੀਂ, ਸਗੋਂ ਹਰ ਪੀੜ੍ਹੀ ਦਾ ਆਪਣਾ ਫ਼ਰਜ਼ ਹੁੰਦਾ ਹੈ। ਮੈਂ ਬੁੱਧੀਜੀਵੀਆਂ, ਲਿਖਾਰੀਆਂ, ਕਵੀਆਂ ਅਤੇ ਲੇਖਕਾਂ ਆਦਿ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀਆਂ ਕਲਮਾਂ ਅਤੇ ਬੋਲਾਂ ਰਾਹੀਂ ਲੋਕਾਂ ਵਿਚ ਆਈ ਇਸ ਜਾਗਰੂਕਤਾ ਦੀ ਲੋਅ ਨੂੰ ਸਦਾ ਜਗਾ ਕੇ ਰੱਖਣ। ਮੈਨੂੰ ਪੂਰਾ ਯਕੀਨ ਹੈ ਕਿ ਜੇਕਰ ਅਸੀਂ ਆਪਣਾ ਆਪਸੀ ਭਰੋਸਾ, ਭਾਈਚਾਰਾ ਅਤੇ ਸੰਵਿਧਾਨਕ ਮੁੱਲ ਬਚਾ ਲਏ, ਤਾਂ ਕੋਈ ਵੀ ਅੰਦਰੂਨੀ ਜਾਂ ਬਾਹਰੀ ਤਾਕਤ ਭਾਰਤ ਦੇ ਲੋਕਤੰਤਰ ਨੂੰ ਕਦੇ ਕਮਜ਼ੋਰ ਨਹੀਂ ਕਰ ਸਕੇਗੀ।


# ਫ਼ਿਲਮ ਲੋਕ

## ਕਵੀ ਪ੍ਰਦੀਪ ਦੇ ਦੇਸ਼ ਪਿਆਰ ਵਾਲੇ ਗੀਤਾਂ ਦੇ ਅਣਸੁਣੇ ਕਿੱਸੇ




ਰਾਮਚੰਦਰ ਨਾਰਾਇਣਜੀ ਦਿਵੇਦੀ, ਜੋ ਕਵੀ ਪ੍ਰਦੀਪ ਦੇ ਨਾਂਅ ਨਾਲ ਜ਼ਿਆਦਾ ਪ੍ਰਸਿੱਧ ਹੋਏ, ਨੇ ਦੇਸ਼ ਪਿਆਰ ਤੇ ਦੇਸ਼ ਭਗਤੀ ਨਾਲ ਸੰਬੰਧਿਤ ਸੈਂਕੜੇ ਪ੍ਰਭਾਵਸ਼ਾਲੀ ਗੀਤ ਲਿਖੇ, ਜਿਨ੍ਹਾਂ ਵਿਚੋਂ ਸਰਬੋਤਮ 5 ਦੀ ਚੋਣ ਕਰਨਾ ਮੁਸ਼ਕਿਲ ਹੈ, ਪਰ ਉਨ੍ਹਾਂ ਦੇ ਕੁਝ ਗੀਤ ਇਸ ਤਰ੍ਹਾਂ ਦੇ ਹਨ ਜੋ ਨਾਂ ਸਿਰਫ਼ ਅੱਜ ਤੱਕ ਲੋਕਾਂ ਦੀ ਜ਼ੁਬਾਨ 'ਤੇ ਹਨ (ਭਵਿੱਖ ਵਿਚ ਵੀ ਰਹਿਣਗੇ) ਸਗੋਂ ਉਨ੍ਹਾਂ ਨਾਲ ਇਸ ਤਰ੍ਹਾਂ ਦੇ ਦਿਲਚਸਪ ਕਿੱਸੇ ਜੁੜੇ ਹੋਏ ਹਨ ਕਿ ਕੰਮ ਸੌਖਾ ਹੋ ਜਾਂਦਾ ਹੈ।

ਪ੍ਰਦੀਪ ਨੇ ਪਰਮਵੀਰ ਮੇਜਰ ਸ਼ੈਤਾਨ ਸਿੰਘ ਭਾਟੀ ਬਾਰੇ ਸੁਣਿਆ ਸੀ। ਉਹ ਉਨ੍ਹਾਂ ਦੀ ਕੁਰਬਾਨੀ ਤੇ ਬਹਾਦਰੀ ਤੋਂ ਏਨੇ ਪ੍ਰਭਾਵਿਤ ਹੋਏ ਕਿ 'ਐ ਮੇਰੇ ਵਤਨ ਕੇ ਲੋਗੋ' ਗੀਤ ਦੀ ਰਚਨਾ ਕਰ ਬੈਠੇ, ਜੋ ਦੇਸ਼ ਦਾ ਸਭ ਤੋਂ ਮਹਾਨ ਦੇਸ਼ ਭਗਤੀ ਗੀਤ ਬਣਿਆ, ਜਿਸ ਨੂੰ ਲਿਖਣ ਲਈ ਪ੍ਰਦੀਪ ਨੂੰ ਭਾਰਤ ਸਰਕਾਰ ਨੇ ਰਾਸ਼ਟਰੀ ਕਵੀ ਐਲਾਨ ਦਿੱਤਾ। ਪ੍ਰਦੀਪ ਚਾਹੁੰਦੇ ਸਨ ਕਿ ਇਸ ਗੀਤ ਨੂੰ ਲਤਾ ਮੰਗੇਸ਼ਕਰ ਗਾਵੇ, ਪਰ ਉਸ ਸਮੇਂ ਸੰਗੀਤਕਾਰ ਸੀ-ਰਾਮਚੰਦਰ ਤੇ ਲਤਾ ਮੰਗੇਸ਼ਕਰ ਵਿਚਾਲੇ ਬੋਲਚਾਲ ਬੰਦ ਸੀ। ਇਸ ਲਈ ਰਾਮਚੰਦਰ ਆਸ਼ਾ ਭੌਂਸਲੇ ਤੋਂ ਇਹ ਗੀਤ ਗਵਾਉਣਾ ਚਾਹੁੰਦੇ ਸਨ। ਪ੍ਰਦੀਪ ਨੂੰ ਲਗਦਾ ਸੀ ਕਿ ਲਤਾ ਤੋਂ ਇਲਾਵਾ ਕੋਈ ਹੋਰ ਗਾਇਕਾ ਇਸ ਗੀਤ ਨਾਲ ਨਿਆਂ ਨਹੀਂ ਕਰ ਸਕਦੀ। ਉਹ ਲਤਾ ਤੋਂ ਗਵਾਉਣ ਲਈ ਜ਼ਿੱਦ 'ਤੇ ਅੜ ਗਏ। ਆ ਖ਼ਿਰ ਥੱਕ ਕੇ ਰਾਮਚੰਦਰ ਨੇ ਪ੍ਰਦੀਪ ਨੂੰ ਕਿਹਾ ਕਿ ਉਹ ਲਤਾ ਨੂੰ ਜੇਕਰ ਉਨ੍ਹਾਂ ਨਾਲ ਕੰਮ ਕਰਨ ਲਈ ਮਨਾ ਲੈਣਗੇ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਪ੍ਰਦੀਪ ਲਤਾ ਕੋਲ ਗਏ ਅਤੇ ਬੋਲੇ ਕਿ ਰਾਮਚੰਦਰ ਦੇ ਨਾਂਅ 'ਤੇ ਭੜਕੋ ਨਾ, ਪਹਿਲਾਂ ਗੀਤ ਸੁਣ ਲਓ। ਗੀਤ ਸੁਣਦਿਆਂ ਹੀ ਲਤਾ ਦੀਆਂ ਅੱਖਾਂ ਭਰ ਆਈਆਂ। ਉਹ ਗੀਤ ਗਾਉਣ ਲਈ ਤਿਆਰ ਹੋ ਗਈ, ਪਰ ਇਸ ਸ਼ਰਤ 'ਤੇ ਕਿ ਰੀਹਰਸਲ ਤੇ ਰਿਕਾਰਡਿੰਗ ਸਮੇਂ ਪ੍ਰਦੀਪ ਮੌਜੂਦ ਰਹਿਣਗੇ। ਇਸ ਤਰ੍ਹਾਂ ਇਹ ਸਦਾ ਬਹਾਰ ਗੀਤ ਬਣਿਆ, ਜਿਸ ਨੂੰ 2 ਜਨਵਰੀ, 1963 ਨੂੰ ਗਣਤੰਤਰ ਦਿਵਸ ਮੌਕੇ ਜਵਾਹਰ ਲਾਲ ਨਹਿਰੂ ਦੇ ਸਾਹਮਣੇ ਗਾਇਆ ਗਿਆ ਅਤੇ ਉਹ ਵੀ ਇਸ ਨੂੰ ਸੁਣ ਕੇ ਰੋ ਪਏ ਸਨ।



ਪ੍ਰਦੀਪ ਨੇ ਇਸ ਗੀਤ ਦੀ ਰਿਆਲਿਟੀ 'ਵਾਰ ਵਿਡੋ ਫੰਡ' ਭਾਵ ਜੰਗੀ ਸ਼ਹੀਦਾਂ ਲਈ ਫੰਡ ਨੂੰ ਦਾਨ ਕਰ ਦਿੱਤੀ ਸੀ, ਪਰ ਸਾ ਰੇ ਗਾ ਮਾ ਤੇ ਆਨਾਕਾਨੀ ਕੀਤੀ ਕੋਰਟ ਦੇ ਆਦੇਸ਼ ਨਾਲ ਦਸ ਲੱਖ ਰੁਪਏ ਦਾ ਬਾਕਾਇਆ ਫੰਡ ਵਿਚ ਚਲਾ ਗਿਆ। ਕੋਰਟ ਨੇ 1987 ਵਿਚ ਕਿਹਾ ਸੀ, 'ਤੁਹਾਨੂੰ ਕੋਈ ਦੇਸ਼ ਭਗਤ ਨਹੀਂ ਬਣਾ ਸਕਦਾ। ਇਹ ਜਜ਼ਬਾ ਤੁਹਾਡੇ ਖ਼ੂਨ ਵਿਚ ਹੁੰਦਾ ਹੈ, ਜੋ ਤੁਹਾਨੂੰ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦਾ ਹੈ ਅਤੇ ਤੁਹਾਨੂੰ ਦੂਜਿਆਂ ਨਾਲੋਂ ਵੱਖਰਾ ਬਣਾਉਂਦਾ ਹੈ।' ਕੋਰਟ ਦੇ ਆਦੇਸ਼ ਫ਼ਿਲਮ 'ਕਿਸਮਤ ਇਸ ਤਰ੍ਹਾਂ ਦੇ ਸਮੇਂ ਰਿਲੀਜ਼ ਹੋਈ ਸੀ, ਜਦੋਂ 'ਭਾਰਤ ਛੱਡੋ' ਅੰਦੋਲਨ ਚਲ ਰਿਹਾ ਸੀ ਅਤੇ ਦੇਸ਼ ਦੇ ਲਗਭਗ ਸਭ ਰਾਸ਼ਟਰਵਾਦੀ ਨੇਤਾ ਸੀਖਾਂ ਪਿੱਛੇ ਸਨ । ਕਵੀ ਪ੍ਰਦੀਪ ਨੇ ਬਹੁਤ ਹੁਸ਼ਿਆਰੀ ਨਾਲ ਇਸ ਫ਼ਿਲਮ ਲਈ 'ਆਜ ਹਿਮਾਲਿਆ ਕੀ ਚੋਟੀ ਸੇ ਫਿਰ ਹਮਨੇ ਲਲਕਾਰਾ ਹੈ' ਗੀਤ ਲਿਖਿਆ। ਇਸ ਗੀਤ ਵਿਚ 'ਜਰਮਨ ਤੇ ਜਪਾਨੀ' ਸ਼ਬਦਾਂ ਦੀ ਵਰਤੋਂ ਹੋਈ ਸੀ (ਸ਼ੁਰੂ ਹੋਇਆ ਜੰਗ ਤੁਮਾਰਾ ਜਾਗ ਉਠੋ ਹਿੰਦੁਸਤਾਨੀ/ਤੁਮ ਨਾ ਕਿਸੀ ਕੇ ਆਗੇ ਝੁਕਨਾ ਜਰਮਨ ਹੋ ਜਾਂ ਹੋ ਜਪਾਨੀ/ਆਜ ਸਭੀ ਕੇ ਲਿਏ ਹਮਾਰਾ ਯਹੀ ਕੌਮੀ ਨਾਅਰਾ ਹੈ/ਦੂਰ ਹਟੋ ਐ ਦੁਨੀਆ ਵਾਲੋ ਹਿੰਦੁਸਤਾਨ ਹਮਾਰਾ ਹੈ) ਇਸ ਲਈ ਬਰਤਾਨੀਆ ਦੇ ਸ਼ਾਸਕ ਇਸ ਕਰਕੇ ਧੋਖਾ ਖਾ ਗਏ, ਵਿਸ਼ੇਸ਼ ਕਰਕੇ ਇਸ ਵਜ੍ਹਾ ਦਾ ਵੀ ਕਿ ਉਹ ਦੂਜੇ ਵਿਸ਼ਵ ਯੁੱਧ ਵਿਚ ਜਰਮਨੀ ਤੇ ਜਪਾਨ ਵਿਰੁੱਧ ਲੜ ਰਹੇ ਸਨ ਅਤੇ ਸੈਂਸਰ ਬੋਰਡ ਨੇ ਇਸ ਗੀਤ ਨੂੰ ਪਾਸ ਕਰ ਦਿੱਤਾ।



ਪਰ ਗੀਤ ਦੇ ਪਹਿਲੇ ਬੰਦ (ਦੂਰ ਹਟੋ ਐ ਦੁਨੀਆ ਵਾਲੋ ਹਿੰਦੁਸਤਾਨ ਹਮਾਰਾ ਹੈ। ਜਹਾਂ ਹਮਾਰਾ ਤਾਜ ਮਹੱਲ ਹੈ ਔਰ ਕੁਤੁਬਮੀਨਾਰ ਹੈ/ ਜਹਾਂ ਹਮਾਰੇ ਮੰਦਿਰ ਮਸਜਿਦ ਸਿੱਖੋਂ ਕਾ ਗੁਰਦੁਆਰਾ ਹੈ/ਇਸ ਧਰਤੀ ਪਰ ਕਦਮ ਬੜਾਨਾ ਅੱਤਿਆਚਾਰ ਤੁਮਹਾਰਾ ਹੈ/ਦੂਰ ਹਟੋ ਐ ਦੁਨੀਆ ਵਾਲੋ ਹਿੰਦੁਸਤਾਨ ਹਮਾਰਾ ਹੈ) ਤੋਂ ਹੀ ਭਾਰਤੀ ਦਰਸ਼ਕ ਸਮਝ ਗਏ ਸਨ ਕਿ ਇਹ ਅੰਗਰੇਜ਼ਾਂ ਦੇ ਵਿਰੋਧ ਵਿਚ ਤੇ ਭਾਰਤੀਆਂ ਵਿਚ ਦੇਸ਼ ਪ੍ਰੇਮ ਜਗਾਉਣ ਲਈ ਲਿਖਿਆ ਗਿਆ ਹੈ। ਇਸ ਲਈ ਉਹ ਸਿਨੇਮਾ ਘਰਾਂ ਵਿਚ ਇਸ ਗੀਤ ਨੂੰ ਵਾਰ-ਵਾਰ ਚਲਾਉਣ ਦੀ ਮੰਗ ਕਰਦੇ ਸਨ। ਦੇਸ਼ ਭਰ ਦੇ ਥੀਏਟਰਾਂ ਵਿਚ 'ਵਨਸ ਮੋਰ, ਵਨਸ ਮੋਰ' ਦੇ ਨਾਅਰੇ ਗੂੰਜਦੇ ਇਹ ਫ਼ਿਲਮ ਸਾਢੇ ਤਿੰਨ ਸਾਲ ਤੱਕ ਚੱਲੀ ਸੀ। ਛੇਤੀ ਹੀ ਸਰਕਾਰ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਕਿ ਗੀਤ ਦੇ ਅਸਲ ਅਰਥ ਤਾਂ ਕੁਝ ਹੋਰ ਹਨ ਅਤੇ ਪ੍ਰਦੀਪ ਦੇ ਵਿਰੁੱਧ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ। ਗ੍ਰਿਫ਼ਤਾਰੀ ਤੋਂ ਬਚਣ ਲਈ ਪ੍ਰਦੀਪ ਨੂੰ ਅੰਡਰਗਰਾਊਂਡ ਹੋਣਾ ਪਿਆ। ਇਸ ਗੀਤ ਦਾ ਵਰਣਨ ਕਰਦੇ ਹੋਏ ਪੰਡਿਤ ਜਵਾਹਰ ਲਾਲ ਨਹਿਰੂ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਹੈ, 'ਪ੍ਰਦੀਪ ਜੀ ਦੂਰਦਰਸ਼ੀ ਸਨ, ਉਨ੍ਹਾਂ ਨੇ ਚਿਤਰਪਟ ਦੀ ਤਾਕਤ ਨੂੰ ਪਛਾਣ ਕੇ ਇਕ ਮਜ਼ਬੂਤ ਮਾਧਿਅਮ ਦੇ ਰੂਪ ਵਿਚ ਉਸ ਦੀ ਵਰਤੋਂ ਕੀਤੀ।' ਪ੍ਰਦੀਪ ਨੇ ਇਕ ਮੌਕੇ 'ਤੇ ਪੰਡਿਤ ਨਹਿਰੂ ਨੂੰ ਕਿਹਾ ਸੀ, 'ਦੇਸ਼ ਭਗਤੀ ਦੇ ਗੀਤ ਲਿਖਣਾ ਮੇਰਾ ਰੋਗ ਹੈ, ਮੈਂ ਇਸ ਰੋਗ ਤੋਂ ਪੀੜਤ ਹਾਂ।'

ਫ਼ਿਲਮ 'ਜਾਗ੍ਰਿਤੀ' ਲਈ ਕਵੀ ਪ੍ਰਦੀਪ ਨੇ ਦੇਸ਼ ਭਗਤੀ 'ਤੇ ਤਿੰਨ ਸ਼ਾਨਦਾਰ ਗੀਤ ਲਿਖੇ, ਜਿਨ੍ਹਾਂ ਨੂੰ ਅਸੀਂ ਲੜੀਵਾਰ ਤੀਜੇ, ਚੌਥੇ ਤੇ ਪੰਜਵੇਂ ਨੰਬਰ 'ਤੇ ਰੱਖਣਾ ਚਾਹੁੰਦੇ ਹਾਂ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਪ੍ਰਦੀਪ ਮਹਾਤਮਾ ਗਾਂਧੀ ਦੀ ਬਹੁਤ ਇੱਜ਼ਤ ਕਰਦੇ ਸਨ ਅਤੇ ਪ੍ਰੇਮ ਵੀ, ਇਸ ਲਈ ਫ਼ਿਲਮ 'ਜਾਗ੍ਰਿਤੀ' ਦਾ ਗੀਤ-'ਦੇ ਦੀ ਹਮੇਂ ਆਜ਼ਾਦੀ ਬਿਨਾਂ ਖੜਗ ਬਿਨਾਂ ਢਾਲ', ਜੋ ਉਨ੍ਹਾਂ ਨੇ ਗਾਂਧੀ ਜੀ ਦੇ ਸਨਮਾਨ ਵਿਚ ਲਿਖਿਆ ਸੀ, ਉਹ ਉਨ੍ਹਾਂ ਦੇ ਦਿਲ ਦੀ ਆਵਾਜ਼ ਹੀ ਹੈ। ਇਸੇ ਫ਼ਿਲਮ ਵਿਚ ਗੀਤ 'ਆਓ ਬੱਚੋ ਤੁਮਹੇਂ ਦਿਖਾਏਂ ਝਾਂਕੀ ਹਿੰਦੁਸਤਾਨ ਕੀ' ਸਾਡੇ ਦੇਸ਼ ਦੇ ਗੌਰਵਸ਼ਾਲੀ ਇਤਿਹਾਸ 'ਤੇ ਕੇਂਦਰਿਤ ਹੈ ਅਤੇ ਸਾਨੂੰ ਇਤਿਹਾਸਕ ਪੁਰਸ਼ਾਂ ਤੋਂ ਪ੍ਰੇਰਨਾ ਲੈ ਕੇ ਦੇਸ਼ ਪ੍ਰੇਮ ਲਈ ਪ੍ਰੇਰਿਤ ਕਰਦਾ ਹੈ। ਇਕ ਦਿਲਚਸਪ ਗੱਲ ਇਹ ਹੈ ਕਿ 'ਜਾਤੀ' ਨੂੰ 1956 ਵਿਚ ਰਫ਼ੀਕ ਰਿਜ਼ਵੀ ਨੇ ਪਾਕਿਸਤਾਨ ਵਿਚ 'ਬੇਦਾਰੀ' ਦੇ ਨਾਂਅ ਨਾਲ ਬਣਾਇਆ ਸੀ ਅਤੇ ਪ੍ਰਦੀਪ ਦੇ ਗੀਤਾਂ ਵਿਚ ਬੇਸ਼ਰਮੀ ਨਾਲ ਪਾਕਿਸਤਾਨੀ ਪ੍ਰਤੀਕਾਂ ਨੂੰ ਘੁਸੇੜ ਦਿੱਤਾ, ਜਿਵੇਂ ਪ੍ਰਦੀਪ ਦਾ ਗੀਤ ਹੈ, 'ਆਓ ਬੱਚੋ ਤੁਮਹੇਂ ਦਿਖਾਏਂ ਝਾਂਕੀ ਹਿੰਦੁਸਤਾਨ ਕੀ' ਨੂੰ 'ਆਓ ਬੱਚੋ ਸੈਰ ਕਰਾਏਂ ਤੁਮਕੋਂ ਪਾਕਿਸਤਾਨ ਕੀ' ਕਰ ਦਿੱਤਾ ਗਿਆ। ਇਸ ਹਰਕਤ 'ਤੇ ਏਨਾ ਵਿਵਾਦ ਹੋਇਆ ਕਿ ਪਾਕਿਸਤਾਨ ਸਰਕਾਰ ਨੂੰ ਇਸ ਫ਼ਿਲਮ ਤੇ ਗੀਤ 'ਤੇ ਸਖ਼ਤੀ ਦੇ ਨਾਲ ਪਾਬੰਦੀ ਲਗਾਉਣੀ ਪਈ ਸੀ। ਕੁਝ ਸਾਲ ਪਹਿਲਾਂ ਇਸ ਗੀਤ ਨੂੰ ਕਿਸੇ ਨੇ ਪਾਕਿਸਤਾਨੀ ਟੀ।ਵੀ। 'ਤੇ ਫਿਰ ਪ੍ਰਸਾਰਿਤ ਕਰ ਦਿੱਤਾ ਸੀ। ਉਦੋਂ ਵੀ ਵਿਵਾਦ ਹੋਇਆ ਸੀ ਅਤੇ ਗੀਤ ਨੂੰ ਦੁਬਾਰਾ ਰੋਕ ਦਿੱਤਾ ਗਿਆ ਸੀ। ਫਿਲਹਾਲ, ਫ਼ਿਲਮ 'ਜਾਗ੍ਰਿਤੀ' ਦਾ ਇਕ ਹੋਰ ਗੀਤ ਨਹਿਰੂ ਜੀ ਦੇ ਸਨਮਾਨ ਵਿਚ 9'ਹਮ ਲਾਏਂ ਹੈਂ ਤੂਫ਼ਾਨ ਸੇ ਕਿਸ਼ਤੀ ਨਿਕਾਲ ਕੇ', ਜੋ ਦੱਸਦਾ ਹੈ ਕਿ ਆਜ਼ਾਦੀ ਕਿੰਨੀ ਮੁਸ਼ਕਿਲ ਨਾਲ ਮਿਲੀ ਹੈ, ਜਿਸ ਨੂੰ ਸੰਭਾਲ ਕੇ ਰੱਖਣ ਦੀ ਜ਼ਰੂਰਤ ਹੈ।

## ਆਲੀਆ ਭੱਟ-ਐ ਮੇਰੇ ਵਤਨ ਕੇ ਲੋਗੋ...



ਸਾਡੀਆਂ ਕਈ ਹੀਰੋਇਨਾਂ ਪੰਦਰਾਂ ਅਗਸਤ ਆਜ਼ਾਦੀ ਦਿਨ ਨੂੰ ਗਣਤੰਤਰ ਦਿਵਸ ਸਮਝ ਲੈਂਦੀਆਂ ਨੇ ਤੇ ਮੀਡੀਆ ਦੇ ਨਾਲ ਜਨਤਾ 'ਚ ਮਜ਼ਾਕ ਦਾ ਵਿਸ਼ਾ ਬਣਦੀਆਂ ਹਨ ਪਰ ਆਲੀਆ ਭੱਟ ਅਜਿਹੀ ਨਹੀਂ ਹੈ। ਆਲੀਆ ਆਜ਼ਾਦੀ ਦਿਹਾੜੇ 'ਤੇ ਇੰਸਟਾਗ੍ਰਾਮ ਸਟੋਰੀ ਪਾਉਂਦੀ ਹੈ ਤੇ ਦੇਸ਼ ਪਿਆਰ ਵਾਲੇ ਸੰਗੀਤ ਨੂੰ ਸਟੋਰੀ ਦਾ ਹਿੱਸਾ ਬਣਾਉਂਦੀ ਹੈ। ਨਾਲ ਹੀ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਆਲੀਆ ਭੱਟ ਨੇ ਤਿਰੰਗੇ ਵਾਲਾ ਵੀਡੀਓ ਸਾਂਝਾ ਕੀਤਾ। ਆਪਣੇ ਸੋਸ਼ਲ ਮੀਡੀਆ ਦੀ ਮਾਰਫਤ ਆਲੀਆ ਦੇਸ਼ ਵਾਸੀਆਂ ਨੂੰ ਆਜ਼ਾਦੀ ਦੇ ਦਿਨ ਦੀ ਵਧਾਈ ਤੇ ਸ਼ੁੱਭਕਾਮਨਾਵਾਂ ਹਰ ਵਾਰ ਦਿੰਦੀ ਹੈ। ਆਲੀਆ ਨੇ ਸਕੂਲ ਦੇ ਦਿਨ ਯਾਦ ਕੀਤੇ ਜਦ ਉਹ ਤਿਰੰਗਾ ਲਹਿਰਾਉਣ ਦੀ ਰਸਮ 'ਚ ਚਾਅ ਨਾਲ ਹਿੱਸਾ ਲੈਂਦੀ ਸੀ। ਦੇਸ਼ ਭਗਤੀ ਦੇ ਗੀਤ ਨੂੰ ਬਚਪਨ ਤੋਂ ਹੀ ਸੁਣਦੀ ਆਈ ਹੈ ਤੇ ਗਾਉਂਦੀ ਵੀ । ਆਲੀਆ ਇਸ ਦਿਨ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ' ਗੀਤ ਸਭ ਨੂੰ ਗਾਉਣ 'ਤੇ ਇਸ 'ਤੇ ਇਸ ਦੇ ਬੋਲਾਂ ਨੂੰ ਸਮਝਣ ਤੇ ਦੇਸ਼ ਨਾਲ ਪ੍ਰੇਮ ਕਰਨ ਦੀ ਗੱਲ ਵੀ ਕਰਦੀ ਹੈ। ਜਿਥੇ ਆਜ਼ਾਦੀ ਵਾਲੇ ਦਿਨਾਂ ਵਿੱਚ ਉਹ ਦੇਸ਼ ਪਿਆਰ ਦੀਆਂ ਗੱਲਾਂ ਕਰਦੀ ਵੀਡੀਓ ਯੂ-ਟਿਊਬ 'ਤੇ ਪਾ ਰਹੀ ਹੈ। ਉਥੇ ਆਲੀਆ ਨੇ ਕਿਹਾ ਕਿ ਜਾਨਵਰ ਪ੍ਰੇਮ ਵੀ ਜ਼ਰੂਰੀ ਹੈ। ਆਲੀਆ ਨੇ ਤਾਂ ਅੰਤਰਰਾਸ਼ਟਰੀ ਬਿੱਲੀ (ਕੈਟ ਡੇ) ਦਿਨ ਵੀ ਮਨਾਇਆ ਸੀ ਤੇ ਆਪਣੀ ਪਾਲਤੂ ਬਿੱਲੀ ਐਡਵਰਡ ਨਾਲ ਨਜ਼ਰ ਆਈ ਸੀ।

ਮੁਸ਼ਕਿਲ ਘੜੀ ਆਵੇ ਤਾਂ ਹਿੰਮਤ ਨਾ ਹਾਰੋ, ਆਜ਼ਾਦੀ ਦਿਨ 'ਤੇ ਆਲੀਆ ਇਹ ਆਪਣੇ ਪ੍ਰਸ਼ੰਸਕਾਂ ਨੂੰ ਆਖ ਰਹੀ ਹੈ। ਕਿਸੇ ਦੀ ਸਹਾਇਤਾ ਦੀ ਥਾਂ ਆਪਣੇ ਅੰਦਰ ਦੀ ਸ਼ਕਤੀ ਪਛਾਣ ਕੇ ਉਸ ਦੀ ਮਦਦ ਲਵੋ 'ਤੇ ਆਲੀਆ ਦਾ ਇਹ ਆਤਮ-ਨਿਰਭਰਤਾ ਵਾਲਾ ਮੰਤਰ ਨੌਜਵਾਨਾਂ ਨੂੰ ਆਪਣਾ ਆਦਰਸ਼ ਲੱਗ ਰਿਹਾ ਹੈ ਤੇ ਆਲੀਆ ਨੂੰ ਬਹੁਤਿਆਂ ਨੇ ਕਿਹਾ ਹੈ ਕਿ ਆਜ਼ਾਦੀ ਵਾਲੇ ਦਿਨ 'ਤੇ ਇਹ ਆਤਮ-ਨਿਰਭਰਤਾ ਵਾਲੀ ਗੱਲ ਸਾਡੇ ਲਈ ਵਧੀਆ ਸੰਦੇਸ਼ ਤਾਂ ਹੈ ਹੀ, ਨਾਲ ਹੀ ਪ੍ਰੇਰਨਾ ਵੀ ਹੈ। ਆਲੀਆ ਭੱਟ ਨੇ ਕਿਹਾ ਕਿ ਉਸ ਨੂੰ ਆਪਣੀ ਫ਼ਿਲਮ 'ਲਵ ਐਂਡ ਵਾਰ' ਤੋਂ ਬਹੁਤ ਉਮੀਦਾਂ ਹਨ ਤੇ ਇਸ ਫਿਲਮ ਦੇ ਸੈੱਟ 'ਤੇ ਬੇਟੀ ਰਾਹਾ ਨਾਲ ਉਸ ਨੇ ਆਜ਼ਾਦੀ ਦਿਵਸ ਲਈ ਤਿਰੰਗਾ ਵੀ ਬਣਾਇਆ। ਆਲੀਆ ਨੇ ਕਿਹਾ ਕਿ ਲਤਾ ਦੀਦੀ ਦਾ ਗਾਣਾ 'ਐ ਮੇਰੇ ਵਤਨ ਕੇ ਲੋਗੋ' ਸੁਣੋ ਤੇ ਉਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਕੇ ਦੇਸ਼ ਲਈ ਪ੍ਰਣ ਲਉ।

## ਹੱਦ 'ਚ ਰਹਿ ਕੇ ਗੱਲ ਕਰੋ ਜ਼ਰੀਨ ਖ਼ਾਨ



ਅਦਾਕਾਰਾ ਜ਼ਰੀਨ ਖ਼ਾਨ ਨੇ ਹਾਲ ਹੀ ਵਿਚ ਪੈਪਰਾਜ਼ੀ ਨਾਲ ਹੋਈ ਤਕਰਾਰ ਤੋਂ ਬਾਅਦ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਮਜ਼ਾਕ ਤੇ ਗੱਲਬਾਤ ਦੀ ਵੀ ਇਕ ਹੱਦ ਹੁੰਦੀ ਹੈ ਅਤੇ ਹਰ ਕਿਸੇ ਨੂੰ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਇਹ ਪ੍ਰਤੀਕਿਰਿਆ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ ਅਤੇ ਕਈ ਪ੍ਰਸ਼ੰਸਕ ਉਨ੍ਹਾਂ ਦੇ ਹੱਕ ਵਿਚ ਨਜ਼ਰ ਆ ਰਹੇ ਹਨ। ਆਮ ਤੌਰ 'ਤੇ ਫਿਲਮੀ ਸਿਤਾਰਿਆਂ ਤੇ ਪੈਪਰਾਜ਼ੀਆਂ ਵਿਚਕਾਰ ਦੋਸਤਾਨਾ ਮਾਹੌਲ ਦੇਖਣ ਨੂੰ ਮਿਲਦਾ ਹੈ।

ਅਕਸਰ ਫੋਟੋਗ੍ਰਾਫਰ ਕਲਾਕਾਰਾਂ - ਨਾਲ ਹਲਕੀਆਂ-ਫੁਲਕੀਆਂ ਗੱਲਾਂ ਕਰਦੇ ਹਨ ਪਰ ਕਈ ਵਾਰ ਮਜ਼ਾਕ ਆਪਣੀ ਹੱਦ ਪਾਰ ਕਰ ਜਾਂਦਾ ਹੈ। ਅਜਿਹਾ ਹੀ ਇਕ ਮਾਮਲਾ ਜ਼ਰੀਨ ਖ਼ਾਨ ਨਾਲ ਵਾਪਰਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣੀ ਨਾਰਾਜ਼ਗੀ ਖੁੱਲ੍ਹ ਕੇ ਜ਼ਾਹਰ ਕੀਤੀ। ਦਰਅਸਲ, ਇਕ ਵਾਇਰਲ ਵੀਡੀਓ ਵਿਚ ਜ਼ਰੀਨ ਖ਼ਾਨ ਕਿਸੇ ਸਮਾਗਮ ਦੌਰਾਨ ਪਹਿਰਾਵਾ ਦੇਖ ਰਹੀ ਸੀ। ਇਸ ਦੌਰਾਨ ਉੱਥੇ ਮੌਜੂਦ ਕੁਝ ਪੈਪਰਾਜ਼ੀਆਂ ਨੇ ਟਿੱਪਣੀ ਕਰਦਿਆਂ ਕਿਹਾ, "ਟਰਾਈ ਕਰ ਲਓ, ਮਤਲਬ ਪਾ ਕੇ ਦਿਖਾਓ।" ਇਹ ਟਿੱਪਣੀ ਜ਼ਰੀਨ ਨੂੰ ਪਸੰਦ ਨਾ ਆਈ ਅਤੇ ਉਨ੍ਹਾਂ ਨੇ ਤੁਰੰਤ ਜਵਾਬ ਦਿੰਦਿਆਂ ਕਿਹਾ, "ਤੁਹਾਡੇ ਸਾਹਮਣੇ? ਇਹ ਨਹੀਂ ਹੋ ਸਕਦਾ। ਫ਼ਾਲਤੂ ਗੱਲਾਂ ਮੇਰੇ ਨਾਲ ਨਾ ਕਰੋ। ਮੈਂ ਉਨ੍ਹਾਂ ਲੋਕਾਂ ਵਿੱਚੋਂ ਨਹੀਂ ਹਾਂ ਜੋ ਅਜਿਹੀਆਂ ਗੱਲਾਂ ਬਰਦਾਸ਼ਤ ਕਰ ਲੈਣ। ਕ੍ਰਿਪਾ ਕਰਕੇ ਹੱਦ ਵਿਚ ਰਹਿ ਕੇ ਗੱਲ ਕਰੋ।"

ਜ਼ਰੀਨ ਦੇ ਇਸ ਸੰਤੁਲਿਤ ਪਰ ਸਪੱਸ਼ਟ ਜਵਾਬ ਨੂੰ ਸੋਸ਼ਲ ਮੀਡੀਆ 'ਤੇ ਕਾਫ਼ੀ ਸਮਰਥਨ ਮਿਲ ਰਿਹਾ ਹੈ। ਕਈ ਪ੍ਰਸ਼ੰਸਕਾਂ ਨੇ-ਕਿਹਾ ਕਿ ਜਨਤਕ ਜੀਵਨ ਨਾਲ ਜੁੜੇ ਲੋਕਾਂ ਨਾਲ ਵੀ ਇੱਜ਼ਤ ਤੇ ਮਰਿਆਦਾ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਕ ਯੂਜ਼ਰ ' ਨੇ ਟਿੱਪਣੀ ਕੀਤੀ, "ਹਰ ਕਿਸੇ ਨੂੰ ਆਪਣੀ ਨਿੱਜੀ ਹੱਦ ਤੈਅ ਕਰਨ ਦਾ ਪੂਰਾ ਹੱਕ ਹੈ ਅਤੇ ਉਸ ਦਾ ਸਤਿਕਾਰ ਹੋਣਾ ਚਾਹੀਦਾ ਹੈ।"

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 32432 Deborah Dr Union City CA 94587
2. 5560 Boscell Commom Ter, Fremont, CA 94538
3. 2447 Capri Ct Manteca CA 95337
4. 116 Mahogany Ln Union City CA, 94587
5. 830 Heaven Court Hayward CA 94544
6. 38573 Farwell Drive Fremont CA 94536
7. 4737 Valencia Way Union City CA 94587
8. 333 Raymundo Dr Woodside, CA 94062
9. 3690 Cowell Rd Concord, CA, 94518
10. 4201 Saturn way Union city CA 94587
11. 6746 Sapphire Street Dublin CA 94568
12. 7722 Curry Dr Gilroy CA 95020
13. 1916 Ticino Ct Pleasanton CA 94566
14. 5645 Evergreen terr Fremont CA 94536

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20